





Twenty-Fifth Year of Publication ਨਿਊਯਾਰਕ ਐਡੀਸ਼ਨ Price 50¢

ਸ਼ਿਕਾਗੋ, ਸੈਨ ਫਰਾਂਸਿਸਕੋ ਅਤੇ ਨਿਊ ਯਾਰਕ ਤੋਂ ਇਕੋ ਸਮੇਂ ਪ੍ਰਕਾਸ਼ਿਤ ਹਫਤਾਵਾਰ



Email:punjabtimes1@gmail.com
www.punjabtimesusa.com


# ਪੰਜਾਬ ਟਾਈਮਜ਼


Punjab Times, Vol 26, Issue 46; November 15, 2025



20451 N. Plum Grove Rd., Palatine, IL 60074 Ph:847-359-0746, Fax:847-705-9388


## ਲਾਲ ਕਿਲ੍ਹਾ ਮੈਟਰੋ ਸਟੇਸ਼ਨ ਨੇੜੇ ਕਾਰ ਬੰਬ ਧਮਾਕੇ ਵਿਚ 9 ਮੌਤਾਂ



**ਨਵੀਂ ਦਿੱਲੀ:** ਸੋਮਵਾਰ ਨੂੰ ਲਾਲ ਕਿਲ੍ਹਾ ਮੈਟਰੋ ਸਟੇਸ਼ਨ ਨੇੜੇ ਇੱਕ ਕਾਰ ਧਮਾਕੇ ਨਾਲ ਦਹਿਸ਼ਤ ਫੈਲ ਗਈ। ਧਮਾਕੇ ਨਾਲ ਨੇੜਲੇ ਤਿੰਨ ਵਾਹਨਾਂ ਨੂੰ ਵੀ ਅੱਗ ਲੱਗ ਗਈ। 9 ਲੋਕਾਂ ਦੇ ਮਾਰੇ ਜਾਣ ਅਤੇ ਕਈ ਹੋਰ ਜ਼ਖਮੀ ਹੋਣ ਦੀ ਖ਼ਬਰ ਹੈ। ਇਹ ਧਮਾਕਾ ਲਾਲ ਕਿਲ੍ਹਾ ਮੈਟਰੋ ਸਟੇਸ਼ਨ ਦੇ ਗੇਟ ਨੰਬਰ 1 ਦੇ ਨੇੜੇ ਹੋਇਆ। ਸਾਦਿਕ ਨਗਰ ਸਪੈਸ਼ਲ ਸੈੱਲ ਯੂਨਿਟ ਜਾਂਚ ਲਈ ਮੌਕੇ 'ਤੇ ਪਹੁੰਚ ਗਈ ਹੈ।

ਧਮਾਕਾ ਇੰਨਾ ਭਿਆਨਕ ਸੀ ਕਿ ਹਰ ਪਾਸੇ ਮਲਬਾ ਖਿੰਡ ਗਿਆ। ਅੱਗ ਦੀਆਂ' ਲਪਟਾਂ ਵੀ ਦਿਖਾਈ ਦੇ ਰਹੀਆਂ ਸਨ। ਧਮਾਕੇ ਦੀ ਗੰਭੀਰਤਾ ਨੂੰ ਦੇਖਦੇ ਹੋਏ, ਦਿੱਲੀ-ਐਨਸੀਆਰ ਵਿੱਚ ਹਾਈ ਅਲਰਟ ਘੋਸ਼ਿਤ ਕੀਤਾ ਗਿਆ ਹੈ। ਨੋਇਡਾ ਅਤੇ ਗੁਰੂਗ੍ਰਾਮ ਵਿੱਚ ਪੁਲਿਸ ਨੂੰ ਅਲਰਟ ਕਰ ਦਿੱਤਾ ਗਿਆ ਹੈ। ਦਿੱਲੀ ਪੁਲਿਸ ਦੇ ਸੂਤਰਾਂ ਅਨੁਸਾਰ, ਇੱਕ ਬਹੁਤ ਜ਼ੋਰਦਾਰ ਧਮਾਕਾ ਹੋਇਆ।

ਗ੍ਰਹਿ ਮੰਤਰਾਲੇ ਦੇ ਸੂਤਰਾਂ ਅਨੁਸਾਰ ਲਾਲ ਕਿਲ੍ਹੇ ਦੇ ਨੇੜੇ ਇੱਕ ਉੱਚੀ ਆਵਾਜ਼ ਸੁਣਾਈ ਦਿੱਤੀ, ਜਿਸ ਤੋਂ ਬਾਅਦ ਅੱਗ ਲੱਗ ਗਈ। ਕੇਂਦਰੀ ਏਜੰਸੀਆਂ ਨੇ ਧਮਾਕੇ ਦੇ ਕਾਰਨਾਂ ਦੀ ਤੁਰੰਤ ਜਾਂਚ ਸ਼ੁਰੂ ਕਰ ਦਿੱਤੀ।ਦਿੱਲੀ ਦੇ ਲਾਲ ਕਿਲ੍ਹਾ ਮੈਟਰੋ ਸਟੇਸ਼ਨ ਨੇੜੇ ਹੋਇਆ ਧਮਾਕਾ ਇੱਕ ਅੱਤਵਾਦੀ ਹਮਲਾ ਹੈ। ਸ਼ੁਰੂਆਤੀ ਜਾਂਚ ਤੋਂ ਬਾਅਦ, ਦਿੱਲੀ ਪੁਲਿਸ ਨੇ ਪੁਸ਼ਟੀ ਕੀਤੀ ਹੈ ਕਿ ਇਹ ਕੋਈ ਸਧਾਰਨ ਹਾਦਸਾ ਨਹੀਂ ਸੀ ਸਗੋਂ ਇੱਕ ਯੋਜਨਾਬੱਧ ਧਮਾਕਾ ਸੀ।ਸੂਤਰਾਂ ਅਨੁਸਾਰ ਧਮਾਕੇ ਸਮੇਂ ਕਾਰ ਦੇ ਅੰਦਰ ਮੌਜੂਦ ਇੱਕ ਸ਼ੱਕੀ ਨੂੰ ਹਿਰਾਸਤ ਵਿੱਚ ਲੈ ਲਿਆ ਗਿਆ ਹੈ। ਪੁਲਿਸ ਨੇ ਉਸਨੂੰ ਗੰਭੀਰ ਹਾਲਤ ਵਿੱਚ ਐਲਐਨਜੇਪੀ ਹਸਪਤਾਲ ਵਿੱਚ ਦਾਖਲ ਕਰਵਾਇਆ।

ਕੇਂਦਰੀ ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਨਿਊਜ਼ ਏਜੰਸੀ ਏਐਨਆਈ ਨਾਲ ਗੱਲ ਕਰਦਿਆਂ ਕਿਹਾ ਕਿ ਇੱਕ ਆਈ20 ਕਾਰ ਵਿੱਚ ਧਮਾਕਾ ਹੋਇਆ। ਧਮਾਕੇ ਵਿੱਚ ਨੇੜਲੀ ਸੜਕ 'ਤੇ ਯਾਤਰਾ ਕਰ ਰਟ ਲੋਕ ਜ਼ਖਮੀ ਹੋ

(ਬਾਕੀ ਸਫ਼ਾ 6 'ਤੇ)

### ਧਮਾਕਾ ਕਿਵੇਂ ਹੋਇਆ?

ਸੋਮਵਾਰ ਰਾਤ ਨੂੰ ਦਿੱਲੀ ਦੇ ਲਾਲ ਕਿਲ੍ਹੇ ਨੇੜੇ ਇੱਕ ਕਾਰ ਵਿੱਚ ਧਮਾਕਾ ਹੋਇਆ। ਹੁਣ ਤੱਕ ਇਸ ਧਮਾਕੇ ਵਿੱਚ ਅੱਠ ਲੋਕਾਂ ਦੀ ਮੌਤ ਹੋ ਗਈ ਹੈ ਅਤੇ 20 ਜ਼ਖਮੀ ਹੋ ਗਏ ਹਨ। ਹੁਣ, ਸਵਾਲ ਇਹ ਹੈ ਕਿ ਕਾਰ ਕਿਵੇਂ ਫਟੀ? ਗੈਸ ਸਿਲੰਡਰ ਜਾਂ ਵਿਸਫੋਟਕ? ਰਹੱਸ ਖੁੱਲ੍ਹ ਗਿਆ ਹੈ। ਜੀ ਹਾਂ, ਦਿੱਲੀ ਪੁਲਿਸ ਦੇ ਸੂਤਰਾਂ ਅਨੁਸਾਰ, ਦਿੱਲੀ ਦੇ ਲਾਲ ਕਿਲ੍ਹੇ ਨੇੜੇ ਕਾਰ ਵਿੱਚ ਧਮਾਕਾ ਇੱਕ ਵਿਸਫੋਟਕ ਕਾਰਨ ਹੋਇਆ ਸੀ। ਕਾਰ ਦੇ ਅੰਦਰ ਵਿਸਫੋਟਕ ਰੱਖੇ ਗਏ ਸਨ, ਜਿਸ ਕਾਰਨ ਇੰਨਾ ਵੱਡਾ ਧਮਾਕਾ ਹੋਇਆ।

## ਅਮਰੀਕੀ ਸੈਨੇਟ ਨੇ ਸ਼ਟਡਾਊਨ ਖ਼ਤਮ ਕਰਨ ਵੱਲ ਚੁੱਕਿਆ ਪਹਿਲਾ ਕਦਮ

### ਸਿਹਤ ਸੇਵਾ ਸਬਸਿਡੀ ਵਧਾਉਣ ਦੀ ਗਾਰੰਟੀ ਬਿਨਾਂ ਵਧਣ 'ਤੇ ਡੈਮੋਕ੍ਰੇਟਸ ਸਹਿਮਤ

**ਵਾਸ਼ਿੰਗਟਨ:** ਸੈਨੇਟ ਨੇ ਸਰਕਾਰੀ ਸਟਡਾਊਨ ਖ਼ਤਮ ਕਰਨ ਦੀ ਦਿਸ਼ਾ 'ਚ ਪਹਿਲਾ ਕਦਮ ਚੁੱਕਿਆ ਹੈ। ਉਦਾਰਵਾਦੀ ਡੈਮੋਕੇਟਸ ਦੇ ਇਕ ਸਮੂਹ ਨੇ ਸਿਹਤ ਸੇਵਾ ਸਬਸਿਡੀ ਦੇ ਵਿਸਥਾਰ ਦੀ ਗਾਰੰਟੀ ਦੇ ਬਿਨਾਂ ਅੱਗੇ ਵਧਣ 'ਤੇ ਸਹਿਮਤੀ ਜ਼ਾਹਿਰ ਕੀਤੀ। ਹਾਲਾਂਕਿ, ਇਸ ਨਾਲ ਉਨ੍ਹਾਂ ਦੇ ਧੜੇ ਦੇ ਕਈ ਮੈਂਬਰ ਨਾਰਾਜ਼ ਹੋ ਗਏ। ਉਨ੍ਹਾਂ ਦਾ ਕਹਿਣਾ ਹੈ ਕਿ ਅਮਰੀਕੀ ਚਾਹੁੰਦੇ ਹਨ ਕਿ ਉਹ ਆਪਣੀ ਲੜਾਈ ਜਾਰੀ ਰੱਖਣ।ਇਸ ਸਬੰਧ 'ਚ ਜ਼ਰੂਰੀ ਪ੍ਰਕਿਰਿਆਤਮਕ ਤਬਦੀਲੀਆਂ ਦੀ ਲੜੀ ਦੀ ਪਹਿਲੀ ਪ੍ਰੀਖਣ ਵੋਟਿੰਗ ਹੋਈ। ਇਸ ਵਿਚ ਸੈਨੇਟ ਨੇ ਸਰਕਾਰ ਨੂੰ ਫੰਡਿੰਗ ਕਰਨ ਲਈ ਸਮਝੌਤਾ ਬਿੱਲ ਪਾਸ ਕਰਨ ਤੇ ਇਕ ਜਨਵਰੀ ਨੂੰ ਖ਼ਤਮ ਹੋਣ ਵਾਲੇ ਅਫੋਰਡੇਬਲ ਕੇਅਰ ਐਕਟ ਟੈਕਸ ਕ੍ਰੈਡਿਟ ਨੂੰ ਵਧਾਉਣ ਤੋਂ ਬਾਅਦ ਵੋਟਿੰਗ ਕਰਨ ਲਈ 60-40 ਵੋਟਾਂ ਨਾਲ ਵੋਟਿੰਗ ਕੀਤੀ। ਫਿਲਹਾਲ, ਹੁਣ ਜੇ ਡੈਮੋਕ੍ਰੇਟਿਕ ਇਸ 'ਤੇ ਇਤਰਾਜ਼ ਪ੍ਰਗਟਾਉਂਦੇ ਹਨ ਤੇ ਪ੍ਰਕਿਰਿਆ 'ਚ ਦੇਰੀ ਕਰਦੇ ਹਨ ਤਾਂ ਆਖ਼ਰੀ ਸਮਝੌਤਾ ਪਾਸ ਹੋਣ 'ਚ ਕਈ ਦਿਨ ਲੱਗ ਸਕਦੇ ਹਨ।

ਸੈਨੇਟਰਾਂ ਦੇ ਸਮੂਹ ਨੇ 40 ਦਿਨਾਂ ਬਾਅਦ ਸਰਕਾਰੀ ਸ਼ਟਡਾਊਨ ਨੂੰ ਖ਼ਤਮ ਕਰਨ ਲਈ ਵੋਟਿੰਗ ਕੀਤੀ, ਜੋ ਅਮਰੀਕੀ ਇਤਿਹਾਸ 'ਚ ਸਭ ਤੋਂ ਲੰਬਾ ਹੈ। ਪ੍ਰਕਿਰਿਆ ਵਾਲੀ ਵੋਟਿੰਗ 'ਚ ਸੈਨੇਟਰਾਂ ਨੇ ਸਦਨ ਵੱਲੋਂ ਪਾਸ ਬਿੱਲ ਨੂੰ ਅੱਗੇ ਵਧਾਇਆ, ਜਿਸ ਵਿਚ 30 ਜਨਵਰੀ ਤੱਕ ਸਰਕਾਰ ਨੂੰ ਫੰਡਿੰਗ ਕਰਨ ਲਈ ਸੋਧ ਕੀਤੀ ਜਾਵੇਗੀ ਤੇ ਇਸ ਵਿਚ ਤਿੰਨ ਪੂਰਨ-ਸਾਲ ਦੇ



ਵਿਨਿਯੋਗ ਬਿੱਲਾਂ ਦਾ ਪੈਕੇਜ ਸ਼ਾਮਲ ਕੀਤਾ ਜਾਵੇਗਾ। ਇਨ੍ਹਾਂ ਸੈਨੇਟਰਾਂ 'ਚੋਂ ਚਾਰ ਆਪਣੇ ਗ੍ਰਹਿ ਸੂਬਿਆਂ ਦੇ ਸਾਬਕਾ ਗਵਰਨਰ ਹਨ ਤੇ ਅਗਲੇ ਸਾਲ ਹੋਣ ਵਾਲੀਆਂ ਮੱਧ ਮਿਆਦ ਦੀਆਂ ਚੋਣਾਂ 'ਚ ਇਨ੍ਹਾਂ 'ਚੋਂ ਕੋਈ ਵੀ ਦੁਬਾਰਾ ਚੋਣ ਨਹੀਂ ਲੜੇਗਾ। ਡਿਕ ਡਰਬਿਨ ਤੇ ਟਿਮ ਕੇਨ ਵਰਗੇ ਅਹਿਮ ਨੇਤਾਵਾਂ ਨੇ ਇਸ ਪ੍ਰਬੰਧ ਨੂੰ ਖ਼ਤਮ ਕਰਨ ਤੇ ਅਫੋਰਡੇਬਲ ਕੇਅਰ ਐਕਟ ਸਬਸਿਡੀ ਤੇ ਲੇਬਰ ਸੁਰੱਖਿਆ ਵਰਗੇ ਅਹਿਮ ਮੁੱਦਿਆਂ 'ਤੇ ਵੋਟਿੰਗ 'ਯਕੀਨੀ ਕਰਨ ਦੀ ਲੋੜ 'ਤੇ ਜ਼ੋਰ ਦਿੱਤਾ ਸੀ। ਇਹ ਸਮਝੌਤਾ ਇਸ ਗੱਲ ਦੀ ਗਾਰੰਟੀ ਨਹੀਂ ਦਿੰਦਾ ਕਿ ਅਫੋਰਡੇਬਲ ਕੇਅਰ ਐਕਟ ਸਬਸਿਡੀ ਨੂੰ ਵਧਾਇਆ ਜਾਵੇਗਾ, ਜਿਵੇਂ ਕਿ ਡੈਮੋਕ੍ਰੇਟਸ

(ਬਾਕੀ ਸਫ਼ਾ 6 'ਤੇ)







ੴ

ਵਾਹਿਗੁਰੂ ਜੀ ਕਾ ਖਾਲਸਾ । ਵਾਹਿਗੁਰੂ ਜੀ ਕੀ ਫਤਹਿ ॥

# ਗੁਰਦੁਆਰਾ ਸੰਤ ਸਾਗਰ ਅਤੇ

ਟਰਾਈ ਸਟੇਟ ਦੇ ਸਮੂਹ ਗੁਰਦੁਆਰੇ, ਜਥੇਬੰਦੀਆਂ, ਸਮੂਹ ਸੰਗਤ ਦੇ ਪਿਆਰ ਅਤੇ ਸਹਿਯੋਗ ਸਦਕਾ

## ਧੰਨ ਧੰਨ ਸ੍ਰੀ ਗੁਰੂ ਤੇਗ ਬਹਾਦਰ ਜੀ,

## ਭਾਈ ਮਤੀ ਦਾਸ ਜੀ, ਭਾਈ ਸਤੀ ਦਾਸ ਜੀ ਅਤੇ ਭਾਈ ਦਿਆਲਾ ਜੀ ਦੇ

## 350ਵੀਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ

# ਮਹਾਨ ਕੀਰਤਨ ਸਮਾਗਮ

## 29 ਨਵੰਬਰ 2025 ਦਿਨ ਸ਼ਨੀਵਾਰ ਨੂੰ

**ਐਲੀਪੋਂਡ ਪਾਰਕ** ਵਿਖੇ
79-20 Winchester Blvd, Queens Village

ਸਵੇਰੇ 10:00 ਵਜੇ ਤੋਂ
ਦੁਪਹਿਰ 4:30 ਵਜੇ ਤੱਕ ਹੋਵੇਗਾ ।

ਇਹ ਮਹਾਨ ਕੀਰਤਨ ਦਰਬਾਰ ਗੁਰਦੁਆਰਾ ਸੰਤ ਸਾਗਰ ਤੋਂ ਸਵੇਰੇ ਠੀਕ 9:30 ਵਜੇ ਆਰੰਭ ਹੋ ਕੇ ਧੰਨ-ਧੰਨ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਛੱਤਰ ਛਾਇਆ ਹੇਠ, ਪੰਜ ਪਿਆਰਿਆਂ ਦੀ ਅਗਵਾਈ ਵਿੱਚ ਤੇ ਨਗਾਰਿਆਂ ਦੀ ਗੂੰਜ ਵਿੱਚ ਕਾਰ ਰੈਲੀ ਦੇ ਰੂਪ ਵਿੱਚ ਐਲੀਪੋਂਡ ਪਾਰਕ ( 79-20 Winchester blvd ) ਵਿਖੇ ਪਹੁੰਚੇਗਾ।

**ਨਿਮਰਤਾ ਸਹਿਤ ਸਮੂਹ ਸੰਗਤਾਂ ਨੂੰ ਬੇਨਤੀ ਹੈ ਕਿ ਪਰਿਵਾਰਾਂ ਸਮੇਤ ਹਾਜ਼ਰੀਆਂ ਭਰਨ ਦੀ ਕ੍ਰਿਪਾਲਤਾ ਕਰਨੀ ਜੀ।**

ਜਿਸ ਵਿੱਚ ਪਹੁੰਚਣ ਵਾਲੇ ਪੰਥ ਦੇ ਪ੍ਰਸਿੱਧ ਰਾਗੀ, ਢਾਡੀ ਅਤੇ ਕਥਾਵਾਚਕਾਂ ਦਾ ਵੇਰਵਾ ਇਸ ਤਰ੍ਹਾਂ ਹੈ ।

* ਭਾਈ ਨਿਰੰਜਨ ਸਿੰਘ ਜੀ ਜਵੱਦੀ ਕਲਾ ।
* ਬਾਬਾ ਬੰਤਾ ਸਿੰਘ ਜੀ ।
* ਭਾਈ ਮਹਿਲ ਸਿੰਘ ਜੀ ਕਵੀਸ਼ਰ ਚੰਡੀਗੜ ਵਾਲੇ ।
* ਭਾਈ ਹਰਚਰਨ ਸਿੰਘ ਜੀ ਖਾਲਸਾ ।
* ਭਾਈ ਗੁਰਮੇਲ ਸਿੰਘ ਜੀ ਕਨੇਡਾ ਵਾਲੇ ।
* ਢਾਡੀ ਜੱਥਾ ਭਾਈ ਮੋਹਣ ਸਿੰਘ ਜੀ ਵਡਾਣਾ ।
* ਭਾਈ ਅਮਰੀਕ ਸਿੰਘ ਜੀ ਗੁਰਦਾਸਪੁਰੀ ।
* ਸਿੰਘ ਸਾਹਿਬ ਗਿਆਨੀ ਰਣਜੀਤ ਸਿੰਘ ਜੀ ਬੰਗਲਾ ਸਾਹਿਬ ਵਾਲੇ ।
* ਗੁਰਦੁਆਰਾ ਸੰਤ ਸਾਗਰ ਸਕੂਲ ਦੇ ਵਿਦਿਆਰਥੀ ਵੀ ਕੀਰਤਨ ਕਰਣਗੇ ।

Countless salutations on the 350th Martyrdom Anniversary of
Sri Guru Tegh Bahadur Ji, Bhai Mati Das Ji, Bhai Sati Das Ji, Bhai Dayala Ji

# MAHAN KIRTAN DARBAR

## GURDWARA SANT SAGAR

## On 29 November 2025 from 10:00AM to 4:30PM

Will Be Held At Alley Pond Park 79-20 Winchester Blvd, Queens Village.
With the love and support of Tristate Gurdwaras Sahib, Organizations and the entire Sangat (Community)

JOIN US FOR A DAY OF KIRTAN, KATHA, ARDAAS AND LANGAR SEWA IN REMEMBRANCE OF SRI GURU TEGH BAHADUR JI'S SUPREME SACRIFICE AND TEACHINGS

The Event Will Begin With Nagar Kirtan From Gurduwara Sant Sagar At 9:30 AM, Followed By The Main Diwan At Alley Pond Park

LANGAR WILL BE SERVED TO ALL THROUGHOUT THE DAY

Join Us For An Inspiring Exhibition Dedicated To The Life And Legacy Of Sri Guru Tegh Bahadur Ji.

Live on jus punjabi, GLOBAL PUNJAB, PrimeAsia

ਗੁਰੂ-ਸੰਗਤਾਂ ਦੇ ਦਾਸ - ਬਾਬਾ ਸੱਜਣ ਸਿੰਘ ਜੀ
ਸਾਬਕਾ ਹਜ਼ੂਰੀ ਰਾਗੀ ਸ੍ਰੀ ਦਰਬਾਰ ਸਾਹਿਬ, ਅੰਮ੍ਰਿਤਸਰ
ਮੁੱਖ ਸੰਚਾਲਕ - ਗੁਰਦੁਆਰਾ ਸੰਤ ਸਾਗਰ, ਬੇਲਰੋਜ਼, ਨਿਊਯਾਰਕ
Phone # 718-343-1030



Print & Designed by : Print Linkers : 347-475-5555 (Dilpreet Singh)

# ‘ਕੱਟਾ’ ਵਰਗੇ ਸ਼ਬਦ ਘਟਾਉਂਦੇ ਨੇ ਪ੍ਰਧਾਨ ਮੰਤਰੀ ਦੇ ਅਹੁਦੇ ਦੀ ਮਰਿਆਦਾ: ਪ੍ਰਿਅੰਕਾ



**ਕਟਿਹਾਰ:** ਕਾਂਗਰਸ ਦੀ ਜਨਰਲ ਸਕੱਤਰ ਪ੍ਰਿਅੰਕਾ ਗਾਂਧੀ ਵਾਡਰਾ ਨੇ ਸ਼ੁੱਕਰਵਾਰ ਨੂੰ ਬਿਹਾਰ ਦੇ ਕਟਿਹਾਰ ‘ਚ ਆਪਣੀ ਚੋਣ ਰੈਲੀ ‘ਚ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਅਤੇ ਕੇਂਦਰ ਸਰਕਾਰ ‘ਤੇ ਤਿੱਖਾ ਹਮਲਾ ਕੀਤਾ। ਉਨ੍ਹਾਂ ਪ੍ਰਧਾਨ ਮੰਤਰੀ ਮੋਦੀ ਦੇ ਹਾਲ ਹੀ ਵਿਚ ‘ਕੱਟਾ’ ਬਿਆਨ ‘ਤੇ ਨਾਰਾਜ਼ਗੀ ਜ਼ਾਹਰ ਕਰਦੀਆਂ ਉਨ੍ਹਾਂ ‘ਤੇ ਅਹੁਦੇ ਦੀ ਮਾਣ- ਮਰਿਆਦਾਂ ਦੀ ਉਲੰਘਣਾ ਕਰਨ ਦਾ ਦੋਸ਼ ਲਗਾਇਆ। ਪ੍ਰਧਾਨ ਮੰਤਰੀ ਮੋਦੀ ਦੇ ਭਾਸ਼ਣਾਂ ‘ਤੇ ਪ੍ਰਤੀਕਿਰਿਆ ਦਿੰਦੇ ਹੋਏ ਪ੍ਰਿਅੰਕਾ ਗਾਂਧੀ ਨੇ ਕਿਹਾ ਕਿ ਪ੍ਰਧਾਨ ਮੰਤਰੀ ਮੋਦੀ ਆਪਣੇ ਅਹੁਦੇ ਦੀ ਮਾਣ-ਮਰਿਆਦਾ ਬਣਾਈ ਰੱਖਣ ‘ਚ ਅਸਫ਼ਲ ਰਹੇ ਹਨ। ਉਨ੍ਹਾਂ ਆਲੋਚਨਾ ਕੀਤੀ ਕਿ ਪ੍ਰਧਾਨ ਮੰਤਰੀ ‘ਕੱਟਾ’ ਵਰਗੇ ਸ਼ਬਦਾਂ ਦੀ ਵਰਤੋਂ ਕਰ ਰਹੇ ਹਨ, ਜਿਸ ਦਾ ਉਦੇਸ਼ ਲੋਕਾਂ ਨੂੰ ਭੜਕਾਉਣਾ ਹੈ। ਪ੍ਰਿਅੰਕਾ ਗਾਂਧੀ ਨੇ ਕਿਹਾ ਕਿ ਦੇਸ਼ ਦੇ ਸਭ ਤੋਂ ਉੱਚੇ ਅਹੁਦੇ ‘ਤੇ ਬੈਠੇ ਵਿਅਕਤੀ ਨੂੰ ਸੰਜਮ ਅਤੇ ਸ਼ਿਸ਼ਟਾਚਾਰ ਦੀ ਪਾਲਣਾ ਕਰਨੀ ਚਾਹੀਦੀ ਹੈ।


## Singh Enterprises, LLC

**ਰੈਸਟੋਰੈਂਟ ਦੇ ਸਾਮਾਨ ਦੇ ਹੋਲਸੇਲਰ ਸਪਲਾਇਰ**

**Restaurant/Retail (Manufacturer/Importer/Wholesaler)**

ਅਸੀਂ ਰੈਸਟੋਰੈਂਟ ਦੇ ਸਾਮਾਨ ਦੀ ਹੋਲਸੇਲ ਸਪਲਾਈ ਕਰਦੇ ਹਾਂ ਅਤੇ ਭਾਰਤੀ ਰੈਸਟੋਰੈਂਟ ਦੇ ਰਸੋਈ ਦੇ ਸਾਮਾਨ ਦੇ ਨਾਲ-ਨਾਲ ਆਪਣੇ ਤੰਦੂਰ ਵੀ ਬਣਾਉਂਦੇ ਹਾਂ। ਅਸੀਂ ਮਸਾਲੇ/ਦਾਲ/ਬਾਸਮਤੀ ਚਾਵਲ ਆਦਿ ਦੀਆਂ ਵੱਡੀਆਂ ਪੈਕਿੰਗਜ਼ ਇੰਪੋਰਟ ਕਰਦੇ ਹਾਂ ਅਤੇ ਦੇਸ਼ ਭਰ ਵਿਚ ਸਾਰੀਆਂ ਚੀਜ਼ਾਂ ਦੀ ਸਪਲਾਈ ਕੀਤੀ ਜਾਂਦੀ ਹੈ। ਰੈਸਟੋਰੈਂਟ ਨਾਲ ਸਬੰਧਤ ਕਿਸੇ ਵੀ ਤਰ੍ਹਾਂ ਦੀ ਸਪਲਾਈ ਲਈ ਸਾਡੇ ਨਾਲ ਸੰਪਰਕ ਕਰੋ।

SINGH ENTERPRISES

Amardeep Singh (CEO) Ph: 303-645-3739, Cell-303-396-2536

Fax: 866-460-0303. www.singhenterprisesco.net

6769 East 50th Avenue, Commerce City, CO 80022.



## SUPER TRAVEL

**847-676-9090, 773-465-5566**

*E-mail: supertravel2003@live.com*

**Lowest Fares With Excellent Service**

*United Airlines*
*British Airways*



*Etihad, Air India, KLM, Lufthansa, Delta, Qatar Airlines.*

For Emergency Call anytime at 847-436-9010

*EARLY BIRD SALE!!!!*

Domestic fares available





## UMA TRAVELS

2535 West Devon Ave.,
Chicago, IL 60659

For Delhi-Bombay Ahmedabad, Hydrabad-Madras
Call For Special Sale Fares

**Call: 773-338-5603**


# Matrimonials

## ਲੜਕੇ ਦੀ ਲੋੜ ਹੈ

ਅਮਰੀਕਾ ਵਿਚ ਪੱਕੀ 42 ਸਾਲ 5’3" ਪੋਸਟ ਗਰੈਜੂਏਟ ਅੰਮ੍ਰਿਤਧਾਰੀ ਲੜਕੀ ਲਈ ਅਮਰੀਕਾ/ਕੈਨੇਡਾ ਵਿਚ ਪੱਕੇ ਲੜਕੇ ਦੀ ਲੋੜ ਹੈ, ਜੋ ਅੰਮ੍ਰਿਤਧਾਰੀ ਹੋਵੇ ਜਾਂ ਅੰਮ੍ਰਿਤ ਛਕ ਕੇ ਗੁਰੂ ਵਾਲਾ ਬਣ ਸਕਦਾ ਹੋਵੇ। ਉਮਰ 40-45 ਸਾਲ ਹੋਵੇ। ਜਾਤੀ ਬੰਧਨ ਨਹੀਂ। ਤਲਾਕਸ਼ੁਦਾ ਵੀ ਵਿਚਾਰਨ ਯੋਗ। ਚਾਹਵਾਨ ਨਿਊਯਾਰਕ ਸਮੇਂ ਅਨੁਸਾਰ ਸ਼ਾਮ 7 ਤੋਂ 9 ਵਜੇ ਤੱਕ ਫੋਨ ਨੰਬਰ +1 (734) 306-0580 ‘ਤੇ ਸੰਪਰਕ ਕਰਨ। ਫੋਟੋ ਨਾਲ ਬਾਇਓਡਾਟਾ E-Mail: kaurgurvinder1965@yahoo.com ’ਤੇ ਭੇਜ ਸਕਦੇ ਹੋ। 45-48

Jat Sikh Sandhu family looking for a suitable match for their daughter, born June 1995, height 5’3". Working as Veterinary Doctor (DVM) in Bay Area California on H1B Visa (Green Card applied). Parents are living in India. Looking for educated and professional match. Preference to Jat Sikh living in U.S. Please contact with full biodata and picture to Bicki Dhillon at Cell/WhatsApp 630-261-5723 or email bdhillon776@gmail.com. No Marriage bureau contact please. 43-46

## ਲੜਕੀ ਦੀ ਲੋੜ ਹੈ

ਯੂ.ਐਸ.ਏ. ਵਿਚ ਵਧੀਆ ਸਥਾਪਿਤ, ਆਪਣਾ ਕਾਰੋਬਾਰ ਕਰਦੇ ਯੂ.ਐਸ.ਏ. ਸਿਟੀਜ਼ਨ ਸੈਣੀ ਸਿੱਖ ਕਲੀਨਸ਼ੇਵ ਲੜਕੇ ਉਮਰ 28, ਕੱਦ 5’8" ਲਈ ਪੜ੍ਹੀ- ਲਿਖੀ, ਸੁੰਦਰ, ਸੂਝਵਾਨ ਲੜਕੀ ਦੀ ਲੋੜ ਹੈ। ਲੜਕੇ ਨੇ Business and Accounts Managemengt, ਵਿਚ ਗ੍ਰੈਜੂਏਸ਼ਨ ਕੀਤੀ ਹੋਈ ਹੈ। ਚਾਹਵਾਨ ਯੂਐਸਏ ਨੰਬਰ: (317) 260-8950, ਵ੍ਹਟਸਐਪ ਨੰਬਰ 98720-33235 ‘ਤੇ ਸੰਪਰਕ ਜਾਂ paramjit12913@gmail.com ‘ਤੇ ਈ-ਮੇਲ ਕਰ ਸਕਦੇ ਹਨ।

Jatt Sikh Malhi family looking for a USA citizen/Green card holder match for their Decembe, 1991 born son, height 5'11". He has done Diploma in Hotel Management. Parents are living in India, father retired from government job, mother is housewife and one sister is married. Contact us at: +91 98783 42510 (WhatsApp) 41-44

Seeking an educated and professional match (American citizen or Permanent Resident) for a 1992-born Punjab boy (Ramdasia and others), 5’8". Education: B.Tech, MBA (IIT Delhi), MS in Business Analytics (University of Colorado). Currently working as a Business Analyst in Chicago, USA; H1B picked recently. Belongs to a well-educated and reputed family. Caste no bar. Please contact at +91-7589242016 (WhatsApp) and +1-7204996020. 41-44

Ramgarhia Family seeks a suitable match for their USA Born and Raised 30 year 5’6.5" Gursikh Boy, PhD. Girl should be Gursikh and educated. Caste no bar. If you are interested please call us at 224-422-4773.





ਪੰਜਾਬ ਟਾਈਮਜ਼ ਵਿਚ ਇਸ਼ਤਿਹਾਰ ਦੇਣ ਲਈ ਸੰਪਰਕ ਕਰੋ:
**847-359-0746**

# ਪੰਜਾਬ ਯੂਨੀਵਰਸਿਟੀ 'ਚ ਸੈਨੇਟ ਚੋਣਾਂ ਦਾ ਐਲਾਨ ਕਰਵਾਉਣ ਲਈ ਵਿਦਿਆਰਥੀਆਂ ਨੇ ਦਿਖਾਇਆ ਭਰਵਾਂ ਇਕੱਠ

**ਚੰਡੀਗੜ੍ਹ:**ਪੰਜਾਬ ਯੂਨੀਵਰਸਿਟੀ ਚੰਡੀਗੜ੍ਹ 'ਚ ਸੈਨੇਟ ਚੋਣਾਂ ਦੀਆਂ ਤਰੀਕਾਂ ਦੇ ਐਲਾਨ ਦੀ ਮੰਗ ਨੂੰ ਲੈ ਕੇ ਵਿਦਿਆਰਥੀਆਂ ਸੰਗਠਨਾਂ ਦੁਆਰਾ ਦਿੱਤੇ ਹੋਏ ਸੌਦੇ ਮੁਤਾਬਿਕ ਅੱਜ ਭਰਵਾਂ ਇਕੱਠ ਕਰਕੇ ਕੇਂਦਰ ਸਰਕਾਰ ਵਿਰੁੱਧ ਧਰਨਾ ਲਗਾਇਆ ਗਿਆ।

ਇਸ ਤੋਂ ਪਹਿਲਾਂ ਵਿਦਿਆਰਥੀਆਂ ਵਲੋਂ ਦੱਸੇ ਹੋਏ ਯੂਨੀਵਰਸਿਟੀ ਦੇ ਗੇਟ ਨੰਬਰ 2 ਨੂੰ ਚੰਡੀਗੜ੍ਹ ਪ੍ਰਸ਼ਾਸਨ ਨੇ ਬੰਦ ਕਰ ਦਿੱਤਾ ਅਤੇ ਇਸ ਦੇ ਨਾਲ ਹੀ ਗੇਟ ਨੰਬਰ 3 ਨੂੰ ਵੀ ਬੰਦ ਕਰ ਦਿੱਤਾ ਗਿਆ ਅਤੇ ਗੇਟ ਨੰਬਰ 1 ਪੀ.ਜੀ.ਆਈ. ਦੇ ਸਾਹਮਣੇ ਵਾਲੇ ਤੋਂ ਕੇਵਲ ਆਈ ਕਾਰਡ ਦਿਖਾ ਕੇ ਅੰਦਰ ਜਾਣ ਦੀ ਇਜਾਜ਼ਤ ਦਿੱਤੀ ਗਈ। ਪਰ ਸਾਬਕਾ ਵਿਦਿਆਰਥੀਆਂ, ਕਿਸਾਨ ਜਥੇਬੰਦੀਆਂ ਅਤੇ ਕਈ ਹੋਰ ਲੋਕਾਂ ਕੋਲ ਆਈ ਕਾਰਡ ਨਾ ਹੋਣ ਕਾਰਨ ਇਕੱਠ ਲਗਾਤਾਰ ਵਧਦਾ ਗਿਆ।

ਇਸੇ ਮੌਕੇ ਅੰਦਰੋਂ ਵਿਦਿਆਰਥੀਆਂ ਦੇ ਆਉਣ ਕਾਰਨ ਪੁਲਿਸ ਨਾਲ ਝੜਪ ਦੇਖੀ ਗਈ। ਵਿਦਿਆਰਥੀਆਂ ਨੇ 'ਚੰਡੀਗੜ੍ਹ ਪੁਲਿਸ ਭੀ ਬੈਂਕ' ਦੇ ਨਾਅਰੇ ਲਗਾਏ। ਪੰਜਾਬ ਯੂਨੀਵਰਸਿਟੀ ਬਚਾਓ

## ਬੈਰੀਕੇਡ ਤੋੜਨ ਤੋਂ ਬਾਅਦ ਪੁਲਿਸ ਨੇ ਕੀਤਾ ਲਾਠੀਚਾਰਜ





ਮੋਰਚੇ ਨੇ ਕਿਹਾ ਕਿ ਚੰਡੀਗੜ੍ਹ ਪੁਲਿਸ ਕੈਂਪਸ ਵਿਚ ਦਾਖਲ ਹੋਣ ਤੋਂ ਰੋਕ ਰਹੀ ਹੈ, ਜਿਸ ਵਿਚ ਉਨ੍ਹਾਂ ਨਾਲ ਰਾਜਨੀਤਕ, ਧਾਰਮਿਕ ਅਤੇ ਕਿਸਾਨ ਨੇਤਾ ਮੌਜੂਦ ਸਨ। ਜੋ ਵਿਦਿਆਰਥੀਆਂ ਦੀ ਗਿਣਤੀ ਜ਼ਿਆਦਾ ਹੋਣ ਕਾਰਨ ਗੇਟ ਨੰਬਰ 1 ਨੂੰ ਤੋੜ ਕੇ ਅੰਦਰ ਦਾਖਲ ਹੋਏ। ਇਸ ਤੋਂ ਬਾਅਦ ਚੰਡੀਗੜ੍ਹ ਦੀ ਐਸ.ਐਸ.ਪੀ. ਕੰਵਰਦੀਪ ਕੌਰ ਨੇ ਵਿਦਿਆਰਥੀਆਂ ਨੂੰ ਹਟ ਜਾਣ ਦੀ ਅਪੀਲ ਕੀਤੀ। ਪਰ ਵਿਦਿਆਰਥੀਆਂ ਨੇ ਹਿੱਲਣ ਤੋਂ ਇਨਕਾਰ ਕਰ ਦਿੱਤਾ। ਫਿਰ ਪੁਲਿਸ ਨੇ ਬੈਰੀਕੇਡ ਤੋੜਨ ਵਾਲੇ ਪ੍ਰਦਰਸ਼ਨਕਾਰੀਆਂ ਤੇ ਲਾਠੀਚਾਰਜ ਕੀਤਾ। ਬਾਅਦ ਵਿਚ ਗੇਟ ਨੰਬਰ 1 ਨੂੰ ਪੂਰੀ ਤਰ੍ਹਾਂ ਖੋਲ੍ਹ ਦਿੱਤਾ ਗਿਆ। ਇਸ ਤੋਂ ਬਾਅਦ ਮੁਹਾਲੀ-ਚੰਡੀਗੜ੍ਹ ਸਰਹੱਦ 'ਤੇ ਭੇਜ਼ 6 'ਚ ਕਿਸਾਨਾਂ ਨੇ ਪੁਲਿਸ ਬੈਰੀਕੇਡ ਤੋੜ ਦਿੱਤੇ। ਉਹ ਹੁਣ ਚੰਡੀਗੜ੍ਹ ਦੇ ਪੀ.ਯੂ. ਵੱਲ ਵਧ ਰਹੇ ਹਨ। ਪੁਲਿਸ ਨੇ ਪਹਿਲਾਂ ਉਨ੍ਹਾਂ ਨੂੰ ਰੋਕਣ ਦੀ ਕੋਸ਼ਿਸ਼ ਕੀਤੀ ਸੀ ਪਰ ਅਸਫਲ ਰਹੀ। ਕਿਸਾਨ ਆਗੂ ਬਲਵੀਰ ਸਿੰਘ ਰਾਜੇਵਾਲ ਨੇ ਕਿਹਾ ਕਿ ਹਰਿਆਣਾ ਪੁਲਿਸ ਨੂੰ ਮੋਹਾਲੀ ਵਿਚ ਤਾਇਨਾਤ ਕੀਤਾ ਗਿਆ ਸੀ।

ਚੰਡੀਗੜ੍ਹ ਵਿਚ ਦਾਖਲ ਹੋਣ ਤੋਂ ਰੋਕਣ ਤੋਂ ਬਾਅਦ ਨਿਹੰਗ ਵਾਈ.ਪੀ.ਐਸ. ਚੌਕ ਮੋਹਾਲੀ ਵੱਲ ਵਧੇ। ਟਰੈਫਿਕ ਜਾਮ ਹੋਣ ਦਾ ਅੰਦਾਜ਼ਾ ਲਗਾਉਂਦੇ ਹੋਏ ਪੁਲਿਸ ਨੇ ਇਸ ਨੂੰ ਚਾਰੇ ਪਾਸਿਆ ਤੋਂ ਬੰਦ ਕਰ ਦਿੱਤਾ ਹੈ। ਸ਼ਹਿਰ ਭਰ 'ਚ ਪੁਲਿਸ ਨੇ ਬਾਰ੍ਹਾਂ ਨਾਕਾਬੰਦੀਆਂ ਕੀਤੀਆਂ ਹੋਈਆਂ ਸਨ । ਪੰਜਾਬ ਯੂਨੀਵਰਸਿਟੀ ਦੀ ਸਟੇਜ ਤੋਂ ਐਲਾਨ ਕੀਤਾ ਗਿਆ ਕਿ ਵਿਰੋਧ ਪ੍ਰਦਰਸ਼ਨ ਉਦੋਂ ਤੱਕ ਜਾਰੀ ਰਹੇਗਾ ਜਦ ਤੱਕ ਕੇਂਦਰ ਸੈਨੇਟ ਚੋਣਾਂ ਦਾ ਪ੍ਰੋਗਰਾਮ ਜਾਰੀ ਨਹੀਂ ਕਰਦੀ।

ਇਸ ਮੌਕੇ ਪੰਜਾਬ ਦੇ ਖੇਤੀਬਾੜੀ ਮੰਤਰੀ ਗੁਰਮੀਤ ਸਿੰਘ ਖੁੱਡੀਆਂ, ਨਵੇਂ ਸ਼੍ਰੋਮਣੀ ਅਕਾਲੀ ਦੇ ਆਗੂ ਅਤੇ ਸਾਬਕਾ ਵਿਧਾਇਕ ਪਰਮਿੰਦਰ ਸਿੰਘ ਢੀਂਡਸਾ, ਸੰਸਦ ਮੈਂਬਰ ਮਾਲਵਿੰਦਰ ਸਿੰਘ ਕੰਗ, ਸੰਸਦ ਮੈਂਬਰ ਸਰਬਜੀਤ ਸਿੰਘ ਖਾਲਸਾ, ਕਾਂਗਰਸੀ ਆਗੂ ਪ੍ਰਤਾਪ ਸਿੰਘ ਬਾਜਵਾ ਅਤੇ ਰਾਣਾ ਗੁਰਜੀਤ ਸਿੰਘ, ਕਾਂਗਰਸੀ ਆਗੂ ਦਲਵੀਰ ਸਿੰਘ ਗੋਲਡੀ, ਗਾਇਕ ਇੰਦਰਜੀਤ ਸਿੰਘ ਨਿੱਕੂ, ਕੁਲਜੀਤ ਸਿੰਘ ਨਾਗਰਾ, ਵਰਿੰਦਰ ਸਿੰਘ ਢਿੱਲੋਂ, ਕਿਸਾਨ ਮਜ਼ਦੂਰ ਸੰਘਰਸ਼ ਕਮੇਟੀ ਦੇ ਆਗੂ ਸਰਵਨ ਸਿੰਘ ਪੰਧੇਰ, ਬੀ.ਕੇ.ਯੂ. ਸਿੱਧੂਪੁਰ ਦੇ ਕਾਕਾ ਸਿੰਘ ਕੋਟੜਾ, ਬੀ.ਕੇ.ਯੂ. ਕ੍ਰਾਂਤੀਕਾਰੀ ਦੇ ਆਗੂ ਬਲਦੇਵ ਸਿੰਘ ਜੀਰਾ, ਡਕੌਂਦਾ ਤੋਂ ਬੂਟਾ ਸਿੰਘ ਬੁਰਜਗਿੱਲ, ਭਾਨਾ ਸਿੱਧੂ, ਗੁਰਬਾਜ ਜਟਾਣਾ ਸਮੇਤ ਕਈ ਹੋਰ ਪਤਵੰਤ ਨਜ਼ਰ ਆਏ।

## ਹਰਪਾਲ ਸਿੰਘ ਚੀਮਾ ਵਲੋਂ ਪੀ.ਯੂ. ਦੇ ਵਿਦਿਆਰਥੀਆਂ 'ਤੇ ਅੱਤਿਆਚਾਰ ਦੀ ਸਖ਼ਤ ਨਿਖੇਧੀ



**ਚੰਡੀਗੜ੍ਹ:**ਵਿੱਤ ਮੰਤਰੀ ਤੇ 'ਆਪ' ਦੇ ਸੀਨੀਅਰ ਆਗੂ ਹਰਪਾਲ ਸਿੰਘ ਚੀਮਾ ਨੇ ਅੱਜ ਪੰਜਾਬ ਯੂਨੀਵਰਸਿਟੀ ਦੇ. ਵਿਦਿਆਰਥੀਆਂ 'ਤੇ ਕੇਂਦਰੀ ਭਾਜਪਾ ਸਰਕਾਰ ਵਲੋਂ ਕੀਤੇ ਗਏ ਅੱਤਿਆਚਾਰ ਦੀ ਸਖ਼ਤ ਸ਼ਬਦਾਂ 'ਚ ਤਿਧੇਯੀ ਬੀਡੀ। ਇਥੇ ਪ੍ਰੈੱਸ ਕਾਨਫਰੰਸ ਨੂੰ ਸੰਬੋਧਨ ਕਰਦਿਆਂ ਉਨ੍ਹਾਂ ਭਾਜਪਾ 'ਤੇ ਪੰਜਾਬ ਅਤੇ ਪੰਜਾਬੀਆਂ ਪ੍ਰਤੀ ਨਫ਼ਰਤ ਰੱਖਣ ਅਤੇ ਸੂਬੇ ਨੂੰ ਫਿਰ ਤੋਂ ਕਾਲੇ ਦੌਰ 'ਚ ਧੱਕਣ ਦੀ ਕੋਸ਼ਿਸ਼ ਕਰਨ ਦਾ ਦੋਸ਼ ਲਾਇਆ। ਉਨ੍ਹਾਂ ਪੰਜਾਬ ਭਾਜਪਾ ਦੇ ਆਗੂਆਂ ਨੂੰ ਚੁਣੌਤੀ ਦਿੱਤੀ ਕਿ ਉਹ ਪੰਜਾਬ ਯੂਨੀਵਰਸਿਟੀ ਜਾ ਕੇ ਵਿਦਿਆਰਥੀਆਂ ਤੋਂ ਮੁਆਫ਼ੀ ਮੰਗਣ ਤੇ ਸੂਬੇ ਦੀ ਭਲਾਈ ਪ੍ਰਤੀ ਆਪਣੀ ਵੱਚਨਬੱਧਤਾ ਦਾ ਪ੍ਰਮਾਣ ਦੇਣ। ਵਿੱਤ ਮੰਤਰੀ ਨੇ ਜ਼ੋਰਦੇ ਕੇ ਕਿਹਾ ਕਿ ਭਾਜਪਾ ਵਾਰ-ਵਾਰ ਪੰਜਾਬੀਆਂ ਦੇ ਹਿੱਤਾਂ, ਅਧਿਕਾਰਾਂ ਅਤੇ ਭਾਵਨਾਵਾਂ 'ਤੇ ਹਮਲਾ ਕਰਕੇ ਸੂਬੇ ਦੇ ਮਾਹੌਲ ਨੂੰ ਖਰਾਬ ਕਰਨ ਦੀਆਂ ਸਾਜ਼ਿਸ਼ਾਂ ਰਚ ਰਹੀ ਹੈ। ਉਨ੍ਹਾਂ ਕਿਹਾ ਕਿ ਪੰਜਾਬ ਗੁਰੂਆਂ-ਪੀਰਾਂ ਦੀ ਧਰਤੀ ਹੈ ਅਤੇ ਭਾਜਪਾ ਇਥੇ ਨਫ਼ਰਤ ਦੇ ਬੀਜ ਬੀਜਣ 'ਚ ਕਦੇ ਕਾਮਯਾਬ ਨਹੀਂ ਹੋਵੇਗੀ। 'ਆਪ' ਆਗੂ ਨੇ ਲੰਮੇ ਸਮੇਂ ਤੋਂ ਲਟਕਦੀਆਂ ਸੈਨੇਟ ਚੋਣਾਂ ਦੀ ਤਰੀਕ ਐਲਾਨਣ ਦੀ ਮੰਗ ਕਰਦੇ ਹੋਏ ਸ਼ਾਂਤਮਈ ਢੰਗ ਨਾਲ ਪ੍ਰਦਰਸ਼ਨ ਕਰ ਰਹੀਆਂ ਵਿਦਿਆਰਥਣਾਂ 'ਤੇ ਪੁਲਿਸ ਲਾਠੀਚਾਰਜ 'ਤੇ ਡੂੰਘਾ ਦੁੱਖ ਪ੍ਰਗਟ ਕੀਤਾ।

## ਉਪ-ਕੁਲਪਤੀ ਵਲੋਂ ਵਿਦਿਆਰਥੀ ਸੰਗਠਨਾਂ ਨੂੰ ਅਪੀਲ

**ਚੰਡੀਗੜ੍ਹ:**ਪੰਜਾਬ ਯੂਨੀਵਰਸਿਟੀ ਦੀ ਉਪ-ਕੁਲਪਤੀ ਪ੍ਰੋ. ਕਿਹਾ ਹੈ ਕਿ ਥੋ ਉਠ ਦੇ ਲੋਕਤੰਤਰੀ ਢੰਗ ਨਾਲ ਵਿਚਾਰ ਪ੍ਰਗਟ ਕਰਨ ਦੇ ਪ੍ਰੋ. ਰੇਣੂ ਵਿਗ ਅਧਿਕਾਰ ਦਾ ਦਿਲੋਂ ਸਤਿਕਾਰ ਕਰਦੀ ਹੈ।



ਪ੍ਰਸ਼ਾਸਨ ਸਾਰੇ ਵਿਦਿਆਰਥੀਆਂ ਨੂੰ ਯੂਨੀਵਰਸਿਟੀ ਦੇ ਅਕਾਦਮਿਕ ਸਿਧਾਂਤਾਂ ਕਾਇਮ ਰੱਖਣ, ਰਚਨਾਤਮਕ ਤੇ ਸਹੀ ਤਰੀਕਿਆਂ ਨਾਲ ਜੁੜਨ ਦੀ ਅਪੀਲ ਕਰਦਾ ਹੈ।

## *ਵਿਦਿਆਰਥੀਆਂ ਨੂੰ ਸਮਰਥਨ ਜਾਰੀ ਰਹੇਗਾ: ਐਸ.ਕੇ.ਐਮ.*

ਸੰਯੁਕਤ ਕਿਸਾਨ ਮੋਰਚਾ ਦੇ ਆਗੂ ਬਲਵੀਰ ਸਿੰਘ ਰਾਜਵਾਲ, ਹਰਿੰਦਰ ਸਿੰਘ ਲੱਖਵਾਲ, ਰਮਿੰਦਰ ਸਿੰਘ ਪਟਿਆਲਾ, ਜੰਗਵੀਰ ਸਿੰਘ ਚੌਹਾਨ, ਮਨਜੀਤ ਸਿੰਘ ਧਨੇਰ, ਬਲਦੇਵ ਸਿੰਘ ਨਿਹਾਲਗੜ੍ਹ, ਵੀਰ ਸਿੰਘ ਬੜਬਾ ਆਦਿ ਨੇ ਦੱਸਿਆ ਕਿ ਜਦੋਂ ਤੱਕ ਵਿਦਿਆਰਥੀਆਂ ਦੀ ਲੜਾਈ ਜਾਰੀ ਹੈ, ਤਦ ਤੱਕ ਸੰਯੁਕਤ ਕਿਸਾਨ ਮੋਰਚੇ ਦੀਆਂ ਜਥੇਬੰਦੀਆਂ ਉਨ੍ਹਾਂ ਨਾਲ ਸਮਰਥਨ ਬਣਾ ਕੇ ਰੱਖਣਗੀਆਂ।



# ਖਾਲਿਸਤਾਨੀਆਂ ਨੇ ਦਿਲਜੀਤ ਦੋਸਾਂਝ ਦਾ ਔਕਲੈਂਡ ਸ਼ੋਅ ਰੋਕਣ ਦੀ ਧਮਕੀ ਦਿੱਤੀ

**ਚੰਡੀਗੜ੍ਹ:**ਪੰਜਾਬੀ ਗਾਇਕ ਅਤੇ ਸੁਪਰਸਟਾਰ ਦਿਲਜੀਤ ਦੋਸਾਂਝ ਇੱਕ ਵਾਰ ਫਿਰ ਖਾਲਿਸਤਾਨੀ ਸਮਰਥਕਾਂ ਦੇ ਨਿਸ਼ਾਨੇ 'ਤੇ ਹਨ। ਖਾਲਿਸਤਾਨੀ ਅੱਤਵਾਦੀ ਗੁਰਪਤਵੰਤ ਸਿੰਘ ਪੰਨੂ ਦੀਆਂ ਹਾਲੀਆ ਧਮਕੀਆਂ ਤੋਂ ਬਾਅਦ, ਕੁਝ ਲੋਕਾਂ ਨੇ ਆਸਟ੍ਰੇਲੀਆ ਦੇ ਪਰਥ ਵਿੱਚ ''ਖਾਲਿਸਤਾਨ ਜ਼ਿੰਦਾਬਾਦ'' ਦੇ ਨਾਅਰੇ ਲਗਾ ਕੇ ਉਨ੍ਹਾਂ ਦੇ ਲਾਈਵ ਕੰਸਰਟ ਦੇ ਮਾਹੌਲ ਨੂੰ ਵਿਗਾੜਨ ਦੀ ਕੋਸ਼ਿਸ਼ ਕੀਤੀ।

### ਖਾਲਿਸਤਾਨੀ ਸਮਰਥਕਾਂ ਨੇ ਪਰਥ ਕੰਸਰਟ ਵਿਚ ਕੀਤਾ ਹੰਗਾਮਾ

ਸੂਤਰਾਂ ਅਨੁਸਾਰ, ਪਰਥ ਵਿੱਚ ਦਿਲਜੀਤ ਦੋਸਾਂਝ ਦੇ ਸ਼ੋਅ ਦੌਰਾਨ, ਕੁਝ ਖਾਲਿਸਤਾਨੀ ਸਮਰਥਕ ਦਰਸ਼ਕਾਂ ਵਿੱਚ ਦਾਖਲ ਹੋ ਗਏ ਅਤੇ ਸਟੇਜ ਦੇ ਨੇੜੇ ਨਾਅਰੇ ਲਗਾਉਣੇ ਸ਼ੁਰੂ ਕਰ ਦਿੱਤੇ। ਹਾਲਾਂਕਿ, ਮੌਕੇ 'ਤੇ ਮੌਜੂਦ ਸੁਰੱਖਿਆ ਕਰਮਚਾਰੀਆਂ ਨੇ ਜਲਦੀ ਹੀ ਸਥਿਤੀ ਨੂੰ ਕਾਬੂ ਵਿੱਚ ਕਰ ਲਿਆ। ਦਿਲਜੀਤ ਨੇ ਆਪਣਾ ਪ੍ਰਦਰਸ਼ਨ ਜਾਰੀ ਰੱਖਿਆ, ਅਤੇ ਹਜ਼ਾਰਾਂ ਦੀ ਭੀੜ ਨੇ ਉਸਦਾ ਸਵਾਗਤ ਕੀਤਾ ਅਤੇ ਤਾੜੀਆਂ ਮਾਰੀਆਂ। ਇਹ ਘਟਨਾ ਪੰਨੂ ਵੱਲੋਂ ਪਹਿਲਾਂ ਹੀ ਦਿਲਜੀਤ ਨੂੰ ਉਸਦੇ ਵਿਦੇਸ਼ੀ ਕੰਸਰਟ ਵਿੱਚ ਵਿਘਨ ਪਾਉਣ ਦੀਆਂ ਧਮਕੀਆਂ ਦੇਣ ਤੋਂ ਬਾਅਦ ਵਾਪਰੀ।

### ਹੁਣ, ਔਕਲੈਂਡ ਵਿੱਚ ਸ਼ੋਅ ਨੂੰ ਰੋਕਣ ਦੀਆਂ ਧਮਕੀਆਂ

ਰਿਪੋਰਟਾਂ ਅਨੁਸਾਰ, ਖਾਲਿਸਤਾਨੀ ਪੱਖੀ



ਸਮੂਹਾਂ ਨੇ ਹੁਣ ਨਿਊਜ਼ੀਲੈਂਡ ਦੇ ਆਕਲੈਂਡ ਵਿੱਚ ਦਿਲਜੀਤ ਦੋਸਾਂਝ ਦੇ ਅਗਲੇ ਕੰਸਰਟ ਨੂੰ ਨਿਸ਼ਾਨਾ ਬਣਾਉਣ ਦੀ ਧਮਕੀ ਦਿੱਤੀ ਹੈ। ਸੋਸ਼ਲ ਮੀਡੀਆ 'ਤੇ ਪੋਸਟ ਕੀਤੇ ਗਏ ਸੰਦੇਸ਼ਾਂ ਵਿੱਚ, ਪੰਨੂ ਨੇ ਦਾਅਵਾ ਕੀਤਾ ਕਿ ਉਹ ਦਿਲਜੀਤ ਦੇ ਸ਼ੋਅ ਨੂੰ ਹੋਣ ਨਹੀਂ ਦੇਣਗੇ ਅਤੇ ਅਜਿਹਾ ਕਰਨ ਲਈ ਆਪਣੇ ਸਮਰਥਕਾਂ ਨੂੰ ਲਾਮਬੰਦ ਕੀਤਾ ਹੈ।

### ਭਾਰਤੀ ਕਲਾਕਾਰਾਂ 'ਤੇ ਵਧਦਾ ਦਬਾਅ

ਦਿਲਜੀਤ ਦੋਸਾਂਝ ਨੂੰ ਮਿਲ ਰਹੀਆਂ ਲਗਾਤਾਰ ਧਮਕੀਆਂ ਤੋਂ ਪਤਾ ਚੱਲਦਾ ਹੈ ਕਿ ਵਿਦੇਸ਼ਾਂ ਵਿੱਚ ਕੰਮ ਕਰ ਰਹੇ ਖਾਲਿਸਤਾਨੀ ਤੱਤ ਹੁਣ ਭਾਰਤੀ ਕਲਾਕਾਰਾਂ ਨੂੰ ਆਪਣੇ ਰਾਜਨੀਤਿਕ ਏਜੰਡੇ ਵਿੱਚ ਘਸੀਟਣ ਦੀ ਕੋਸ਼ਿਸ਼ ਕਰ ਰਹੇ ਹਨ। ਇਨ੍ਹਾਂ ਤੱਤਾਂ ਦਾ ਉਦੇਸ਼ ਵਿਦੇਸ਼ਾਂ ਵਿੱਚ ਭਾਰਤ ਦੀ ਛਵੀ ਨੂੰ ਖਰਾਬ ਕਰਨਾ ਅਤੇ ਉੱਥੇ ਭਾਰਤੀ ਭਾਈਚਾਰੇ ਦੇ ਅੰਦਰ ਤਣਾਅ ਪੈਦਾ ਕਰਨਾ ਹੈ। ਹਾਲਾਂਕਿ ਦਿਲਜੀਤ ਦੋਸਾਂਝ ਨੇ ਅਜੇ ਤੱਕ ਇਨ੍ਹਾਂ ਧਮਕੀਆਂ 'ਤੇ ਕੋਈ ਅਧਿਕਾਰਤ ਬਿਆਨ ਜਾਰੀ ਨਹੀਂ ਕੀਤਾ ਹੈ, ਪਰ ਉਨ੍ਹਾਂ ਨੇ ਇੱਕ ਹਾਲੀਆ ਇੰਟਰਵਿਊ ਵਿੱਚ ਕਿਹਾ ਸੀ ਕਿ ਸੰਗੀਤ ਅਤੇ ਕਲਾ ਧਰਮ ਜਾਂ ਰਾਜਨੀਤੀ ਦੀਆਂ ਸੀਮਾਵਾਂ ਵਿੱਚ ਨਹੀਂ ਬੱਝੇ ਹੋਏ।

## ਪੰਜਾਬ ਪੁਲਿਸ ਦੇ ਅਧਿਕਾਰ ਖੇਤਰ 'ਚ ਕਿਸੇ ਬਾਹਰੀ ਫੋਰਸ ਨੂੰ ਕਾਨੂੰਨ-ਵਿਵਸਥਾ ਲਾਗੂ ਕਰਨ ਦੀ ਇਜਾਜ਼ਤ ਨਹੀਂ: ਨਾਨਕ ਸਿੰਘ

**ਚੰਡੀਗੜ੍ਹ:**ਪੰਜਾਬ ਪੁਲਿਸ ਨੇ ਮੋਹਾਲੀ ਵਿਖੇ ਅੱਜ ਹਰਿਆਣਾ ਪੁਲਿਸ ਵਲੋਂ ਪ੍ਰਦਰਸ਼ਨਕਾਰੀਆਂ ਨੂੰ ਚੰਡੀਗੜ੍ਹ 'ਚ ਦਾਖ਼ਲ ਹੋਣ ਤੋਂ ਰੋਕਣ ਲਈ ਬੈਰੀਕੇਡ ਲਗਾਉਣ ਸੰਬੰਧੀ ਦੋਸ਼ਾਂ ਨੂੰ ਮੁੱਢ ਨਕਾਰ ਰੋਜ ਨਾਨਕ ਸਿੰਘ ਨੇ ਪੁਸ਼ਟੀ ਕੀਤੀ ਕਿ ਹਰਿਆਣਾ ਪੁਲਿਸ ਵਲੋਂ ਉਕਤ ਸਥਾਨ ਤੇ ਕੋਈ ਨਾਕਾਬੰਦੀ ਜਾਂ ਚੈਕਿੰਗ ਨਹੀਂ ਕੀਤੀ ਗਈ ਸੀ। ਉਨ੍ਹਾਂ ਨੇ ਅਫਵਾਹ ਫੈਲਾਉਣ ਵਾਲਿਆਂ ਨੂੰ ਚਿਤਾਵਨੀ ਦਿੱਤੀ ਕਿ ਉਹ ਲੋਕਾਂ ਦਰਮਿਆਨ ਦਹਿਸ਼ਤ ਪੈਦਾ ਕਰਨ ਲਈ ਇਸ ਤਰ੍ਹਾਂ ਦੀਆਂ ਗਤੀਵਿਧੀਆਂ ਤੋਂ ਗੁਰੇਜ ਕਰਨ। ਨਾਨਕ ਸਿੰਘ ਨੇ ਕਿਹਾ ਕਿ ਪੰਜਾਬ ਪੁਲਿਸ ਆਪਣੇ ਅਧਿਕਾਰ ਖੇਤਰ ਦੀ ਰਾਖੀ ਕਰਨ ਦੇ ਪੂਰੀ ਤਰ੍ਹਾਂ ਸਮਰੱਥ ਹੈ ਤੇ ਕਿਸੇ ਵੀ ਬਾਹਰੀ ਤਾਕਤ ਨੂੰ ਬਿਨਾਂ ਇਜਾਜ਼ਤ ਦੇ ਸੂਬੇ 'ਚ ਕਾਨੂੰਨ ਤੋਂ ਵਿਵਸਥਾ ਲਾਗੂ ਕਰਨ ਦੀ ਇਜਾਜ਼ਤ ਨਹੀਂ ਦਿੱਤੀ ਜਾਵੇਗੀ।



## ਸੁਪਰੀਮ ਕੋਰਟ ਵੱਲੋਂ ਅੰਮ੍ਰਿਤਪਾਲ ਸਿੰਘ ਦੀ ਪਟੀਸ਼ਨ ਉੱਤੇ ਸੁਣਵਾਈ ਤੋਂ ਇਨਕਾਰ

**ਨਵੀਂ ਦਿੱਲੀ:**ਸੁਪਰੀਮ ਕੋਰਟ ਨੇ ਸ੍ਰੀ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅਤੇ ਇਸ ਵੇਲੇ ਅਸਾਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਬੰਦ ਅੰਮ੍ਰਿਤਪਾਲ ਸਿੰਘ ਦੀ ਪਟੀਸ਼ਨ 'ਤੇ ਸੁਣਵਾਈ ਕਰਨ ਤੋਂ ਇਨਕਾਰ ਕਰ ਦਿੱਤਾ। ਸੁਪਰੀਮ ਕੋਰਟ ਨੇ ਪਟੀਸ਼ਨ 'ਤੇ ਸੁਣਵਾਈ ਕਰਨ ਤੋਂ ਇਨਕਾਰ ਕਰ ਦਿੱਤਾ।

ਸੁਪਰੀਮ ਕੋਰਟ ਨੇ ਕਿਹਾ ਕਿ ਉਹ ਹਾਈ ਕੋਰਟ ਨੂੰ ਅੰਮ੍ਰਿਤਪਾਲ ਸਿੰਘ ਦੀ ਲੰਬੀ ਨਜ਼ਰਬੰਦੀ ਨੂੰ ਧਿਆਨ ਵਿੱਚ ਰੱਖਦੇ ਹੋਏ ਉਸਦੀ ਪਟੀਸ਼ਨ 'ਤੇ ਛੇ ਹਫ਼ਤਿਆਂ ਦੇ ਅੰਦਰ ਫੈਸਲਾ ਕਰਨ ਦਾ ਨਿਰਦੇਸ਼ ਦੇਵੇਗੀ। ਹਾਲਾਂਕਿ, ਸੁਪਰੀਮ ਕੋਰਟ ਨੇ ਅਜੇ ਤੱਕ ਕੋਈ



ਹੁਕਮ ਜਾਰੀ ਨਹੀਂ ਕੀਤਾ ਹੈ, ਜਿਸ ਵਿੱਚ ਅਜਿਹਾ ਕਰਨ ਤੋਂ ਪਹਿਲਾਂ ਕੇਂਦਰ ਸਰਕਾਰ ਦੀ ਨੁਮਾਇੰਦਗੀ ਕਰਨ ਵਾਲੇ ਵਕੀਲ ਨੂੰ ਪੇਸ਼ ਹੋਣ ਦੀ ਬੇਨਤੀ ਕੀਤੀ ਗਈ ਹੈ। ਜ਼ਿਕਰਯੋਗ ਹੈ ਕਿ ਅੰਮ੍ਰਿਤਪਾਲ ਸਿੰਘ 23 ਅਪ੍ਰੈਲ 2023 ਤੋਂ ਹਿਰਾਸਤ ਵਿੱਚ ਹੈ। ਗ੍ਰਿਫਤਾਰੀ ਦੇ ਤੁਰੰਤ ਬਾਅਦ ਉਸ 'ਤੇ 'ਓ ਲਗਾ ਦਿੱਤਾ ਗਿਆ ਸੀ ਅਤੇ ਉਸ ਨੂੰ ਅਸਮ ਦੀ ਡਿਬਰੂਗੜ੍ਹ ਜੇਲ੍ਹ ਵਿੱਚ ਭੇਜ ਦਿੱਤਾ ਗਿਆ ਸੀ। ਸਰਕਾਰ ਨੇ ਉਸ ਦੀਆਂ ਗਤੀਵਿਧੀਆਂ ਨੂੰ ਰਾਜ ਦੀ ਸੁਰੱਖਿਆ ਲਈ ਖਤਰਾ ਮੰਨਦੇ ਹੋਏ NSA ਲਗਾਇਆ ਸੀ, ਜੋ ਸਮੇਂ-ਸਮੇਂ 'ਤੇ ਦੋ ਸਾਲ ਤੱਕ ਵਧਾਇਆ ਜਾਂਦਾ ਰਿਹਾ ਹੈ।

# ਗੁਰਧਾਮਾਂ ਦੇ ਰੂਪ 'ਚ ਸਿੱਖ ਪੰਥ ਦੀ ਵਿਰਾਸਤ ਪਾਕਿਸਤਾਨ 'ਚ ਅੱਜ ਵੀ ਮੌਜੂਦ: ਜਥੇਦਾਰ ਗੜਗੱਜ



**ਹਸਨ ਅਬਦਾਲ (ਪਾਕਿਸਤਾਨ):** 'ਸੰਨ 1947 ਦੀ ਦੇਸ਼ ਵੰਡ ਵੇਲੇ ਸਿੱਖ ਪੰਥ ਦਾ ਬਹੁਤ ਵੱਡਾ ਨੁਕਸਾਨ ਹੋਇਆ ਅਤੇ ਜਾਨੀ ਮਾਲੀ ਨੁਕਸਾਨ ਤੋਂ ਇਲਾਵਾ ਗੁਰਦੁਆਰਾ ਜਨਮ ਅਸਥਾਨ ਸ੍ਰੀ ਨਨਕਾਣਾ ਸਾਹਿਬ ਸਮੇਤ ਬਹੁਤ ਸਾਰੇ ਗੁਰਧਾਮਾਂ ਦੇ ਰੂਪ ਵਿਚ ਸਾਡੀ ਵਿਰਾਸਤ ਇੱਥੇ ਰਹਿ ਗਈ।' ਇਸ ਗੱਲ ਦਾ ਪ੍ਰਗਟਾਵਾ ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਅਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਸਿੰਘ ਸਾਹਿਬ ਗਿਆਨੀ ਕੁਲਦੀਪ ਸਿੰਘ ਗੜਗੱਜ ਨੇ ਇੱਥੇ ਹਸਨ ਅਬਦਾਲ ਵਿਖੇ ਸਥਿਤ ਗੁਰਦੁਆਰਾ ਸ੍ਰੀ ਪੰਜਾ ਸਾਹਿਬ ਵਿਖੇ ਵਿਸ਼ੇਸ਼ ਮੁਲਾਕਾਤ ਦੌਰਾਨ ਕੀਤਾ।ਜਥੇਦਾਰ ਗੜਗੱਜ ਨੇ ਕਿਹਾ ਕਿ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਨਾਲ ਹੀ ਨਨਕਾਣਾ ਸਾਹਿਬ ਦੀ ਪਾਵਨ ਧਰਤੀ 'ਤੇ ਸਿੱਖੀ ਦਾ ਜਨਮ ਹੋਇਆ ਸੀ।

ਉਨ੍ਹਾਂ ਕਿਹਾ ਕਿ ਨਨਕਾਣਾ ਸਾਹਿਬ ਸਿੱਖੀ ਦਾ ਮੂਲ ਅਤੇ ਮੁੱਢ ਹੈ। ਇੱਥੇ ਦੁਨੀਆ ਭਰ ਵਿਚ ਵਸਦੇ ਹਰ ਸਿੱਖ ਤੇ ਗੁਰੂ ਨਾਨਕ ਨਾਮ ਲੇਵਾ ਨੂੰ ਦਰਸ਼ਨ ਕਰਨ ਜ਼ਰੂਰ ਆਉਣਾ ਚਾਹੀਦਾ ਹੈ। ਭਾਰਤ ਅਤੇ ਪਾਕਿਸਤਾਨ ਦੋਵਾਂ ਦੇਸ਼ਾਂ ਵਿਚ ਅਮਨ ਤੇ ਸ਼ਾਂਤੀ ਦੀ ਕਾਮਨਾ ਕਰਦਿਆਂ ਜਥੇਦਾਰ ਗੜਗੱਜ ਨੇ ਕਿਹਾ ਕਿ ਪਾਕਿਸਤਾਨ ਗੁਰਦੁਆਰਾ ਕਮੇਟੀ ਦੇ ਪ੍ਰਧਾਨ ਅਤੇ ਲਹਿੰਦੇ ਪੰਜਾਬ ਦੇ ਸਿੱਖ ਮੰਤਰੀ ਰਮੇਸ਼ ਸਿੰਘ ਅਰੋੜਾ ਨੇ ਗੱਲਬਾਤ ਦੌਰਾਨ ਦੱਸਿਆ ਹੈ ਕਿ ਜਲਦੀ ਹੀ ਪਾਕਿਸਤਾਨ ਵਿਚ 17 ਹੋਰ ਸਿੱਖ ਗੁਰਦੁਆਰਾ ਸਾਹਿਬਾਨ ਸੰਗਤਾਂ ਦੇ ਦਰਸ਼ਨਾਂ ਲਈ ਖੋਲ੍ਹੇ ਜਾ ਰਹੇ ਹਨ। ਉਨ੍ਹਾਂ ਕਿਹਾ ਕਿ ਪਾਕਿਸਤਾਨ ਗੁਰਦੁਆਰਾ ਕਮੇਟੀ, ਔਕਾਫ ਬੋਰਡ ਤੇ ਪਾਕਿਸਤਾਨ ਦੀ ਸਰਕਾਰ ਨੇ ਗੁਰਦੁਆਰਿਆਂ ਸਮੇਤ ਸਾਡੀਆਂ ਵਿਰਾਸਤੀ ਇਮਾਰਤਾਂ ਚੰਗੀ ਤਰ੍ਹਾਂ ਤੇ ਜਿਉਂਦੀਆਂ ਤਿਉਂ ਸੰਭਾਲੀਆਂ ਹੋਈਆਂ ਹਨ। ਪਾਕਿਸਤਾਨ ਵਿਚ ਸਿੱਖਾਂ ਅਤੇ ਸਿੱਖੀ ਬਾਰੇ ਪੁੱਛੇ ਸਵਾਲ ਦੇ ਜਵਾਬ ਵਿਚ ਉਨ੍ਹਾਂ ਕਿਹਾ ਕਿ ਇਹ ਬੇਹੱਦ ਖ਼ੁਸ਼ੀ ਦੀ ਗੱਲ ਹੈ ਕਿ ਪਾਕਿਸਤਾਨ ਵਿਚ ਵਸਦੇ ਸਿੱਖਾਂ ਵਿਚੋਂ ਇਕ ਵੀ ਸਿੱਖ ਨੌਜਵਾਨ ਜਾਂ ਬੱਚਾ ਪਤਿਤ ਨਹੀਂ ਹੈ ਤੇ ਪੰਜਾਬ ਅਤੇ ਭਾਰਤ ਸਮੇਤ ਦੇਸ਼-ਵਿਦੇਸ਼ ਵਿਚ ਵਸਦੇ ਸਾਡੇ ਸਿੱਖ ਨੌਜਵਾਨਾਂ ਤੇ ਬੱਚਿਆਂ ਨੂੰ ਇਨ੍ਹਾਂ ਤੋਂ ਸਿੱਖੀ ਤੇ ਧਰਮ ਦੀ ਪ੍ਰੇਰਨਾ ਲੈਣੀ ਚਾਹੀਦੀ ਹੈ।

# ਪਰਿਵਾਰਵਾਦ ਦੀ ਰਾਜਨੀਤੀ ਲੋਕਤੰਤਰ ਲਈ ਵੱਡਾ ਖਤਰਾ: ਸ਼ਸ਼ੀ ਥਰੂਰ



**ਨਵੀਂ ਦਿੱਲੀ:** ਵੱਖ ਵੱਖ ਸੂਤਰਾਂ ਤੋਂ ਪ੍ਰਾਪਤ ਹੋ ਰਹੀਆਂ ਅਨੁਸਾਰ ਅਜਿਹਾ ਲਗਦਾ ਹੈ ਕਿ ਸ਼ਸ਼ੀ ਥਰੂਰ ਨੇ ਸਵੀਕਾਰ ਕਰ ਲਿਆ ਹੈ ਕਿ ਕਾਂਗਰਸ ਵਿਚ ਉਨ੍ਹਾਂ ਦੇ ਦਿਨ ਖਤਮ ਹੋ ਗਏ ਹਨ। ਹੁਣ ਤੱਕ ਤਾਂ ਉਹ ਨੀਤੀਗਤ ਮੁੱਦਿਆਂ 'ਤੇ ਕਾਂਗਰਸ ਲੀਡਰਸ਼ਿਪ 'ਤੇ ਸਵਾਲ ਉਠਾਉਂਦੇ ਸਨ, ਪਰ ਹੁਣ ਉਸ ਨੇ ਵੰਸ਼ਵਾਦ ਦੀ ਰਾਜਨੀਤੀ ਦਾ ਮੁੱਦਾ ਉਠਾ ਕੇ ਕਾਂਗਰਸ ਦੀ ਦੁਖਦੀ ਰਗ 'ਤੇ ਹੱਥ ਧਰ ਦਿੱਤਾ ਹੈ। ਥਰੂਰ ਦਾ ਕਹਿਣਾ ਹੈ ਕਿ ਪਰਿਵਾਰਵਾਦ ਦੀ ਰਾਜਨੀਤੀ ਭਾਰਤੀ ਲੋਕਤੰਤਰ ਲਈ ਇਕ ਵੱਡਾ ਖ਼ਤਰਾ ਹੈ। ਕੇਰਲ ਦੇ ਤਿਰੂਵਨੰਤਪੁਰਮ ਤੋਂ 4 ਵਾਰ ਦੇ ਸੰਸਦ ਮੈਂਬਰ ਸ਼ਸ਼ੀ ਥਰੂਰ ਇੰਨੇ 'ਤੇ ਹੀ ਨਹੀਂ ਰੁਕੇ, ਉਨ੍ਹਾਂ ਕਿਹਾ ਕਿ ਨਹਿਰੂ-ਗਾਂਧੀ ਪਰਿਵਾਰ ਦੇ ਕਾਰਨ ਇਹ ਵਿਚਾਰ ਭਾਰਤੀ ਰਾਜਨੀਤੀ ਵਿਚ ਸਥਾਪਿਤ ਹੋਇਆ ਹੈ ਕਿ ਰਾਜਨੀਤਿਕ ਲੀਡਰਸ਼ਿਪ ਜਨਮ ਸਿੱਧ ਅਧਿਕਾਰ ਹੋ ਸਕਦੀ ਹੈ। ਥਰੂਰ ਨੇ ਦੇਸ਼ ਦੀਆਂ ਸਭ ਖੇਤਰੀ ਪਾਰਟੀਆਂ 'ਚ ਪ੍ਰਚਲਿਤ ਵੰਸ਼ਵਾਦੀ ਰਾਜਨੀਤੀ ਲਈ ਨਹਿਰੂ- ਗਾਂਧੀ ਪਰਿਵਾਰ ਨੂੰ ਜ਼ਿੰਮੇਵਾਰ ਠਹਿਰਾਇਆ ਹੈ। ਥਰੂਰ ਨੇ 31 ਅਕਤੂਬਰ ਨੂੰ 'ਪ੍ਰੋਜੈਕਟ ਸਿੰਡੀਕੇਟ' ਦੁਆਰਾ ਪ੍ਰਕਾਸ਼ਿਤ ਲੇਖ ਵਿਚ ਇਹ ਵੀ ਕਿਹਾ ਹੈ ਕਿ ਇਕ ਪਰਿਵਾਰ ਦਹਾਕਿਆਂ ਤੋਂ ਰਾਜਨੀਤੀ ਦੇ ਸਿਖਰ 'ਤੇ ਬਣਿਆ ਹੋਇਆ ਹੈ। ਹੁਣ ਤੱਕ ਥਰੂਰ ਨੂੰ ਪਿਛਲੇ ਬਿਆਨਾਂ ਲਈ ਮੁਆਫ਼ ਕਰ ਦਿੱਤਾ ਗਿਆ ਸੀ, ਪਰ ਹੁਣ ਸ਼ਾਇਦ ਮੁਆਫੀ ਨਾ ਮਿਲੇ ਕਿਉਂਕਿ ਉਸ ਨੇ ਨਹਿਰੂ-ਗਾਂਧੀ ਪਰਿਵਾਰ ਨੂੰ ਨਿਸ਼ਾਨਾ ਬਣਾਉਣ, ਵੰਸ਼ਵਾਦ ਦੀ ਰਾਜਨੀਤੀ 'ਤੇ ਸਵਾਲ ਉਠਾਉਣ ਅਤੇ ਦੇਸ਼ ਵਿਚ ਵੰਸ਼ਵਾਦੀ ਰਾਜਨੀਤੀ ਦੀਆਂ ਜੜ੍ਹਾਂ ਨੂੰ ਮਜ਼ਬੂਤ ਕਰਨ ਲਈ ਸੋਨੀਆ ਤੇ ਰਾਹੁਲ ਗਾਂਧੀ ਦੇ ਪਰਿਵਾਰ ਨੂੰ ਜ਼ਿੰਮੇਵਾਰ ਦੱਸਿਆ ਹੈ। ਥਰੂਰ ਦੇ ਲਈ ਇਹ ਫ਼ੈਸਲਾਕੁੰਨ ਪਲ ਹੈ ਕਿਉਂਕਿ ਹੁਣ ਜਦੋਂ ਬਿਹਾਰ ਚੋਣਾਂ ਖ਼ਤਮ ਹੋਣ ਵਾਲੀਆਂ ਹਨ, ਤਾਂ ਭਾਜਪਾ ਦਾ 'ਫੋਕਸ' ਕੇਰਲਾ 'ਤੇ ਹੋਵੇਗਾ। ਥਰੂਰ ਇਸ ਵਿਚ ਆਪਣੀ ਭੂਮਿਕਾ ਦੇਖਦੇ ਹਨ, ਜੇਕਰ ਅਜਿਹਾ ਹੁੰਦਾ ਹੈ ਤਾਂ ਵਿਧਾਨ ਸਭਾ ਚੋਣਾਂ ਦੇ ਨਾਲ ਤਿਰੂਵਨੰਤਪੁਰਮ ਲੋਕ ਸਭਾ ਸੀਟ ਲਈ ਉਪ-ਚੋਣ ਵੀ ਹੋ ਸਕਦੀ ਹੈ।

# ਨਿੱਝਰ ਦੇ ਕਤਲ ਵਿਚ ਭਾਰਤ ਦਾ ਹੱਥ ਹੋਣ ਬਾਰੇ ਬਰਤਾਨਵੀ ਖ਼ੁਫ਼ੀਆ ਦਸਤਾਵੇਜ਼ਾਂ 'ਚ ਖ਼ੁਲਾਸਾ



**ਲੰਡਨ:** ਬਰਤਾਨੀਆ ਦੇ ਜਾਸੂਸਾਂ ਦੀ ਰਿਪੋਰਟ ਦੇ ਆਧਾਰ 'ਤੇ ਕੈਨੇਡਾ ਦੇ ਅਧਿਕਾਰੀਆਂ ਨੇ ਖ਼ਾਲਿਸਤਾਨੀ ਆਗੂ ਹਰਦੀਪ ਸਿੰਘ ਨਿੱਝਰ ਦੀ ਹੱਤਿਆ ਪਿੱਛੇ ਭਾਰਤ ਦਾ ਹੱਥ ਹੋਣ ਦੇ ਦੋਸ਼ ਲਾਏ ਸਨ। ਇਸ ਹਫ਼ਤੇ ਜਾਰੀ ਨਵੀਂ ਦਸਤਾਵੇਜ਼ੀ 'ਚ ਇਹ ਦਾਅਵਾ ਕੀਤਾ ਗਿਆ ਹੈ। 'ਬਲੂਮਬਰਗ ਓਰੀਜਨਲਸ ਦੀ ਭਾਰਤ ਦੇ ਪੱਛਮ ਨਾਲ ਵਿਗੜੇ ਸੰਬੰਧਾਂ ਬਾਰੇ ਰਿਪੋਰਟ 'ਚ ਕਿਹਾ ਗਿਆ ਹੈ ਕਿ ਬਰਤਾਨਵੀ ਖ਼ੁਫ਼ੀਆ ਏਜੰਸੀ ਨੇ ਕੁਝ ਗੁਪਤ ਕਾਲਾਂ ਨੂੰ ਸੁਣਿਆ ਸੀ, ਜਿਨ੍ਹਾਂ 'ਚ ਕੁਝ ਵਿਅਕਤੀ ਤਿੰਨ ਵਿਅਕਤੀਆਂ ਨੂੰ ਨਿਸ਼ਾਨਾ ਬਣਾਉਣ ਬਾਰੇ ਚਰਚਾ ਕਰ ਰਹੇ ਸਨ। ਬਰਤਾਨੀਆ ਨੇ ਅਮਰੀਕਾ, ਕੈਨੇਡਾ, ਆਸਟਰੇਲੀਆ ਅਤੇ ਨਿਊਜ਼ੀਲੈਂਡ ਵਿਚਾਲੇ ਖ਼ੁਫ਼ੀਆ ਜਾਣਕਾਰੀ ਸਾਂਝੀ ਕਰਨ ਸਬੰਧੀ ਹੋਏ ਸਮਝੌਤੇ ਤਹਿਤ ਕੈਨੇਡਾ ਦੇ ਅਧਿਕਾਰੀਆਂ ਨੂੰ ਤਿੰਨ ਆਗੂਆਂ ਦੇ ਨਾਮ ਸਾਂਝੇ ਕੀਤੇ ਸਨ, ਜਿਨ੍ਹਾਂ ਨੂੰ ਨਿਸ਼ਾਨਾ ਬਣਾਉਣ ਦੀ ਸੂਹ ਮਿਲੀ ਸੀ। ਵੀਡੀਓ ਦਸਤਾਵੇਜ਼ੀ 'ਚ ਦਾਅਵਾ ਕੀਤਾ ਗਿਆ ਹੈ ਕਿ ਭਾਰਤ ਸਰਕਾਰ ਤਰਫ਼ੋਂ ਕੰਮ ਕਰ ਰਹੇ ਕੁਝ ਬੰਦੇ ਆਪਸ 'ਚ ਗੱਲਬਾਤ ਕਰ ਰਹੇ ਸਨ, ਜਿਨ੍ਹਾਂ ਦੀ ਗੱਲ ਨੂੰ ਸੁਣ ਲਿਆ ਗਿਆ। ਦਸਤਾਵੇਜ਼ੀ ਮੁਤਾਬਕ ਉਹ ਤਿੰਨ ਸੰਭਾਵੀ ਨਿਸ਼ਾਨਿਆਂ ਨਿੱਝਰ, ਅਵਤਾਰ ਸਿੰਘ ਖੰਡਾ ਅਤੇ ਗੁਰਪਤਵੰਤ ਸਿੰਘ ਪੰਨੂ ਬਾਰੇ ਚਰਚਾ ਕਰ ਰਹੇ ਸਨ। ਬਾਅਦ 'ਚ ਇਕ ਹੋਰ ਗੱਲਬਾਤ ਸਾਹਮਣੇ ਆਈ ਕਿ ਕਿਵੇਂ ਨਿੱਝਰ ਨੂੰ ਮਾਰ ਮੁਕਾਇਆ ਗਿਆ ਹੈ। ਬਰਤਾਨਵੀ ਖ਼ਾਲਿਸਤਾਨੀ ਆਗੂ ਖੰਡਾ ਦੀ ਬਰਮਿੰਘਮ ਦੇ ਹਸਪਤਾਲ 'ਚ ਜੂਨ 2023 'ਚ ਮੌਤ ਹੋ ਗਈ ਸੀ। ਉਹ ਬਲੱਡ ਕੈਂਸਰ ਤੋਂ ਪੀੜਤ ਸੀ ਅਤੇ ਕੁਝ ਜਥੇਬੰਦੀਆਂ ਨੇ ਦੋਸ਼ ਲਾਏ ਸਨ ਕਿ ਉਸ ਨੂੰ ਜਾਣੋਂ ਮਾਰਿਆ ਗਿਆ ਹੈ ਪਰ ਬਰਤਾਨਵੀ ਅਧਿਕਾਰੀਆਂ ਨੇ ਇਨ੍ਹਾਂ ਦੋਸ਼ਾਂ ਨੂੰ ਸਿਰੇ ਤੋਂ ਖ਼ਾਰਜ ਕਰ ਦਿੱਤਾ ਸੀ। ਦਸਤਾਵੇਜ਼ੀ ਨਸ਼ਰ ਹੋਣ ਮਗਰੋਂ ਸਿੱਖ ਫੈਡਰੇਸ਼ਨ ਯੂਕੇ ਨੇ ਕਿਹਾ ਕਿ ਉਸ ਨੇ ਸੁਰੱਖਿਆ ਮੰਤਰੀ ਡੈਨ ਜਾਰਵਿਸ ਨੂੰ ਪੱਤਰ ਲਿਖ ਕੇ ਮੰਗ ਕੀਤੀ ਕਿ ਬਰਤਾਨੀਆ ਸਰਕਾਰ ਕੋਲ ਜੁਲਾਈ 2023 ਤੋਂ ਖ਼ੁਫ਼ੀਆ ਜਾਣਕਾਰੀ ਹੋਣ ਦੇ ਬਾਵਜੂਦ ਇਸ ਨੂੰ ਪਹਿਲਾਂ ਕਿਉਂ ਨਹੀਂ ਸਾਂਝਾ ਕੀਤਾ ਗਿਆ। ਦਸਤਾਵੇਜ਼ੀ 'ਚ ਅਮਰੀਕਾ ਅਧਾਰਿਤ ਪੰਨੂ, ਜਿਸ ਨੂੰ ਭਾਰਤ ਵੱਲੋਂ ਅਤਿਵਾਦੀ ਨਾਮਜ਼ਦ ਕੀਤਾ ਗਿਆ ਹੈ, ਦੀ ਇੰਟਰਵਿਊ ਵੀ ਹੈ, ਜਿਸ 'ਚ ਹਥਿਆਰਬੰਦ ਅੰਗ-ਰੱਖਿਅਕਾਂ ਨਾਲ ਘਿਰਿਆ ਹੋਇਆ ਉਹ ਆਖਦਾ ਹੈ ਕਿ ਉਸ ਦੀ ਜਾਨ ਨੂੰ ਖ਼ਤਰਾ ਹੈ। ਨਿੱਝਰ ਦੀ ਹੱਤਿਆ ਮਗਰੋਂ ਭਾਰਤ ਨੇ ਆਪਣੇ 'ਤੇ ਲੱਗੇ ਦੋਸ਼ਾਂ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ ਸੀ। ਇਸ ਤੋਂ ਬਾਅਦ ਭਾਰਤ ਅਤੇ ਕੈਨੇਡਾ ਦੇ ਸਬੰਧ ਵਿਗੜ ਗਏ ਸਨ ਅਤੇ ਦੋਵੇਂ ਮੁਲਕਾਂ ਨੇ ਆਪੋ- ਆਪਣੇ ਸਫ਼ੀਰ ਵੀ ਵਾਪਸ ਸੱਦ ਲਏ ਸਨ।

# ਪੰਜਾਬ ਦੀ ਸੜਕ ਸੁਰੱਖਿਆ ਫੋਰਸ ਲਈ ਖਰੀਦੇ 144 ਵਾਹਨਾਂ ਦੀ ਹੋਵੇਗੀ ਜਾਂਚ

**ਚੰਡੀਗੜ੍ਹ:** ਪੰਜਾਬ ਸਰਕਾਰ ਵਲੋਂ ਸ਼ੁਰੂ ਕੀਤੀ ਗਈ ਸੜਕ ਸੁਰੱਖਿਆ ਫੋਰਸ ਦੀ ਵਰਤੋਂ ਲਈ ਖ਼ਰੀਦੀਆਂ ਗਈਆਂ 144 ਗੱਡੀਆਂ ਦੀ ਖ਼ਰੀਦ ਦੀ ਜਾਂਚ ਹੋਵੇਗੀ। ਪੰਜਾਬ ਦੇ ਰਾਜਪਾਲ ਗੁਲਾਬ ਚੰਦ ਕਟਾਰੀਆ ਦੇ ਦਫ਼ਤਰ ਤੋਂ ਇਸ ਸਬੰਧੀ ਪੰਜਾਬ ਸਰਕਾਰ ਨੂੰ ਭੇਜੇ ਇਕ ਪੱਤਰ ਤੋਂ ਬਾਅਦ ਸਰਕਾਰ ਦੇ ਗ੍ਰਹਿ ਵਿਭਾਗ ਨੇ ਇਸ ਦੀ



ਜਾਂਚ ਪੰਜਾਬ ਦੇ ਡੀ.ਜੀ.ਪੀ ਨੂੰ ਸੌਂਪੀ ਹੈ। ਜਾਂਚ ਦਾ ਹੁਕਮ 31 ਅਕਤੂਬਰ 2025 ਨੂੰ ਜਾਰੀ ਕੀਤਾ ਗਿਆ ਸੀ। ਪੰਦਰਾਂ ਦਿਨਾਂ ਦੇ ਅੰਦਰ ਜਾਂਚ ਪੂਰੀ ਕਰਕੇ ਰਿਪੋਰਟ ਸ਼ਿਕਾਇਤਕਰਤਾ ਨੂੰ ਸੌਂਪਣ ਦੇ ਨਾਲ-ਨਾਲ ਰਾਜਪਾਲ ਦਫ਼ਤਰ ਅਤੇ ਗ੍ਰਹਿ ਵਿਭਾਗ ਨੂੰ ਵੀ ਸੌਂਪੀ ਜਾਣੀ ਹੈ ਪਰ ਇਸ ਸੰਬੰਧੀ ਹੁਕਮਾਂ ਦੀ ਕਾਪੀ ਬਾਹਰ ਨਹੀਂ ਆ ਸਕੀ ਸੀ ਪਰ ਹੁਣ ਜਾਂਚ ਦੀ ਤਰੀਕ ਦੇ ਹਿਸਾਬ ਨਾਲ ਜਾਂਚ ਰਿਪੋਰਟ 15 ਨਵੰਬਰ, 2025 ਤੱਕ ਪੂਰੀ ਕੀਤੀ ਜਾਣੀ ਹੈ। ਇਹ ਪੱਤਰ ਹੁਣ ਸੋਸ਼ਲ ਮੀਡੀਆ 'ਤੇ ਵੀ ਵਾਇਰਲ ਹੋ ਰਿਹਾ ਹੈ। ਦੱਸਣਯੋਗ ਹੈ ਕਿ ਪੰਜਾਬ ਕਾਂਗਰਸ ਦੇ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਤਿੰਨ ਮਹੀਨੇ ਪਹਿਲਾਂ ਇਹ ਮੁੱਦਾ ਉਠਾਇਆ ਸੀ। ਉਨ੍ਹਾਂ ਦੋਸ਼ ਲਾਇਆ ਸੀ ਕਿ ਸਰਕਾਰ ਨੇ ਰੋਡ ਸੇਫਟੀ ਫੋਰਸ ਲਈ ਥੋਕ ਵਿਚ 144 ਟੋਇਟਾ ਹਾਈਲੈਕਸ ਵਾਹਨ ਖਰੀਦਣ ਵੇਲੇ ਟੋਇਟਾ ਕੰਪਨੀ ਦੇ ਡਿਸਕਾਊਂਟ ਦਾ ਫ਼ਾਇਦਾ ਨਹੀਂ ਉਠਾਇਆ। ਕਿਉਂਕਿ ਵਿਅਕਤੀਗਤ ਗਾਹਕਾਂ ਨੂੰ ਉਸੇ ਟੋਇਟਾ ਹਾਈਲੈਕਸ ਵਾਹਨ 'ਤੇ 10 ਲੱਖ ਰੁਪਏ ਦੀ ਛੋਟ ਦਿੱਤੀ ਜਾਂਦੀ ਹੈ। ਜੇਕਰ 'ਆਪ' ਸਰਕਾਰ ਨੇ ਵਿਅਕਤੀਗਤ ਗਾਹਕਾਂ ਨੂੰ ਦਿੱਤੀ ਜਾਣ ਵਾਲੀ 10 ਲੱਖ ਰੁਪਏ ਦੀ ਛੋਟ ਦਾ ਫ਼ਾਇਦਾ ਉਠਾਇਆ ਹੁੰਦਾ ਤਾਂ ਸਰਕਾਰ ਨੂੰ 144 ਟੋਇਟਾ ਹਾਈਲੈਕਸ ਵਾਹਨਾਂ ਦੀ ਖ਼ਰੀਦ 'ਤੇ ਲਗਭਗ 14.50 ਕਰੋੜ ਰੁਪਏ ਦੀ ਬੱਚਤ ਹੁੰਦੀ? ਉਨ੍ਹਾਂ ਅਜਿਹਾ ਨਾ ਕਰਨ 'ਤੇ ਸਵਾਲ ਖੜੇ ਕਰਦੇ ਹੋਏ ਇਸਦੀ ਸ਼ਿਕਾਇਤ ਰਾਜਪਾਲ ਪੰਜਾਬ ਅਤੇ ਡੀ.ਜੀ.ਪੀ ਨੂੰ ਵੀ ਭੇਜੀ ਸੀ। ਕਾਂਗਰਸ ਵਿਧਾਇਕ ਸੁਖਪਾਲ ਸਿੰਘ ਖਹਿਰਾ ਨੇ ਕਿਹਾ ਕਿ ਆਸ ਕਰਦੇ ਹਨ ਕਿ ਇਸ ਮਾਮਲੇ ਦੀ ਨਿਰਪੱਖ ਜਾਂਚ ਹੋਵੇਗੀ ਅਤੇ ਸੱਚ ਪੰਜਾਬ ਦੇ ਸਾਹਮਣੇ ਆਵੇਗਾ।

# ਤਰਨ ਤਾਰਨ ਚੋਣਾਂ ਤੋਂ ਤਿੰਨ ਦਿਨ ਪਹਿਲਾਂ ਐੱਸ.ਐੱਸ.ਪੀ. ਮੁਅੱਤਲ

## ਸੁਰਿੰਦਰ ਲਾਂਬਾ ਨੂੰ ਲਾਇਆ ਨਵਾਂ ਐੱਸ.ਐੱਸ.ਪੀ.

**ਚੰਡੀਗੜ੍ਹ/ਤਰਨ ਤਾਰਨ:** ਚੋਣ ਕਮਿਸ਼ਨ ਨੇ ਤਰਨ ਤਾਰਨ ਦੀ ਐੱਸ ਐੱਸ ਪੀ ਰਵਜੋਤ ਕੌਰ ਗਰੇਵਾਲ ਦੀਆਂ ਸੇਵਾਵਾਂ ਤੁਰੰਤ ਮੁਅੱਤਲ ਕਰਨ ਤੋਂ ਬਾਅਦ ਦੇਰ ਸ਼ਾਮ ਆਈ ਪੀ ਐੱਸ ਅਧਿਕਾਰੀ ਸੁਰਿੰਦਰ ਲਾਂਬਾ ਨੂੰ ਐੱਸ ਐੱਸ ਪੀ ਨਿਯੁਕਤ ਕਰ ਦਿੱਤਾ ਹੈ। ਇਸ ਤੋਂ ਪਹਿਲਾਂ ਪੁਲੀਸ ਕਮਿਸ਼ਨਰੇਟ (ਪੀ ਸੀ) ਅੰਮ੍ਰਿਤਸਰ ਗੁਰਪ੍ਰੀਤ ਸਿੰਘ ਭੁੱਲਰ ਨੂੰ ਤਰਨ ਤਾਰਨ ਦਾ ਵਾਧੂ ਚਾਰਜ ਦਿੱਤਾ ਗਿਆ ਸੀ।ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਬੀਤੇ ਦਿਨ ਪੁਲੀਸ ਅਧਿਕਾਰੀ ਰਵਜੋਤ ਗਰੇਵਾਲ ਖ਼ਿਲਾਫ਼ ਪਾਰਟੀ ਵਰਕਰਾਂ ਨਾਲ ਵਧੀਕੀਆਂ ਕਰਨ ਦੇ ਗੰਭੀਰ ਦੋਸ਼ ਲਾਏ ਸਨ। ਤਰਨ ਤਾਰਨ ਦੇ ਡਿਪਟੀ ਕਮਿਸ਼ਨਰ ਰਾਹੁਲ ਨੇ ਚੋਣ ਕਮਿਸ਼ਨ ਵੱਲੋਂ ਐੱਸ ਐੱਸ ਪੀ ਰਵਜੋਤ ਗਰੇਵਾਲ ਦੀਆਂ ਸੇਵਾਵਾਂ ਮੁਅੱਤਲ ਕਰਨ ਦੇ ਹੁਕਮਾਂ ਦੀ ਪੁਸ਼ਟੀ ਕੀਤੀ ਹੈ। ਚੋਣ ਕਮਿਸ਼ਨ ਵੱਲੋਂ ਐੱਸਐੱਸਪੀ ਨੂੰ ਮੁਅੱਤਲ ਕਰਨ ਦਾ ਕੋਈ ਖਾਸ ਕਾਰਨ ਨਹੀਂ ਦੱਸਿਆ ਗਿਆ ਹੈ। ਇਸੇ ਦੌਰਾਨ ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਬਾਦਲ ਨੇ ਤਰਨ ਤਾਰਨ ਦੀ ਐੱਸ ਐੱਸ ਪੀ ਨੂੰ ਮੁਅੱਤਲ ਕੀਤੇ ਜਾਣ ਦਾ ਸਵਾਗਤ ਕੀਤਾ ਹੈ।ਸ਼੍ਰੋਮਣੀ ਅਕਾਲੀ ਦਲ ਦੇ ਪ੍ਰਧਾਨ ਸੁਖਬੀਰ ਸਿੰਘ ਬਾਦਲ ਨੇ ਤਰਨ ਤਾਰਨ ਦੀ ਐੱਸ ਐੱਸ ਪੀ ਡਾ. ਰਵਜੋਤ ਕੌਰ ਗਰੇਵਾਲ ਤੇ ਦੋ ਡੀ ਐੱਸ ਪੀਜ਼ ਖ਼ਿਲਾਫ਼ ਪੰਜਾਬ ਦੇ ਮੁੱਖ ਚੋਣ ਅਧਿਕਾਰੀ ਨੂੰ ਸ਼ਿਕਾਇਤ ਕੀਤੀ ਸੀ। ਆਪਣੀ ਸ਼ਿਕਾਇਤ ਵਿੱਚ ਉਨ੍ਹਾਂ ਕਿਹਾ ਸੀ ਕਿ ਤਰਨ ਤਾਰਨ ਜ਼ਿਮਨੀ ਚੋਣ ਦੌਰਾਨ ਅਕਾਲੀ ਦਲ ਦੇ ਵਰਕਰਾਂ ਨੂੰ ਪ੍ਰਚਾਰ ਤੋਂ ਰੋਕਣ ਲਈ ਝੂਠੇ ਪੁਲੀਸ ਕੇਸ ਦਰਜ ਕੀਤੇ ਜਾ ਰਹੇ ਹਨ। ਦਲ ਵੱਲੋਂ ਲੰਘੇ ਦਿਨ ਤਰਨ ਤਾਰਨ ਵਿੱਚ ਪੁਲੀਸ ਪ੍ਰਸ਼ਾਸਨ ਵਿਰੁੱਧ ਪ੍ਰਦਰਸ਼ਨ ਵੀ ਕੀਤੇ ਸਨ।





ਬਾਦਲ ਨੇ ਦੋਸ਼ ਲਾਇਆ ਸੀ ਕਿ ਐੱਸ ਐੱਸ ਪੀ ਦੇ ਇਸ਼ਾਰੇ 'ਤੇ ਅਕਾਲੀ ਆਗੂਆਂ ਨੂੰ ਗੈਰ-ਕਾਨੂੰਨੀ ਢੰਗ ਨਾਲ ਹਿਰਾਸਤ ਵਿੱਚ ਲਿਆ ਗਿਆ ਹੈ। ਐੱਸ ਐੱਸ ਪੀ ਦੇ ਨਾਲ ਨਾਲ ਐੱਸ ਪੀ (ਡਿਟੈਕਟਿਵ) ਰਿਪੁਰਦਮਨ ਸਿੰਘ ਅਤੇ ਸੀ ਆਈ ਏ ਸਟਾਫ਼ ਇੰਚਾਰਜ ਪ੍ਰਭਜੀਤ ਸਿੰਘ ਆਪਣੇ ਅਹੁਦੇ ਦੀ ਕਥਿਤ ਦੁਰਵਰਤੋਂ ਕਰ ਰਹੇ ਹਨ ਤਾਂ ਜੋ ਉਹ ਅਕਾਲੀ ਦਲ ਦੇ ਵਰਕਰਾਂ 'ਤੇ ਗੈਰ-ਕਾਨੂੰਨੀ ਛਾਪੇ ਮਾਰ ਸਕਣ। ਉਨ੍ਹਾਂ ਇਨ੍ਹਾਂ ਅਧਿਕਾਰੀਆਂ ਖ਼ਿਲਾਫ਼ ਨਿਰਪੱਖ ਜਾਂਚ -ਦੀ ਮੰਗ ਕੀਤੀ ਸੀ। ਅਕਾਲੀ ਦਲ ਨੇ ਦੋਸ਼ ਲਾਇਆ ਕਿ ਪਾਰਟੀ ਦੇ ਕੌਂਸਲਰ ਸ਼ਾਮ ਸਿੰਘ, ਸਰਪੰਚ ਵਰਿੰਦਰ ਸਿੰਘ ਅਤੇ ਸਾਬਕਾ ਸਰਪੰਚ ਬਲਵਿੰਦਰ ਸਿੰਘ ਨੂੰ ਗੈਰ-ਕਾਨੂੰਨੀ ਢੰਗ ਨਾਲ ਹਿਰਾਸਤ ਵਿੱਚ ਰੱਖਿਆ ਗਿਆ ਤੇ 'ਆਪ' ਉਮੀਦਵਾਰ ਹਰਮੀਤ ਸਿੰਘ ਸੰਧੂ ਦੀ ਹਮਾਇਤ ਨਾ ਕਰਨ 'ਤੇ ਝੂਠੀ ਐੱਫ ਆਈ ਆਰ ਦਰਜ ਕਰਨ ਦੀਆਂ ਕਥਿਤ ਧਮਕੀਆਂ ਦਿੱਤੀਆਂ ਗਈਆਂ।

**Punjab Times**
**Established in 2000**
**25th Year in Publication**

Published every Saturday
by **A B Publication Inc.**
20451 N Plum Grove Rd.
Palatine, IL 60074-2018
**Ph:847-359-0746**
**Fax:847-705-9388**
Email:punjabtimes1@gmail.com
www.punjabtimesusa.com
**Founder Editor:**
Amolak Singh Jammu
**Managing Editor**
Jaspreet Kaur
**Editor**
Lakhvinder S. Johal
**Astt. Editor**
Amrit Pal Kaur

**Photographer**
Kamaljit Singh Virdi
Ph. 847-502-2703
**Our Columnists**
Gurbakhsh Singh Bhandal
Buta Singh
Tarlochan Singh Dupalpur
**Corrspondents**
**California**
Ashok Bhaura
**New York**
Iqbal S. Jabowalia
917-375-6395

Postmaster: Please send address changes to Punjab Times, 20451 N. Plum Grove Rd., Palatine, IL 60074

**Distributed in:**
California, Illinois, Indiana, Ohio, Michigan, Wisconsin, Mississippi, Iowa, Arkansas, Massachusetts, Texas, Virginia, Nevada, Washington, Oregon, Arizona, Georgia, Florida, New York, New Jersey, Connecticut, Oklahoma, Pennsylvania, Missouri, Kentucky, Kansas.

**ਡਾਕ ਰਾਹੀਂ ਪਰਚਾ ਮੰਗਵਾਉਣ ਲਈ ਸਾਲਾਨਾ ਚੰਦਾ: 130 ਡਾਲਰ**

**ਨੋਟ:** ਪੰਜਾਬ ਟਾਈਮਜ਼ ਵਿਚ ਛਪੇ ਲੇਖਾਂ ਵਿਚਲੇ ਵਿਚਾਰਾਂ ਨਾਲ ਅਦਾਰਾ ਪੰਜਾਬ ਟਾਈਮਜ਼ ਦਾ ਸਹਿਮਤ ਹੋਣਾ ਜਰੂਰੀ ਨਹੀਂ ਹੈ। ਇਹ ਪਾਠਕਾਂ ਦੀ ਮਹਿਜ ਜਾਣਕਾਰੀ ਹਿੱਤ ਛਾਪੇ ਜਾਂਦੇ ਹਨ। ਉਨ੍ਹਾਂ ਦੇ ਸਹੀ ਜਾਂ ਗਲਤ ਹੋਣ ਬਾਰੇ ਫੈਸਲਾ ਪਾਠਕਾਂ ਦੇ ਹੱਥ ਵਿਚ ਹੈ।

ਪੰਜਾਬ ਟਾਈਮਜ਼ ਵਿਚ ਛਪੇ ਇਸ਼ਤਿਹਾਰ ਵਿਚ ਕੀਤੇ ਗਏ ਦਾਅਵੇ ਦੀ ਜ਼ਰੂਰੀ ਨਹੀਂ ਕਿ ਅਦਾਰਾ ਪੰਜਾਬ ਟਾਈਮਜ਼ ਤਾਈਦ ਕਰਦਾ ਹੋਵੇ। ਪਾਠਕ ਕਿਸੇ ਵੀ ਇਸ਼ਤਿਹਾਰ ਦੇ ਦਾਅਵੇ ਦੀ ਪੁਸ਼ਟੀ ਆਪ ਕਰ ਲੈਣ।

**Disclaimer**

The views expressed in the articles published in the columns of Punjab Times are that of their writers, and it is not implied that Punjab Times endorses them.

Sameway Punjab Times does not necessarily endorses the claim made in the advertisement published in Punjab Times.

**All disputes subject to Chicago jurisdiction.**

# ਟਰੰਪ ਨਾਲ ਜੁੜੇ ਵਿਵਾਦ 'ਚ ਬੀ.ਬੀ.ਸੀ. ਦੇ ਦੋ ਅਧਿਕਾਰੀਆਂ ਵੱਲੋਂ ਅਸਤੀਫ਼ਾ


**ਲੰਡਨ:** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨਾਲ ਜੁੜੇ ਡਾਕਿਊਮੈਂਟਰੀ ਦੇ ਗ਼ਲਤ ਤਰੀਕੇ ਨਾਲ ਸੰਪਾਦਨ ਦੇ ਦੋਸ਼ਾਂ ਤੋਂ ਬਾਅਦ ਖ਼ਬਰਾਂ ਦੀ ਦੁਨੀਆ ਦੀ ਦਿੱਗਜ ਸੰਸਥਾ ਬੀਬੀਸੀ (ਬ੍ਰਿਟਿਸ਼ ਬ੍ਰਾਡਕਾਸਟਿੰਗ ਕਾਰਪੋਰੇਸ਼ਨ) ਦੇ ਦੋ ਅਹਿਮ ਅਹੁਦੇਦਾਰਾਂ ਨੇ ਅਹੁਦੇ ਛੱਡ ਦਿੱਤੇ ਹਨ।

ਤਾਜ਼ਾ ਵਿਵਾਦ 'ਚ ਬੀਬੀਸੀ ਦੇ ਡਾਇਰੈਕਟਰ ਜਨਰਲ ਟਿਮ ਡੇਵੀ ਤੇ ਖ਼ਬਰ ਮੁਖੀ ਡੇਬੋਰਾ ਟਰਨੈਸ ਨੇ ਅਸਤੀਫ਼ਾ ਦੇ ਦਿੱਤਾ ਹੈ। ਮਾਮਲੇ 'ਚ ਬੀਬੀਸੀ ਚੇਅਰਮੈਨ ਸਮੀਰ ਸ਼ਾਹ ਨੇ ਵੀ ਜਨਤਕ ਤੌਰ 'ਤੇ ਅਫਸੋਸ ਜ਼ਾਹਿਰ ਕਰਨ ਦੇ ਸੰਕੇਤ ਦਿੱਤੇ ਹਨ। ਸਰਕਾਰ ਦਾ ਆਰਥਿਕ ਮਦਦ ਨਾਲ ਚੱਲਣ ਵਾਲੀ ਬੀਬੀਸੀ ਪਿਛਲੇ ਕਈ ਮਹੀਨਿਆਂ ਤੋਂ ਵਿਸ਼ਲੇਸ਼ਕਾਂ



ਦੇ ਨਿਸ਼ਾਨੇ 'ਤੇ ਹੈ। ਖ਼ਬਰਾਂ ਦੀ ਗੁਣਵੱਤਾ ਪਰਖਣ ਵਾਲੇ ਇਕ ਸਾਬਕਾ ਸਟੈਂਡਰਡ ਐਡਵਾਈਜ਼ਰ ਦੀ ਅੰਦਰੂਨੀ ਸਮੀਖਿਆ ਰਿਪੋਰਟ ਦੱਸਦੀ ਹੈ। ਕਿ ਇਜ਼ਰਾਈਲ-ਹਮਾਸ ਜੰਗ ਦੌਰਾਨ ਬੀਬੀਸੀ ਦੀਆਂ ਖ਼ਬਰਾਂ ਪੱਖਪਾਤੀ ਰਹੀਆਂ। ਇਸੇ ਤਰ੍ਹਾਂ ਦੇ ਦੋਸ਼ ਟ੍ਰਾਂਸਜੈਂਡਰ ਮਸਲੇ 'ਤੇ ਬੀਬੀਸੀ ਦੀ ਰਿਪੋਰਟਿੰਗ 'ਤੇ ਲੱਗੇ। ਤਾਜ਼ਾ ਮਾਮਲਾ ਟਰੰਪ ਦੀ ਖ਼ਬਰ ਨਾਲ ਜੁੜਿਆ ਹੋਇਆ ਹੈ। ਟਰੰਪ ਨਾਲ ਜੁੜੇ ਪ੍ਰੋਗਰਾਮ 'ਚ ਉਨ੍ਹਾਂ ਨੂੰ ਜਨਵਰੀ 2021 'ਚ ਕੈਪੀਟਲ ਹਿੱਲ 'ਤੇ ਹਮਲੇ ਲਈ ਲੋਕਾਂ ਨੂੰ ਉਕਸਾਉਂਦੇ ਹੋਏ ਦਿਖਾਇਆ ਗਿਆ ਹੈ। ਇਸ ਦੌਰਾਨ ਟਰੰਪ ਆਪਣੇ ਨਾਲ ਲੋਕਾਂ ਨੂੰ ਚੱਲਣ ਤੇ ਲੜਨ ਲਈ ਕਹਿੰਦੇ ਹੋਏ ਦੇਖਿਆ। ਗਿਆ ਹੈ। ਟਰਨੈਸ ਨੇ ਕਿਹਾ ਕਿ ਇਸ ਵਿਵਾਦ ਨਾਲ ਬੀ.ਬੀ.ਸੀ ਨੂੰ ਨੁਕਸਾਨ ਹੋਇਆ ਹੈ। ਕਿਉਂਕਿ ਵਿਵਾਦ 'ਚ ਉਨ੍ਹਾਂ ਦਾ ਨਾਂ ਆ ਰਿਹਾ ਹੈ, ਇਸ ਲਈ ਉਨ੍ਹਾਂ ਅਸਤੀਫ਼ਾ ਦੇ ਦਿੱਤਾ। ਉਨ੍ਹਾਂ ਕਿਹਾ ਕਿ ਬੀਬੀਸੀ ਦੇ ਪੱਤਰਕਾਰ ਬੇਹੱਦ ਮਿਹਨਤੀ ਹਨ ਤੇ ਉਹ ਕਿਸੇ ਵੀ ਤਰ੍ਹਾਂ ਦੇ ਪੱਖਪਾਤ ਤੋਂ ਦੂਰ ਹਨ।

## ਸਲਮਾਨ ਰਸ਼ਦੀ ਨੂੰ ਮਿਲਿਆ 'ਡੇਟਨ ਲਾਈਫਟਾਈਮ ਅਚੀਵਮੈਂਟ ਐਵਾਰਡ'



**ਡੈਟਨ:** ਮਸ਼ਹੂਰ ਲੇਖਕ ਸਲਮਾਨ ਰਸ਼ਦੀ ਨੂੰ ਐਤਵਾਰ ਨੂੰ ਓਹਾਇਓ 'ਚ ਕਰਵਾਏ ਗਏ ਲਿਟਰੇਰੀ ਪੀਸ ਪ੍ਰਾਈਜ਼ ਪ੍ਰੋਗਰਾਮ 'ਚ ਲਾਈਫਟਾਈਮ ਅਚੀਵਮੈਂਟ ਐਵਾਰਡ ਨਾਲ ਸਨਮਾਨਿਤ ਕੀਤਾ ਗਿਆ। ਰੁਸ਼ਦੀ ਨੂੰ ਇਹ ਇਨਾਮ ਅਜਿਹੇ ਸਮੇਂ 'ਚ ਦਿੱਤਾ ਗਿਆ ਹੈ, ਜਦੋਂ ਤਿੰਨ ਸਾਲ ਪਹਿਲਾਂ ਹੋਏ ਹਮਲੇ ਤੋਂ ਬਾਅਦ ਉਨ੍ਹਾਂ ਦੀ ਪਹਿਲੀ ਕਾਲਪਨਿਕ ਕਹਾਣੀ ਪ੍ਰਕਾਸ਼ਿਤ ਹੋਈ ਹੈ। ਇਹ ਇਨਾਮ ਉਨ੍ਹਾਂ ਲੇਖਕਾਂ ਨੂੰ ਦਿੱਤਾ ਜਾਂਦਾ ਹੈ, ਜੋ ਸਾਹਿਤਕ ਉੱਤਮਤਾ ਦੇ ਨਾਲ ਨਾਲ ਆਪਣੇ ਲੇਖਣ ਰਾਹੀਂ ਸ਼ਾਂਤੀ ਨੂੰ ਹੱਲਾਸ਼ੇਰੀ ਦਿੰਦੇ ਹਨ।

## ਐੱਨ.ਐੱਫ.ਐੱਲ. ਮੈਚ ਦੇਖਣ ਪੁੱਜੇ ਟਰੰਪ-ਦਰਸ਼ਕਾਂ ਨੇ ਪਾਇਆ ਰੌਲਾ

**ਵਾਸ਼ਿੰਗਟਨ:** ਅਮਰੀਕੀ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਐਤਵਾਰ ਨੂੰ ਉਸ ਸਮੇਂ ਦਰਸ਼ਕਾਂ ਵੱਲੋਂ ਕੀਤੀ ਗਈ ਹੂਟਿੰਗ (ਰੌਲੇ) ਦਾ ਸਾਹਮਣਾ ਕਰਨਾ ਪਿਆ, ਜਦੋਂ ਉਹ ਐੱਨ.ਐੱਫ.ਐੱਲ. ਰੈਗੂਲਰ- ਸੀਜ਼ਨ ਦਾ ਮੈਚ ਦੇਖਣ ਪਹੁੰਚੇ ਸਨ। ਐਤਵਾਰ ਨੂੰ ਡੈਟ੍ਰਾਈਟ ਲਾਇੰਸ ਦੇ ਖ਼ਿਲਾਫ਼ ਵਾਸ਼ਿੰਗਟਨ ਕਮਾਂਡਰਜ਼ ਦਾ ਮੁਕਾਬਲਾ ਸੀ। 1978 ਤੋਂ ਬਾਅਦ ਇਹ ਪਹਿਲਾ ਮੌਕਾ ਸੀ, ਜਦੋਂ ਕੋਈ ਮੌਜੂਦਾ ਰਾਸ਼ਟਰਪਤੀ ਕਿਸੇ ਰੈਗੂਲਰ ਐੱਨਐੱਫਐੱਲ ਮੈਚ ਦੇਖਣ ਪਹੁੰਚਿਆ ਹੋਵੇ। ਇਸ ਤੋਂ ਪਹਿਲਾਂ 1969 'ਚ ਕੇਵਲਰਿਚਰਡ ਨਿਕਸਨ ਤੇ 1978 'ਚ ਜਿਮੀ ਕਾਰਟਰ ਮੈਚ ਦੇਖਣ ਪਹੁੰਚੇ ਸਨ। ਪਹਿਲੇ ਹਾਫ ਦੇ ਅੰਤ 'ਚ ਟਰੰਪ. ਨੂੰ ਵੀਡੀਓਬੋਰਡ 'ਤੇ ਦਿਖਾਇਆ ਗਿਆ। ਉਨ੍ਹਾਂ ਨੂੰ ਦੇਖ ਕੇ ਦਰਸ਼ਕਾਂ ਨੇ ਹੂਟਿੰਗ ਸ਼ੁਰੂ ਕਰ ਦਿੱਤੀ। ਉਹ ਹਾਊਸ ਸਪੀਕਰ ਮਾਈਕ ਜਾਨਸਨ ਨਾਲ ਇਕ ਸੁਇਟ 'ਚ ਖੜ੍ਹੇ ਸਨ। ਖੇਡ ਬ੍ਰੇਕ ਦੌਰਾਨ ਮੈਦਾਨ 'ਤੇ ਕਰਵਾਏ ਇਕ ਸਮਾਰੋਹ ਦੌਰਾਨ ਵੀ ਇਹ ਜਾਰੀ ਰਹੀ।



## ਮਹੂਆ ਮੋਇਤ੍ਰਾ ਦੇ ਵਿਆਹ ਸਮਾਗਮ 'ਤੇ ਵਿਵਾਦ

**ਕੋਲਕਾਤਾ:** ਬੰਗਾਲ ਦੇ ਨਦੀਆ ਜ਼ਿਲ੍ਹੇ ਦੇ ਕਰੀਮਪੁਰ 'ਚ ਕਰਵਾਇਆ ਗਿਆ ਤ੍ਰਿਣਮੂਲ ਕਾਂਗਰਸ ਦੀ ਸੰਸਦ ਮਹੂਆ ਮੋਇਤ੍ਰਾ ਅਤੇ ਬੀਜੂ ਜਨਤਾ ਦਲ (ਬੀਜਦ) ਦੇ ਆਗੂ ਪਿਨਾਕੀ ਮਿਸ਼ਰ ਦੇ ਵਿਆਹ ਦੇ ਸਵਾਗਤ ਸਮਾਰੋਹ 'ਤੇ ਵਿਵਾਦ ਖੜ੍ਹਾ ਹੋ ਗਿਆ ਹੈ। ਭਾਜਪਾ ਦੀ ਯੁਵਾ ਸ਼ਾਖਾ ਭਾਰਤੀ ਜਨਤਾ ਯੁਵਾ ਮੋਰਚਾ (ਭਾਜਯੁਮੋ) ਦੇ ਆਗੂ ਕ੍ਰਿਸ਼ਨੁ ਸਿੰਘਾ ਨੇ ਇਲਜ਼ਾਮ ਲਗਾਇਆ ਹੈ ਕਿ ਸਮਾਰੋਹ 'ਤੇ ਕਰੋੜਾਂ ਰੁਪਏ ਖਰਚ ਹੋਏ ਅਤੇ ਇਸ ਲਈ ਸਰਕਾਰੀ ਸਰੋਤਾਂ ਦੀ ਦੁਰਵਰਤੋਂ ਕੀਤੀ ਗਈ। ਸਮਾਰੋਹ ਦੇ ਕਾਰਨ ਬੱਸ ਸੇਵਾਵਾਂ ਪ੍ਰਭਾਵਿਤ ਹੋਈਆਂ, ਜਿਸ ਨਾਲ ਸਥਾਨਕ ਲੋਕਾਂ ਨੂੰ ਪਰੇਸ਼ਾਨੀਆਂ ਦਾ ਸਾਹਮਣਾ ਕਰਨਾ ਪਿਆ। ਜਾਣਕਾਰੀ ਦੇ ਤੌਰ 'ਤੇ ਮਹੂਆ ਅਤੇ ਪਿਨਾਕੀ ਨੇ ਕੁਝ ਮਹੀਨੇ ਪਹਿਲਾਂ ਜਰਮਨੀ 'ਚ ਵਿਆਹ ਕੀਤਾ ਸੀ।



## ਅਮਰੀਕੀ ਸੈਨੇਟ ਨੇ...

(ਪਹਿਲੇ ਸਫ਼ੇ ਦਾ ਬਾਕੀ)

ਲਗਪਗ ਛੇ ਹਫ਼ਤਿਆਂ ਤੋਂ ਮੰਗ ਕਰ ਰਹੇ ਹਨ। ਨਿਊਯਾਰਕ ਦੇ ਡੈਮੋਕੇਟ ਨੇਤਾ ਚਕ ਸ਼ੂਮਰ ਨੇ ਆਪਣੇ ਅੱਠ ਡੈਮੋਕ੍ਰੇਟਿਕ ਸਹਿਯੋਗੀਆਂ ਨੂੰ ਛੱਡ ਕੇ ਬਾਕੀ ਸਾਰਿਆਂ ਨਾਲ ਪੈਕੇਜ ਨੂੰ ਅੱਗੇ ਵਧਾਉਣ ਦੇ ਖ਼ਿਲਾਫ਼ ਵੋਟਿੰਗ ਕੀਤੀ।

## ਸ਼ਟਡਾਊਨ ਦੇ 40 ਦਿਨ, ਦੋ ਹਜ਼ਾਰ ਤੋਂ ਵੱਧ ਉਡਾਣਾਂ ਰੱਦ

ਫਲਾਈਟ ਟ੍ਰੈਕਿੰਗ ਵੈੱਬਸਾਈਟ ਫਲਾਈਟਅਵੇਅਰ ਅਨੁਸਾਰ, ਸ਼ਟਡਾਊਨ ਦੇ 40ਵੇਂ ਦਿਨ ਦੇਸ਼ ਭਰ 'ਚ ਦੋ ਹਜ਼ਾਰ ਤੋਂ ਵੱਧ ਉਡਾਣਾਂ ਰੱਦ ਕਰ ਦਿੱਤੀਆਂ ਗਈਆਂ ਤੇ ਅੱਠ ਹਜ਼ਾਰ ਤੋਂ ਵੱਧ ਉਡਾਣਾਂ ਦੇਰੀ ਨਾਲ ਉਡੀਆਂ। ਇਕ ਅਕਤੂਬਰ ਨੂੰ ਬੰਦ ਸ਼ੁਰੂ ਹੋਣ ਤੋਂ ਬਾਅਦ ਤੋਂ ਛੁੱਟੀ ਲੈਣ ਵਾਲੇ ਏਅਰ ਟ੍ਰੈਫਿਕ ਕੰਟਰੋਲਰਾਂ ਦੀ ਗਿਣਤੀ 'ਚ ਵਾਧਾ ਹੋਇਆ ਹੈ, ਜਿਸ ਕਾਰਨ ਕਈ ਹੋਰਨਾਂ ਨੂੰ ਓਵਰਟਾਈਮ ਕੰਮ ਕਰਨਾ ਪੈ ਰਿਹਾ ਹੈ। ਆਵਾਜਾਈ ਮੰਤਰੀ ਸੀਨ ਡਫੀ ਨੇ ਕਿਹਾ ਕਿ ਹਾਲਾਤ ਹੋਰ ਬਦਤਰ ਹੋਣ ਵਾਲੇ ਹਨ। ਮੈਂ ਹਾਲਾਤ 'ਤੇ ਨਜ਼ਰ ਰੱਖ ਰਿਹਾ ਹਾਂ।

## ਲਾਲ ਕਿਲ੍ਹਾ ਮੈਟਰੋ...

(ਪਹਿਲੇ ਸਫ਼ੇ ਦਾ ਬਾਕੀ)

ਗਏ। ਕੁਝ ਲੋਕ ਜ਼ਖਮੀ ਵੀ ਹੋਏ ਹਨ। ਧਮਾਕੇ ਦੀ ਸੂਚਨਾ ਮਿਲਣ ਦੇ 10 ਮਿੰਟਾਂ ਦੇ ਅੰਦਰ-ਅੰਦਰ ਕ੍ਰਾਈਮ ਬ੍ਰਾਂਚ ਸਪੈਸ਼ਲ ਸੈੱਲ ਦੀਆਂ ਟੀਮਾਂ ਮੌਕੇ 'ਤੇ ਪਹੁੰਚ ਗਈਆਂ। ਐਨਐਸਜੀ ਅਤੇ ਐਫਐਸਐਲ ਟੀਮਾਂ ਨੇ ਜਾਂਚ ਸ਼ੁਰੂ ਕਰ ਦਿੱਤੀ ਹੈ। ਆਸ ਪਾਸ ਦੇ ਸਾਰੇ ਸੀਸੀਟੀਵੀ ਕੈਮਰਿਆਂ ਅਤੇ ਹੋਰ ਉਪਕਰਣਾਂ ਦੀ ਜਾਂਚ ਕਰਨ ਦੇ ਆਦੇਸ਼ ਦਿੱਤੇ ਗਏ ਹਨ। ਮੈਂ ਦਿੱਲੀ ਸੀਪੀ ਅਤੇ ਸਪੈਸ਼ਲ ਬ੍ਰਾਂਚ ਦੇ ਇੰਚਾਰਜ ਨਾਲ ਗੱਲ ਕੀਤੀ ਹੈ।

## ਮੋਦੀ ਨੇ ਜਤਾਇਆ ਦਿੱਲੀ ਕਾਰ ਧਮਾਕੇ 'ਤੇ ਦੁੱਖ

ਦਿੱਲੀ ਦੇ ਲਾਲ ਕਿਲ੍ਹਾ ਮੈਟਰੋ ਸਟੇਸ਼ਨ ਨੇੜੇ ਹੋਏ ਧਮਾਕੇ ਨੂੰ ਲੈ ਕੇ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਦੀ ਪ੍ਰਤੀਕਿਰਿਆ ਸਾਹਮਣੇ ਆਈ ਹੈ। ਪ੍ਰਧਾਨ ਮੰਤਰੀ ਮੋਦੀ ਨੇ ਯ 'ਤੇ ਪੋਸਟ ਕੀਤਾ ਅਤੇ ਧਮਾਕੇ ਵਿੱਚ ਜਾਨਾਂ ਗੁਆਉਣ ਵਾਲਿਆਂ ਦੇ ਪਰਿਵਾਰਾਂ ਪ੍ਰਤੀ ਸੰਵੇਦਨਾ ਪ੍ਰਗਟ ਕੀਤੀ ਅਤੇ ਜ਼ਖਮੀਆਂ ਦੇ ਜਲਦੀ ਠੀਕ ਹੋਣ ਦੀ ਕਾਮਨਾ ਕੀਤੀ। ਉਨ੍ਹਾਂ ਨੇ ਕਿਹਾ, ''ਅਧਿਕਾਰੀ ਇਸ ਧਮਾਕੇ ਤੋਂ ਪ੍ਰਭਾਵਿਤ ਲੋਕਾਂ ਦੀ ਮਦਦ ਕਰ ਰਹੇ ਹਨ। ਗ੍ਰਹਿ ਮੰਤਰੀ ਅਮਿਤ ਸ਼ਾਹ ਨੇ ਹੋਰ ਅਧਿਕਾਰੀਆਂ ਨਾਲ ਸਥਿਤੀ ਦੀ ਸਮੀਖਿਆ ਕੀਤੀ। ਦਿੱਲੀ ਪੁਲਿਸ ਦੀ ਸ਼ੁਰੂਆਤੀ ਜਾਂਚ ਤੋਂ ਪਤਾ ਚੱਲਦਾ ਹੈ ਕਿ ਧਮਾਕਾ ਇੱਕ ਖੜ੍ਹੀ ਕਾਰ ਵਿੱਚ ਹੋਇਆ ਸੀ। ਪੁਲਿਸ ਨੇ ਪੂਰੇ ਇਲਾਕੇ ਨੂੰ ਘੇਰ ਲਿਆ ਹੈ, ਅਤੇ ਆਮ ਵਾਹਨਾਂ ਦੀ ਆਵਾਜਾਈ ਨੂੰ ਸੀਮਤ ਕਰ ਦਿੱਤਾ ਗਿਆ ਹੈ।ਇਸ ਘਟਨਾ ਤੋਂ ਬਾਅਦ ਦਿੱਲੀ,ਪੰਜਾਬ, ਮੁੰਬਈ ਅਤੇ ਉੱਤਰ ਪ੍ਰਦੇਸ਼ ਵਿੱਚ ਹਾਈ ਅਲਰਟ ਜਾਰੀ ਕਰ ਦਿੱਤਾ ਗਿਆ ਹੈ।

## ਕੇਜਰੀਵਾਲ-ਸਿਸੋਦੀਆ ਨੇ ਸੰਮਨ ਨੂੰ ਦਿੱਤੀ ਚੁਣੌਤੀ

**ਦਿੱਲੀ:** ਦਿੱਲੀ ਵਿਧਾਨ ਸਭਾ ਅੰਦਰ ਫਾਂਸੀ ਘਰ ਦੇ ਨਵੀਕਰਨ ਲਈ ਸਰਕਾਰੀ ਧਨ ਦੀ ਦੁਰਵਰਤੋਂ ਦਾ ਇਲਜ਼ਾਮ ਲਗਾਉਂਦੇ ਹੋਏ, ਦਿੱਲੀ ਵਿਧਾਨ ਸਭਾ ਦੀ ਵਿਸ਼ੇਸ਼ ਅਧਿਕਾਰ ਕਮੇਟੀ ਦੁਆਰਾ ਜਾਰੀ ਕੀਤੇ ਸੰਮਨ ਨੂੰ ਦਿੱਲੀ ਦੇ ਸਾਬਕਾ ਮੁੱਖ ਮੰਤਰੀ ਅਰਵਿੰਦ ਕੇਜਰੀਵਾਲ ਅਤੇ ਸਾਬਕਾ ਉਪ ਮੁੱਖ ਮੰਤਰੀ ਮਨੀਸ਼ ਸਿਸੋਦੀਆ ਨੇ ਦਿੱਲੀ ਹਾਈ ਕੋਰਟ 'ਚ ਚੁਣੌਤੀ ਦਿੱਤੀ ਹੈ। ਇਸ ਮਾਮਲੇ ਦੀ ਸੁਣਵਾਈ ਮੰਗਲਵਾਰ ਨੂੰ ਜੱਜ ਸਚਿਨ ਦੱਤਾ ਦੀ ਬੈਂਚ ਕਰੇਗੀ।




ਪਟੀਸ਼ਨ 'ਚ ਕੇਜਰੀਵਾਲ ਤੇ ਸਿਸੋਦੀਆ ਨੇ ਦਲੀਲ ਦਿੱਤੀ ਹੈ ਕਿ ਵਿਸ਼ੇਸ਼ ਅਧਿਕਾਰ ਕਮੇਟੀ ਦੀ ਕਾਰਵਾਈ ਕਿਸੇ ਸ਼ਿਕਾਇਤ, ਰਿਪੋਰਟ ਜਾਂ ਵਿਸ਼ੇਸ਼ ਅਧਿਕਾਰ ਦੇ ਉਲੰਘਣ ਜਾਂ ਮਾਣਹਾਨੀ ਦੇ ਪ੍ਰਸਤਾਵ 'ਤੇ ਆਧਾਰਿਤ ਨਹੀਂ ਹੈ। ਉਨ੍ਹਾਂ ਨੇ ਦਲੀਲ ਕੀਤੀ ਹੈ ਕਿ ਵਿਧਾਨ ਸਭਾ ਦੇ ਨਿਯਮਾਂ ਦੇ ਨਿਯਮ 66, 68, 70, 82 ਤਹਿਤ ਵਿਸ਼ੇਸ਼ ਅਧਿਕਾਰ ਕਮੇਟੀ ਲਈ ਲਾਗੂ ਕਿਸੇ ਵੀ ਪ੍ਰਕਿਰਿਆ ਦਾ ਪਾਲਣ ਨਹੀਂ ਕੀਤਾ ਗਿਆ ਹੈ।

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ

(ਡਾ.) ਨਵਦੀਪ ਕੌਰ
ਬਲਵਿੰਦਰ (ਨਿੱਕੀ) ਕੌਰ ਸੇਖੋਂ
ਜਸਬੀਰ ਕੌਰ ਢਿੱਲੋਂ
ਡਾ. ਇਨਕਲਾਬੀ ਥਾਂਦੀ
ਦਰਸ਼ਨ ਸਿੰਘ ਗਰੇਵਾਲ
ਹਰਦਿਆਲ ਸਿੰਘ ਦਿਓਲ
ਡਾ. ਗੁਰਦਿਆਲ ਸਿੰਘ ਬਸਰਾਨ
ਹਰਜੀਤ ਸਿੰਘ ਸਾਹੀ
ਸਰਵਣ ਸਿੰਘ ਟਿਵਾਣਾ
ਜੈਦੇਵ ਸਿੰਘ ਭੱਠਲ
ਪਰਮਿੰਦਰ ਸਿੰਘ ਵਾਲੀਆ
ਡਾ. ਹਰਗੁਰਮੁਖਪਾਲ ਸਿੰਘ
ਡਾ. ਤੇਜਿੰਦਰ ਸਿੰਘ ਮੰਡੇਰ
ਜਗਦੀਸ਼ਰ ਸਿੰਘ ਕਲੇਰ
ਰਘਬੀਰ ਸਿੰਘ ਘੁੰਨ
ਦਰਸ਼ਨ ਸਿੰਘ ਦਰੜ
ਡਾ. ਗੁਰਚਰਨ ਸਿੰਘ ਗਰੇਵਾਲ
ਗੁਰਦੇਵ ਸਿੰਘ ਜੌੜਾ
ਮਨਦੀਪ ਸਿੰਘ ਭੂਰਾ
ਗੁਲਜ਼ਾਰ ਸਿੰਘ ਮੁਲਤਾਨੀ
ਅਵਤਾਰ ਸਿੰਘ ਸਪਰਿੰਗਫੀਲਡ
ਗੁਰਵੀਰ ਸਿੰਘ ਗਿੱਲ
ਜਸਕਰਨ ਸਿੰਘ ਧਾਲੀਵਾਲ
ਅਮਰੀਕ ਸਿੰਘ (ਅਮਰ ਕਾਰਪੇਟ)
ਅੰਮ੍ਰਿਤਪਾਲ ਸਿੰਘ ਸੰਘਾ
ਭੁਪਿੰਦਰ ਸਿੰਘ ਧਾਲੀਵਾਲ
ਹਰਵਿੰਦਰਪਾਲ ਸਿੰਘ ਲੈਲ
ਜਗਜੀਤ ਸਿੰਘ ਢੀਂਡਸਾ
ਸੁਖਮੇਲ ਸਿੰਘ ਅਟਵਾਲ
ਮੁਖਤਿਆਰ ਸਿੰਘ (ਹੈਪੀ ਹੀਰ)
ਆਗਿਆਪਾਲ ਸਿੰਘ ਬਾਠ
ਪਰਮਵੀਰ ਸਿੰਘ ਬੈਂਸ
ਮਨਮਿੰਦਰ ਸਿੰਘ ਹੀਰ
ਅਮੋਲਕ ਸਿੰਘ ਗਾਖਲ
ਜਸਵਿੰਦਰ ਸਿੰਘ (ਜੱਸੀ) ਗਿੱਲ

# ਮਾਲਵੇ ਦੇ ਜ਼ਮੀਨ ਹੇਠਲੇ ਪਾਣੀ 'ਚ ਯੂਰੇਨੀਅਮ ਤੇ ਭਾਰੀ ਧਾਤਾਂ

**ਫਰੀਦਕੋਟ:** ਮਾਲਵਾ ਖੇਤਰ ਵਿੱਚ ਜ਼ਮੀਨ ਹੇਠਲੇ ਪਾਣੀ ਵਿੱਚ ਯੂਰੇਨੀਅਮ ਅਤੇ ਭਾਰੀ ਧਾਤਾਂ ਦਾ ਪਤਾ ਲੱਗਣ ਤੋਂ ਬਾਅਦ ਫਰੀਦਕੋਟ ਸ਼ਹਿਰ ਦੇ ਕੁਝ ਹੈਂਡ ਪੰਪਾਂ ਤੋਂ ਲਏ ਗਏ ਨਮੂਨਿਆਂ ਦੀਆਂ ਰਿਪੋਰਟਾਂ ਵਿੱਚ ਪਾਣੀ ਵਿੱਚ ਯੂਰੇਨੀਅਮ ਅਤੇ ਭਾਰੀ ਧਾਤਾਂ ਦਾ ਵੀ ਖੁਲਾਸਾ ਹੋਇਆ ਹੈ। ਇਸ ਤੋਂ ਬਾਅਦ ਜਲ ਸਪਲਾਈ ਵਿਭਾਗ ਨੇ ਸ਼ਹਿਰ ਦੇ ਦੋ ਹੈਂਡ ਪੰਪਾਂ ਨੂੰ ਲਾਲ ਰੰਗ ਕਰ ਦਿੱਤਾ ਹੈ ਅਤੇ ਪਾਣੀ ਨੂੰ ਪੀਣਯੋਗ ਨਾ ਹੋਣ ਦਾ ਨੋਟਿਸ ਲਗਾਇਆ ਹੈ। ਇਸ ਨਾਲ ਇਹ ਧਾਰਨਾ ਬਣ ਗਈ ਹੈ।

ਕਿ ਸ਼ਹਿਰ ਦੇ ਵੱਖ-ਵੱਖ ਖੇਤਰਾਂ ਵਿੱਚ ਪਾਣੀ ਪੀਣ ਯੋਗ ਨਹੀਂ ਹੈ। ਯੂਰੇਨੀਅਮ ਅਤੇ ਭਾਰੀ ਧਾਤਾਂ ਵਾਲਾ ਪਾਣੀ ਲੋਕਾਂ ਦੀ ਸਿਹਤ 'ਤੇ ਮਾੜਾ ਪ੍ਰਭਾਵ ਪਾ ਰਿਹਾ ਹੈ ਅਤੇ ਗੰਭੀਰ ਬਿਮਾਰੀਆਂ ਦਾ ਕਾਰਨ ਵੀ ਬਣ ਸਕਦਾ ਹੈ। ਜ਼ਿਕਰਯੋਗ ਹੈ ਕਿ ਫਰੀਦਕੋਟ ਸ਼ਹਿਰ ਦੀ ਆਬਾਦੀ ਲਗਪਗ ਡੇਢ ਲੱਖ ਹੈ। ਇਸ ਆਬਾਦੀ ਦੇ ਅੱਧੇ ਤੋਂ ਵੱਧ ਹਿੱਸਾ ਭੂਮੀਗਤ ਸਰੋਤਾਂ ਤੋਂ ਪਾਣੀ ਪੀਂਦਾ ਹੈ, ਜਿਸ ਵਿੱਚ ਸਰਹਿੰਦ ਫੀਡਰ ਦੇ ਨੇੜੇ ਸਥਿਤ ਹੈਂਡ ਪੰਪ ਵੀ ਸ਼ਾਮਲ ਹਨ, ਜੋ ਸ਼ਹਿਰ ਵਿੱਚੋਂ ਲੰਘਦਾ ਹੈ। ਸ਼ਹਿਰ ਦੇ ਵੱਖ-ਵੱਖ ਖੇਤਰਾਂ ਵਿੱਚ ਜਲ ਸਪਲਾਈ ਵਿਭਾਗ ਤੋਂ ਪੀਣ ਵਾਲੇ ਪਾਣੀ ਦੀ ਪਹੁੰਚ ਨਹੀਂ ਹੈ, ਜਾਂ ਲੋਕ ਲੰਬੇ ਸਮੇਂ ਤੋਂ ਹੈਂਡ ਪੰਪਾਂ ਤੋਂ ਹੀ ਪਾਣੀ ਪੀ ਰਹੇ ਹਨ। 2009 ਵਿੱਚ ਸ਼ਹਿਰ ਦੇ ਭੂਮੀਗਤ ਪਾਣੀ ਵਿੱਚ ਯੂਰੇਨੀਅਮ ਪਾਇਆ ਗਿਆ ਸੀ, ਜਿਸ ਨੂੰ ਕੈਂਸਰ ਦਾ ਵੱਡਾ ਕਾਰਨ ਵੀ ਦੱਸਿਆ ਗਿਆ ਸੀ। ਹਾਲਾਂਕਿ ਉਦੋਂ ਤੋਂ ਨਾ ਤਾਂ ਸ਼ਹਿਰ ਵਿੱਚ ਭੂਮੀਗਤ ਪਾਣੀ



ਪੀਣਾ ਬੰਦ ਹੋਇਆ ਹੈ ਅਤੇ ਨਾ ਹੀ ਸਰਕਾਰ ਨੇ ਕੋਈ ਢੁੱਕਵੀਂ ਕਾਰਵਾਈ ਕੀਤੀ ਹੈ। ਅੱਜ ਵੀ ਲੋਕ ਯੂਰੇਨੀਅਮ ਅਤੇ ਹੈਪੀ ਧਾਤਾਂ ਵਾਲਾ ਪਾਣੀ ਪੀਣ ਲਈ ਮਜਬੂਰ ਹਨ, ਜਿਸ ਨਾਲ ਗੰਭੀਰ ਬਿਮਾਰੀਆਂ ਹੋ ਰਹੀਆਂ ਹਨ।

ਵਾਤਾਵਰਣ ਅਤੇ ਪਾਣੀ ਦੇ ਮੁੱਦਿਆਂ 'ਤੇ ਕੰਮ ਕਰਨ ਵਾਲੀ ਸੰਸਥਾ ਜਲ ਜੀਵਨ ਬਚਾਓ ਮੋਰਚਾ ਵੱਲੋਂ ਇਹ ਮੁੱਦਾ ਉਠਾਏ ਜਾਣ ਤੋਂ ਬਾਅਦ ਜਲ ਸਪਲਾਈ ਵਿਭਾਗ ਨੇ 2 ਜੂਨ, 2025 ਨੂੰ ਸੱਤ ਹੈਂਡ ਪੰਪਾਂ ਤੋਂ ਇਕੱਠੇ ਕੀਤੇ ਪਾਣੀ ਦੇ ਨਮੂਨਿਆਂ ਦੀ ਜਾਂਚ ਕਰਨ ਲਈ ਮੋਹਾਲੀ ਦੀ ਖੇਤਰੀ ਉੱਨਤ ਜਲ ਜਾਂਚ ਪ੍ਰਯੋਗਸ਼ਾਲਾ ਨੂੰ ਨਿਯੁਕਤ ਕੀਤਾ। ਇਨ੍ਹਾਂ ਸੱਤ ਨਮੂਨਿਆਂ ਵਿੱਚੋਂ ਸਿਰਫ਼ ਦੋ ਹੀ ਸਕਾਰਾਤਮਕ ਪਾਏ ਗਏ। ਬਾਕੀ ਪੰਜਾਂ ਵਿੱਚ ਕੁਝ ਖੇਤਰਾਂ ਵਿੱਚ ਯੂਰੇਨੀਅਮ, ਕੁਝ ਵਿੱਚ ਭਾਰੀ ਧਾਤਾਂ ਪਾਈਆਂ ਗਈਆਂ। ਜਲ ਜੀਵਨ ਬਚਾਓ ਮੋਰਚਾ ਦੇ ਕਨਵੀਨਰ ਸ਼ੰਕਰ ਸ਼ਰਮਾ ਨੇ ਕਿਹਾ ਕਿ ਉਹ ਲੰਬੇ ਸਮੇਂ ਤੋਂ ਇਸ ਮੁੱਦੇ ਨੂੰ ਉਠਾ ਰਹੇ ਹਨ ਪਰ ਸਰਕਾਰ ਅਤੇ ਪ੍ਰਸ਼ਾਸਨ ਦੀ ਲਾਪਰਵਾਹੀ ਕਾਰਨ ਲੋਕ ਇਸ ਪਾਣੀ ਨੂੰ ਪੀਣ ਨਾਲ ਗੰਭੀਰ ਬਿਮਾਰੀਆਂ ਦਾ ਸ਼ਿਕਾਰ ਹੋ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਪਾਣੀ ਕੈਂਸਰ ਸਮੇਤ ਬਿਮਾਰੀਆਂ ਦਾ ਵੱਡਾ ਕਾਰਨ ਹੈ। ਉਨ੍ਹਾਂ ਕਿਹਾ ਕਿ ਪਹਿਲਾਂ ਵੀ ਹੈਂਡ ਪੰਪਾਂ ਨੂੰ ਇਸ ਤਰੀਕੇ ਨਾਲ ਪੇਂਟ ਕੀਤਾ ਗਿਆ ਸੀ ਅਤੇ ਹੁਣ ਵੀ ਇਹੀ ਕੀਤਾ ਗਿਆ ਹੈ। ਸਰਕਾਰ ਨੂੰ ਪੂਰੀ ਆਬਾਦੀ ਲਈ ਨਵਾਂ ਵਾਟਰ ਵਰਕਸ ਅਤੇ { ਟ੍ਰੀਟਮੈਂਟ ਪਲਾਂਟ ਸਥਾਪਤ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਮੁੱਖ ਮੰਤਰੀ, ਕੇਂਦਰੀ ਅਤੇ ਰਾਜ ਜਲ ਸਪਲਾਈ ਵਿਭਾਗਾਂ ਨੂੰ ਰਿਪੋਰਟ ਭੇਜੀ ਹੈ ਤੇ ਇਹ ਮੰਗ ਉਠਾਈ ਹੈ ਪਰ ਸਰਕਾਰ ਇਸ ਮੁੱਦੇ ਪ੍ਰਤੀ ਗੰਭੀਰ ਨਹੀਂ ਹੈ।

# 47.70 ਕਿਲੋ ਗਾਂਜੇ ਸਣੇ ਦੋ ਯਾਤਰੀ ਗ੍ਰਿਫ਼ਤਾਰ



**ਅੰਮ੍ਰਿਤਸਰ:** ਸ੍ਰੀ ਗੁਰੂ ਰਾਮਦਾਸ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਡੀ.ਆਰ.ਆਈ. ਅੰਮ੍ਰਿਤਸਰ ਖੇਤਰੀ ਇਕਾਈ ਨੇ ਸਿੰਗਾਪੁਰ ਤੋਂ ਆਏ ਦੋ ਭਾਰਤੀ ਯਾਤਰੀਆਂ ਤੋਂ 47.70 ਕਿਲੋਗ੍ਰਾਮ ਗਾਂਜਾ ਬਰਾਮਦ ਕੀਤਾ ਹੈ।ਇਹ ਹਵਾਈ ਅੱਡੇ 'ਤੇ ਹੁਣ ਤੱਕ ਦੀ ਸਭ ਤੋਂ ਵੱਡੀ ਬਰਾਮਦਗੀ ਹੈ। ਬੈਂਕਾਕ ਨੂੰ ਤਸਕਰੀ ਕਰਨ ਤੇ ਫਿਰ ਇਸ ਨੂੰ ਸਿੰਗਾਪੁਰ ਰਾਹੀਂ ਭੇਜਣ ਦਾ ਇਹ ਤਰੀਕਾ ਸਪੱਸ਼ਟ ਤੌਰ 'ਤੇ ਤਸਕਰਾਂ ਦੁਆਰਾ ਖੁਫ਼ੀਆ ਏਜੰਸੀਆਂ ਦੇ ਨੈੱਟਵਰਕ ਨੂੰ ਗੁੰਮਰਾਹ ਕਰਨ ਲਈ ਤਿਆਰ ਕੀਤਾ ਗਿਆ ਸੀ ।

# ਧਰਮਿੰਦਰ ਦੀ ਹਾਲਤ ਨਾਜ਼ੁਕ, ਪ੍ਰਸ਼ੰਸਕ ਚਿੰਤਤ



**ਮੁੰਬਈ:** ਹਿੰਦੀ ਸਿਨੇਮਾ ਦੇ ਮਸ਼ਹੂਰ ਪੰਜਾਬੀ ਅਦਾਕਾਰ ਧਰਮਿੰਦਰ ਦੀ ਸਿਹਤ ਠੀਕ ਨਹੀਂ ਹੈ।ਉਨ੍ਹਾਂ ਨੂੰ ਮੁੰਬਈ ਦੇ ਬ੍ਰੀਚ ਕੈਂਡੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਹੈ।ਅਦਾਕਾਰ ਧਰਮਿੰਦਰ ਦੀ ਸਿਹਤ ਬਾਰੇ ਮੁੰਬਈ ਦੇ ਬ੍ਰੀਚ ਕੈਂਡੀ ਹਸਪਤਾਲ ਤੋਂ ਉਨ੍ਹਾਂ ਦੇ ਬੇਟੇ ਸੰਨੀ ਦਿਓਲ ਦੀ ਟੀਮ ਨੇ ਜਾਣਕਾਰੀ ਸਾਂਝੀ ਕੀਤੀ ਹੈ ਉਨ੍ਹਾਂ ਨੇ ਦੱਸੀ ਹੈ ਕਿ ਅਦਾਕਾਰ ਧਰਮਿੰਦਰ ਦੀ ਹਾਲਤ ਸਥਿਰ ਹੈ ਅਤੇ ਉਹ ਨਿਗਰਾਨੀ ਹੇਠ ਹਨ ਹੋਰ ਅਪਡੇਟਸ ਉਪਲਬਧ ਹੋਣ 'ਤੇ ਸਾਂਝੇ ਕੀਤੇ ਜਾਣਗੇ। ਸਾਰਿਆਂ ਨੂੰ ਬੇਨਤੀ ਹੈ ਕਿ ਉਹ ਉਨ੍ਹਾਂ ਦੀ ਜਲਦੀ ਸਿਹਤਯਾਬੀ ਲਈ ਪ੍ਰਾਰਥਨਾ ਕਰਨ।

ਉਨ੍ਹਾਂ ਨੂੰ ਸਾਹ ਲੈਣ ਵਿੱਚ ਮੁਸ਼ਕਲ ਆ ਰਹੀ ਹੈ ਅਤੇ ਉਨ੍ਹਾਂ ਨੂੰ ਵੈਂਟੀਲੇਟਰ 'ਤੇ ਰੱਖਿਆ ਗਿਆ ਹੈ। ਲੱਖਾਂ ਪ੍ਰਸ਼ੰਸਕਾਂ ਦੇ ਪਿਆਰੇ ਧਰਮਿੰਦਰ ਦੀ ਵਿਗੜਦੀ ਸਿਹਤ ਬਾਰੇ ਸੁਣ ਕੇ ਹਰ ਪ੍ਰਸ਼ੰਸਕ ਦਾ ਦਿਲ ਟੁੱਟ ਗਿਆ ਹੈ। ਸੋਸ਼ਲ ਮੀਡੀਆ 'ਤੇ ਉਨ੍ਹਾਂ ਦੇ ਜਲਦੀ ਠੀਕ ਹੋਣ ਦੀਆਂ ਸ਼ੁਭਕਾਮਨਾਵਾਂ ਦਾ ਮੀਂਹ ਵਰ੍ਹ ਰਿਹਾ ਹੈ। ਕੁਝ ਉਨ੍ਹਾਂ ਦੀਆਂ ਫੋਟੋਆਂ ਸਾਂਝੀਆਂ ਕਰ ਰਹੇ ਹਨ, ਤਾਂ ਕੁਝ ਉਨ੍ਹਾਂ ਬਾਰੇ ਕਹਾਣੀਆਂ ਸਾਂਝੀਆਂ ਕਰ ਰਹੇ ਹਨ।

# ਕੇਸ ਖ਼ਾਰਜ ਕਰਾਉਣ ਲਈ ਕੋਰਟ ਪੁੱਜੇ ਸ਼ਿਲਪਾ ਤੇ ਰਾਜ




**ਮੁੰਬਈ:** ਅਦਾਕਾਰਾ ਸ਼ਿਲਪਾ ਸ਼ੈੱਟੀ ਤੇ ਉਸ ਦੇ ਪਤੀ ਰਾਜ ਕੁੰਦਰਾ ਨੇ ਮੁੰਬਈ ਪੁਲਿਸ ਦੀ ਕ੍ਰਾਈਮ ਬ੍ਰਾਂਚ ਵੱਲੋਂ ਉਨ੍ਹਾਂ ਖ਼ਿਲਾਫ਼ ਦਰਜ 60 ਕਰੋੜ ਰੁਪਏ ਦਾ ਧੋਖਾਧੜੀ ਦਾ ਮਾਮਲਾ ਰੱਦ ਕਰਨ ਲਈ ਬਾਂਬੇ ਹਾਈ ਕੋਰਟ ਦਾ ਸਹਾਰਾ ਲਿਆ ਹੈ। ਉਨ੍ਹਾਂ ਨੇ ਐੱਫਆਈਆਰ ਰੱਦ ਕਰਨ ਦੇ ਨਾਲ ਹੀ ਅਦਾਲਤ ਨੂੰ ਇਹ ਵੀ ਅਪੀਲ ਕੀਤੀ ਹੈ ਕਿ ਪੁਲਿਸ ਨੂੰ ਮਾਮਲੇ 'ਚ ਚਾਰਜਸ਼ੀਟ ਦਾਖ਼ਲ ਕਰਨ ਤੋਂ ਰੋਕਿਆ ਜਾਏ ਤੇ ਉਨ੍ਹਾਂ ਦੀਆਂ ਪਟੀਸ਼ਨਾਂ 'ਤੇ ਸੁਣਵਾਈ ਹੋਣ ਤੱਕ ਉਨ੍ਹਾਂ ਖ਼ਿਲਾਫ਼ ਕਾਰਵਾਈ ਨਾ ਕੀਤੀ ਜਾਏ।

# ਬੈਕਟੀਰੀਆ ਨੂੰ 'ਹੈਕ' ਕਰ ਕੇ ਹੋਵੇਗਾ ਕੈਂਸਰ ਦਾ ਇਲਾਜ

**ਐਡੀਲੇਡ, ਦਿ ਕਨਵਰਸੇਸ਼ਨ:** ਕਿਹਾ ਜਾਂਦਾ ਹੈ ਕਿ ਲੋਹਾ, ਲੋਹੇ ਨੂੰ ਕੱਟਦਾ ਹੈ। ਕੈਂਸਰ ਜਿਹੀ ਜਾਨਲੇਵਾ ਬਿਮਾਰੀ ਨੂੰ ਠੀਕ ਕਰਨ ਲਈ ਵਿਗਿਆਨੀ ਲੰਮੇ ਸਮੇਂ ਤੋਂ ਖ਼ਾਸ ਤਰੀਕੇ 'ਤੇ ਕੰਮ ਕਰ ਰਹੇ ਹਨ। ਕਈ ਖੋਜਾਂ ਵਿਚ ਸਾਹਮਣੇ ਆਇਆ ਹੈ ਕਿ ਬੈਕਟੀਰੀਆ ਕੈਂਸਰ ਦੇ ਇਲਾਜ ਵਿਚ ਕਾਫ਼ੀ ਕਾਰਗਰ ਸਾਬਤ ਹੋ ਸਕਦੇ ਹਨ। ਵਿਗਿਆਨੀ ਅਜਿਹੇ ਬੈਕਟੀਰੀਆ ਤਿਆਰ ਕਰਨ ਦੇ ਯਤਨ ਵਿਚ ਹਨ, ਜੋ ਕਿ ਕੈਂਸਰ ਸੈੱਲ ਵਿਚ ਦਵਾਈ ਲੈ ਕੇ ਜਾ ਸਕਣ, ਜਿਸ ਨਾਲ ਉਨ੍ਹਾਂ ਨੂੰ ਕਮਜ਼ੋਰ ਕੀਤਾ ਜਾ ਸਕੇ ਤਾਂ ਜੋ ਸਰੀਰ ਦੀ ਰੋਗਾਂ ਨਾਲ ਲੜਨ ਦੀ ਸਮਰੱਥਾ ਕੈਂਸਰ ਸੈੱਲਾਂ ਨੂੰ ਨਸ਼ਟ ਕਰ ਸਕੇ। ਇਸ ਲਈ ਬੈਕਟੀਰੀਆ ਦੇ ਡੀਐੱਨਏ ਵਿਚ ਤਬਦੀਲੀ ਕੀਤੀ ਜਾ ਰਹੀ ਹੈ।

ਸਾਊਥ ਆਸਟ੍ਰੇਲੀਅਨ ਹੈਲਥ ਐਂਡ ਮੈਡੀਕਲ ਰਿਸਰਚ ਇੰਸਟੀਟਿਊਟ ਦੇ ਵਿਗਿਆਨੀਆਂ ਜੋਸੇਫੀਨ ਰਾਈਟ ਤੇ ਸੁਜ਼ੈਨ ਵੁਡਸ ਨੇ ਕੈਂਸਰ ਦੇ ਦੁਸ਼ਮਣ ਇਨ੍ਹਾਂ ਅਨੋਖੇ ਬੈਕਟੀਰੀਆ ਬਾਰੇ ਜਾਣਕਾਰੀ ਦਿੱਤੀ ਹੈ। ਉਨ੍ਹਾਂ ਨੇ ਇਨ੍ਹਾਂ ਬੈਕਟੀਰੀਆ ਨੂੰ ਜੀਵੰਤ ਦਵਾਈਆਂ ਦੇ ਨਵੇਂ ਵਰਗ ਦੇ ਤੌਰ 'ਤੇ ਸ਼੍ਰੇਣੀਬੱਧ ਕੀਤਾ ਹੈ। ਉਨ੍ਹਾਂ ਕਿਹਾ ਹੈ ਕਿ ਹਾਲੇ ਕਾਫ਼ੀ ਖੋਜ ਦੀ ਜ਼ਰੂਰਤ ਹੈ ਪਰ ਜਲਦੀ ਹੀ ਅਜਿਹੇ 'ਪ੍ਰੋਗਰਾਮ ਕੀਤੇ ਜਾ ਸਕਣ ਵਾਲੇ ਬੈਕਟੀਰੀਆ' ਤਿਆਰ ਕੀਤੇ ਜਾ ਸਕਣਗੇ ਜੋ ਕਿ ਸਰੀਰ ਵਿਚ ਘੁੰਮ-ਘੁੰਮ ਕੇ ਖ਼ੁਦ ਹੀ ਖ਼ਤਰਨਾਕ ਟਿਊਮਰ ਦਾ ਪਤਾ ਲਗਾਉਣਗੇ।

ਕੈਂਸਰ ਕਾਰਕ ਸਾਰੇ ਟਿਊਮਰ ਅਜਿਹੇ ਹੁੰਦੇ ਹਨ, ਜਿਨ੍ਹਾਂ 'ਤੇ ਇਲਾਜ ਦਾ ਘੱਟ ਅਸਰ ਹੁੰਦਾ ਹੈ ਕਿਉਂਕਿ ਦਵਾਈਆਂ ਇਨ੍ਹਾਂ 'ਤੇ ਕਾਰਗਰ ਅਸਰ ਨਹੀਂ ਕਰ ਸਕਦੀਆਂ। ਇਸ ਤੋਂ ਇਲਾਵਾ ਇਹ ਟਿਊਮਰ ਸਰੀਰ ਦੀ ਰੋਗਾਂ ਨਾਲ ਲੜਨ ਦੀ ਸਮਰੱਥਾ ਨੂੰ ਕਮਜ਼ੋਰ ਕਰ ਕੇ ਇਲਾਜ ਦੇ ਅਸਰ ਨੂੰ ਵੀ ਘਟਾ ਦਿੰਦੇ ਹਨ ਤੇ ਮਜ਼ਬੂਤੀ ਨਾਲ ਵਾਪਸੀ ਕਰਦੇ ਹਨ।




ਦੂਜੇ ਪਾਸੇ ਟਿਊਮਰ ਹੀ ਦਵਾਈਆਂ ਵਿਰੁੱਧ ਮਜ਼ਬੂਤ ਵਿਰੋਧਤਾ ਵਿਕਸਤ ਕਰ ਲੈਂਦੇ ਹਨ, ਜਿਸ ਨਾਲ ਇਲਾਜ ਬੇਅਸਰ ਸਾਬਤ ਹੁੰਦਾ ਹੈ। ਖ਼ਾਸ ਤਰ੍ਹਾਂ ਦੇ ਬੈਕਟੀਰੀਆ ਇਨ੍ਹਾਂ ਅੜਿੱਕਿਆਂ ਤੋਂ ਪਾਰ ਜਾ ਸਕਦੇ ਹੁੰਦੇ ਹਨ। ਇਹ ਸਰੀਰ ਦੀ ਰੋਗਾਂ ਨਾਲ ਲੜਨ ਦੀ ਸਮਰੱਥਾ ਨੂੰ ਸਰਗਰਮ ਕਰ ਦਿੰਦੇ ਹਨ, ਜੋ ਕਿ ਬਦਲੇ ਵਿਚ ਕੈਂਸਰ ਸੈੱਲਾਂ 'ਤੇ ਹਮਲਾ ਕਰ ਦਿੰਦੇ ਹਨ। ਇਸ ਤਰੀਕੇ ਨਾਲ ਦੁਨੀਆ ਭਰ ਵਿਚ ਬਲੈਡਰ ਕੈਂਸਰ ਦਾ ਇਲਾਜ ਕੀਤਾ ਜਾ ਰਿਹਾ ਹੈ। ਇਸ ਕੰਮ ਵਿਚ ਮਾਈਕੋਬੈਕਟੀਰੀਆ ਬੋਵਿਸ ਨਾਂ ਦੇ ਬੈਕਟੀਰੀਆ ਦੀ ਵਰਤੋਂ ਕੀਤੀ ਜਾ ਰਹੀ ਹੈ। ਕਲੀਨਿਕਲ ਟਰਾਇਲ ਵਿਚ ਬੈਕਟੀਰੀਆ ਨੂੰ ਇਮਿਊਨੋਥੈਰੇਪੀ ਜਾਂ ਕੀਮੀਓਥੈਰੇਪੀ ਦੇ ਨਾਲ ਮਿਲਾ ਕੇ ਵਰਤਿਆ ਜਾ ਰਿਹਾ ਹੈ। ਕੈਂਸਰ ਵੈਕਸੀਨ ਵਿਚ ਵੀ ਬੈਕਟੀਰੀਆ ਦੀ ਵਰਤੋਂ ਕੀਤੀ ਜਾ ਰਹੀ ਹੈ। ਇਹ ਬੈਕਟੀਰੀਆ ਟਿਊਮਰ ਦੇ ਖ਼ਾਸ ਫਿੰਗਰਪ੍ਰਿੰਟ ਯਾਨੀ ਐਂਟੀਜਨ ਦੀ ਸ਼ਨਾਖ਼ਤ ਦੇ ਕੰਮ ਵਿਚ ਆਉਂਦੇ ਹਨ, ਜਿਨ੍ਹਾਂ ਨੂੰ ਸਰੀਰ ਦੀ ਰੋਗਾਂ ਨਾਲ ਲੜਨ ਦੀ ਸਮੱਰਥਾ ਹੀ ਨਸ਼ਟ ਕਰ ਸਕਦੀ ਹੈ।

## ਬੈਕਟੀਰੀਆ 'ਤੇ ਫੋਕਸ ਕਿਉਂ?

ਵਿਗਿਆਨੀਆਂ ਨੇ ਦੱਸਿਆ ਕਿ ਕੁਝ ਬੈਕਟੀਰੀਆ ਵਿਚ ਗ਼ੈਰ-ਸਧਾਰਨ ਸਮਰੱਥਾ ਹੁੰਦੀ ਹੈ। ਉਹ ਸਰੀਰ ਦੇ ਅੰਦਰੂਨੀ ਅੰਗਾਂ ਤੇ ਟਿਸ਼ੂ 'ਤੇ ਪੈਦਾ ਹੋਣ ਵਾਲੇ ਟਿਊਮਰ ਦਾ ਪਤਾ ਲਗਾ ਸਕਦੇ ਹੁੰਦੇ ਹਨ ਤੇ ਉਨ੍ਹਾਂ ਦੇ ਅੰਦਰ ਹੀ ਵਿਕਸਤ ਹੋ ਸਕਦੇ ਹੁੰਦੇ ਹਨ। ਉਹ ਠੋਸ ਕੈਂਸਰ ਟਿਊਮਰ ਦੇ ਅੰਦਰ ਸਿਹਤਮੰਦ ਟਿਸ਼ੂ ਛੱਡ ਦਿੰਦੇ ਹਨ। ਉਹ ਟਿਊਮਰ ਬੈਕਟੀਰੀਆ ਲਈ ਆਦਰਸ਼ ਟਿਕਾਣਾ ਹੁੰਦੇ ਹਨ। ਇੱਥੇ ਬੈਕਟੀਰੀਆ ਨੂੰ ਮਰੇ ਹੋਏ ਸੈੱਲਾਂ ਜ਼ਰੀਏ ਪੋਸ਼ਣ ਮਿਲਦਾ ਹੈ ਅਤੇ ਜਿਊਂਦੇ ਰਹਿਣ ਲਈ ਘੱਟੋ-ਘੱਟ ਆਕਸੀਜਨ ਮਿਲਦੀ ਹੈ ਤੇ ਨਾਲ ਹੀ ਟਿਊਮਰ ਦੇ ਅੰਦਰ 'ਲੜਨ ਦੀ ਪ੍ਰਣਾਲੀ ਨਾ ਹੋਣ ਕਾਰਨ ਉਨ੍ਹਾਂ ਨੂੰ ਕੋਈ ਖ਼ਤਰਾ ਨਹੀਂ ਹੁੰਦਾ। ਅਜਿਹੇ ਵਿਚ ਬੈਕਟੀਰੀਆ ਨੂੰ ਕੋਰੀਅਰ ਵਾਂਗ ਵਰਤ ਕੇ ਟਿਊਮਰ ਦੇ ਅੰਦਰ ਐਂਟੀ-ਟਿਊਮਰ ਥੈਰੇਪੀ ਕੀਤੀ ਜਾਂਦੀ ਹੈ। ਪਿਛਲੇ 30 ਸਾਲਾਂ ਤੋਂ ਇਸ 'ਤੇ ਕੰਮ ਕੀਤਾ ਜਾ ਰਿਹਾ ਹੈ। ਦੁਨੀਆ ਭਰ ਦੀਆਂ 24 ਸਟਾਰਟਅੱਪ ਕੰਪਨੀਆਂ ਬੈਕਟੀਰੀਅਲ ਕੈਂਸਰ ਥੈਰੇਪੀ 'ਤੇ ਕੰਮ ਕਰ ਰਹੀਆਂ ਹਨ।


# ਫਿਰੌਤੀ ਨਾ ਦੇਣ 'ਤੇ ਸਕੂਲ ਨੂੰ ਉਡਾਉਣ ਦੀ ਧਮਕੀ



**ਤਰਨਤਾਰਨ:** ਕਸਬਾ ਚੋਹਲਾ ਸਾਹਿਬ ਦੇ ਇਕ ਨਿੱਜੀ ਸਕੂਲ ਦੇ ਸੰਚਾਲਕ ਨੂੰ ਫਿਰੌਤੀ ਨਾ ਦੇਣ ਦੀ ਸੂਰਤ 'ਚ ਸਕੂਲ ਉਡਾਉਣ ਦੀ ਧਮਕੀ ਦਿੱਤੀ ਗਈ ਹੈ। ਇਸ ਨੂੰ ਲੈ ਕੇ ਪੁਲਿਸ ਨੇ ਯਾਦਾ ਚੰਬਾ ਨਾਮਕ ਗੈਂਗਸਟਰ ਖਿਲਾਫ਼ ਕੇਸ ਦਰਜ ਕਰ ਲਿਆ ਹੈ। ਸਕੂਲ ਦੇ ਡਾਇਰੈਕਟਰ ਨੇ ਡੀਜੀਪੀ ਨੂੰ ਸ਼ਿਕਾਇਤ ਦਿੱਤੀ ਸੀ ਕਿ 16 ਨਵੰਬਰ ਨੂੰ ਉਸ ਦੇ ਮੋਬਾਈਲ ਫੋਨ 'ਤੇ ਯਾਦਾ ਚੰਬਾ ਨਾਮਕ ਗੈਂਗਸਟਰ ਵੱਲੋਂ ਫਿਰੌਤੀ ਮੰਗੀ ਗਈ ਅਤੇ ਨਾ ਦੇਣ ਦੀ ਸੂਰਤ ਵਿਚ ਸਕੂਲ ਨੂੰ ਉਡਾਉਣ ਦੀ ਗੱਲ ਕੀਤੀ ਗਈ ਸੀ।

# 'ਵੰਦੇ ਮਾਤਰਮ' ਨਾ ਗਾਉਣ ਮੁਸਲਿਮ ਭਾਈਚਾਰੇ ਦੇ ਬੱਚੇ: ਕਾਸਮੀ

**ਮੁੰਬਈ:** ਉੱਤਰ ਪ੍ਰਦੇਸ਼ ਦੇ ਮੁੱਖ ਮੰਤਰੀ ਯੋਗੀ ਆਦਿੱਤਿਆਨਾਥ ਵੱਲੋਂ ਸੋਮਵਾਰ ਨੂੰ ਸੂਬੇ ਦੇ ਸਾਰੇ ਵਿਦਿਅਕ ਅਦਾਰਿਆਂ 'ਚ 'ਵੰਦੇ ਮਾਤਰਮ' ਗਾਉਣਾ ਲਾਜ਼ਮੀ ਕਰਨ ਦੇ ਐਲਾਨ 'ਤੇ ਮੁਸਲਿਮ ਭਾਈਚਾਰੇ ਨੇ ਤਿੱਖੀ ਪ੍ਰਤੀਕਿਰਿਆ ਦਿੱਤੀ ਹੈ। ਜਮੀਆਤ ਉਲਮਾ-ਏ-ਮਹਾਰਾਸ਼ਟਰ ਦੇ ਪ੍ਰਧਾਨ ਮੌਲਾਨਾ ਹਲੀਮ ਉੱਲਾਹ ਕਾਸਮੀ ਨੇ ਕਿਹਾ ਕਿ ਮੁਸਲਮਾਨਾਂ ਨੂੰ ਆਪਣੇ ਬੱਚਿਆਂ ਨੂੰ ਸਕੂਲਾਂ ਤੋਂ ਨਿਕਲ ਲੈਣਾ ਚਾਹੀਦਾ ਹੈ, ਬਜਾਏ ਇਸਦੇ ਕਿ ਉਨ੍ਹਾਂ ਨੂੰ ਰਾਸ਼ਟਰ ਗੀਤ ਗਾਉਣ ਲਈ ਮਜ਼ਬੂਰ ਕੀਤਾ ਜਾਵੇ। ਕਾਸਮੀ ਨੇ ਕਿਹਾ, 'ਅਸੀਂ ਮੁਸਲਮਾਨ ਹਾਂ। ਇਸ ਦੇਸ਼ ਦਾ ਸੰਵਿਧਾਨ ਸਾਨੂੰ ਆਪਣੇ ਧਰਮ ਦਾ ਪਾਲਣ ਕਰਨ ਦੀ ਆਜ਼ਾਦੀ ਦਿੰਦਾ ਹੈ। ਜੇਕਰ ਸਾਡੇ ਵਿਸ਼ਵਾਸ ਦੇ ਖ਼ਿਲਾਫ਼ ਕੁਝ ਵੀ ਥੋਪਿਆ ਜਾਂਦਾ ਹੈ, ਤਾਂ ਸਾਡਾ ਸੰਵਿਧਾਨ ਉਸਨੂੰ ਸਵੀਕਾਰ ਨਹੀਂ ਕਰੇਗਾ। ਇਸ ਲਈ ਅਸੀਂ ਕਿਸੇ ਵੀ ਹਾਲਤ 'ਚ ਐਸੀ ਚੀਜ਼ ਨੂੰ ਸਵੀਕਾਰ ਨਹੀਂ ਕਰਾਂਗੇ ਜੋ ਸਾਡੇ ਧਰਮ ਦੇ ਖ਼ਿਲਾਫ਼ ਹੋਵੇ। ਸਾਡਾ ਧਰਮ ਸਾਨੂੰ ਸਿਖਾਉਂਦਾ ਹੈ ਕਿ ਅੱਲਾਹ ਇਕ ਹੈ ਅਤੇ ਅਸੀਂ ਸਿਰਫ ਉਸ ਦੀ ਇਬਾਦਤ ਕਰਾਂਗੇ। ਕਿਸੇ ਹੋਰ ਦੀ ਨਹੀਂ। ਜੇਕਰ ਅਸੀਂ ਇਸ ਤੋਂ ਇਲਾਵਾ ਕੁਝ ਕਰਾਂਗੇ, ਤਾਂ ਅਸੀਂ ਮੁਸਲਮਾਨ ਨਹੀਂ 'ਰਹਾਂਗੇ। ਜਿੱਥੇ ਤੱਕ ਦੇਸ਼ ਦਾ ਸਵਾਲ ਹੈ, ਮੁਸਲਮਾਨ ਰਾਸ਼ਟਰ ਦੇ ਪ੍ਰਤੀ ਆਦਰ ਦਿਖਾਉਣ 'ਚ ਕਦੇ ਵੀ ਪਿੱਛੇ ਨਹੀਂ ਰਹੇ। ''''ਵੰਦੇ ਮਾਤਰਮ' ਦੇ ਨਾਮ 'ਤੇ ਜੋ ਕੁਝ ਵੀ ਹੋ ਰਿਹਾ ਹੈ, ਉਹ ਸਿਰਫ ਮੁਸਲਿਮਾਂ ਨੂੰ ਪ੍ਰਤਾਰਿਤ ਕਰਨ ਲਈ ਕੀਤਾ ਜਾ ਰਿਹਾ ਹੈ। ਕਾਸਮੀ ਨੇ ਸਾਫ਼ ਕੀਤਾ ਕਿ ਮੁਸਲਿਮ ਬੱਚੇ 'ਵੰਦੇ ਮਾਤਰਮ' ਦੇ ਗਾਇਨ 'ਚ ਹਿੱਸਾ ਨਹੀਂ ਲੈਣਗੇ ਅਤੇ ਜੇਕਰ ਸਰਕਾਰ ਇਸ ਨਿਰਦੇਸ਼ ਨੂੰ ਲਾਗੂ ਕਰਨ 'ਤੇ ਅੜੀ ਰਹੀ, ਤਾਂ ਮੁਸਲਿਮ ਭਾਈਚਾਰਾ ਆਪਣੇ ਬੱਚਿਆਂ ਨੂੰ ਸਕੂਲਾਂ ਤੋਂ ਕੱਢ ਲਵੇਗਾ।



# ਵਿੱਦਿਅਕ ਅਦਾਰਿਆਂ 'ਚ ਵੰਦੇ ਮਾਤਰਮ ਬਣਾਇਆ ਜਾਵੇਗਾ ਲਾਜ਼ਮੀ: ਯੋਗੀ

**ਲਖਨਊ:** ਮੁੱਖ ਮੰਤਰੀ ਯੋਗੀ ਆਦਿਤਿਆਨਾਥ ਨੇ ਉਤਰ ਪ੍ਰਦੇਸ਼ ਦੇ ਸਾਰੇ ਵਿਦਿਅਕ ਅਦਾਰਿਆਂ 'ਚ ਵੰਦੇ ਮਾਤਰਮ ਗਾਉਣਾ ਲਾਜ਼ਮੀ ਕਰਨ ਦੀ ਗੱਲ ਕੀਤੀ ਹੈ। ਉਨ੍ਹਾਂ ਕਿਹਾ ਕਿ ਰਾਸ਼ਟਰ ਗੀਤ ਪ੍ਰਤੀ ਸਾਰੇ ਲੋਕਾਂ ਦੇ ਮਨਾਂ 'ਚ ਆਦਰ ਭਾਵ ਹੋਣਾ ਚਾਹੀਦਾ ਹੈ। ਇਸ ਲਈ ਉਹ ਸੂਬੇ ਦੇ ਸਾਰੇ ਵਿਦਿਅਕ ਅਦਾਰਿਆਂ 'ਚ ਵੰਦੇ ਮਾਤਰਮ ਗਾਉਣਾ ਲਾਜ਼ਮੀ ਕਰਵਾਉਣਗੇ। ਹਰ ਨਾਗਰਿਕ ਦੇ ਮਨ 'ਚ ਭਾਰਤ ਮਾਤਾ ਦੇ ਪ੍ਰਤੀ ਸਤਿਕਾਰ ਅਤੇ ਆਦਰ ਦਾ ਭਾਵ ਜਗਾਉਣਗੇ। ਉਹ ਸਰਦਾਰ ਵੱਲਭਭਾਈ ਪਟੇਲ ਦੀ 150ਵੀਂ ਵਰ੍ਹੇਗੰਢ ਅਤੇ ਵੰਦੇ ਮਾਤਰਮ ਦੇ 150ਵੇਂ ਸਾਲ ਦੀ ਸ਼ੁਰੂਆਤ ਦੇ ਮੌਕੇ 'ਤੇ ਪ੍ਰਦੇਸ਼ ਦੇ ਸਾਰੇ 403 ਵਿਧਾਨ ਸਭਾ ਖੇਤਰਾਂ ਲਈ ਕਰਵਾਈ ਗਈ 'ਏਕਤਾ ਯਾਤਰਾ' ਦਾ ਆਗਾਜ਼ ਕਰ ਰਹੇ ਸਨ। ਇਸ ਮੌਕੇ ਉਨ੍ਹਾਂ ਦੇਸ਼ ਨਿਰਮਾਣ ਵਿਚ ਪਟੇਲ ਦੇ ਯੋਗਦਾਨ ਨੂੰ ਯਾਦ ਕੀਤਾ।ਰਾਸ਼ਟਰ ਗੀਤ 'ਤੇ ਚਰਚਾ ਪਿਛਲੇ ਹਫ਼ਤੇ ਫਿਰ ਤੋਂ ਸ਼ੁਰੂ ਹੋਈ ਜਦੋਂ ਪ੍ਰਧਾਨ ਮੰਤਰੀ ਨਰਿੰਦਰ ਮੋਦੀ ਨੇ ਵੰਦੇ ਮਾਤਰਮ ਦੀ 150ਵੀਂ ਵਰ੍ਹੇਗੰਢ ਦੇ ਉਦਘਾਟਨ ਸਮਾਰੋਹ 'ਚ ਕਿਹਾ ਕਿ 1937 'ਚ ਕੁਝ ਮਹੱਤਵਪੂਰਨ ਸਤਰਾਂ ਛੱਡਣ ਨਾਲ ਵੰਡ ਦੇ ਬੀਜ ਬੀਜੇ ਗਏ। ਐਸੀ ਵੰਡਣ ਵਾਲੀ ਮਨੋਵਿਰਤੀ ਦੇਸ਼ ਲਈ ਚੁਣੌਤੀ ਬਣੀ ਹੋਈ ਹੈ। ਇਸਨੂੰ ਕਾਂਗਰਸ 'ਤੇ ਇਕ ਹਮਲੇ ਦੇ ਤੌਰ 'ਤੇ ਦੇਖਿਆ ਗਿਆ। ਗੋਖਰਕਪੁਰ 'ਚ ਇਸ ਦੇ ਤਿੰਨ ਦਿਨ ਬਾਅਦ ਨਗਰ ਨਿਗਮ ਪ੍ਰਸਥਾਨ ਦੇ ਰਾਣੀ ਲਕਸ਼ਮੀਬਾਈ ਪਾਰਕ ਵਿਚ ਕਰਵਾਈਗਈ 'ਏਕਤਾ ਯਾਤਰਾ' 'ਚ ਮੁੱਖ ਮੰਤਰੀ ਨੇ ਵੀ ਇਸ ਨੂੰ ਲੈ ਕੇ ਕਾਂਗਰਸ 'ਤੇ ਤਿੱਖਾ ਹਮਲਾ ਕੀਤਾ। ਉਨ੍ਹਾਂ ਕਿਹਾ ਕਿ ਜਿਸ ਰਾਸ਼ਟਰਗੀਤ ਨੇ ਆਜ਼ਾਦੀ ਦੇ ਅੰਦੋਲਨ 'ਚ ਭਾਰਤ ਦੀ ਸੁੱਤੀ ਹੋਈ ਚੇਤਨਾ ਨੂੰ ਜਾਗਰੂਕ ਕੀਤਾ, ਤੁਸ਼ਟੀਕਰਨ ਦੀ ਨੀਤੀ ਦੇ ਕਾਰਨ ਕਾਂਗਰਸ ਨੇ ਇਸ ਵਿਚ ਸਮਾਜਿਕ ਚਿੰਤਾ ਕਰਕੇ ਸੋਧ ਕਰਨ ਦੀ ਕੋਸ਼ਿਸ਼ ਕੀਤੀ।



# ਪੰਜਾਬੀ 'ਚ ਹੋਣੇ ਚਾਹੀਦੇ ਨੇ ਸੱਦਾ ਪੱਤਰ: ਗੜਗੱਜ

ਰੂਪਨਗਰ: ਕੈਬਨਿਟ ਮੰਤਰੀ ਹਰਜੋਤ ਸਿੰਘ ਬੈਂਸ ਨੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਕੁਲਦੀਪ ਸਿੰਘ ਗੜਗੱਜ ਨੂੰ 23 ਨਵੰਬਰ ਨੂੰ ਹੋਣ ਵਾਲੇ ਸਰਕਾਰੀ ਸਮਾਗਮਾਂ ਅਤੇ ਸਰਵ ਧਰਮ ਸੰਮੇਲਨ 'ਚ ਸ਼ਾਮਲ ਹੋਣ ਦੀ ਬੇਨਤੀ ਕੀਤੀ ਹੈ। ਇਸ ਦੌਰਾਨ ਜਥੇਦਾਰ ਗੜਗੱਜ ਨੇ ਸਰਕਾਰ ਵੱਲੋਂ ਸ਼ਹਿਰ ਅਤੇ ਗੁਰਦੁਆਰਾ ਸਾਹਿਬ ਦੇ ਨੇੜੇ ਸਪੀਕਰ ਲਗਾਉਣ 'ਤੇ ਇਤਰਾਜ਼ ਜਤਾਇਆ। ਸ਼ਹੀਦੀ ਸਮਾਗਮਾਂ ਲਈ ਅੰਗਰੇਜ਼ੀ ਸੱਦਾ ਪੱਤਰਾਂ ਬਾਰੇ ਉਨ੍ਹਾਂ ਕਿਹਾ ਕਿ ਸਰਕਾਰ ਨੂੰ ਸਮਝਣਾ ਚਾਹੀਦਾ ਹੈ ਕਿ ਇਹ ਪੰਜਾਬ ਹੈ ਅਤੇ ਸੱਦਾ ਪੱਤਰ ਪੰਜਾਬੀ ਵਿੱਚ ਹੋਣੇ ਚਾਹੀਦੇ ਹਨ।



# ਪੰਜਾਬੀ ਯੂਨੀਵਰਸਿਟੀ ਦੇ ਪ੍ਰੋਫ਼ੈਸਰਾਂ ਨੂੰ ਕੀਤਾ ਤਲਬ

**ਪਟਿਆਲਾ:** ਪੰਜਾਬ ਰਾਜ ਮਹਿਲਾ ਕਮਿਸ਼ਨ ਨੇ ਪੰਜਾਬੀ ਯੂਨੀਵਰਸਿਟੀ ਦੇ ਸੀਨੀਅਰ ਫੈਕਲਟੀ ਮੈਂਬਰਾਂ ਨੂੰ ਸੰਮਨ ਜਾਰੀ ਕੀਤੇ ਹਨ। ਪੰਜਾਬੀ ਯੂਨੀਵਰਸਿਟੀ ਦੀ ਮਹਿਲਾ ਸਹਾਇਕ ਪ੍ਰੋਫੈਸਰ ਨੇ ਕੰਮ ਵਾਲੀ ਥਾਂ 'ਤੇ ਕਥਿਤ ਤੌਰ 'ਤੇ ਪਰੇਸ਼ਾਨ ਕਰਨ ਦੀ ਸ਼ਿਕਾਇਤ ਕੀਤੀ। ਹੈ ਜਿਸ ਦੇ ਆਧਾਰ 'ਤੇ ਮਹਿਲਾ ਕਮਿਸ਼ਨ ਨੇ ਪੰਜਾਬੀ ਯੂਨੀਵਰਸਿਟੀ ਦੇ ਕਾਨੂੰਨ ਵਿਭਾਗ ਮੁਖੀ ਤੇ ਪੰਜਾਬੀ ਯੂਨੀਵਰਸਿਟੀ ਅਧਿਆਪਕ ਐਸੋਸੀਏਸ਼ਨ (ਪੂਟਾ) ਦੇ ਭੁਪਿੰਦਰ ਸਿੰਘ ਸਿੰਘ ਵਿਰਕ ਅਤੇ ਸਾਬਕਾ ਰਜਿਸਟਰਾਰ ਤੇ ਡੀਨ, ਕਾਨੂੰਨ ਫੈਕਲਟੀ, ਪ੍ਰੋਫੈਸਰ (ਸੇਵਾਮੁਕਤ) ਵਰਿੰਦਰ ਕੌਸ਼ਿਕ ਨੂੰ ਤਲਬ ਕੀਤਾ ਹੈ।

ਇਸ ਦੌਰਾਨ ਮਹਿਲਾ ਕਮਿਸ਼ਨ ਨੇ ਮਹਿਲਾ ਸਹਾਇਕ ਪ੍ਰੋਫੈਸਰ ਵੱਲੋਂ 'ਲਗਾਤਾਰ ਪਰੇਸ਼ਾਨੀ' ਦਾ ਦੋਸ਼ ਲਗਾਉਂਦੇ ਹੋਏ ਦਾਇਰ ਕੀਤੀ ਗਈ ਸ਼ਿਕਾਇਤ ਦਾ ਨੋਟਿਸ ਲਿਆ ਹੈ।ਆਪਣੀ ਸ਼ਿਕਾਇਤ ਵਿੱਚ ਮਹਿਲਾ ਪ੍ਰੋਫੈਸਰ ਨੇ ਦਾਅਵਾ ਕੀਤਾ ਹੈ ਕਿ ਉਸ 'ਤੇ ਪ੍ਰੋ. ਕੌਸ਼ਿਕ ਅਤੇ ਪ੍ਰੋ. ਵਿਰਕ ਵਿਰੁੱਧ ਦਰਜ ਪਹਿਲਾਂ ਕੀਤੀਆਂ ਗਈਆਂ ਪਰੇਸ਼ਾਨੀ ਦੀਆਂ ਸ਼ਿਕਾਇਤਾਂ ਨੂੰ ਵਾਪਸ ਲੈਣ ਲਈ ਦਬਾਅ ਪਾਇਆ ਜਾ ਰਿਹਾ ਸੀ, ਦੋਵਾਂ 'ਤੇ ਆਪਣੇ ਪ੍ਰਭਾਵਸ਼ਾਲੀ ਅਹੁਦਿਆਂ ਦੀ ਦੁਰਵਰਤੋਂ ਕਰਨ ਦਾ ਦੋਸ਼ਲਗਾਇਆ ਗਿਆ ਹੈ। ਪ੍ਰੋਫੈਸਰ ਵਿਰਕ ਨੇ ਦੋਸ਼ਾਂ ਨੂੰ ਨਕਾਰਦਿਆਂ ਬੇਬੁਨਿਆਦ ਤੇ ਨਿਰਾਸ਼ਾਜਨਕ ਦੱਸਿਆ। ਉਨ੍ਹਾਂ ਕਿਹਾ ਕਿ ਉਹ ਆਪਣਾ ਪੱਖ ਪੇਸ਼ ਕਰਨ ਲਈ ਕਮਿਸ਼ਨ ਦੇ ਸਾਹਮਣੇ ਪੇਸ਼ ਹੋਣਗੇ। ਉਨ੍ਹਾਂ ਕਿਹਾ ਕਿ ਅਜਿਹੇ ਦੋਸ਼ਾਂ ਨੇ ਉਨ੍ਹਾਂ ਦੀ ਸਾਖ ਨੂੰ ਨੁਕਸਾਨ ਪਹੁੰਚਾਇਆ ਹੈ ਅਤੇ ਇਸ ਮਾਮਲੇ ਵਿਚ ਹਰ ਪੱਧਰ 'ਤੇ ਚਾਰਾਜ਼ੋਈ ਕਰਨਗੇ। ਉਨ੍ਹਾਂ ਕਿਹਾ ਕਿ ਦੋਸ਼ਾਂ ਦੀ ਜਾਂਚ ਯੂਨੀਵਰਸਿਟੀ ਦੀ ਅੰਦਰੂਨੀ ਕਮੇਟੀ ਅਤੇ ਪੁਲਿਸ ਦੋਵਾਂ ਵੱਲੋਂ ਪਹਿਲਾਂ ਹੀ ਕੀਤੀ ਜਾ ਚੁੱਕੀ ਹੈ। ਪ੍ਰੋ. ਵਿਰਕ ਨੇ ਕਿਹਾ ਕਿ ਇਸ ਬਾਰੇ ਪਹਿਲਾਂ ਹੀ ਆਪਣੇ ਬਿਆਨ ਪੇਸ਼ਕਰ ਚੁੱਕੇ ਹਨ। ਸ਼ਿਕਾਇਤਕਰਤਾ ਜੋ ਕਿ ਯੂਨੀਵਰਸਿਟੀ ਦੇ ਬਠਿੰਡਾ ਖੇਤਰੀ ਕੇਂਦਰ ਵਿੱਚ ਨੌਕਰੀ ਕਰਦੀ ਸੀ, ਇਸ ਸਮੇਂ ਪੰਜਾਬ ਸਕੂਲ ਆਫ਼ ਲਾਅ ਵਿੱਚ ਪੜ੍ਹਾ ਰਹੀ ਹੈ। ਪਰੇਸ਼ਾਨ ਕਰਨ ਜਾਂ ਪ੍ਰਸ਼ਾਸਕੀ ਦਖਲਅੰਦਾਜ਼ੀ ਦੇ ਦੋਸ਼ਾਂ ਦਾ ਖੰਡਨ ਕਰਦੇ ਹੋਏ ਵਿਰਕ ਨੇ ਕਿਹਾ ਕਿ ਤਰੱਕੀਆਂ ਅਤੇ ਕੰਮ ਦੇ ਬੋਝ ਦੀ ਵੰਡ ਨਾਲ ਸਬੰਧਤ ਮਾਮਲੇ ਡੀਨ, ਅਕਾਦਮਿਕ ਮਾਮਲੇ ਅਤੇ ਪ੍ਰਸ਼ਾਸਕੀ ਵਿਭਾਗ ਕਮੇਟੀ ਦੀ ਪ੍ਰਧਾਨਗੀ ਵਾਲੀ ਛੇ ਮੈਂਬਰੀ ਕਮੇਟੀ ਵੱਲੋਂ ਸੰਭਾਲੇ ਜਾਂਦੇ ਹਨ, ਜਿਸ ਵਿੱਚ ਉਨ੍ਹਾਂ ਦੀ ਕੋਈ ਭੂਮਿਕਾ ਨਹੀਂ ਹੈ।



## ਸ਼ਿਕਾਇਤ ਬਿਲਕੁੱਲ ਝੂਠੀ- ਵਰਿੰਦਰ ਕੌਸ਼ਿਕ

ਡਾ.ਵਰਿੰਦਰ ਕੌਸ਼ਿਕ ਨੇ ਕਿਹਾ ਕਿ ਸ਼ਿਕਾਇਤ ਬਿਲਕੁੱਲ ਝੂਠੀ ਹੈ, ਕੁਝ ਸਾਲ ਪਹਿਲਾਂ ਵੀ ਬੇਬੁਨਿਆਦ ਸ਼ਿਕਾਇਤ ਕੀਤੀ ਗਈ ਸੀ ਅਤੇ ਉਸ ਦਾ ਨਿਪਟਾਰਾ ਵੀ ਹੋ ਚੁੱਕਿਆ ਹੈ। ਡਾ. ਕੌਸ਼ਿਕ ਨੇ ਕਿਹਾ ਕਿ ਸ਼ਿਕਾਇਤਕਰਤਾ ਨੂੰ 2023 ਵਿਚ ਯੂਨੀਵਰਸਿਟੀ ਵੱਲੋਂ ਵੀ ਬੇਬੁਨਿਆਦ ਸ਼ਿਕਾਇਤਾਂ ਕਰਨ ਤੋਂ ਵਰਜਿਆ ਗਿਆ ਸੀ ਅਤੇ ਹੁਣ ਮੁੜ ਬਿਨਾਂ ਕਾਰਨ ਝੂਠੀ ਤੇ ਪੁਰਾਣੀ ਸ਼ਿਕਾਇਤ ਕੀਤੀ ਗਈ ਹੈ।

# ਕਰਤਾਰਪੁਰ ਲਾਂਘੇ ਦੀ ਵਰ੍ਹੇਗੰਢ 'ਤੇ ਕੱਟਿਆ ਕੇਕ

**ਡੇਰਾ ਬਾਬਾ ਨਾਨਕ:** ਕਰਤਾਰਪੁਰ ਲਾਂਘੇ ਦੀ ਸੱਤਵੀਂ ਵਰ੍ਹੇਗੰਢ ਮੌਕੇ ਲੈਂਡ ਪੋਰਟ ਅਥਾਰਟੀ ਆਫ ਇੰਡੀਆ ਨੇ ਕੇਕ ਕੱਟਿਆ। ਇਸ ਤੋਂ ਬਾਅਦ ਟਰਮੀਨਲ ਵਿਚ ਤੈਨਾਤ ਐੱਲਪੀਆਈ ਦੇ ਕਰਮਚਾਰੀਆਂ, ਬੀਐੱਸਐੱਫ ਦੇ ਜਵਾਨਾਂ ਨੂੰ ਕੇਕ ਖੁਆ ਕੇ ਮੂੰਹ ਮਿੱਠਾ ਕਰਵਾਇਆ। ਇਸ ਮੌਕੇ ਜੀਐੱਮ ਸੰਦੀਪ ਮਹਾਜਨ ਨੇ ਦੱਸਿਆ ਕਿ ਆਪਰੇਸ਼ਨ ਸਿੰਧੂਰ ਕਾਰਨ 7 ਮਈ ਨੂੰ ਕਰਤਾਰਪੁਰ ਲਾਂਘਾ ਬੰਦ ਕਰ ਦਿੱਤਾ ਗਿਆ ਸੀ। ਇਸ ਤੋਂ ਬਾਅਦ ਰਾਵੀ ਦੇ ਪਾਣੀ ਕਾਰਨ ਕਰਤਾਰਪੁਰ ਲਾਂਘਾ ਵੱਡੇ ਪੱਧਰ 'ਤੇ ਪ੍ਰਭਾਵਿਤ ਹੋਣ ਕਾਰਨ ਕਰੋੜਾਂ ਦਾ ਨੁਕਸਾਨ ਵੀ ਹੋਇਆ ਸੀ। ਕਰਤਾਰਪੁਰ ਲਾਂਘੇ ਰਾਹੀਂ 415,664 ਦੇ ਕਰੀਬ ਸ਼ਰਧਾਲੂਆਂ ਵੱਲੋਂ ਛੇ ਸਾਲਾਂ 'ਚ ਗੁਰਦੁਆਰਾ ਕਰਤਾਰਪੁਰ ਸਾਹਿਬ ਜੀ ਦੇ ਦਰਸ਼ਨ ਕੀਤੇ ਗਏ ਹਨ।



# ਸਕੂਲਾਂ 'ਚ ਪੜ੍ਹਾਇਆ ਜਾਵੇਗਾ ਗੁਰੂ ਤੇਗ ਬਹਾਦਰ ਜੀ ਸੰਬੰਧੀ ਇਤਿਹਾਸ

**ਸ੍ਰੀ ਅਨੰਦਪੁਰ ਸਾਹਿਬ:** ਪੰਜਾਬ ਸਰਕਾਰ ਨੇ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ 350 ਸਾਲਾ ਸ਼ਹੀਦੀ ਦਿਹਾੜੇ ਨੂੰ ਸਮਰਪਿਤ ਮਹੱਤਵਪੂਰਨ ਇਤਿਹਾਸਕ ਯਤਨ ਦੀ ਸ਼ੁਰੂਆਤ ਕੀਤੀ ਹੈ। ਇਸ ਤਹਿਤ ਪੰਜਾਬ ਦੇ ਸਾਰੇ ਸਰਕਾਰੀ ਅਤੇ ਪ੍ਰਾਈਵੇਟ ਸਕੂਲਾਂ ਵਿਚ ਗੁਰੂ ਸਾਹਿਬ ਦੇ ਮਹਾਨ ਜੀਵਨ, ਬਲੀਦਾਨ ਨੂੰ ਪਾਠਕ੍ਰਮ ਅਤੇ ਵਿਸ਼ੇਸ਼ ਗਤੀਵਿਧੀਆਂ ਰਾਹੀਂ ਵਿਦਿਆਰਥੀਆਂ ਤੱਕ ਪਹੁੰਚਾਇਆ ਜਾਵੇਗਾ। ਸਿੱਖਿਆ ਮੰਤਰੀ ਬੈਂਸ ਨੇ ਸਰਕਾਰੀ ਹਾਈ ਸਕੂਲ ਦਸਗਰਾਈ ਅਤੇ ਮਾਊਂਟ ਕਾਰਮਲ ਸਕੂਲ ਜਿੰਦਵੜੀ ਵਿਖੇ ਸਮਾਰੋਹ ਕਰ ਕੇ ਇਸ ਮੁਹਿੰਮ ਦਾ ਆਗਾਜ਼ ਕੀਤਾ।

ਸਿੱਖਿਆ ਮੰਤਰੀ ਬੈਂਸ ਨੇ ਕਿਹਾ ਕਿ ਗੁਰੂ ਤੇਗ ਬਹਾਦਰ ਜੀ ਮਨੁੱਖਤਾ, ਧਰਮ, ਸਾਂਝੀਵਾਲਤਾ ਦੇ ਪ੍ਰਤੀਕ ਹਨ। ਉਨ੍ਹਾਂ ਕਿਹਾ ਕਿ ਗੁਰੂ ਸਾਹਿਬ ਦਾ ਬਲੀਦਾਨ ਸਿਰਫ ਸਿੱਖ ਕੌਮ ਲਈ ਨਹੀਂ ਸੀ, ਬਲਕਿ ਪੂਰੀ ਸ੍ਰਿਸ਼ਟੀ ਲਈ ਧਰਮ 'ਤੇ ਮਜਲੂਮਾਂ ਦੇ ਅਧਿਕਾਰਾਂ ਦੀ ਰੱਖਿਆ ਲਈ ਸੀ। ਇਸ ਲਈ ਨਵੀ ਪੀੜ੍ਹੀ ਨੂੰ ਇਹ ਪਤਾ ਹੋਣਾ ਬਹੁਤ ਜ਼ਰੂਰੀ ਹੈ ਕਿ ਅਸੀਂ ਕਿਹੋ ਜਿਹੀ ਮਹਾਨ ਵਿਰਾਸਤ ਦੇ ਵਾਰਸ ਹਾਂ। ਇਸ ਮੁਹਿੰਮ ਤਹਿਤ ਵਿਦਿਆਰਥੀਆਂ ਨੂੰ ਗੁਰੂ ਸਾਹਿਬ ਦੇ ਜੀਵਨ ਬਾਰੇ ਵਿਸ਼ੇਸ਼ ਵਿਗਿਆਨ, ਕਵਿਤਾ ਪਾਠ, ਭਾਸ਼ਣ ਮੁਕਾਬਲੇ, ਨਿਬੰਧ ਲੇਖਨ, ਚਿੱਤਰਕਲਾ ਅਤੇ ਧਾਰਮਿਕ-ਇਤਿਹਾਸਕ ਕਿਤਾਬਾਂ ਰਾਹੀਂ ਜਾਣੂ ਕਰਵਾਇਆ ਜਾਵੇਗਾ। ਸਕੂਲਾਂ ਵਿਚ ਵੱਡੇ ਪੱਧਰ 'ਤੇ ਸਮਰਪਿਤ ਸਮਾਗਮ ਕਰਵਾਏ ਜਾਣਗੇ ਤਾਂ ਜੋ ਵਿਦਿਅਰਥੀਆਂ ਦੇ ਮਨ ਵਿਚ ਗੁਰੂ ਸਾਹਿਬ ਦੇ ਜੀਵਨ ਅਤੇ ਤਿਆਗ ਦੀ ਸਿੱਖ ਪੱਕੀ ਕੀਤੀ ਜਾ ਸਕੇ।

ਇਸ ਮੌਕੇ ਡੀ.ਸੀ ਵਰਜੀਤ ਵਾਲੀਆ,ਸਹਾਇਕ ਕਮਿਸ਼ਨਰ ਅਭਿਮੰਨਿਊ ਮਲਿਕ, ਐੱਸ.ਡੀ.ਐੱਮ. ਜਸਪ੍ਰੀਤ ਸਿੰਘ ਵੀ ਮੌਜੂਦ ਸਨ। ਸਾਰੇ ਅਧਿਕਾਰੀਆਂ ਨੇ ਸਿੱਖਿਆ ਮੰਤਰੀ ਦੀ ਇਸ ਪਹਿਲ ਦੀ ਪ੍ਰਸ਼ੰਸਾ ਕਰਦੇ ਹੋਏ ਕਿਹਾ ਕਿ ਇਹ ਕਦਮ ਸਿਰਫ਼ ਇਤਿਹਾਸ ਪੜ੍ਹਾਉਣ ਤੱਕ ਸੀਮਤ ਨਹੀਂ, ਸਗੋਂ ਨੌਜਵਾਨ ਪੀੜ੍ਹੀ ਦੇ ਚਰਿੱਤਰ ਨਿਰਮਾਣ ਅਤੇ ਮਨੁੱਖੀ ਕਦਰਾਂ-ਕੀਮਤਾਂ ਦੀ ਪੁਰਜ਼ੋਰ ਸਥਾਪਨਾ ਵੱਲ ਵੱਡਾ ਕਦਮ ਹੈ। ਬੈਂਸ ਨੇ ਕਿਹਾ ਕਿ ਸਰਕਾਰ ਦਾ ਉਦੇਸ਼ ਸਿਰਫ਼ ਗਿਆਨ ਦੇਣਾ ਨਹੀਂ, ਸਗੋਂ ਵਿਦਿਆਰਥੀਆਂ ਵਿਚ ਉਹ ਮਨੋਬਲ ਅਤੇ ਜੀਵਨ ਦਰਸ਼ਨ ਪੈਦਾ ਕਰਨਾ ਹੈ ਜੋ ਉਨ੍ਹਾਂ ਨੂੰ ਜ਼ਿੰਮੇਵਾਰ, ਸੰਵੇਦਨਸ਼ੀਲ ਅਤੇ ਆਤਮ ਨਿਰਭਰ ਮਨੁੱਖ ਬਣਾਵੇ।



# ਨੂਰਪੁਰ ਖ਼ੁਰਦ ਦੀ ਹਰਮਨਪ੍ਰੀਤ ਦੀ ਦ੍ਰਿੜ੍ਹਤਾ ਦੇ ਕਾਇਲ ਹੋਏ ਪੰਜਾਬੀ

**ਸ੍ਰੀ ਅਨੰਦਪੁਰ ਸਾਹਿਬ:** ਚੰਡੀਗੜ੍ਹ ਵਿਖੇ ਪੰਜਾਬ ਯੂਨੀਵਰਸਿਟੀ 'ਚ ਚੱਲ ਰਿਹਾ ਵਿਵਾਦ ਜਿੱਥੇ ਪੰਜਾਬੀਆਂ ਦੀ ਅਣਖ ਤੇ ਗੈਰਤ ਨੂੰ ਮੁੜ ਜਗਾਉਂਦਾ ਦਿਸ ਰਿਹਾ ਹੈ, ਉੱਥੇ ਪਿੰਡ ਨੂਰਪੁਰ ਖੁਰਦ ਦੀ ਰਹਿਣ ਵਾਲੀ ਹਰਮਨਪ੍ਰੀਤ ਕੌਰ ਦੀ ਵੀਡੀਓ ਸੋਸ਼ਲ ਮੀਡੀਆ 'ਤੇ ਤੇਜ਼ੀ ਨਾਲ ਵਾਇਰਲ ਹੋ ਰਹੀ ਹੈ। ਵੀਡੀਓ ਵਿਚ ਦਿਸਦਾ ਹੈ ਕਿ ਜਦੋਂ ਉਹ ਗੇਟ 'ਤੇ ਦਾਖਲ ਹੋਣ ਲਈ ਅੱਗੇ ਵਧੀ ਤਾਂ ਮਹਿਲਾ ਪੁਲਿਸ ਨੇ ਉਸ ਦੀ ਬਾਂਹ ਫੜ ਕੇ ਰੋਕਣ ਦੀ ਕੋਸ਼ਿਸ਼ ਕੀਤੀ। ਇਸ 'ਤੇ ਹਰਮਨਪ੍ਰੀਤ ਨੇ ਦ੍ਰਿੜਤਾ ਨਾਲ ਕਿਹਾ, 'ਮੇਰੀ ਬਾਂਹ ਛੱਡ ਦੇ, ਨਹੀਂ ਤਾਂ ਠੀਕ ਨਹੀਂ ਹੋਵੇਗਾ।' ਬਹਿਸ ਤੋਂ ਬਾਅਦ ਪੁਲਿਸ ਨੂੰ ਉਸ ਦੀ ਬਾਂਹ ਛੱਡਣੀ ਪਈ ਅਤੇ ਹਰਮਨਪ੍ਰੀਤ ਨੇ ਗੇਟ ਅੰਦਰ ਕਦਮ ਰੱਖਿਆ। ਲੋਕਾਂ ਵੱਲੋਂ ਹਰਮਨਪ੍ਰੀਤ ਦੀ ਨਿਡਰਤਾ ਦੀ ਵਡਿਆਈ ਕੀਤੀ ਜਾ ਰਹੀ ਹੈ। ਇਸ ਸਬੰਧੀ ਹਰਮਨਪ੍ਰੀਤ ਦੇ ਪਿਤਾ ਸੁਖਬੀਰ ਸਿੰਘ ਸਿੱਧੂ ਨਾਲ ਗੱਲ ਕੀਤੀ ਗਈ ਤਾਂ ਉਨ੍ਹਾਂ ਕਿਹਾ, 'ਮੈਨੂੰ ਮਾਣ ਹੈ ਕਿ ਮੇਰੀ ਧੀ ਨੇ ਪੰਜਾਬ ਦੀ ਅਣਖ ਬਚਾਈ ਹੈ। ਅਸੀਂ ਉਸ ਨੂੰ ਬਚਪਨ ਤੋਂ ਹੀ ਸਿਖਾਇਆ ਹੈ ਕਿ ਸੱਚ 'ਤੇ ਡਟਣਾ ਹੈ ਤੇ ਕਿਸੇ ਤੋਂ ਡਰਨਾ ਨਹੀਂ। ਹਰਮਨਪ੍ਰੀਤ ਟਰੈਕਟਰ ਚਲਾ ਲੈਂਦੀ ਹੈ, ਖੇਤ ਵਿਚ ਮੋਢੇ ਨਾਲ ਮੋਢਾ ਜੋੜ ਕੇ ਕੰਮ ਕਰਦੀ ਹੈ।



# ਕੋਲਾ ਘੁਟਾਲੇ 'ਚ ਵੀ ਕੋਈ ਦੋਸ਼ੀ ਨਹੀਂ

**ਨਵੀਂ ਦਿੱਲੀ:** ਡਾ. ਮਨਮੋਹਨ ਸਿੰਘ ਦੀ ਅਗਵਾਈ ਵਾਲੀ ਯੂ.ਪੀ.ਏ. ਸਰਕਾਰ ਦੀ ਬਦਨਾਮੀ ਤੇ 2014 ਵਿਚ ਕਾਂਗਰਸ ਦੀ ਇਤਿਹਾਸਕ ਹਾਰ ਦਾ ਸਭ ਤੋਂ ਵੱਡਾ ਕਾਰਨ ਦੋ ਕਥਿਤ ਘੁਟਾਲੇ ਸਨ। ਪਹਿਲਾਂ 2ਜੀ ਸਪੈਕਟ੍ਰਮ ਘੁਟਾਲਾ ਯਾਨੀ ਟੈਲੀਕਾਮ ਘੁਟਾਲਾ ਤੇ ਦੂਜਾ ਕੋਲਾ ਘੁਟਾਲਾ। ਟੈਲੀਕਾਮ ਘੁਟਾਲਾ 1,76,000 ਕਰੋੜ ਰੁਪਏ ਦਾ ਅਤੇ ਕੋਲਾ ਘੁਟਾਲੇ ਨੂੰ 3 ਲੱਖ ਕਰੋੜ ਰੁਪਏ ਤੋਂ ਵੱਧ ਦਾ ਦੱਸਿਆ ਗਿਆ ਸੀ। ਇਨ੍ਹਾਂ ਕਰਕੇ ਸਰਕਾਰ ਵਿਰੁੱਧ ਅਜਿਹਾ ਮਾਹੌਲ ਪੈਦਾ ਹੋਇਆ ਕਿ ਕਾਂਗਰਸ ਨੂੰ ਜ਼ਬਰਦਸਤ ਹਾਰ ਦਾ ਸਾਹਮਣਾ ਕਰਨਾ ਪਿਆ, ਜਿਸ ਨਾਲ ਭਾਜਪਾ ਨੂੰ ਇਤਿਹਾਸਕ ਜਿੱਤ ਮਿਲੀ ਸੀ। ਇਸੇ ਕਰਕੇ ਦਿੱਲੀ 'ਚ ਵੀ ਆਮ ਆਦਮੀ ਪਾਰਟੀ ਦੀ ਸਰਕਾਰ ਬਣ ਗਈ ਸੀ। ਪਰ ਹੁਣ ਇਕ-ਇਕ ਕਰਕੇ ਦੋਹਾਂ ਘੁਟਾਲਿਆਂ ਦੇ ਸਾਰੇ ਦੋਸ਼ੀ ਬਰੀ ਹੋ ਰਹੇ ਹਨ। ਟੈਲੀਕਾਮ ਘੁਟਾਲੇ ਦੇ ਸਾਰੇ ਦੋਸ਼ੀਆਂ ਸਮੇਤ ਤਤਕਾਲੀ ਸੰਚਾਰ ਮੰਤਰੀ ਏ. ਰਾਜਾ ਬਰੀ ਹੋ ਚੁੱਕੇ ਹਨ। ਭਾਵੇਂ ਕਾਫ਼ੀ ਦੇਰ ਬਾਅਦ ਸੀ.ਬੀ.ਆਈ. ਨੇ ਅਦਾਲਤ ਦੇ ਫ਼ੈਸਲੇ ਨੂੰ ਉੱਚ ਅਦਾਲਤ ਵਿਚ ਚੁਣੌਤੀ ਦਿੱਤੀ ਹੈ, ਪਰ ਇਹ ਲਗਭਗ ਤੈਅ ਹੈ ਕਿ ਕਿਸੇ ਨੂੰ ਵੀ ਕੁਝ ਨਹੀਂ ਹੋਵੇਗਾ। ਹੁਣ ਇਕ-ਇਕ ਕਰਕੇ ਕੋਲਾ ਘੁਟਾਲੇ ਵਿਚ ਸ਼ਾਮਿਲ ਸਾਰੇ ਲੋਕ ਬਰੀ ਹੋ ਗਏ ਹਨ। ਤਤਕਾਲੀ ਕੋਲਾ ਸਕੱਤਰ ਐਚ.ਸੀ. ਗੁਪਤਾ ਪਹਿਲਾ ਇਕ ਮਾਮਲੇ ਵਿਚ ਬਰੀ ਹੋਏ ਸਨ ਅਤੇ ਹੁਣ ਛੱਤੀਸਗੜ੍ਹ ਕੋਲਾ ਖਾਨ ਮਾਮਲੇ ਵਿਚ ਵੀ ਬਰੀ ਹੋ ਗਏ ਹਨ। ਉਨ੍ਹਾਂ ਦੇ ਨਾਲ ਹੀ ਹੋਰ ਅਧਿਕਾਰੀ ਤੇ ਕਾਰੋਬਾਰੀ ਵੀ ਬਰੀ ਹੋ ਗਏ ਹਨ। ਘੁਟਾਲੇ 'ਚ ਦੋਸ਼ੀ ਇਕ ਕੰਪਨੀ ਦੇ ਮਾਲਕ ਨਵੀਨ ਜਿੰਦਲ ਪਹਿਲਾਂ ਹੀ ਭਾਜਪਾ ਵਿਚ ਸ਼ਾਮਿਲ ਹੋ ਗਏ ਸਨ। ਇਨ੍ਹਾਂ ਘੁਟਾਲਿਆਂ ਦਾ ਅਜਿਹਾ ਹਾਲ ਹੋਣ ਕਰਕੇ ਭ੍ਰਿਸ਼ਟਾਚਾਰ ਚੋਣ ਮੁੱਦਾ ਨਹੀਂ ਬਣ ਰਿਹਾ, ਜਦਕਿ ਵੱਡੇ ਘੁਟਾਲੇ ਅਜੇ ਵੀ ਹੋ ਰਹੇ ਹਨ।



# ਉੱਤਰ-ਪੂਰਬ 'ਚ ਬਦਲ ਰਹੀ ਹੈ ਰਾਜਨੀਤੀ

**ਨਵੀਂ ਦਿੱਲੀ:** ਭਾਜਪਾ ਨੇ ਕੇਂਦਰ 'ਚ ਸਰਕਾਰ ਬਣਾਉਣ ਤੋਂ ਬਾਅਦ ਉੱਤਰ-ਪੂਰਬ 'ਤੇ ਰਾਜਨੀਤਕ ਤੌਰ 'ਤੇ ਬਹੁਤ ਧਿਆਨ ਦਿੱਤਾ ਹੈ। ਉੱਤਰ-ਪੂਰਬ ਲਈ ਐਨ.ਡੀ.ਏ. ਦਾ ਇਕ ਨਵਾਂ ਸਮੂਹ ਨਾਰਥ-ਈਸਟ ਡੈਮੋਕ੍ਰੇਟਿਕ ਅਲਾਇੰਸ (ਐਨ.ਈ.ਡੀ.ਏ.) ਬਣਾ ਕੇ ਇਸ ਦੀ ਜ਼ਿੰਮੇਵਾਰੀ ਅਸਮ ਦੇ ਮੁੱਖ ਮੰਤਰੀ ਹਿਮੰਤ ਬਿਸਵਾ ਸਰਮਾ ਨੂੰ ਸੌਂਪੀ ਸੀ।ਪਰ ਤਾਜ਼ਾ ਖ਼ਬਰਾਂ ਅਨੁਸਾਰ ਸਰਮਾ ਦੇ ਮੁੱਖ ਮੰਤਰੀ ਬਣਨ ਤੋਂ ਬਾਅਦ ਐਨ.ਈ.ਡੀ.ਏ. ਬੇਅਸਰ ਹੁੰਦਾ ਜਾ ਰਿਹਾ ਹੈ। ਭਾਵੇਂ ਭਾਜਪਾ ਉੱਤਰ-ਪੂਰਬ ਦੇ ਦੋ ਸੂਬਿਆਂ ਨੂੰ ਛੱਡ ਕੇ ਹੋਰਾਂ ਵਿਚ ਆਪਣੀਆਂ ਜਾਂ ਸਹਿਯੋਗੀਆਂ ਨਾਲ ਮਿਲ ਕੇ ਸਰਕਾਰਾਂ ਬਣਾ ਚੁੱਕੀ ਹੈ, ਪਰ ਹੁਣ ਭਾਜਪਾ ਇੱਥੇ ਸ਼ਾਸਨ ਤੇ ਰਾਜਨੀਤੀ ਦੋਵੇਂ ਗੁਆ ਰਹੀ ਹੈ। ਇਸ ਦੀਆਂ ਸਹਿਯੋਗੀ ਪਾਰਟੀਆਂ ਉਸ ਨੂੰ ਛੱਡ ਕੇ ਵੱਖਰੇ ਰਾਹ ਫੜ ਰਹੀਆਂ ਹਨ। ਹਾਲ ਹੀ ਵਿਚ ਨਾਗਾਲੈਂਡ 'ਚ ਸੱਤਾਧਾਰੀ ਨੈਸ਼ਨਲਿਸਟ ਡੈਮੋਕ੍ਰੇਟਿਕ ਪ੍ਰੋਗਰੈਸਿਵ ਪਾਰਟੀ (ਐਨ.ਡੀ.ਪੀ.ਪੀ.) ਨੇ ਨਾਗਾ ਪੀਪਲਜ਼ ਫਰੰਟ (ਐਨ.ਪੀ.ਐਫ.) ਵਿਚ ਰਲੇਵਾਂ ਕਰ ਲਿਆ ਹੈ ਤੇ ਨਵੀਂ ਪਾਰਟੀ ਦਾ ਨਾਂਅ ਐਨ.ਪੀ.ਐਫ. ਹੋਵੇਗਾ, ਜਿਸ ਦੇ ਨੇਤਾ ਮੁੱਖ ਮੰਤਰੀ ਨੇਫਿਯੂ ਰੀਓ ਹੋਣਗੇ। ਇਸ ਨਵੀਂ ਪਾਰਟੀ ਕੋਲ ਹੁਣ 60 ਮੈਂਬਰੀ ਵਿਧਾਨ ਸਭਾ ਵਿਚ 34 ਵਿਧਾਇਕ ਹਨ, ਮਤਲਬ ਐਨ.ਪੀ.ਐਫ. ਕੋਲ ਹੁਣ ਆਪਣਾ ਬਹੁਮਤ ਹੋਣ ਕਰਕੇ ਹੁਣ ਉਨ੍ਹਾਂ ਨੂੰ ਭਾਜਪਾ ਦੇ 12 ਵਿਧਾਇਕਾਂ ਦੀ ਲੋੜ ਨਹੀਂ ਹੈ। ਇਸ ਦੌਰਾਨ ਇਕ ਨਵੇਂ ਘਟਨਾਕ੍ਰਮ ਵਿਚ ਮੇਘਾਲਿਆ 'ਚ ਸੱਤਾਧਾਰੀ ਨੈਸ਼ਨਲ ਪੀਪਲਜ਼ ਪਾਰਟੀ (ਐਨ.ਪੀ.ਪੀ.) ਦੇ ਨੇਤਾ ਤੇ ਮੁੱਖ ਮੰਤਰੀ ਕੋਨਰਾਡ ਸੰਗਮਾ ਨੇ ਤ੍ਰਿਪੁਰਾ ਵਿਚ ਭਾਜਪਾ ਦੀ ਸਹਿਯੋਗੀ ਟਿਪਰਾ ਮੋਥਾ ਪਾਰਟੀ ਨਾਲ ਹੱਥ ਮਿਲਾ ਲਿਆ ਹੈ। ਦਿੱਲੀ 'ਚ ਮੁੱਖ ਮੰਤਰੀ ਕੋਨਰਾਡ ਸੰਗਮਾ ਤੇ ਟਿਪਰਾ ਮੋਥਾ ਨੇਤਾ ਪ੍ਰਦਯੋਤ ਦੇਬਬਰਮਨ ਨੇ ਇਕ ਪ੍ਰੈਸ ਕਾਨਫਰੰਸ ਵਿਚ ਐਲਾਨ ਕੀਤਾ ਕਿ ਦੋਵੇਂ ਪਾਰਟੀਆਂ ਉੱਤਰ-ਪੂਰਬ 'ਚ ਸਾਂਝੀ ਰਾਜਨੀਤੀ ਕਰਨਗੀਆਂ। ਦੋਵੇਂ ਪਾਰਟੀਆਂ ਆਪਣੇ ਖੇਤਰ 'ਚ ਸੰਵਿਧਾਨ ਦੀ 6ਵੀਂ ਅਨੁਸੂਚੀ ਦੀ ਰੱਖਿਆ ਕਰਨ ਦੇ ਨਾਲ-ਨਾਲ ਉੱਤਰ-ਪੂਰਬ ਵਿਚ ਖੇਤਰੀ ਪਾਰਟੀਆਂ ਦੀ ਰਾਜਨੀਤਕ ਪਛਾਣ ਨੂੰ ਕਾਇਮ ਰੱਖਣ ਲਈ ਕਾਂਗਰਸ ਤੇ ਭਾਜਪਾ ਦੋਹਾਂ ਤੋਂ ਦੂਰੀ ਬਣਾ ਕੇ ਰੱਖਣਗੀਆਂ।



# ਬ੍ਰਿਟਿਸ਼ ਕੋਲੰਬੀਆ ਤੋਂ ਤਿੰਨ ਵਿਦੇਸ਼ੀ ਡਿਪੋਰਟ

**ਚੰਡੀਗੜ੍ਹ:** ਕੈਨੇਡਾ ਸਰਹੱਦੀ ਸੇਵਾ ਏਜੰਸੀ (ਸੀ ਬੀ ਐੱਸ ਏ) ਬ੍ਰਿਟਿਸ਼ ਕੋਲੰਬੀਆ 'ਚ ਜਾਂਚ ਅਧੀਨ ਜਬਰੀ ਵਸੂਲੀ ਦੇ ਮਾਮਲਿਆਂ 'ਚ ਸ਼ਮੂਲੀਅਤ ਦੀ ਪੁਸ਼ਟੀ ਹੋਣ ਤੋਂ ਬਾਅਦ ਤਿੰਨ ਵਿਦੇਸ਼ੀ ਨਾਗਰਿਕਾਂ ਨੂੰ ਕੈਨੇਡਾ ਤੋਂ ਡਿਪੋਰਟ ਕਰ ਰਹੀ ਹੈ। ਇਸ ਤੋਂ ਇਲਾਵਾ ਸੀ ਬੀ ਐੱਸ ਏ ਨੇ ਕੈਨੇਡਾ 'ਚ ਗ਼ੈਰ ਕਾਨੂੰਨੀ ਢੰਗ ਨਾਲ ਰਹਿਣ ਦੇ ਸ਼ੱਕ ਹੇਠ 78 ਹੋਰ ਵਿਦੇਸ਼ੀ ਨਾਗਰਿਕਾਂ ਖ਼ਿਲਾਫ਼ ਜਾਂਚ ਸ਼ੁਰੂ ਕੀਤੀ ਹੈ। ਅਨੁਮਾਨ ਹੈ। ਕਿ ਇਹ ਵਿਅਕਤੀ ਪੰਜਾਬੀ ਮੂਲ ਦੇ ਹਨ। ਇਨ੍ਹਾਂ ਵਿਅਕਤੀਆਂ ਨੂੰ ਡਿਪੋਰਟ ਕਰਨ ਦਾ ਐਲਾਨ 7 ਨਵੰਬਰ ਨੂੰ ਕੀਤਾ ਗਿਆ ਸੀ ਤੇ ਬ੍ਰਿਟਿਸ਼ ਕੋਲੰਬੀਆ ਜਬਰੀ ਵਸੂਲੀ ਟਾਸਕ ਫੋਰਸ ਦੀ ਅਜਿਹੀ ਪਹਿਲੀ ਕਾਰਵਾਈ ਹੈ। 8 ਨਵੰਬਰ ਤੱਕ ਤਿੰਨੇ ਵਿਅਕਤੀਆਂ ਦੀ ਪਛਾਣ, ਕੌਮੀਅਤ ਤੇ ਇਨ੍ਹਾਂ ਨੂੰ ਜਿੱਥੇ ਭੇਜਿਆ ਜਾ ਕੀਤੀ ਗਈ ਹੈ। ਸੀ ਬੀ ਐੱਸ ਕਾਰਨਾਂ ਦਾ ਹਵਾਲਾ ਦਿੱਤਾ। ਹੈ। ਇਹ ਜਾਂਚ ਜਬਰੀ ਵਸੂਲੀ ਨੈੱਟਵਰਕ ਦੇ ਸੰਭਾਵੀ ਸਬੰਧਾਂ 'ਤੇ ਕੇਂਦਰਿਤ ਹੈ ਜਿਸ ਨੇ ਦੱਖਣੀ- ਏਸ਼ਿਆਈ ਕਾਰੋਬਾਰੀਆਂ ਨੂੰ ਧਮਕੀਆਂ, ਅੱਗਜ਼ਨੀ ਤੇ ਗੋਲੀਬਾਰੀ ਰਾਹੀਂ ਨਿਸ਼ਾਨਾ ਬਣਾਇਆ ਹੈ। ਜੇ ਜਾਂਚ ਦੌਰਾਨ ਸਬੰਧਾਂ ਦੀ ਪੁਸ਼ਟੀ ਹੋ ਜਾਂਦੀ ਹੈ ਤਾਂ ਹੋਰ ਵਿਅਕਤੀਆਂ ਨੂੰ ਵੀ ਡਿਪੋਰਟ ਕੀਤਾ ਜਾ ਸਕਦਾ ਹੈ ਜਿਨ੍ਹਾਂ 'ਚ ਕਈ ਆਰਜ਼ੀ ਵਸਨੀਕ, ਵਿਦਿਆਰਥੀ ਜਾਂ ਕਰਮਚਾਰੀ ਸ਼ਾਮਲ ਹਨ। ਬ੍ਰਿਟਿਸ਼ ਕੋਲੰਬੀਆ ਦੀ ਲੋਕ ਸੁਰੱਖਿਆ ਮੰਤਰੀ ਨੀਨਾ ਕ੍ਰਾਈਗਰ ਨੇ ਅੱਜ ਐਕਸ 'ਤੇ ਵੀਡੀਓ ਸੁਨੇਹੇ 'ਚ ਸੀ ਬੀ ਐੱਸ ਏ ਦੀ ਭੂਮਿਕਾ ਨੂੰ ਜ਼ਰੂਰੀ ਦਸਦਿਆਂ ਕਿਹਾ, ''ਜਿਹੜੇ ਲੋਕ ਜਬਰੀ ਵਸੂਲੀ ਕਰਦੇ ਹਨ ਤੇ ਸਾਡੇ ਭਾਈਚਾਰਿਆਂ ਨੂੰ ਡਰਾਉਂਦੇ ਹਨ, ਉਨ੍ਹਾਂ ਨੂੰ ਫੜਿਆ ਜਾਵੇਗਾ, ਉਨ੍ਹਾਂ 'ਤੇ ਦੋਸ਼ ਤੈਅ ਕੀਤੇ ਜਾਣਗੇ ਅਤੇ ਜਿਵੇਂ ਕਿ ਅਸੀਂ ਅੱਜ ਦੇਖਿਆ ਜੇ ਉਹ ਕੈਨੇਡਾ ਦੇ ਨਾਗਰਿਕ ਨਹੀਂ ਹਨ ਤਾਂ ਉਨ੍ਹਾਂ ਨੂੰ ਇੱਥੋਂ ਕੱਢਿਆ ਜਾ ਸਕਦਾ ਹੈ।'' ਸੀ ਬੀ ਐੱਸ ਏ ਪ੍ਰਸ਼ਾਂਤ ਖੇਤਰ ਦੀ ਡਾਇਰੈਕਟਰ ਜਨਰਲ ਨੀਨਾ ਪਟੇਲ ਨੇ ਕਿਹਾ ਕਿ ਇਹ ਕਾਰਵਾਈ ਸੰਗਠਿਤ ਅਪਰਾਧ ਨਾਲ ਨਜਿੱਠਣ 'ਚ ਏਜੰਸੀ ਦੀ ਭੂਮਿਕਾ ਨੂੰ ਉਭਾਰਦੀ ਹੈ। ਬ੍ਰਿਟਿਸ਼ ਕੋਲੰਬੀਆ ਦਾ ਸਰੀ ਪਰਵਾਸੀ ਪੰਜਾਬੀਆਂ ਦਾ ਕੇਂਦਰ ਹੈ ਅਤੇ ਇੱਥੇ ਪੁਲੀਸ ਨੇ ਦੱਖਣੀ-ਏਸ਼ਿਆਈ ਕਾਰੋਬਾਰੀਆਂ ਨੂੰ ਨਿਸ਼ਾਨਾ ਬਣਾ ਕੇ ਕੀਤੀ ਗਈ ਜਬਰੀ ਵਸੂਲੀ ਨਾਲ ਸਬੰਧਤ ਦਰਜਨਾਂ ਮਾਮਲਿਆਂ ਦੀ ਜਾਂਚ ਕੀਤੀ ਹੈ। ਪੰਜਾਬੀ ਕਾਰੋਬਾਰੀ ਨੇ ਲਗਜ਼ਰੀ ਬੈਂਟਲੇ ਕਾਰ ਖਰੀਦੀ, ਜਿਸ ਮਗਰੋਂ ਉਸ ਤੋਂ ਵਸੂਲੀ ਦੀ ਮੰਗ ਕੀਤੀ ਗਈ। ਇਸੇ ਤਰ੍ਹਾਂ ਸਰੀ 'ਚ ਕਾਮੇਡੀਅਨ ਕਪਿਲ ਸ਼ਰਮਾ ਦੇ ਕੈਪਜ਼ ਕੈਫੇ ਨੂੰ ਕਈ ਵਾਰ ਨਿਸ਼ਾਨਾ ਬਣਾਇਆ ਗਿਆ। ਬ੍ਰਿਟਿਸ਼ ਕੋਲੰਬੀਆ 'ਚ ਜਬਰੀ ਵਸੂਲੀ ਦੇ ਮਾਮਲਿਆਂ ਵਿੱਚ 2025 ਦੀ ਸ਼ੁਰੂਆਤ 'ਚ ਵਾਧਾ ਹੋਇਆ ਹੈ ਜਿਸ ਦੌਰਾਨ ਅਪਰਾਧੀ ਕ੍ਰਿਪਟੋ ਕਰੰਸੀ ਰਾਹੀਂ ਭੁਗਤਾਨ ਦੀ ਮੰਗ ਕਰਨ ਲਈ ਸੋਸ਼ਲ ਮੀਡੀਆ ਦੀ ਵਰਤੋਂ ਕਰ ਰਹੇ ਸਨ ਤੇ ਇਨਕਾਰ ਕਰਨ 'ਤੇ ਹਿੰਸਾ ਕਰ ਰਹੇ ਸਨ।




# ਅਨਿਲ ਅੰਬਾਨੀ ਦੀ ਗ੍ਰਿਫ਼ਤਾਰੀ ਕਿਉਂ ਨਹੀਂ?

**ਮੁੰਬਈ:** ਦੇਸ਼ ਦੇ ਸਭ ਤੋਂ ਅਮੀਰ ਕਾਰੋਬਾਰੀ ਮੁਕੇਸ਼ ਅੰਬਾਨੀ ਦੇ ਛੋਟੇ ਭਰਾ ਤੇ ਕਦੇ ਸਰਕਾਰ ਦੇ ਚਹੇਤੇ ਕਾਰੋਬਾਰੀ ਰਹੇ ਅਨਿਲ ਅੰਬਾਨੀ ਦੀਆਂ ਮੁਸ਼ਕਿਲਾਂ ਵਧਦੀਆਂ ਜਾ ਰਹੀਆਂ ਹਨ। ਪਰ ਮੁਸ਼ਕਿਲਾਂ ਵਧਣ ਦੇ ਬਾਅਦ ਇਹ ਸਵਾਲ ਉੱਠਦਾ ਹੈ ਕਿ ਉਸ ਨੂੰ ਇੰਨੀਆਂ ਰਿਆਇਤਾਂ ਕਿਉਂ ਮਿਲ ਰਹੀਆਂ ਹਨ ? ਉਸ ਦੇ ਖ਼ਿਲਾਫ਼ ਜਿੰਨੇ ਮਾਮਲੇ ਹਨ ਅਤੇ ਉਨ੍ਹਾਂ ਬਾਰੇ ਜਿਸ ਤਰ੍ਹਾਂ ਦੀਆਂ ਖ਼ਬਰਾਂ ਆ ਰਹੀਆਂ ਹਨ, ਇਸ ਨੂੰ ਦੇਖਦਿਆਂ ਉਸ ਦੀ ਗ੍ਰਿਫ਼ਤਾਰੀ ਬਹੁਤ ਪਹਿਲਾਂ ਹੋ ਜਾਣੀ ਚਾਹੀਦੀ ਸੀ । ਅਜਿਹੇ ਮਾਮਲਿਆਂ ਵਿਚ ਆਮ ਤੌਰ 'ਤੇ ਕੇਂਦਰੀ ਏਜੰਸੀਆਂ ਮੁਲਜ਼ਮ ਨੂੰ ਗ੍ਰਿਫ਼ਤਾਰ ਪਹਿਲਾਂ ਕਰਦੀਆਂ ਹਨ ਅਤੇ ਬਾਕੀ ਦੀ ਕਾਰਵਾਈ ਬਾਅਦ 'ਚ ਹੁੰਦੀ ਹੈ। ਭਾਵੇਂ ਅਨਿਲ ਅੰਬਾਨੀ 'ਤੇ ਕਾਰਵਾਈ ਹੋ ਰਹੀ ਹੈ ਪਰ ਗ੍ਰਿਫ਼ਤਾਰੀ ਨਹੀਂ। ਰਿਪੋਰਟਾਂ ਅਨੁਸਾਰ ਇਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਨੇ ਅਨਿਲ ਅੰਬਾਨੀ ਸਮੂਹ ਦੀਆਂ ਕੰਪਨੀਆਂ ਦੀ 3,000 ਕਰੋੜ ਰੁਪਏ ਦੀ ਜਾਇਦਾਦ ਜ਼ਬਤ ਕੀਤੀ ਹੈ, ਪਰ ਇਸ ਦੀ ਪੁਸ਼ਟੀ ਨਹੀਂ ਕੀਤੀ ਹੈ। ਖ਼ਬਰ ਆਈ ਸੀ ਕਿ ਉਸ ਦੇ ਪੁੱਤਰ ਜੈ ਅਨਮੋਲ 'ਤੇ ਵੀ ਵਿੱਤੀ ਬੇਨਿਯਮੀਆਂ ਦੇ ਦੋਸ਼ ਲੱਗੇ ਹਨ। ਇਸ ਤੋਂ ਪਹਿਲਾਂ ਖ਼ਬਰ ਆਈ ਸੀ ਕਿ ਦੇਸ਼ ਦੇ 2 ਵੱਡੇ ਬੈਂਕਾਂ ਨੇ ਅਨਿਲ ਅੰਬਾਨੀ ਦੀ ਕੰਪਨੀ ਦੇ ਖਾਤਿਆਂ ਨੂੰ ਧੋਖਾਧੜੀ ਵਾਲੇ (ਫਰਾਡ) ਐਲਾਨ ਦਿੱਤਾ ਹੈ। ਅਨਿਲ ਅੰਬਾਨੀ 'ਤੇ 17,000 ਕਰੋੜ ਰੁਪਏ ਦੀ ਵਿੱਤੀ ਧੋਖਾਧੜੀ ਦੇ ਦੋਸ਼ ਲੱਗ ਰਹੇ ਹਨ, ਪਰ ਉਸ ਤੋਂ ਟੁਕੜਿਆਂ 'ਚ ਪੁੱਛਗਿੱਛ ਕੀਤੀ ਜਾ ਰਹੀ ਹੈ। ਇਸ ਲਈ ਸਵਾਲ ਉੱਠਦਾ ਹੈ ਕਿ ਅੱਗੇ ਕੀ ਹੋਵੇਗਾ? ਕੀ ਇਹ ਮਾਮਲਾ ਇਸੇ ਤਰ੍ਹਾਂ ਹੌਲੀ ਰਫ਼ਤਾਰ ਨਾਲ ਜਾਰੀ ਰਹੇਗਾ, ਕੋਈ ਕਾਰਵਾਈ ਹੋਵੇਗੀ ਜਾਂ ਇਸ ਨੂੰ ਟਾਲ ਕੇ ਠੰਢੇ ਬਸਤੇ 'ਚ ਪਾ ਦਿੱਤਾ ਜਾਵੇਗਾ? ਜ਼ਿਕਰਯੋਗ ਹੈ ਕਿ ਅਨਿਲ ਅੰਬਾਨੀ ਪਹਿਲੇ ਵਿਅਕਤੀ ਸਨ, ਜਿਸ ਨੇ ਜਨਤਕ ਤੌਰ 'ਤੇ ਨਰਿੰਦਰ ਮੋਦੀ ਦੇ ਪ੍ਰਧਾਨ ਮੰਤਰੀ ਬਣਨ ਦੀ ਕਾਮਨਾ ਕੀਤੀ ਸੀ ।



# ਅਮਰੀਕਾ ਵੀਜ਼ਾ ਨੀਤੀ ਵਿਚ ਤਬਦੀਲੀ; ਸਿਹਤ ਵੇਖ ਕੇ ਮਿਲਣਗੇ ਵੀਜ਼ੇ

**ਨਿਊਯਾਰਕ:** ਲੰਬੇ ਸਮੇਂ ਤੋਂ ਅਮਰੀਕੀ ਪ੍ਰਸ਼ਾਸਨ ਆਪਣੀਆਂ ਨਵੀਆਂ ਨੀਤੀਆਂ ਲਾਗੂ ਕਰ ਰਿਹਾ ਹੈ। ਪਰਵਾਸੀਆਂ ਲਈ ਵੀਜ਼ੇ ਤੇ ਵੱਖ-ਵੱਖ ਦੇਸ਼ਾਂ 'ਤੇ ਲਗਾਏ ਟੈਰਿਫ ਕਾਰਨ ਟਰੰਪ ਨੂੰ ਨਿੰਦਾ ਦਾ ਵੀ ਸਾਹਮਣਾ ਕਰਨਾ ਪਿਆ ਹੈ। ਅਮਰੀਕਾ ਨੇ ਆਪਣੀ ਵੀਜ਼ਾ ਨੀਤੀ ਮੁੜ ਅਪਡੇਟ ਕੀਤੀ ਹੈ।

> **ਨਵੀਂ ਵੀਜ਼ਾ ਨੀਤੀ ਦਾ ਅਸਰ ਅਜਿਹੇ ਵਿਦਿਆਰਥੀਆਂ 'ਤੇ ਵੀ ਪਵੇਗਾ, ਜਿਹੜੇ ਆਪਣੇ ਮਾਪਿਆਂ ਲਈ ਅਮਰੀਕਾ ਆਉਣ ਦਾ ਰਾਹ ਪੱਧਰਾ ਕਰ ਰਹੇ ਹਨ ਪਰ ਮਾਪੇ ਕਿਸੇ ਗੰਭੀਰ ਬਿਮਾਰੀ ਨਾਲ ਜੂਝ ਰਹੇ ਹਨ।**

ਉਸ ਮੁਤਾਬਕ ਜੇ ਕੋਈ ਵਿਅਕਤੀ ਮੋਟਾਪੇ, ਕੈਂਸਰ, ਸ਼ੂਗਰ ਜਾਂ ਦਿਲ ਦੀਆਂ ਬਿਮਾਰੀਆਂ ਤੋਂ ਪੀੜਤ ਹੈ ਤਾਂ ਉਸ ਦਾ ਵੀਜ਼ਾ ਰੱਦ ਹੋ ਸਕਦਾ ਹੈ। ਅਮਰੀਕਾ ਨੇ ਇਹ ਫ਼ੈਸਲਾ ਸੰਯੁਕਤ ਰਾਜ ਦੇ ਸਿਹਤ ਖ਼ਰਚੇ 'ਤੇ ਵਿੱਤੀ ਭਾਰ ਘਟਾਉਣਾ ਲਈ ਲਿਆ ਹੈ। ਯੂਐੱਸ ਸਟੇਟ ਡਿਪਾਰਟਮੈਂਟ ਨੇ ਆਪਣੇ ਦੂਤਘਰਾਂ, ਤੇ ਕੌਂਸਲੇਟ ਨੂੰ ਵੀਜ਼ਾ ਅਪਲਾਈ ਕਰਨ ਵਾਲਿਆਂ ਦੀ ਸਿਹਤ ਵੱਲ ਧਿਆਨ ਕੇਂਦ੍ਰਿਤ ਕਰਨ ਦੇ ਹੁਕਮ ਦਿੱਤੇ ਹਨ। ਇਸ ਪਾਲਿਸੀ ਮੁਤਾਬਕ ਸਿਰਫ਼ ਵੀਜ਼ਾ ਅਰਜ਼ੀ ਦੇਣ ਵਾਲੇ ਦੀ ਸਿਹਤ ਹੀ ਨਹੀਂ ਦੇਖੀ ਜਾਂਦੀ, ਬਲਕਿ ਉਨ੍ਹਾਂ 'ਤੇ ਨਿਰਭਰ ਪਰਿਵਾਰਕ ਮੈਂਬਰਾਂ ਦੀ ਸਿਹਤ ਨੂੰ ਵੀ ਦੇਖਿਆ ਜਾਂਦਾ ਹੈ। ਹੁਣ ਵੀਜ਼ਾ ਅਧਿਕਾਰੀਆਂ ਕੋਲ ਇਸ ਗੱਲ ਦੀ ਤਾਕਤ ਹੋਵੇਗੀ ਕਿ ਉਹ ਅਜਿਹੀਆਂ ਵਿਸ਼ੇਸ਼ ਸਿਹਤ ਸਮੱਸਿਆਵਾਂ ਵਾਲੇ ਬਿਨੈਕਾਰਾਂ ਦੇ ਵੀਜ਼ੇ ਰੱਦ ਕਰ ਸਕਣਗੇ। ਅਮਰੀਕੀ ਸਿਹਤ ਵਿਭਾਗ ਤੇ ਪ੍ਰਸ਼ਾਸਨ ਨੂੰ ਇਹ ਖ਼ਦਸ਼ਾ ਹੈ ਕਿ ਅਜਿਹੀਆਂ ਬਿਮਾਰੀਆਂ ਵਾਲੇ ਲੋਕ ਉਨ੍ਹਾਂ ਦੇ ਹੈਲਥ ਸਿਸਟਮ 'ਤੇ ਬੋਝ ਦੇ ਨਾਲ-ਨਾਲ ਅਮਰੀਕਾ ਦੇ ਮੂਲ ਨਿਵਾਸੀਆਂ ਲਈ ਮੁਸ਼ਕਲਾਂ ਖੜ੍ਹੀਆਂ ਕਰ ਸਕਦੇ ਹਨ। ਭਾਰਤੀਆਂ ਦੇ ਲਿਹਾਜ਼ ਨਾਲ ਅਮਰੀਕਾ ਦੀ ਇਹ ਨੀਤੀ ਵੱਧ ਪਰੇਸ਼ਾਨ ਕਰਨ ਵਾਲੀ ਹੈ। ਇਕ ਰਿਪੋਰਟ ਦੇ ਮੁਤਾਬਕ ਸਾਲ 2023 'ਚ ਨਵੀਂ ਦਿੱਲੀ 'ਚ ਅਮਰੀਕੀ ਦੂਤਘਰ ਨੇ ਡੇਢ ਲੱਖ ਤੋਂ ਵੱਧ ਵੀਜ਼ਿਆਂ ਨੂੰ ਪ੍ਰੋਸੈੱਸ ਕੀਤਾ।

ਇਹ 2022 ਨਾਲੋਂ ਵੀਜ਼ਾ ਅਰਜ਼ੀਆਂ 'ਚ 60 ਫ਼ੀਸਦੀ ਦਾ ਵਾਧਾ ਸੀ। ਜਦਕਿ ਇਸੇ ਸਾਲ ਅਮਰੀਕਾ ਨੇ 5 ਲੱਖ 62 ਹਜ਼ਾਰ 976 ਵੀਜ਼ੇ ਜਾਰੀ ਕੀਤੇ ਹਨ। ਇਸੇ ਤਰ੍ਹਾਂ ਇਕ ਹੋਰ ਰਿਪੋਰਟ ਮੁਤਾਬਕ ਹਰ ਸਾਲ ਕੋਈ ਸੱਤ ਲੱਖ ਭਾਰਤੀ ਅਮਰੀਕਾ ਜਾਣ ਲਈ ਵੀਜ਼ੇ ਅਪਲਾਈ ਕਰਦੇ ਹਨ। ਇਹ ਅਰਜ਼ੀਆਂ 'ਚ ਹਰ ਸਾਲ ਹੋਣ ਵਾਲਾ ਲੱਖਾਂ ਦੀ ਗਿਣਤੀ ਦਾ ਵਾਧਾ ਇਸ ਗੱਲ ਨੂੰ ਦਰਸਾਉਂਦਾ ਹੈ ਕਿ ਭਾਰਤੀ ਨਾਗਰਿਕਾਂ 'ਚ ਅਮਰੀਕਾ ਦੀ ਯਾਤਰਾ ਕਰਨ ਲਈ ਕਿੰਨਾ ਉਤਸ਼ਾਹ ਹੈ ਤੇ ਸੈਰ-ਸਪਾਟੇ ਦੇ ਨਾਲ-ਨਾਲ ਅਮਰੀਕਾ 'ਚ ਕਾਰੋਬਾਰ ਲਈ ਵੀ ਬਹੁਤੇ ਲੋਕ ਅਰਜ਼ੀਆਂ ਲਗਾਉਂਦੇ ਹਨ। ਇਸ ਸਾਲ ਕਰੀਬ 3 ਲੱਖ 30 ਹਜ਼ਾਰ ਵਿਦਿਆਰਥੀਆਂ ਨੇ ਵੀਜ਼ਿਆਂ ਲਈ ਅਰਜ਼ੀਆਂ ਦਿੱਤੀਆਂ ਹਨ। ਇਸ ਨਾਲ ਸੰਯੁਕਤ ਰਾਜ ਅਮਰੀਕਾ 'ਚ ਉਚੇਰੀ ਸਿੱਖਿਆ ਹਾਸਲ ਕਰਨ ਲਈ ਵਿਦਿਆਰਥੀਆਂ ਦੀ ਦਿਲਚਸਪੀ ਦਾ ਅੰਦਾਜ਼ਾ ਲਾਇਆ ਜਾ ਸਕਦਾ ਹੈ। ਹਾਲਾਂਕਿ ਭਾਰਤ ਜਾਂ ਇਸ ਦੇ ਸੂਬਿਆਂ ਤੋਂ ਅਮਰੀਕਾ ਜਾਂ ਹੋਰ ਮੁਲਕਾਂ ਲਈ ਜਾਣ ਵਾਲੇ ਵਿਦਿਆਰਥੀਆਂ ਦਾ ਇਕੱਲਾ ਸੁਪਨਾ ਉੱਥੇ ਜਾ ਕੇ ਸਿੱਖਿਆ ਹਾਸਲ ਕਰਨਾ ਨਹੀਂ ਹੈ। ਬਹੁਤੇ ਵਿਦਿਆਰਥੀ ਉਹ ਹਨ ਜੋ ਰੁਜ਼ਗਾਰ ਤੇ ਹੋਰ ਕਾਰਨਾਂ ਕਰਕੇ ਅਮਰੀਕਾ ਦਾ ਵੀਜ਼ਾ ਹਾਸਲ ਕਰਦੇ ਹਨ। ਉਨ੍ਹਾਂ ਦਾ ਸੁਪਨਾ ਆਰਥਿਕ ਤੌਰ 'ਤੇ ਸਮਰੱਥ ਮੁਲਕ 'ਚ ਪੱਕੇ ਤੌਰ 'ਤੇ ਵਸਣਾ ਹੈ। ਕਈ ਵਿਦਿਆਰਥੀ ਆਪਣੇ ਮਾਪਿਆਂ ਜਾਂ ਜੀਵਨ ਸਾਥੀਆਂ ਨੂੰ ਵੀ ਅਮਰੀਕਾ ਪਹੁੰਚ ਕੇ ਵੀਜ਼ਾ ਪ੍ਰਣਾਲੀ ਰਾਹੀਂ ਬੁਲਾਉਂਦੇ ਹਨ। ਨਵੀਂ ਵੀਜ਼ਾ ਨੀਤੀ ਦਾ ਅਸਰ ਅਜਿਹੇ ਵਿਦਿਆਰਥੀਆਂ 'ਤੇ ਵੀ ਪਵੇਗਾ, ਜਿਹੜੇ ਆਪਣੇ ਮਾਪਿਆਂ ਲਈ ਅਮਰੀਕਾ ਆਉਣ ਦਾ ਰਾਹ ਪੱਧਰਾ ਕਰ ਰਹੇ ਹਨ ਪਰ ਮਾਪੇ ਕਿਸੇ ਗੰਭੀਰ ਬਿਮਾਰੀ ਨਾਲ ਜੂਝ ਰਹੇ ਹਨ। ਵਿਦੇਸ਼ ਜਾਣ ਦੇ ਚਾਹਵਾਨਾਂ ਲਈ ਚਿੰਤਾ ਦੀ ਗੱਲ ਇਹ ਹੈ ਕਿ ਅਮਰੀਕਾ ਦੀ ਨੀਤੀ ਨੂੰ ਦੇਖ ਕੇ ਹੋਰ ਮੁਲਕ ਵੀ ਆਪਣੇ ਹੈਲਥ ਸਿਸਟਮ 'ਤੇ ਪਰਵਾਸੀਆਂ ਕਾਰਨ ਪੈਣ ਵਾਲੇ ਪ੍ਰਭਾਵਾਂ ਦਾ ਮੁਲਾਂਕਣ ਕਰਨ ਬਾਰੇ ਸੋਚ ਸਕਦੇ ਹਨ।



ਪੰਜਾਬ ਟਾਈਮਜ਼

15 ਨਵੰਬਰ, ਸ਼ਨਿਚਰਵਾਰ

# ਅਮਰੀਕੀ ਸਿਆਸਤ ਦੀ ਕਰਵਟ

ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਨੂੰ ਦੁਬਾਰਾ ਗੱਦੀ ਸੰਭਾਲਿਆਂ ਅਜੇ ਪੌਣਾ ਕੁ ਸਾਲ ਹੀ ਬੀਤਿਆ ਹੈ ਕਿ ਉਸਦੀ ਲੱਠਮਾਰ ਰਾਜਨੀਤੀ ਦੇ ਪੈਰ ਉਖੜਣੇ ਵੀ ਸ਼ੁਰੂ ਹੋ ਗਏ ਹਨ। ਇਸ ਦਾ ਕਾਰਨ ਉਸਦੀ ਟੈਰਿਫ ਨੀਤੀ ਵੀ ਹੋ ਸਕਦਾ ਹੈ ਅਤੇ ਉਸ ਦੇ ਸੁਭਾਅ ਦਾ ਅੱਥਰਾਪਨ ਵੀ। ਜਿਵੇਂ ਉਹ ਟੈਰਿਫ ਵਧਾਉਣ ਅਤੇ ਇਸ ਨੂੰ ਜਬਰੀ ਉਗਰਾਹੁਣ ਦੇ ਦਮਗਜੇ ਮਾਰਦਾ ਹੈ, ਇਹ ਸਭ ਉਸਦੀ ਰਾਜਨੀਤਕ ਸਿਹਤ ਲਈ ਮਾਫਕ ਨਹੀਂ ਹੈ। ਨਿਵਾਣਾਂ ਵਲ ਜਾ ਰਹੀ ਉਸਦੀ ਹਰਮਨ-ਪਿਆਰਤਾ ਅਤੇ ਉਸਦੀ ਤਿੜਕ ਰਹੀ ਰਾਜਨੀਤੀ ਦਾ ਤਾਜ਼ਾ ਸਬੂਤ ਨਿਊਯਾਰਕ ਦੇ ਮੇਅਰ ਦੀ ਚੋਣ ਨਾਲ ਸਾਹਮਣੇ ਆਇਆ ਹੈ।

ਨਿਊਯਾਰਕ ਨੂੰ 'ਦੁਨੀਆ ਦੀ ਆਰਥਿਕ ਰਾਜਧਾਨੀ' ਮੰਨਿਆ ਜਾਂਦਾ ਹੈ। ਉਥੇ ਹੁੰਦੀ ਹਰ ਤਰ੍ਹਾਂ ਦੀ ਵਪਾਰਕ ਕਾਰਵਾਈ ਦਾ ਸਮੁੱਚੇ ਸੰਸਾਰ 'ਤੇ ਅਸਰ ਪੈਂਦਾ ਹੈ। ਇਹ ਵੀ ਵੱਡਾ ਕਾਰਨ ਹੈ ਕਿ ਇਸ ਮਹਾਨਗਰ ਦੇ ਮੇਅਰ ਦੀ ਚੋਣ ਨੂੰ ਦੁਨੀਆ ਭਰ 'ਚ ਦਿਲਚਸਪੀ ਨਾਲ ਦੇਖਿਆ ਜਾਂਦਾ ਹੈ। ਉਨੀ ਹੀ ਵੱਡੀ ਦਿਲਚਸਪੀ ਇਸ ਚੋਣ ਸੰਬੰਧੀ ਹੁੰਦੀ ਹੈ, ਜਿੰਨੀ ਅਮਰੀਕਾ ਦੇ ਰਾਸ਼ਟਰਪਤੀ ਦੀਆਂ ਚੋਣਾਂ ਲਈ ਲੋਕਾਂ ਵਲੋਂ ਦਿਖਾਈ ਜਾਂਦੀ ਹੈ। ਅਮਰੀਕਾ ਦੀ ਸਿਆਸਤ ਹਮੇਸ਼ਾ ਹੈਰਾਨ ਕਰਨ ਵਾਲੀ ਰਹੀ ਹੈ। ਇਥੇ ਸ਼ੁਰੂ ਤੋਂ ਹੀ ਇਹ ਪਰੰਪਰਾ ਬਣ ਚੁੱਕੀ ਹੈ ਕਿ ਚੁਣਿਆ ਗਿਆ ਰਾਸ਼ਟਰਪਤੀ ਆਪਣੇ ਅਹੁਦੇ 'ਤੇ ਦੋ ਵਾਰ ਹੀ ਰਹਿੰਦਾ ਹੈ।

ਰਾਸ਼ਟਰਪਤੀ ਡੋਨਲਡ ਟਰੰਪ ਪਹਿਲਾਂ ਰਿਪਬਲਿਕਨ ਪਾਰਟੀ ਵਲੋਂ ਇਕ ਵਾਰ ਚੋਣ ਜਿੱਤ ਗਿਆ ਸੀ ਪਰ ਆਪਣੀਆਂ ਧੁਸਮਾਰ ਨੀਤੀਆਂ ਕਾਰਨ ਉਹ ਅਗਲੀ ਵਾਰ ਚੋਣ ਹਾਰ ਗਿਆ ਸੀ। ਪਰ 2024 ਵਿਚ ਉਹ ਦੁਬਾਰਾ ਚੋਣ ਜਿੱਤ ਕੇ ਮੁੜ ਰਾਸ਼ਟਰਪਤੀ ਬਣ ਗਿਆ। ਆਪਣੇ ਲਗਭਗ 9 ਮਹੀਨਿਆਂ ਦੇ ਕਾਰਜਕਾਲ 'ਚ ਆਪਣੀਆਂ ਨੀਤੀਆਂ ਕਾਰਨ ਉਹ ਬੇਹੱਦ ਵਿਵਾਦ-ਗ੍ਰਸਤ ਰਾਸ਼ਟਰਪਤੀ ਬਣ ਚੁੱਕਾ ਹੈ।

ਨਿਊਯਾਰਕ ਦੇ ਮੇਅਰ ਦੀਆਂ ਚੋਣਾਂ ਦੌਰਾਨ ਜੋ ਘਟਨਾਕ੍ਰਮ ਵਾਪਰਿਆ ਹੈ, ਉਹ ਹੈਰਾਨ ਕਰ ਦੇਣ ਵਾਲਾ ਹੈ। ਇਥੇ ਡੈਮੋਕ੍ਰੇਟਿਕ ਪਾਰਟੀ ਦੇ ਉਮੀਦਵਾਰ ਜ਼ੋਹਰਾਨ ਮਮਦਾਨੀ ਜੋ ਪਹਿਲਾਂ ਕੁਈਨਜ਼ ਤੋਂ ਰਾਜ ਵਿਧਾਨ ਸਭਾ ਮੈਂਬਰ ਚੁਣਿਆ ਗਿਆ ਸੀ, ਨਿਊਯਾਰਕ ਦਾ ਮੇਅਰ ਬਣ ਗਿਆ ਹੈ। ਉਸ ਨੇ ਆਪਣੀ ਪਾਰਟੀ ਵਲੋਂ ਮੇਅਰ ਦੇ ਅਹੁਦੇ ਦੀਆਂ ਚੋਣਾਂ ਲੜੀਆਂ ਸਨ। ਇਹ ਚੋਣਾਂ ਇਸ ਲਈ ਵੀ ਵੱਡੀ ਚਰਚਾ 'ਚ ਰਹੀਆਂ, ਕਿਉਂਕਿ ਇਨ੍ਹਾਂ ਵਿਚ ਰਾਸ਼ਟਰਪਤੀ ਡੋਨਲਡ ਟਰੰਪ ਦੀ ਰਿਪਬਲਿਕਨ ਪਾਰਟੀ ਦੇ ਉਮੀਦਵਾਰ ਕਰਵਿਸ ਸਲੀਵਾ ਅਤੇ ਸਾਬਕਾ ਮੇਅਰ ਐਂਡਰਿਊ ਕਿਓਮੋ ਨੂੰ ਨਿਰਾਸ਼ਾਜਨਕ ਹਾਰ ਹੋਈ ਜਦੋਂ ਕਿ ਡੈਮੋਕ੍ਰੇਟਿਕ ਉਮੀਦਵਾਰ ਜ਼ੋਹਰਾਨ ਮਮਦਾਨੀ ਨੂੰ ਸ਼ਾਨਦਾਰ ਜਿੱਤ ਪ੍ਰਾਪਤ ਹੋਈ ਹੈ। ਮਮਦਾਨੀ ਦੀ ਉਮਰ ਸਿਰਫ਼ 34 ਸਾਲ ਹੈ। ਉਸ ਦਾ ਪਿਛੋਕੜ ਭਾਰਤੀ ਮੂਲ ਦਾ ਹੈ। ਇਹ ਪਹਿਲੀ ਵਾਰ ਹੈ ਕਿ ਜਦੋਂ ਕਿਸੇ ਦੱਖਣੀ ਏਸ਼ੀਆ ਦੇ ਮੁਸਲਮਾਨ ਨੂੰ ਏਨੀ ਮਹੱਤਵਪੂਰਨ ਚੋਣ ਵਿਚ ਵੱਡੀ ਜਿੱਤ ਪ੍ਰਾਪਤ ਹੋਈ ਹੈ। ਉਹ ਵੀ ਉਸ ਸਮੇਂ ਜਦੋਂ ਰਾਸ਼ਟਰਪਤੀ ਟਰੰਪ ਨੇ ਲਗਾਤਾਰ ਮਮਦਾਨੀ ਦੀ ਆਲੋਚਨਾ ਕੀਤੀ ਸੀ ਤੇ ਇਥੋਂ ਤੱਕ ਧਮਕੀ ਦਿੱਤੀ ਸੀ ਕਿ ਜੇ ਉਹ ਜਿੱਤਦਾ ਹੈ ਤਾਂ ਅਮਰੀਕਾ ਸਰਕਾਰ ਵਲੋਂ ਨਿਊਯਾਰਕ ਨੂੰ ਦਿੱਤੇ ਜਾਂਦੇ ਫੰਡ ਬੰਦ ਕਰ ਦਿੱਤੇ ਜਾਣਗੇ। ਪਰ 400 ਸਾਲਾਂ ਦੇ ਇਤਿਹਾਸ ਵਾਲੇ ਇਸ ਸ਼ਹਿਰ ਦੇ ਇਤਿਹਾਸ ਵਿਚ ਇਹ ਪਹਿਲੀ ਵਾਰ ਹੈ ਕਿ ਇਸ ਜਿੱਤ ਨੂੰ ਚਮਤਕਾਰ ਮੰਨਿਆ ਜਾ ਰਿਹਾ ਹੈ। ਮਮਦਾਨੀ ਦਾ ਪਿਛੋਕੜ ਇਹ ਰਿਹਾ ਹੈ ਕਿ ਉਹ ਸਟੇਜਾਂ 'ਤੇ ਗਾਣੇ ਗਾਉਣ ਦੇ ਨਾਲ-ਨਾਲ ਸੰਗੀਤ ਤੇ ਫ਼ਿਲਮੀ ਦੁਨੀਆ 'ਚ ਵੀ ਵਿਚਰਦਾ ਰਿਹਾ ਹੈ। ਉਸ ਦੀ ਮਾਤਾ ਮੀਰਾ ਨਾਇਰ ਹੈ, ਜੋ ਪੰਜਾਬੀ ਮੂਲ ਦੀ ਹੈ ਤੇ ਬਹੁਤ ਹੀ ਵਧੀਆ ਹਿੰਦੀ ਤੇ ਅੰਗਰੇਜ਼ੀ ਫ਼ਿਲਮਾਂ ਬਣਾਉਣ ਕਰਕੇ ਭਾਰਤ ਵਿਚ ਬਹੁਤ ਪ੍ਰਸਿੱਧ ਤੇ ਜਾਣਿਆ-ਪਛਾਣਿਆ ਨਾਂਅ ਹੈ। ਵੱਖ-ਵੱਖ ਖੇਤਰਾਂ ਵਿਚ ਵਿਚਰਨ ਤੋਂ ਬਾਅਦ ਇਕ 34 ਸਾਲ ਦੇ ਨੌਜਵਾਨ ਮਮਦਾਨੀ ਨੂੰ ਮਿਲਿਆ ਏਡਾ ਵੱਡਾ ਹੁੰਗਾਰਾ ਹੈਰਾਨੀਜਨਕ ਹੈ, ਕਿਉਂਕਿ ਉਹ ਸਿਰਫ ਸੱਤ ਸਾਲ ਪਹਿਲਾਂ ਅਮਰੀਕਾ ਦਾ ਸ਼ਹਿਰੀ ਬਣਿਆ ਸੀ ਤੇ ਪੰਜ ਸਾਲ ਪਹਿਲਾਂ ਉਸ ਨੇ ਕੁਈਨਜ਼ ਅਸੈਂਬਲੀ ਦੀ ਚੋਣ ਜਿੱਤ ਲਈ ਸੀ। ਆਪਣੇ ਚੋਣ ਪ੍ਰਚਾਰ 'ਚ ਉਹ ਲੋਕਾਂ ਨਾਲ ਜੁੜੀਆਂ ਕੁਝ ਮਹੱਤਵਪੂਰਨ ਮੂਲ ਗੱਲਾਂ ਨੂੰ ਉਭਾਰਦਾ ਰਿਹਾ ਹੈ। ਖ਼ਾਸ ਤੌਰ 'ਤੇ ਉਹ ਨੌਕਰੀਪੇਸ਼ਾ ਲੋਕਾਂ ਨੂੰ ਸੰਬੋਧਤ ਹੁੰਦਾ ਰਿਹਾ ਹੈ। ਇਸ ਦੇ ਨਾਲ-ਨਾਲ ਉਸ ਨੇ ਬੱਚਿਆਂ ਦੀ ਦੇਖਭਾਲ ਲਈ ਮੁਫ਼ਤ ਪ੍ਰਬੰਧ ਕਰਨ, ਮਕਾਨਾਂ ਦੇ ਕਿਰਾਏ ਨਾ ਵਧਾਉਣ, ਬੱਸ ਸੇਵਾ ਮੁਫ਼ਤ ਕਰਨ ਤੇ ਇਸ ਤੋਂ ਵੀ ਅੱਗੇ ਸਰਕਾਰ ਵਲੋਂ ਅਜਿਹੀਆਂ ਕਰਿਆਨੇ ਦੀਆਂ ਦੁਕਾਨਾਂ ਖੋਲ੍ਹਣ ਦੀ ਗੱਲ ਕੀਤੀ ਹੈ, ਜਿਨ੍ਹਾਂ 'ਤੇ ਸਸਤੇ ਭਾਅ 'ਤੇ ਹਰ ਤਰ੍ਹਾਂ ਦੀਆਂ ਵਸਤਾਂ ਵੇਚੀਆਂ ਜਾਣਗੀਆਂ।

ਆਪਣੀ ਜਿੱਤ ਦੇ ਭਾਸ਼ਨ 'ਚ ਉਸ ਨੇ ਵਿਸ਼ੇਸ਼ ਤੌਰ 'ਤੇ ਭਾਰਤ ਦੇ ਪਹਿਲੇ ਪ੍ਰਧਾਨ ਮੰਤਰੀ ਪੰਡਿਤ ਜਵਾਹਰ ਲਾਲ ਨਹਿਰੂ ਵਲੋਂ ਦੇਸ਼ ਦੇ ਆਜ਼ਾਦ ਹੋਣ ਸਮੇਂ ਦਿੱਤੇ ਗਏ ਪਹਿਲੇ ਭਾਸ਼ਨ ਦਾ ਜ਼ਿਕਰ ਕੀਤਾ ਤੇ ਨਿਊਯਾਰਕ ਵਿਚ ਇਕ ਨਵਾਂ ਸਵੇਰਾ ਚੜ੍ਹਨ ਦੀ ਗੱਲ ਕੀਤੀ। ਮਮਦਾਨੀ ਦੀ ਜਿੱਤ ਨੂੰ ਇਕ ਹੋਰ ਮਹੱਤਵਪੂਰਨ ਪਹਿਲੂ ਨਾਲ ਵੀ ਜੋੜਿਆ ਜਾ ਰਿਹਾ ਹੈ ਕਿ, ਇਹ ਜਿੱਤ ਰਾਸ਼ਟਰਪਤੀ ਟਰੰਪ ਦੀ ਲਗਾਤਾਰ ਡਿਗ ਰਹੀ ਸਾਖ਼ ਦੀ ਨਿਸ਼ਾਨੀ ਹੈ। ਇਸ ਇਤਿਹਾਸਕ ਜਿੱਤ ਤੋਂ ਬਾਅਦ ਰਾਸ਼ਟਰਪਤੀ ਡੋਨਲਡ ਟਰੰਪ ਲਈ ਆਉਣ ਵਾਲਾ ਸਮਾਂ ਬੇਹੱਦ ਚੁਣੌਤੀਆਂ ਭਰਪੂਰ ਸਾਬਤ ਹੋ ਸਕਦਾ ਹੈ।

ਅਜਿਹੀ ਸਥਿਤੀ ਵਿਚ ਰਾਸ਼ਟਰਪਤੀ ਡੋਨਾਲਡ ਟਰੰਪ ਨੂੰ ਆਪਣੀਆਂ ਨੀਤੀਆਂ ਅਤੇ ਆਪਣੇ ਸੁਭਾਅ ਨੂੰ ਇਕਦਮ ਬਦਲਣ ਦੀ ਲੋੜ ਹੈ। ਤਾਂ ਹੀ ਉਹ ਆਪਣੀ ਡਿਗ ਰਹੀ ਸਾਖ ਨੂੰ ਠੁੰਮਣਾ ਦੇ ਸਕੇਗਾ। ਅਮਰੀਕਾ ਲਈ ਆਉਣ ਵਾਲਾ ਸਮਾਂ ਕਾਫ਼ੀ ਦਿਲਚਸਪ ਅਤੇ ਵਗਾਰਾਂ ਭਰਿਆ ਹੋਣ ਦੇ ਆਸਾਰ ਹਨ।

## ਠਾਹ-ਸੋਟਾ

-ਚਾਚਾ ਬੇਲਿਹਾਜ਼

### ਇਕ ਅੰਗ ਸੌ ਰੰਗ!

ਇਕ ਦੂਜੇ ਤੋਂ ਸੁਣਦਿਆਂ ਗੱਲ ਕੌੜੀ, 'ਪੱਕੇ' ਦੋਸਤਾਂ ਤਾਈਂ ਲੜਾਇ ਦਿੰਦੀ।
ਬਿਨਾਂ 'ਤੋਲੇ' ਤੋਂ ਜਦੋਂ ਵੀ ਬੋਲਦੀ ਐ, 'ਗੁਲ' ਹੋਰ ਦੇ ਹੋਰ ਖਿੜਾਇ ਦਿੰਦੀ।
ਕਦੇ 'ਅੰਦਰਲਾ ਸੱਚ' ਜੇ ਬਾਹਰ ਕੱਢੇ, ਬਣੇ ਕਈਆਂ ਦੇ ਸਾਥ ਛੁੜਾਇ ਦਿੰਦੀ।
ਸੁਰ ਨੂੰ ਛੱਡ ਕੇ 'ਬੇਸੁਰੀ' ਜਦੋਂ ਹੋ ਜਏ, ਦਰਸ਼ਕ ਸ੍ਰੋਤਿਆਂ ਤਾਈਂ ਦੁੜਾਇ ਦਿੰਦੀ।
ਜੇਕਰ ਸ਼ਹਿਦ ਦੇ ਵਾਂਗ ਹੋ ਜਾਏ ਮਿੱਠੀ, ਵਿਗੜੀ ਦੋਸਤੀ ਫੇਰ ਜੁੜਾਇ ਦਿੰਦੀ।
ਹੁੰਦੀ 'ਹੱਡੀ' ਨਾ ਜੀਭ ਦੇ ਵਿਚ ਕਹਿੰਦੇ, ਲੇਕਿਨ ਹੱਡੀਆਂ ਬਹੁਤ ਤੁੜਾਇ ਦਿੰਦੀ!

# ਵਿਸ਼ਵ ਰਾਜਨੀਤੀ - ਭਾਰਤੀ ਹਿੱਸੇਦਾਰੀ



ਗੁਰਮੀਤ ਸਿੰਘ ਪਲਾਹੀ
ਫੋਨ: 98158-02070




ਨਿਊ ਯਾਰਕ ਸਿਟੀ ਦੇ ਨਵੇਂ ਮੇਅਰ ਜ਼ੋਹਰਾਨ ਮਮਦਾਨੀ।

ਜਦੋਂ ਵਿਸ਼ਵ ਭਰ ਵਿਚ ਪ੍ਰਵਾਸੀਆਂ ਬਾਰੇ ਇੱਕ ਵੱਡੀ ਚਰਚਾ ਛਿੜੀ ਹੋਈ ਹੈ, ਸੌੜੀ ਸੋਚ ਵਾਲੇ ਰਾਸ਼ਟਰਵਾਦੀ ਲੋਕ ਬ੍ਰਹਿਮੰਡੀ ਅਤੇ ਮਨੁੱਖੀ ਸਾਂਝੀਵਾਲਤਾ ਦੀ ਧਾਰਨਾ ਅਤੇ ਸੋਚ ਨਕਾਰ ਕੇ 'ਆਪਣੇ ਲੋਕਾਂ' ਅਤੇ ਆਪੋ-ਆਪਣੇ ਹਿੱਤ ਸਾਧਨ ਦੇ ਰਾਹ ਤੁਰੇ ਹੋਏ ਹਨ। ਉਸ ਵੇਲੇ ਪ੍ਰਵਾਸੀ ਲੋਕਾਂ ਦੀਆਂ ਵੱਖੋ-ਵੱਖਰੇ ਦੇਸ਼ਾਂ 'ਚ ਜਾ ਕੇ ਕੀਤੀਆਂ ਪ੍ਰਾਪਤੀਆਂ ਬਾਰੇ ਵੱਡਾ ਜ਼ਿਕਰ ਕਰਨਾ ਬਣਦਾ ਹੈ।

ਇਸ ਦੇ ਨਾਲ-ਨਾਲ ਇਹ ਗੱਲ ਵੀ ਵਿਚਾਰੀ ਜਾਣੀ ਬਣਦੀ ਹੈ ਕਿ ਸੌੜੀ ਸੋਚ ਵਾਲੇ ਲੋਕ ਜਿਹੜੇ ਮਨੁੱਖ ਨੂੰ ਨਸਲ, ਦੇਸ਼, ਧਰਮ ਦੇ ਅਧਾਰ 'ਤੇ ਵੰਡਣਾ ਚਾਹੁੰਦੇ ਹਨ, ਆਮ ਲੋਕ, ਅਜਿਹੀ ਸੌੜੀ ਸੋਚ ਰੱਖਣ ਵਾਲੇ ਲੋਕਾਂ ਨੂੰ ਨਕਾਰ ਰਹੇ ਹਨ।

ਅਮਰੀਕਾ 'ਚ ਨਿਊਯਾਰਕ ਦੇ ਵੋਟਰਾਂ ਨੇ 34 ਵਰ੍ਹਿਆਂ ਦੇ ਜ਼ੋਹਰਾਨ ਮਮਦਾਨੀ ਨੂੰ 50 ਫ਼ੀਸਦੀ ਤੋਂ ਵੱਧ ਵੋਟਾਂ ਦੇ ਕੇ ਨਿਊਯਾਰਕ ਦਾ ਮੇਅਰ ਚੁਣ ਲਿਆ। ਜ਼ੋਹਰਾਨ ਮਮਦਾਨੀ 34 ਵਰ੍ਹਿਆਂ ਦਾ ਹੈ, ਉਸਦੀ ਮਾਂ ਮੀਰਾ ਨਾਇਰ ਭਾਰਤੀ ਹੈ, ਉਸਦਾ ਪਿਤਾ ਮਹਿਮੂਦ ਮਮਦਾਨੀ ਯੁਗਾਂਡਾ 'ਚ ਜਨਮਿਆ ਵਿਦਵਾਨ ਹੈ। ਮਮਦਾਨੀ ਲਗਭਗ 7 ਵਰ੍ਹੇ ਪਹਿਲਾਂ ਅਮਰੀਕਾ ਪੁੱਜਿਆ। ਉਸਨੇ ਥੋੜ੍ਹੇ ਸਮੇਂ 'ਚ ਹੀ ਆਪਣੀ ਮਜ਼ਬੂਤ ਸਥਿਤੀ ਦਰਜ ਕੀਤੀ ਅਤੇ ਦੇਸ਼ ਦੇ ਰਾਸ਼ਟਰਪਤੀ ਡੋਨਲਡ ਟਰੰਪ ਦੇ ਉਮੀਦਵਾਰ ਨੂੰ ਹਰਾ ਕੇ ਇੱਕ ਡੈਮੋਕਰੇਟਿਕ ਉਮੀਦਵਾਰ ਦੇ ਤੌਰ 'ਤੇ ਮੇਅਰ ਦਾ ਅਹੁਦਾ ਹੀ ਪ੍ਰਾਪਤ ਨਹੀਂ ਕੀਤਾ ਸਗੋਂ ਟਰੰਪ ਦੀ ਰਾਸ਼ਟਰਵਾਦੀ ਸੋਚ ਨੂੰ ਚੈਲੰਜ ਕੀਤਾ ਅਤੇ ਇੱਕ ਨਵੇਂ ਰਾਸ਼ਟਰ ਦੇ ਪੁਨਰ ਜਨਮ ਦੀ ਗੱਲ ਕੀਤੀ।

ਜ਼ੋਹਰਾਨ ਮਮਦਾਨੀ ਵਾਂਗਰ ਦੁਨੀਆਂ ਭਰ ਦੇ 29 ਦੇਸ਼ਾਂ ਵਿਚ 260 ਤੋਂ ਜ਼ਿਆਦਾ ਭਾਰਤਵੰਸ਼ੀ ਜਨ ਪ੍ਰਤੀਨਿਧਤਾ ਨਿਭਾ ਚੁੱਕੇ ਹਨ ਜਾਂ ਨਿਭਾ ਰਹੇ ਹਨ। ਇਨ੍ਹਾਂ ਵਿਚ ਵਿਸ਼ੇਸ਼ ਤੌਰ 'ਤੇ ਬਰਤਾਨੀਆ, ਮਾਰੀਸ਼ਸ, ਫਰਾਂਸ, ਅਮਰੀਕਾ, ਕੈਨੇਡਾ ਆਦਿ ਮੁੱਖ ਤੌਰ 'ਤੇ ਜਾਣੇ ਜਾਂਦੇ ਹਨ ਅਤੇ ਲੋਕਤੰਤਰਿਕ ਪ੍ਰਕਿਰਿਆ ਵਿਚ ਇਹ ਭਾਰਤੀ ਸਿਖ਼ਰਾਂ 'ਤੇ ਪੁੱਜੇ ਨਜ਼ਰ ਆਉਂਦੇ ਹਨ।

ਦੁਨੀਆਂ ਦੇ ਹੋਰ ਦੇਸ਼ਾਂ ਵਿਚ 3.43 ਕਰੋੜ ਤੋਂ ਵੱਧ ਭਾਰਤੀ ਰਹਿੰਦੇ ਹਨ। ਹੁਣੇ ਜਿਹੇ ਸਰਕਾਰ ਨੇ 29 ਦੇਸ਼ਾਂ ਦੀ ਸੂਚੀ ਦਿੱਤੀ ਹੈ, ਜਿਨ੍ਹਾਂ ਵਿਚ ਭਾਰਤੀ ਮੂਲ ਦੇ ਜਨ ਪ੍ਰਤੀਨਿਧੀਆਂ ਦੀ ਸੰਖਿਆ ਅਤੇ ਸੂਚੀ ਦਿੱਤੀ ਗਈ ਹੈ।

ਮਾਰੀਸ਼ਸ ਵਿਚ ਸਭ ਤੋਂ ਜ਼ਿਆਦਾ 45 ਭਾਰਤੀ ਮੂਲ ਦੇ ਲੋਕ, ਲੋਕ-ਪ੍ਰਤੀਨਿਧਾਂ ਵਜੋਂ ਚੁਣੇ ਗਏ। ਭਾਰਤੀ ਮੂਲ ਦੇ ਨਵੀਨ ਰਾਮ ਗੁਲਾਮ ਮਾਰੀਸ਼ਸ ਦੇ ਪ੍ਰਧਾਨ ਮੰਤਰੀ ਹਨ। ਇਸੇ ਤਰ੍ਹਾਂ ਗੁਆਨਾ ਵਿਚ ਭਾਰਤੀ ਮੂਲ ਦੇ 33 ਲੋਕ ਜਨ ਪ੍ਰਤੀਨਿਧ ਚੁਣੇ ਗਏ। ਬਰਤਾਨੀਆ ਵਿਚ 31, ਫਰਾਂਸ ਵਿਚ 24, ਸੂਰੀਨਾਮ ਵਿਚ 21, ਫਿਜ਼ੀ ਅਤੇ ਮਲੇਸ਼ੀਆ 'ਚ 17-17 ਹਨ। ਅਮਰੀਕਾ ਵਿਚ ਭਾਰਤੀ ਮੂਲ ਦੇ 6 ਲੋਕ ਉੱਚ ਅਹੁਦਿਆਂ 'ਤੇ ਜਨ ਪ੍ਰਤੀਨਿਧ ਹਨ।

ਕਮਲਾ ਸੁਸ਼ੀਲਾ ਪ੍ਰਸਾਦ ਵਿਸੇਸਰ ਭਾਰਤੀ ਮੂਲ ਦੀ ਪ੍ਰਤੀਨਿਧ ਤ੍ਰਿਨਿਦਾਦ ਅਤੇ ਟੋਬੈਗੋ 'ਚ ਪ੍ਰਧਾਨ ਮੰਤਰੀ 2010 ਤੋਂ 2015 ਤੱਕ ਚੁਣੀ ਗਈ। ਹੁਣ ਫਿਰ 2025 ਵਿਚ ਤ੍ਰਿਨਿਦਾਦ ਦੀ ਪ੍ਰਧਾਨ ਮੰਤਰੀ ਹੈ।

ਸਿੰਗਾਪੁਰ ਵਿਚ 2023 ਵਿਚ ਹੋਈਆਂ ਰਾਸ਼ਟਰਪਤੀ ਦੀਆਂ ਚੋਣਾਂ ਵਿਚ ਭਾਰਤੀ ਮੂਲ ਦੇ ਥਰਮਨ ਸ਼ਾਨਮੁਗਰਥਨਮ ਨੇ ਜਿੱਤ ਹਾਸਲ ਕੀਤੀ ਤੇ ਸਿੰਗਾਪੁਰ ਦੇ 9ਵੇਂ ਰਾਸ਼ਟਰਪਤੀ ਬਣੇ। ਇਸ ਚੋਣਾਂ 'ਚ ਉਨ੍ਹਾਂ ਨੇ 70.4 ਫ਼ੀਸਦੀ ਵੋਟਾਂ ਪ੍ਰਾਪਤ ਕੀਤੀਆਂ। ਭਾਰਤੀ ਥਰਮਨ ਦਾ ਜਨਮ 25 ਫਰਵਰੀ 1957 ਵਿਚ ਸਿੰਗਾਪੁਰ 'ਚ ਹੋਇਆ ਅਤੇ ਉਨ੍ਹਾਂ ਦੇ ਦਾਦਾ ਤਾਮਿਲਨਾਡੂ ਦੇ ਮੂਲ ਨਿਵਾਸੀ ਸਨ। ਪਿਤਾ ਵਿਗਿਆਨੀ ਸਨ। ਉਨ੍ਹਾਂ ਨੇ ਕੈਂਬਰਿਜ ਯੂਨੀਵਰਸਿਟੀ ਲੰਦਨ ਤੋਂ ਪੜ੍ਹਾਈ ਕੀਤੀ। ਇਸ ਤੋਂ ਪਹਿਲਾਂ ਵੀ ਭਾਰਤੀ ਮੂਲ ਦੇ ਦੇਵੇਨ ਨਾਗਰ ਅਤੇ ਐੱਸ.ਆਰ. ਨਾਥਨ ਸਿੰਗਾਪੁਰ ਦੇ ਰਾਸ਼ਟਰਪਤੀ ਰਹੇ।

42 ਦੇਸ਼ ਵਿਸ਼ਵ ਵਿਚ ਇਹੋ ਜਿਹੇ ਹਨ, ਜਿਥੇ ਸਰਕਾਰ ਵਿਚ ਜਾਂ ਵਿਰੋਧੀ ਧਿਰਾਂ 'ਚ ਭਾਰਤਵੰਸ਼ੀ ਲੋਕ ਪ੍ਰਤੀਨਿਧੀ ਬਣੇ ਹਨ। ਕੈਨੇਡਾ 'ਚ ਸਭ ਤੋਂ ਜ਼ਿਆਦਾ ਪਾਰਲੀਮੈਂਟ ਮੈਂਬਰ ਹਨ। ਇਨ੍ਹਾਂ ਵਿਚ ਤਿੰਨ ਕੈਬਨਿਟ ਮੰਤਰੀ ਭਾਰਤੀ ਮੂਲ ਦੇ ਹਨ। ਅਮਰੀਕਾ ਦੀ ਉਪ ਰਾਸ਼ਟਰਪਤੀ ਕਮਲਾ ਹੈਰਿਸ ਭਾਰਤੀ ਮੂਲ ਦੀ ਸੀ। ਰਿਸ਼ੀ ਸੁਨਕ ਬਰਤਾਨੀਆ ਦੇ ਪਹਿਲੇ ਭਾਰਤੀ ਪ੍ਰਧਾਨ ਮੰਤਰੀ ਸਨ ਅਤੇ 200 ਸਾਲ ਵਿਚ ਸਭ ਤੋਂ ਘੱਟ ਉਮਰ ਦੇ ਪ੍ਰਧਾਨ ਮੰਤਰੀ ਬਣੇ ਸਨ।

ਇਸ ਵੇਲੇ ਗੁਆਨਾ ਦੇਸ਼ ਦੀ ਨੁਮਾਇੰਦਗੀ ਵੀ ਭਾਰਤੀ ਮੂਲ ਦੇ ਮੁਹੰਮਦ ਇਰਫਾਨ ਅਲੀ ਕੋਲ ਹੈ ਅਤੇ ਉਹ ਰਾਸ਼ਟਰਪਤੀ ਹਨ। ਭਾਰਤਵੰਸ਼ੀ ਰਾਜਨੇਤਾ ਪਰਵਿੰਦਰ ਕੁਮਾਰ 2017-18 ਤੋਂ 2024 ਤੱਕ ਮਾਰੀਸ਼ਸ ਦੇ ਪ੍ਰਧਾਨ ਮੰਤਰੀ ਰਹੇ। ਆਇਰਲੈਂਡ ਦੇ ਮੁੱਖੀ ਵੀ 2022 ਤੋਂ 2024 ਤੱਕ ਭਾਰਤੀ ਮੂਲ ਦੇ ਨੇਤਾ ਏਰਿਕ ਬਰਾਡਕਰ ਨੇ ਕੀਤਾ। ਪ੍ਰਿਥਵੀਰਾਜ ਸਿੰਘ 2019 ਤੋਂ 2024 ਤੱਕ ਮਾਰੀਸ਼ਸ ਦੇ ਸਤਵੇਂ ਰਾਸ਼ਟਰਪਤੀ ਰਹੇ। ਵਿਕਾਸਸ਼ੀਲ ਦੇਸ਼ਾਂ ਅਮਰੀਕਾ, ਕੈਨੇਡਾ ਬਰਤਾਨੀਆ, ਆਸਟਰੇਲੀਆ, ਨਿਊਜ਼ੀਲੈਂਡ ਸਮੇਤ 15 ਮੁਲਕਾਂ ਵਿਚ 200 ਤੋਂ ਜ਼ਿਆਦਾ ਭਾਰਤੀ ਮੂਲ ਦੇ 200 ਤੋਂ ਵੱਧ ਵਿਅਕਤੀ ਅਗਵਾਈ ਵਾਲੇ ਅਹੁਦਿਆਂ 'ਤੇ ਕਾਬਜ਼ ਹਨ। ਇਹ ਰਿਪੋਰਟ ਭਾਰਤੀ ਭਾਈਚਾਰੇ ਦਰਮਿਆਨ ਕੰਮ ਕਰ ਰਹੇ ਅਮਰੀਕੀ ਸੰਗਠਨ ਦੀ ਹੈ, ਜੋ ਪਹਿਲੀ ਵੇਰ ਛਾਪੀ ਗਈ ਹੈ। ਇਨ੍ਹਾਂ 100 ਪ੍ਰਭਾਵਸ਼ਾਲੀ ਸ਼ਖ਼ਸੀਅਤਾਂ ਵਿਚੋਂ 60 ਵਿਅਕਤੀ ਕੈਬਨਿਟ ਰੈਂਕ ਦੇ ਅਹੁਦਿਆਂ ਉਤੇ ਬਿਰਾਜਮਾਨ ਹਨ। ਦੁਨੀਆਂ ਦੇ ਸਭ ਤੋਂ ਪੁਰਾਣੇ ਲੋਕਤੰਤਰ ਦੇ ਉਪ ਰਾਸ਼ਟਰਪਤੀ ਦੇ ਰੂਪ 'ਚ ਪਹਿਲੀ ਸ਼ਖ਼ਸੀਅਤ ਭਾਰਤੀ ਵਿਰਾਸਤ ਤੋਂ ਕਿਸੇ ਦਾ ਹੋਣਾ ਵੱਡੇ ਮਾਣ ਵਾਲੀ ਗੱਲ ਹੈ। ਕਮਲਾ ਹੈਰਿਸ ਇਸ ਵੇਲੇ ਅਮਰੀਕਾ ਦੀ ਉਪ ਰਾਸ਼ਟਰਪਤੀ ਹੈ। ਇਸੇ ਤਰ੍ਹਾਂ ਟਾਈਮ ਪੱਤ੍ਰਿਕਾ ਨੇ 100 ਉਭਰਦੀਆਂ ਸ਼ਕਤੀਸ਼ਾਲੀ ਨੇਤਾਵਾਂ ਦੀ ਸੂਚੀ ਜਾਰੀ ਕੀਤੀ ਹੈ, ਜਿਸ ਵਿਚ ਅਨੇਕਾਂ ਭਾਰਤੀ ਮੂਲ ਦੇ ਸਿਆਸਤਦਾਨ, ਕਾਰੋਬਾਰੀ ਟੈਕਨੋਕਰੇਟ ਹਨ।

ਇੱਥੇ ਹੀ ਬਸ ਨਹੀਂ ਅਮਰੀਕਾ ਵਿਚ ਭਾਰਤੀ ਮੂਲ ਦੇ ਲੋਕਾਂ ਦੀ ਸਰਕਾਰ ਵਿਚ ਪ੍ਰਤੀਨਿਧਤਾ ਵੱਧ ਰਹੀ ਹੈ। ਵਰਜੀਨੀਆ ਸਟੇਟ 'ਚ ਇਨ੍ਹੀਂ ਦਿਨੀਂ ਡੈਮੋਕਰੇਟ ਗ਼ਜ਼ਾਲਾ ਹਾਸ਼ਮੀ ਗਵਰਨਰ ਚੁਣੀ ਗਈ।

ਸਾਬਕਾ ਅਮਰੀਕੀ ਰਾਸ਼ਟਰਪਤੀ ਜੋਅ ਬਾਇਡਨ ਦੇ ਰਾਜ-ਭਾਗ ਵਿਚ 130 ਤੋਂ ਜ਼ਿਆਦਾ ਭਾਰਤੀ ਚੰਗੇ ਅਹੁਦਿਆਂ 'ਤੇ ਸਨ ਅਤੇ ਟਰੰਪ ਦੀ ਪ੍ਰਧਾਨਗੀ ਵਿਚ 80 ਤੋਂ ਵੱਧ ਲੋਕ ਚੰਗੇ ਰਾਜਨੀਤਿਕ ਪ੍ਰਬੰਧਕੀ ਅਹੁਦਿਆਂ 'ਤੇ ਕੰਮ ਕਰ ਰਹੇ ਸਨ। ਬਰਤਾਨੀਆ 'ਚ ਰਿਸ਼ੀ ਸੁਨਕ ਤੋਂ ਬਿਨਾਂ ਪ੍ਰੀਤੀ ਪਟੇਲ, ਗਗਨ ਮਹਿੰਦਰਾ, ਸੀਮਾ ਮਲਹੋਤਰਾ, ਤਨਮਨਜੀਤ ਸਿੰਘ ਢੇਸੀ, ਵਰਿੰਦਰ ਸ਼ਰਮਾ, ਸੋਜਨ ਜੋਸਫ ਲੋਕ-ਪ੍ਰਤੀਨਿਧੀ ਵਜੋਂ ਸੇਵਾ ਨਿਭਾ ਰਹੇ ਹਨ।

ਭਾਰਤ ਵਿਚੋਂ ਪ੍ਰਵਾਸ 18-19ਵੀਂ ਸਦੀ 'ਚ ਵਿਸ਼ੇਸ਼ ਤੌਰ 'ਤੇ ਗਿਣਿਆ ਜਾਂਦਾ ਹੈ, ਜਦੋਂ ਭਾਰਤੀ ਲੋਕ ਆਪਣਾ ਚੰਗੇਰੇ ਭਵਿੱਖ ਲਈ ਦੇਸ਼ ਛੱਡ ਕੇ ਵਿਦੇਸ਼ ਗਏ। ਇਨ੍ਹਾਂ ਪ੍ਰਵਾਸੀਆਂ ਨੇ ਮਿਹਨਤ ਕਰਕੇ ਓਪਰੇ ਸੱਭਿਆਚਾਰ ਵਿਚ ਆਪਣੀ ਥਾਂ ਬਣਾਈ ਅਤੇ ਫਿਰ ਮੋਹਰੀ ਬਣ ਕੇ ਨਾਮਣਾ ਖੱਟਿਆ। ਖੇਤਰ ਭਾਵੇਂ ਖੇਤੀਬਾੜੀ ਦਾ ਸੀ ਜਾਂ ਇੰਜੀਨੀਅਰਿੰਗ ਦਾ, ਲੇਖਣੀ ਦਾ ਸੀ, ਜਾਂ ਪੱਤਰਕਾਰੀ ਦਾ, ਕਾਰੋਬਾਰ ਦਾ ਸੀ ਜਾਂ ਸਿਆਸਤ ਦਾ, ਪ੍ਰਵਾਸੀਆਂ ਨੇ ਨਵੀਆਂ ਪੈੜਾਂ ਪਾਈਆਂ ਅਤੇ ਹੋਰ ਲੋਕਾਂ ਲਈ ਰਾਹ ਦਸੇਰਾ ਬਣੇ। ਅੱਜ ਵੀ ਜਦੋਂ ਪੂਰਾ ਬ੍ਰਹਿਮੰਡ, ਇੱਕ ਪਿੰਡ ਦਾ ਰੂਪ ਧਾਰਨ ਕਰਦਾ ਜਾ ਰਿਹਾ ਹੈ, ਭਾਰਤੀ ਪ੍ਰਭਾਵਸ਼ਾਲੀ ਲੋਕ ਇਸ ਵਿਸ਼ਵ ਪਿੰਡ ਵਿਚ ਮਹੱਤਵਪੂਰਨ ਭੂਮਿਕਾ ਨਿਭਾਅ ਰਹੇ ਹਨ।

ਪਰਵਾਸ ਹੰਢਾ ਰਹੇ ਭਾਰਤੀਆਂ ਦਾ ਇਤਿਹਾਸ ਪੁਰਾਣਾ ਹੈ। ਅਮਰੀਕਾ, ਕੈਨੇਡਾ, ਬਰਤਾਨੀਆ ਵਰਗੇ ਮੁਲਕਾਂ 'ਚ ਵਸੇ ਪਰਵਾਸੀਆਂ ਦੀਆਂ ਪਹਿਲੀਆਂ ਪੀੜ੍ਹੀਆਂ ਆਮ ਤੌਰ 'ਤੇ ਅਨਪੜ੍ਹ ਜਾਂ ਬਹੁਤੀਆਂ ਪੜ੍ਹੀਆਂ-ਲਿਖੀਆਂ ਨਹੀਂ ਸਨ, ਪਰ ਇਨ੍ਹਾਂ ਪਰਵਾਸੀ ਭਾਰਤੀਆਂ ਨੇ ਵੱਡੀ ਮਿਹਨਤ ਕਰਕੇ ਆਪਣੇ ਬੱਚਿਆਂ ਨੂੰ ਪੜ੍ਹਾਇਆ ਅਤੇ ਉਥੋਂ ਦੀ ਸਭਿਅਤਾ ਵਿਚ ਵਿਚਰਨ ਦਾ ਮੌਕਾ ਦਿੱਤਾ।

ਬਿਨਾਂ ਸ਼ੱਕ ਅੱਜ ਪ੍ਰਵਾਸੀਆਂ ਦੇ ਵਿਰੋਧ ਵਿਚ ਅਮਰੀਕਾ, ਕੈਨੇਡਾ, ਬਰਤਾਨੀਆ 'ਚ ਉਥੋਂ ਦੇ ਕੁਝ ਨਾਗਰਿਕਾਂ ਵੱਲੋਂ ਪ੍ਰਦਰਸ਼ਨ ਹੋ ਰਹੇ ਹਨ, ਪ੍ਰਵਾਸੀਆਂ ਨੂੰ ਦੇਸ਼ੋਂ ਕੱਢਣ ਦੀਆਂ ਗੱਲਾਂ ਕੀਤੀਆਂ ਜਾ ਰਹੀਆਂ ਹਨ। ਨਸਲੀ ਟਿੱਪਣੀਆਂ ਵੀ ਹੋ ਰਹੀਆਂ ਹਨ, ਉਨ੍ਹਾਂ ਖ਼ਿਲਾਫ਼ ਵੱਡੇ ਗਰੁੱਪ ਬਣ ਰਹੇ ਹਨ।

ਅਮਰੀਕਾ, ਕੈਨੇਡਾ, ਯੂ.ਕੇ. ਪ੍ਰਸ਼ਾਸਨ ਵੱਲੋਂ ਗ਼ੈਰ-ਕਾਨੂੰਨੀ ਪ੍ਰਵਾਸੀਆਂ ਨੂੰ ਉਥੋਂ ਕੱਢਿਆ ਵੀ ਜਾ ਰਿਹਾ ਹੈ ਅਤੇ ਇਸ ਵਰਤਾਰੇ ਨਾਲ ਪ੍ਰਵਾਸੀਆਂ ਵਿਚ ਡਰ ਦੀ ਭਾਵਨਾ ਬਣੀ ਹੋਈ ਹੈ। ਖ਼ਾਸ ਤੌਰ 'ਤੇ ਉਨ੍ਹਾਂ ਪ੍ਰਵਾਸੀਆਂ ਲਈ ਜਿਹੜੇ ਵਿੰਗੇ-ਟੇਡੇ ਢੰਗ ਨਾਲ, ਜਾਂ ਸਿਆਸੀ ਸ਼ਰਨ ਲੈਕੇ ਉਥੇ ਪੁੱਜੇ। ਗ਼ਲਤ ਬਿਆਨੀ ਕਰਕੇ ਉੱਥੇ ਦੇ ਕਾਨੂੰਨੀ ਦਸਤਾਵੇਜ ਹਾਸਲ ਕੀਤੇ।

ਪਰ ਵੇਖਣਾ ਹੋਏਗਾ ਕਿ ਪ੍ਰਵਾਸੀਆਂ ਤੋਂ ਬਿਨ੍ਹਾਂ ਇਹ ਦੇਸ਼ ਤਰੱਕੀ ਕਰਨ ਦੇ ਸਮਰੱਥ ਰਹਿਣਗੇ? ਸਵਾਲ ਉੱਠਦਾ ਹੈ ਕਿ ਵਪਾਰ ਨੂੰ ਸਭਨਾਂ ਮੁਲਕਾਂ ਤੱਕ ਪਹੁੰਚਾਉਣ ਦੀ ਤਰਜੀਹ ਦੇਣਾ ਪਰ ਉਥੋਂ ਦੀ ਮਨੁੱਖੀ ਸ਼ਕਤੀ ਨੂੰ ਨਕਾਰਨਾ ਕਿੱਥੋਂ ਤੱਕ ਸਹੀ ਹੈ।

ਅਸਲ 'ਚ ਸਮੇਂ-ਸਮੇਂ ਰੂੜੀਵਾਦੀ ਸੋਚ ਵਾਲੇ ਲੋਕ ਮਨੁੱਖੀ ਅਧਿਕਾਰਾਂ ਦਾ ਹਨਨ ਕਰਦਿਆਂ, ਕੁਝ ਇਹੋ ਜਿਹੇ ਕਾਰਜ ਕਰਦੇ ਹਨ, ਜਿਹੜੇ ਕਿਸੇ ਵੀ ਹਾਲਤ ਵਿਚ ਲੋਕ-ਹਿਤੈਸ਼ੀ ਨਹੀਂ ਹੁੰਦੇ। ਦੌਰ ਭਾਵੇਂ ਡਿਕਟੇਟਰਾਨ ਸੋਚ ਵਾਲੇ ਲੋਕਾਂ ਦਾ ਕਦੇ ਉਭਰਦਾ ਰਿਹਾ ਹੋਵੇ, ਪਰ ਅੰਤ ਜਿੱਤ ਹੱਥੀਂ ਕੰਮ ਕਰਨ ਵਾਲਿਆਂ, ਸੂਝਵਾਨ ਲੋਕਾਂ ਦੀ ਹੁੰਦੀ ਹੈ, ਜੋ ਧਰਮ, ਨਸਲ, ਜਾਤ, ਦੇਸ਼ ਦੇ ਪਾੜ ਨੂੰ ਨਕਾਰਦੇ ਹਨ।

ਭਾਰਤੀ ਪ੍ਰਵਾਸੀਆਂ ਦੀ ਤੂਤੀ ਦੇਸ਼-ਵਿਦੇਸ਼ ਵਿਚ ਇਸ ਕਰਕੇ ਬੋਲਦੀ ਹੈ, ਕਿਉਂਕਿ ਉਹ ਲੋਕ-ਭਲਾਈ ਹਿੱਤ ਕਾਰਜ ਕਰਨ ਨੂੰ ਸਦਾ ਤਰਜੀਹ ਦਿੰਦੇ ਰਹੇ ਹਨ ਅਤੇ ਜਿੱਥੇ-ਜਿੱਥੇ ਵੀ ਜਾ ਕੇ ਉਹ ਵਸੇ, ਉਨ੍ਹਾਂ ਉਥੋਂ ਦੇ ਲੋਕਾਂ ਨਾਲ ਡੂੰਘੀ ਸਾਂਝ ਪਾ ਕੇ ਉਸ ਖਿੱਤੇ ਦੀ ਤਰੱਕੀ ਲਈ ਜੀਊਣਾ-ਮਰਨਾ ਆਪਣਾ ਫ਼ਰਜ਼ ਸਮਝਿਆ। ਇਹ ਗੱਲ ਵੀ ਵਰਣਨਯੋਗ ਹੈ ਕਿ ਵਿਸ਼ਵ ਰਾਜਨੀਤੀ ਵਿਚ ਕਈ ਥਾਵਾਂ ਉਥੇ ਭਾਰਤਵੰਸ਼ੀ ਸਿਆਸਤਦਾਨਾਂ ਨੇ ਉਥੋਂ ਦੇ ਸਿਆਸੀ ਮਾਹੌਲ ਨੂੰ ਹੀ ਬਦਲ ਕੇ ਰੱਖ ਦਿੱਤਾ ਅਤੇ ਉਥੋਂ ਦੇ ਰਾਸ਼ਟਰ ਦੇ ਨਿਰਮਾਣ ਜਾਂ ਪੁਨਰ ਗਠਨ ਵਿਚ ਬਣਦਾ ਯੋਗਦਾਨ ਪਾਇਆ।

# ਟਰੰਪ ਦੇ ਦੌਰ ਵਿਚ ਜ਼ੋਹਰਾਨ ਮਮਦਾਨੀ ਦੀ ਜਿੱਤ

***ਡੈਮੋਕਰੇਟ ਸੋਸ਼ਲਿਸਟ ਜ਼ੋਹਰਾਨ ਮਮਦਾਨੀ ਦਾ ਨਿਊ ਯਾਰਕ ਸਿਟੀ ਦਾ ਮੇਅਰ ਬਣਨਾ ਵੱਡੇ ਮਹੱਤਵ ਵਾਲੀ ਘਟਨਾ ਹੈ। ਇਸ ਜਿੱਤ ਦੇ ਅਮਰੀਕਾ ਦੇ ਲੋਕਾਂ ਅਤੇ ਦੁਨੀਆ ਦੇ ਲੋਕਾਂ ਲਈ ਕੀ ਮਾਇਨੇ ਹਨ? ਕੀ ਮਮਦਾਨੀ ਦੀ ਜਿੱਤ ਡੈਮੋਕਰੇਟ ਕੈਂਪ ਵਿਚ ਟਰੰਪ ਵਿਰੁੱਧ ਜੂਝਣ ਲਈ ਨਵਾਂ ਜੋਸ਼ ਅਤੇ ਉਤਸ਼ਾਹ ਭਰ ਸਕੇਗੀ? ਡੈਮੋਕਰੇਟ ਸਿਆਸਤ ਦੀਆਂ ਸੀਮਾਵਾਂ ਤੇ ਸੰਭਾਵਨਾਵਾਂ ਕੀ ਹਨ। ਇਨ੍ਹਾਂ ਕੁਝ ਸਵਾਲਾਂ ਦੀ ਚਰਚਾ ਸਾਡੇ ਕਾਲਮ-ਨਵੀਸ ਬੂਟਾ ਸਿੰਘ ਮਹਿਮੂਦਪੁਰ ਵੱਲੋਂ ਆਪਣੇ ਇਸ ਲੇਖ ਵਿਚ ਕੀਤੀ ਗਈ ਹੈ।-ਸੰਪਾਦਕ॥***

ਪਿਛਲੇ ਦਿਨੀਂ ਡੈਮੋਕਰੇਟ ਸੋਸ਼ਲਿਸਟ ਜ਼ੋਹਰਾਨ ਮਮਦਾਨੀ ਨੇ ਸਾਬਕਾ ਗਵਰਨਰ ਐਂਡਰਿਊ ਕੂਓਮੋ ਅਤੇ ਰਿਪਬਲਿਕਨ ਕਰਟਿਸ ਸਲੀਵਾ ਨੂੰ ਹਰਾ ਕੇ 'ਆਲਮੀ ਵਿਤੀ ਸਰਮਾਏ ਦੀ ਰਾਜਧਾਨੀ' ਨਿਊ ਯਾਰਕ ਸਿਟੀ ਦਾ ਸਭ ਤੋਂ ਛੋਟੀ ਉਮਰ ਦਾ ਮੇਅਰ ਬਣਨ ਦਾ ਰਿਕਾਰਡ ਬਣਾਇਆ ਹੈ। ਮਮਦਾਨੀ ਮੁਸਲਮਾਨ ਹੈ ਜਿਸਨੇ ਯੁਗਾਂਡਾ ਵਿਚ ਭਾਰਤੀ ਮਾਪਿਆਂ ਦੇ ਘਰ ਜਨਮ ਲਿਆ। 34 ਸਾਲਾ ਮਮਦਾਨੀ ਸ਼ਹਿਰ ਦਾ ਪਹਿਲਾ ਮੁਸਲਮਾਨ ਅਤੇ ਦੱਖਣੀ ਏਸ਼ਿਆਈ ਮੂਲ ਦਾ ਪਹਿਲਾ ਮੇਅਰ ਹੈ। ਮਮਦਾਨੀ ਨੂੰ 50.6%, ਜਦਕਿ ਕੂਓਮੋ ਨੂੰ 41.2% ਵੋਟਾਂ ਮਿਲੀਆਂ।

**ਬੂਟਾ ਸਿੰਘ ਮਹਿਮੂਦਪੁਰ**

ਕੋਵਿਡ ਮਹਾਮਾਰੀ ਦੌਰਾਨ ਘੁਟਾਲਿਆਂ ਅਤੇ ਔਰਤਾਂ ਨਾਲ ਜਿਨਸੀ ਛੇੜਛਾੜ ਦੇ ਦੋਸ਼ਾਂ ਨਾਲ ਦਾਗ਼ੀ ਕੂਓਮੋ ਟਰੰਪ ਅਤੇ ਕਾਰਪੋਰੇਟ ਸਰਮਾਏਦਾਰੀ ਦਾ ਚਹੇਤਾ ਉਮੀਦਵਾਰ ਸੀ। ਫਿਰ ਵੀ, ਆਮ ਲੋਕਾਂ ਲਈ ਕਿਫ਼ਾਇਤੀ ਸਹੂਲਤਾਂ ਅਤੇ ਮਜ਼ਦੂਰ ਵਰਗ ਦੇ ਮੁੱਦਿਆਂ 'ਤੇ ਕੇਂਦਰਿਤ ਮਮਦਾਨੀ ਦੀ ਮੁਹਿੰਮ ਵੋਟਰਾਂ ਦਾ ਧਿਆਨ ਖਿੱਚਣ 'ਚ ਸਫ਼ਲ ਰਹੀ। ਉਸਨੂੰ ਵਿਰੋਧੀਆਂ ਦੇ ਘੋਰ ਨਸਲਵਾਦੀ ਅਤੇ ਇਸਲਾਮੋਫੋਬਿਕ ਜ਼ਹਿਰੀਲੇ ਹਮਲੇ ਝੱਲਣੇ ਪਏ ਪਰ ਆਖ਼ਿਰਕਾਰ ਉਹ ਜਨ-ਸੰਖਿਆ ਦੀਆਂ ਵੰਡਾਂ ਤੋਂ ਪਾਰ ਵੋਟਾਂ ਹਾਸਲ ਕਰਕੇ ਵਿਰੋਧੀਆਂ ਨੂੰ ਮਾਤ ਦੇਣ 'ਚ ਸਫ਼ਲ ਹੋ ਗਿਆ।

ਉਸ ਵੱਲੋਂ ਤਜਵੀਜ਼ ਕੀਤੀਆਂ ਨੀਤੀਆਂ ਦਾ ਵੋਟ ਨਤੀਜਿਆਂ ਉੱਪਰ ਸਪਸ਼ਟ ਪ੍ਰਭਾਵ ਹੈ। ਉਸ ਨੇ ਉਨ੍ਹਾਂ ਸ਼ਿਕਾਇਤਾਂ ਨੂੰ ਮੁਖ਼ਾਤਿਬ ਹੋ ਕੇ ਠੋਸ ਨੀਤੀ ਪੇਸ਼ ਕੀਤੀ ਜਿਨ੍ਹਾਂ ਕਾਰਨ ਕਿਰਤੀ ਜਮਾਤ ਨੇ ਟਰੰਪ ਨੂੰ ਵੋਟ ਪਾਈ ਸੀ। ਮਮਦਾਨੀ ਨੇ ਕਿਰਾਏ ਨਾ ਵਧਾਏ ਜਾਣ ਦੀ ਸਕੀਮ ਲਾਗੂ ਕਰਨ, ਪਬਲਿਕ ਰਾਸ਼ਨ ਦੀਆਂ ਦੁਕਾਨਾਂ (ਗਰੌਸਰੀ ਸਟੋਰ) ਖੋਲ੍ਹਣ, ਬੱਚਿਆਂ ਦੀ ਸਰਵਵਿਆਪਕ ਦੇਖਭਾਲ ਵਿਵਸਥਾ ਦਾ ਵਿਸਤਾਰ ਕਰਨ, ਮੁਫ਼ਤ ਬੱਸਾਂ ਸ਼ੁਰੂ ਕਰਨ ਅਤੇ ਸਸਤੇ ਘਰ ਤੱਕ ਪਹੁੰਚ ਵਧਾਉਣ ਦਾ ਵਾਅਦਾ ਕੀਤਾ ਹੈ। ਇਨ੍ਹਾਂ ਵਾਅਦਿਆਂ ਨੂੰ ਅਮਲੀ ਰੂਪ ਦੇਣ ਲਈ ਉਸਨੇ ਕਾਰਪੋਰੇਟ ਟੈਕਸਾਂ 'ਚ ਵਾਧਾ ਕਰਨ ਅਤੇ ਕਰੋੜਪਤੀਆਂ ਉੱਪਰ ਹੋਰ ਟੈਕਸ ਲਾਉਣ ਦੀ ਤਜਵੀਜ਼ ਪੇਸ਼ ਕੀਤੀ ਹੈ। ਨਿਊ ਯਾਰਕ ਟਾਈਮਜ਼ ਵਲੋਂ ਚੋਣਾਂ ਤੋਂ ਬਾਅਦ ਪ੍ਰਕਾਸ਼ਿਤ ਅੰਕੜੇ ਦੱਸਦੇ ਹਨ ਕਿ ਉਨ੍ਹਾਂ ਵੋਟਰਾਂ ਨੇ ਬਹੁਗਿਣਤੀ 'ਚ ਮਮਦਾਨੀ ਦੀ ਹਮਾਇਤ ਕੀਤੀ ਜੋ ਕਿਰਾਏ ਦੇ ਰਿਹਾਇਸ਼ੀ ਮਕਾਨਾਂ ਵਿਚ ਰਹਿੰਦੇ ਹਨ (57%) ਅਤੇ ਜੋ ਪਬਲਿਕ ਆਵਾਜਾਈ ਸੇਵਾਵਾਂ ਉੱਪਰ ਸਫ਼ਰ ਕਰਦੇ ਹਨ (62%)। ਜਦਕਿ ਜਿਨ੍ਹਾਂ ਲੋਕਾਂ ਕੋਲ ਆਪਣੇ ਮਕਾਨ ਹਨ ਅਤੇ ਜੋ ਕਾਰਾਂ ਉੱਪਰ ਸਫ਼ਰ ਕਰਦੇ ਹਨ, ਉਨ੍ਹਾਂ ਵਿਚੋਂ ਅੱਧਿਓਂ ਵੱਧ ਨੇ ਕੂਓਮੋ ਨੂੰ ਵੋਟ ਪਾਈ।

ਸਾਰੇ ਕਾਰਪੋਰੇਟ ਮਮਦਾਨੀ ਵਿਰੁੱਧ ਇਕਜੁੱਟ ਸਨ। ਡੋਨਲਡ ਟਰੰਪ ਅਤੇ ਐਲਨ ਮਸਕ ਨੇ ਐਂਡਰਿਊ ਕੂਓਮੋ ਦੀ ਸਿੱਧੇ ਤੌਰ 'ਤੇ ਹਮਾਇਤ ਕੀਤੀ। ਟਰੰਪ ਨੇ ਕਿਹਾ: ਉਸੇ ਨੂੰ ਵੋਟ ਪਾਓ, ਉਹ ਸ਼ਾਨਦਾਰ ਕੰਮ ਕਰੇਗਾ। ਟਰੰਪ ਨੇ ਇੱਥੋਂ ਤੱਕ ਕਿਹਾ ਕਿ 'ਜੇ ਕਮਿਊਨਿਸਟ ਉਮੀਦਵਾਰ ਜ਼ੋਹਰਾਨ ਮਮਦਾਨੀ ਨਿਊ ਯਾਰਕ ਸ਼ਹਿਰ ਦੀ ਮੇਅਰ ਚੋਣ ਜਿੱਤ ਜਾਂਦਾ ਹੈ, ਤਾਂ ਇਹ ਬਹੁਤ ਹੀ ਅਸੰਭਵ ਹੈ ਕਿ ਮੈਂ ਆਪਣੇ ਪਿਆਰੇ ਪਹਿਲੇ ਘਰ (ਨਿਊ ਯਾਰਕ) ਨੂੰ ਜ਼ਰੂਰਤ ਅਨੁਸਾਰ ਘੱਟੋਘੱਟ ਰਾਸ਼ੀ ਤੋਂ ਵੱਧ ਕੋਈ ਫੈਡਰਲ ਫੰਡ ਦੇ ਸਕਾਂਗਾ, ਇਸ ਤੱਥ ਦੇ ਕਾਰਨ ਕਿ ਬਤੌਰ ਕਮਿਊਨਿਸਟ, ਮਹਾਨ ਸ਼ਹਿਰ ਦੇ ਸਫ਼ਲ ਹੋਣ, ਜਾਂ ਇੱਥੋਂ ਤੱਕ ਕਿ ਬਚ ਸਕਣ ਦੀ ਵੀ ਜ਼ੀਰੋ ਸੰਭਾਵਨਾ ਹੈ!' ਉਸ ਨੇ ਅੱਗੇ ਕਿਹਾ: 'ਮੈਂ ਇਕ ਅਜਿਹੇ ਡੈਮੋਕ੍ਰੇਟ ਨੂੰ ਜਿੱਤਦੇ ਦੇਖਣਾ ਪਸੰਦ ਕਰਾਂਗਾ, ਜਿਸ ਕੋਲ ਸਫ਼ਲਤਾ ਦਾ ਰਿਕਾਰਡ ਹੈ, ਨਾ ਕਿ ਇਕ ਅਜਿਹੇ ਕਮਿਊਨਿਸਟ ਨੂੰ ਜਿਸ ਕੋਲ ਕੋਈ ਤਜਰਬਾ ਨਹੀਂ ਹੈ ਅਤੇ ਜਿਸਦਾ ਰਿਕਾਰਡ ਪੂਰੀ ਤਰ੍ਹਾਂ ਨਾਕਾਮੀਆਂ ਨਾਲ ਭਰਿਆ ਹੈ।' ਟਰੰਪ ਦੀ ਧਮਕੀ ਸਪਸ਼ਟ ਸੀ: ਜੇਕਰ ਮਮਦਾਨੀ ਜਿੱਤਿਆ ਤਾਂ ਉਹ ਨਿਊ ਯਾਰਕ ਲਈ ਫੈਡਰਲ ਫੰਡ ਰੋਕ ਦੇਵੇਗਾ। ਟਰੰਪ ਨੇ ਪਹਿਲੇ ਅਮਰੀਕੀ ਹਾਕਮਾਂ ਵੱਲੋਂ ਬਣਾਏ ਕਮਿਊਨਿਜ਼ਮ ਦੇ ਹਊਏ ਦਾ ਚਲਾਕੀ ਨਾਲ ਲਾਹਾ ਲੈਣ ਲਈ ਮਮਦਾਨੀ ਨੂੰ ਕਮਿਊਨਿਸਟ ਕਹਿ ਕੇ ਭੰਡਿਆ ਜਦਕਿ ਉਸਦਾ ਕਮਿਊਨਿਜ਼ਮ ਨਾਲ ਕੋਈ ਲੈਣਾ-ਦੇਣਾ ਨਹੀਂ ਹੈ।

ਇਕ ਪਾਸੇ ਟਰੰਪ ਹਮਲੇ ਕਰ ਰਿਹਾ ਸੀ, ਦੂਜੇ ਪਾਸੇ ਮਮਦਾਨੀ ਨੂੰ ਸਾਰੇ ਡੈਮੋਕਰੇਟਾਂ ਆਗੂਆਂ ਦੀ ਹਮਾਇਤ ਵੀ ਨਹੀਂ ਸੀ। ਜਦੋਂ ਜੂਨ ਵਿਚ ਚੋਣਾਂ ਦੇ ਪਹਿਲੇ ਪੜਾਅ ਵਿਚ ਡੈਮੋਕਰੇਟਾਂ ਵੱਲੋਂ ਆਪਣਾ ਉਮੀਦਵਾਰ ਚੁਣਿਆ ਗਿਆ, ਉਦੋਂ ਹੀ ਇਹ ਸਪਸ਼ਟ ਹੋ ਗਿਆ ਸੀ ਕਿ ਡੈਮੋਕਰੇਟਿਕ ਪਾਰਟੀ ਦਾ ਵੋਟ-ਆਧਾਰ ਮਜ਼ਬੂਤੀ ਨਾਲ ਮਮਦਾਨੀ ਦੇ ਹੱਕ 'ਚ ਹੈ। ਪਰ ਉਸਦੀ ਹਮਾਇਤ ਸਿਰਫ਼ ਡੈਮਰੋਕਰੇਟਾਂ ਦੇ 'ਖੱਬੇ' ਧੜੇ ਨੇ ਹੀ ਕੀਤੀ। ਜ਼ਿਆਦਾਤਰ ਸ਼ਕਤੀਸ਼ਾਲੀ ਡੈਮੋਕਰੇਟ ਸ਼ਖ਼ਸਾਂ ਨੇ ਉਸਦੀ ਹਮਾਇਤ ਨਹੀਂ ਕੀਤੀ। ਨਿਊ ਯਾਰਕ ਦੀ ਗਵਰਨਰ ਕੈਥੀ ਹੋਕੁਲ ਅਤੇ ਕਾਂਗਰਸ ਦੇ ਉਪਰਲੇ ਸਦਨ ਵਿਚ ਚੋਟੀ ਦੇ ਡੈਮੋਕਰੇਟ ਚੱਕ ਸ਼ੂਮਰ ਵਰਗੇ ਵੱਡੇ ਚਿਹਰੇ ਇਕ ਤਰ੍ਹਾਂ ਨਾਲ ਚੁੱਪ ਬੈਠੇ ਰਹੇ।

ਘੱਟਗਿਣਤੀ ਪਿਛੋਕੜ ਵਾਲੇ ਵਿਅਕਤੀ ਦਾ ਕਾਰਪੋਰੇਟ ਧਨਾਢਾਂ ਦੀ ਮਦਦ ਤੋਂ ਬਿਨਾਂ ਬਹੁਤ ਹੀ ਮਜ਼ਬੂਤ ਵਿਰੋਧੀਆਂ ਨੂੰ ਸਖ਼ਤ ਟੱਕਰ ਦੇਣਾ ਅਤੇ ਧਨਾਢਾਂ ਦੇ ਟਾਪੂ ਨਿਊ ਯਾਰਕ ਦੇ ਮੇਅਰ ਦੇ ਸਰਵਉੱਚ ਅਹੁਦੇ ਲਈ ਚੁਣੇ ਜਾਣਾ ਨਿਰਸੰਦੇਹ ਮਾਇਨੇ ਰੱਖਦਾ ਹੈ। ਲੋਕ-ਭਲਾਈ ਵਾਲੇ ਆਰਥਕ ਵਾਅਦੇ ਕਰਨ ਦੇ ਨਾਲ-ਨਾਲ ਮਮਦਾਨੀ ਨੇ ਆਵਾਸੀਆਂ ਪੱਖੀ ਤਜਵੀਜ਼ਾਂ ਪੇਸ਼ ਕੀਤੀਆਂ। ਉਸਨੇ ਨਿਊ ਯਾਰਕ ਨੂੰ 'ਟਰੰਪ ਪਰੂਫ' ਬਣਾਉਣ ਦੀ ਗੱਲ ਕੀਤੀ ਅਤੇ ਪ੍ਰਵਾਸੀ ਭਾਈਚਾਰਿਆਂ ਦੀ ਸੁਰੱਖਿਆ, ਆਈ.ਈ.ਸੀ. (ਇਮੀਗ੍ਰੇਸ਼ਨ ਐਂਡ ਕਸਟਮਜ਼ ਐਨਫੋਰਸਮੈਂਟ) ਨੂੰ ਸਹਿਯੋਗ ਦੇਣਾ ਬੰਦ ਕਰਕੇ ਨਿਊ ਯਾਰਕ ਨੂੰ ਸਭ ਤੋਂ ਮਜ਼ਬੂਤ ਸ਼ਰਣ-ਸਥਾਨ ਬਣਾਉਣ, ਸ਼ਹਿਰ ਵਿਚੋਂ ਆਈ.ਈ.ਸੀ. ਨੂੰ ਹਟਾਉਣ, ਇਮੀਗ੍ਰੇਸ਼ਨ ਕਾਨੂੰਨੀ ਸੇਵਾਵਾਂ ਵਿਚ 165 ਮਿਲੀਅਨ ਡਾਲਰ ਨਿਵੇਸ਼ ਕਰਨ ਅਤੇ ਅਦਾਲਤ ਵਿਚ ਟਰੰਪ ਦੀਆਂ ਨੀਤੀਆਂ ਵਿਰੁੱਧ ਕਾਨੂੰਨੀ ਲੜਾਈ ਦੇਣ ਲਈ 200 ਹੋਰ ਅਟਾਰਨੀ ਸ਼ਾਮਲ ਕਰਕੇ ਕਾਨੂੰਨ ਵਿਭਾਗ ਨੂੰ ਮਜ਼ਬੂਤ ਕਰਨ ਦਾ ਵਾਅਦਾ ਕੀਤਾ। ਇਸੇ ਕਰਕੇ ਬਹੁਤ ਸਾਰੇ ਲੋਕ ਉਸ ਦੀ ਜਿੱਤ ਨੂੰ ਅਮਰੀਕਾ ਵਿਚ ਨਵੀਂ ਸਿਆਸਤ ਦੀ ਸ਼ੁਰੂਆਤ ਵਜੋਂ ਦੇਖ ਰਹੇ ਹਨ। ਅਮਰੀਕੀ ਹੁਕਮਰਾਨ ਜਮਾਤ ਲੰਮੇ ਸਮੇਂ ਤੋਂ ਜਿਵੇਂ ਇਸਲਾਮਿਕ ਅਕੀਦੇ ਨੂੰ ਹਊਆ ਬਣਾ ਕੇ ਪੇਸ਼ ਕਰ ਰਹੀ ਹੈ, ਖ਼ਾਸ ਕਰਕੇ ਟਰੰਪ ਦੀ ਘੋਰ ਸੱਜੇ-ਪੱਖੀ ਸਿਆਸਤ ਨੇ ਜਿਵੇਂ ਗ਼ੈਰ-ਅਮਰੀਕੀ ਪਿਛੋਕੜ ਦੇ ਲੋਕਾਂ ਵਿਰੁੱਧ ਨਫ਼ਰਤੀ ਮੁਹਿੰਮ ਚਲਾਈ ਹੋਈ ਹੈ, ਅਜਿਹੇ ਵਿਰੋਧੀ ਹਾਲਾਤ 'ਚ ਮਮਦਾਨੀ ਵੱਲੋਂ ਅਮਰੀਕਾ ਦੇ ਵੰਨ-ਸੁਵੰਨਤਾ ਵਾਲੇ ਸਮਾਜ ਦੇ ਜ਼ਿਆਦਾਤਰ ਵਰਗਾਂ ਦਾ ਵਿਸ਼ਵਾਸ ਜਿੱਤਣਾ ਮਹੱਤਵਪੂਰਨ ਹੈ।

ਮਮਦਾਨੀ ਸਿਰਫ਼ ਟਰੰਪ ਦੀਆਂ ਘੋਰ ਸੱਜੇਪੱਖੀ ਨੀਤੀਆਂ ਦਾ ਹੀ ਆਲੋਚਕ ਨਹੀਂ, ਉਹ ਮੋਦੀ ਦੀ ਅਗਵਾਈ ਵਾਲੇ ਭਾਰਤ ਦੇ ਹਿੰਦੂਤਵ ਰਾਜ ਬਾਰੇ ਵੀ ਸਖ਼ਤ ਟਿੱਪਣੀਆਂ ਲਈ ਜਾਣਿਆ ਜਾਂਦਾ ਹੈ। ਨਹਿਰੂ ਨੂੰ ਭੰਡਣ ਲਈ ਇਕ ਦਹਾਕੇ ਤੋਂ ਮੋਦੀ ਸਰਕਾਰ ਦਾ ਸਿਰ ਤੋਂ ਪੈਰਾਂ ਤੱਕ ਜ਼ੋਰ ਲੱਗਿਆ ਹੋਇਆ, ਆਪਣੀ ਜਿੱਤ ਮੌਕੇ ਮਮਦਾਨੀ ਨੇ ਉਸ ਨਹਿਰੂ ਨੂੰ ਉਚੇਚੇ ਤੌਰ 'ਤੇ ਯਾਦ ਕੀਤਾ। ਅਮਰੀਕਾ ਦੀ ਸ਼ਹਿ 'ਤੇ ਇਜ਼ਰਾਇਲੀ ਵੱਲੋਂ ਗਾਜ਼ਾ ਵਿਚ ਕਤਲੇਆਮ ਨੂੰ ਉਸਨੇ ਨਸਲਕੁਸ਼ੀ ਕਿਹਾ ਹੈ। ਉਸਦੀ ਲੋਕ-ਭਲਾਈ ਸਟੇਟ ਪੱਖੀ ਸੋਚ ਅਤੇ ਉਦਾਰ ਨਜ਼ਰੀਆ ਘੋਰ ਸੱਜੇਪੱਖੀਆਂ ਨੂੰ ਗਵਾਰਾ ਨਹੀਂ ਹੈ।

**ਮਮਦਾਨੀ ਸਿਰਫ਼ ਟਰੰਪ ਦੀਆਂ ਘੋਰ ਸੱਜੇਪੱਖੀ ਨੀਤੀਆਂ ਦਾ ਹੀ ਆਲੋਚਕ ਨਹੀਂ, ਉਹ ਮੋਦੀ ਦੀ ਅਗਵਾਈ ਵਾਲੇ ਭਾਰਤ ਦੇ ਹਿੰਦੂਤਵ ਰਾਜ ਬਾਰੇ ਵੀ ਸਖ਼ਤ ਟਿੱਪਣੀਆਂ ਲਈ ਜਾਣਿਆ ਜਾਂਦਾ ਹੈ। ਨਹਿਰੂ ਨੂੰ ਭੰਡਣ ਲਈ ਇਕ ਦਹਾਕੇ ਤੋਂ ਮੋਦੀ ਸਰਕਾਰ ਦਾ ਸਿਰ ਤੋਂ ਪੈਰਾਂ ਤੱਕ ਜ਼ੋਰ ਲੱਗਿਆ ਹੋਇਆ, ਆਪਣੀ ਜਿੱਤ ਮੌਕੇ ਮਮਦਾਨੀ ਨੇ ਉਸ ਨਹਿਰੂ ਨੂੰ ਉਚੇਚੇ ਤੌਰ 'ਤੇ ਯਾਦ ਕੀਤਾ। ਅਮਰੀਕਾ ਦੀ ਸ਼ਹਿ 'ਤੇ ਇਜ਼ਰਾਇਲੀ ਵੱਲੋਂ ਗਾਜ਼ਾ ਵਿਚ ਕਤਲੇਆਮ ਨੂੰ ਉਸਨੇ ਨਸਲਕੁਸ਼ੀ ਕਿਹਾ ਹੈ। ਉਸਦੀ ਲੋਕ-ਭਲਾਈ ਸਟੇਟ ਪੱਖੀ ਸੋਚ ਅਤੇ ਉਦਾਰ ਨਜ਼ਰੀਆ ਘੋਰ ਸੱਜੇਪੱਖੀਆਂ ਨੂੰ ਗਵਾਰਾ ਨਹੀਂ ਹੈ।**



ਇਨ੍ਹਾਂ ਸਾਲਾਂ ਵਿਚ ਅਮਰੀਕਾ ਵਿਚ ਘੋਰ ਸੱਜੇਪੱਖੀ ਗੁੱਟ ਦਾ ਰਾਜਨੀਤਕ ਰਸੂਖ਼ ਵਧਿਆ ਹੈ ਅਤੇ ਕਥਿਤ ਡੈਮੋਕਰੇਟ ਖ਼ੇਮੇ ਦਾ ਵੋਟ ਆਧਾਰ ਰਿਪਬਲਿਕਨਾਂ ਵੱਲ ਖਿਸਕਿਆ ਹੈ। 2020 ਅਤੇ 2024 ਦਰਮਿਆਨ ਉਨ੍ਹਾਂ ਸਾਰੇ 30 ਰਾਜਾਂ ਵਿਚ ਰਿਪਬਲਿਕਨਾਂ ਨੇ ਡੈਮੋਕਰੇਟਾਂ ਦਾ ਆਧਾਰ ਖੋਹਿਆ ਹੈ ਜੋ ਪਾਰਟੀ ਮੁਤਾਬਿਕ ਵੋਟਰਾਂ ਦੀ ਰਜਿਸਟ੍ਰੇਸ਼ਨ ਨੂੰ ਟਰੈਕ ਕਰਦੇ ਹਨ। ਅਮਰੀਕਾ ਵਿਚ ਵੋਟ ਦੀ ਵਿਧੀ ਇਹ ਹੈ ਕਿ ਵੋਟਰਾਂ ਨੂੰ ਆਪਣੀ ਵੋਟ ਦੀ ਰਜਿਸਟ੍ਰੇਸ਼ਨ ਕਰਾਉਣ ਸਮੇਂ ਪਾਰਟੀ ਨਾਲ ਆਪਣਾ ਸੰਬੰਧ ਰਸਮੀਂ ਤੌਰ 'ਤੇ ਦਰਜ ਕਰਾਉਣਾ ਪੈਂਦਾ ਹੈ। ਰਜਿਸਟ੍ਰੇਸ਼ਨ ਡੇਟਾ ਪਾਰਟੀ ਦੀ ਤਾਕਤ ਦੇ ਮੁੱਖ ਸੂਚਕ ਦੇ ਰੂਪ 'ਚ ਕੰਮ ਕਰਦਾ ਹੈ। ਅਗਸਤ ਵਿਚ ਨਿਊ ਯਾਰਕ ਟਾਈਮਜ਼ ਦੇ ਇਕ ਵਿਸ਼ਲੇਸ਼ਣ ਨੇ ਦਰਸਾਇਆ ਕਿ ਇਸ ਅਰਸੇ ਵਿਚ 45 ਲੱਖ ਵੋਟਰ ਡੈਮੋਕਰੇਟਾਂ ਤੋਂ ਮੂੰਹ ਮੋੜ ਗਏ। ਜਦਕਿ ਨਿਊ ਯਾਰਕ ਵਿਚ ਫਰਵਰੀ ਤੋਂ ਲੈ ਕੇ ਮਮਦਾਨੀ ਦੀ ਮੁਹਿੰਮ ਨਾਲ ਨਵੇਂ ਡੈਮੋਕਰੇਟਿਕ ਵੋਟਰ ਭਰਤੀ ਕਰਨ 'ਚ ਮਦਦ ਮਿਲੀ। ਜਦੋਂ ਡੈਮੋਕਰੇਟਿਕ ਪਾਰਟੀ ਦੀ ਜ਼ਿਆਦਾਤਰ ਕੌਮੀ ਲੀਡਰਸ਼ਿਪ ਲੋਕਾਈ ਨੂੰ ਟਰੰਪ ਦੇ ਵਿਰੋਧ ਤੋਂ ਸਿਵਾਏ ਕੋਈ ਖ਼ਾਸ ਪੇਸ਼ਕਸ਼ ਨਹੀਂ ਕਰ ਰਹੀ, ਓਦੋਂ ਮਮਦਾਨੀ ਦੀ ਆਰਥਕ ਨਿਆਂ ਦੇ ਮੁੱਦਿਆਂ- ਕਿਰਾਇਆ ਨਾ ਵਧਾਉਣਾ, ਬੱਚਿਆਂ ਦੀ ਸਰਵਵਿਆਪਕ ਦੇਖਭਾਲ, ਮੁਫ਼ਤ ਬੱਸ ਸਫ਼ਰ ਨੂੰ ਲੈ ਕੇ ਚਲਾਈ ਮੁਹਿੰਮ ਨੂੰ ਭਰਵਾਂ ਹੁੰਗਾਰਾ ਮਿਲਣਾ ਦਿਖਾਉਂਦਾ ਹੈ ਕਿ ਬੇਸ਼ੱਕ ਆਰਥਕ ਨਾਬਰਾਬਰੀ ਵਰਗੇ ਬੁਨਿਆਦੀ ਸਵਾਲਾਂ ਬਾਰੇ ਚੇਤਨਾ ਨਹੀਂ ਹੈ ਪਰ ਵਧ ਰਹੇ ਆਰਥਕ ਸੰਕਟ ਦੇ ਬੋਝ ਹੇਠ ਪਿਸ ਰਹੇ ਲੋਕਾਂ ਲਈ ਇਹ ਮੁੱਦੇ ਵੀ ਕਿੰਨੇ ਮਹੱਤਵਪੂਰਨ ਹਨ। ਅਮਰੀਕਾ ਦੇ ਹੋਰ ਮਹਾਂਨਗਰਾਂ ਦੇ ਮੁਕਾਬਲੇ ਨਿਊ ਯਾਰਕ ਵਿਚ ਮਹਿੰਗਾਈ ਦੀ ਮਾਰ ਹੋਰ ਵੀ ਜ਼ਿਆਦਾ ਹੈ। ਨਿਊ ਯਾਰਕ ਵਿਚ ਮਾਲੀ ਸਾਲ 2012 ਅਤੇ 2022 ਦਰਮਿਆਨ ਘਰਾਂ ਦੇ ਖ਼ਰਚੇ 68% ਤੋਂ ਵੀ ਵਧੇਰੇ ਵਧੇ ਹਨ ਜਦਕਿ ਕੌਮੀ ਔਸਤ ਵਾਧਾ ਦਰ 41.5% ਹੈ। ਇਸੇ ਤਰ੍ਹਾਂ ਭੋਜਨ ਦਾ ਖ਼ਰਚ ਇੱਥੇ 56% ਤੋਂ ਵੀ ਜ਼ਿਆਦਾ ਵਧਿਆ ਹੈ ਜਦਕਿ ਇਸਦੀ ਕੌਮੀ ਔਸਤ 46.4% ਹੈ।

ਨਵਉਦਾਰ ਆਰਥਕ ਮਾਡਲ, ਜੋ ਅਜਾਰੇਦਾਰ ਸਰਮਾਏਦਾਰੀ ਦਾ ਹੋਰ ਵੀ ਘਿਣਾਉਣਾ ਰੂਪ ਹੈ, ਆਰਥਕ ਪਾੜੇ ਅਤੇ ਨਾਬਰਾਬਰੀ ਨੂੰ ਹੋਰ ਡੂੰਘਾ ਕਰ ਰਿਹਾ ਹੈ। ਸੈਨੇਟਰ ਅਤੇ ਲੇਖਕ ਬਰਨੀ ਸੈਂਡਰਸ ਦੇ ਵਿਚਾਰਧਾਰਕ ਨਜ਼ਰੀਏ ਦੀਆਂ ਕੋਈ ਵੀ ਸੀਮਤਾਈਆਂ ਹੋਣ, ਉਸਨੇ ਆਪਣੀ ਕਿਤਾਬ 'ਇਟਸ ਓਕੇ ਟੂ ਬੀ ਐਂਗਰੀ ਅਬਾਊਟ ਕੈਪੀਟਲਿਜ਼ਮ' ਵਿਚ ਨਵ-ਉਦਾਰ ਆਰਥਿਕਤਾ ਨਾਲ ਬਣੀ ਅਮਰੀਕੀ ਸਮਾਜ ਦੀ ਸਮਾਜਿਕ, ਆਰਥਕ ਤੇ ਰਾਜਨੀਤਕ ਹਕੀਕਤ ਦੀ ਸੱਚੀ ਤਸਵੀਰ ਪੇਸ਼ ਕੀਤੀ ਹੈ। ਉਸਦਾ ਕਹਿਣਾ ਹੈ ਕਿ ਬੇਘਰੇ ਲੋਕਾਂ ਦੀ ਵਧ ਰਹੀ ਗਿਣਤੀ, ਬੇਰੁਜ਼ਗਾਰੀ, ਹਸਪਤਾਲਾਂ ਵਿਚ ਸਟਾਫ਼ ਦੀ ਘਾਟ, ਬੰਦ ਹੋ ਰਹੇ ਸਕੂਲ, ਪਹੁੰਚ ਤੋਂ ਬਾਹਰ ਹੋ ਰਹੀ ਪੜ੍ਹਾਈ, ਮਨੁੱਖੀ ਹੱਕਾਂ ਦਾ ਘਾਣ, ਮਹਿੰਗਾਈ, ਡਿਗ ਰਿਹਾ ਜੀਵਨ-ਪੱਧਰ, ਗੋਰੇ ਅਤੇ ਗ਼ੈਰ-ਗੋਰੇ ਤੇ ਭੂਰੇ ਪਰਿਵਾਰਾਂ ਦਰਮਿਆਨ ਵਿਆਪਕ ਨਾਬਰਾਬਰੀ ਦੇ ਹਾਲਾਤ ਵਰਗੇ ਬੁਨਿਆਦੀ ਸਵਾਲ ਮੂੰਹ ਅੱਡੀ ਖੜ੍ਹੇ ਹਨ। ਪੌਣ-ਪਾਣੀ ਪਰਿਵਰਤਨ, ਨਾਬਰਾਬਰੀ, ਕੱਟੜਵਾਦ, ਉਭਰਦਾ ਨਵ-ਫਾਸ਼ੀਵਾਦ, ਨਸਲਵਾਦ, ਬਦੇਸ਼ੀਆਂ ਪ੍ਰਤੀ ਨਫ਼ਰਤ, ਲਿੰਗਕ ਜਬਰ ਵਰਗੇ ਅਤਿ ਮਹੱਤਵਪੂਰਨ ਮੁੱਦਿਆਂ ਨਾਲ ਜੁੜੇ ਸਵਾਲ ਨਜ਼ਰਅੰਦਾਜ਼ ਹਨ। ਨਿਰਾਸ਼ਾ, ਮਾਯੂਸੀ, ਆਤਮਹੱਤਿਆ ਦੀਆਂ ਵਧ ਰਹੀਆਂ ਪ੍ਰਵਿਰਤੀਆਂ ਦੇ ਸਵਾਲ ਬਾਰੇ ਚੁੱਪ ਪਸਰੀ ਹੋਈ ਹੈ।

ਉਸਦਾ ਕਹਿਣਾ ਹੈ ਕਿ ਖਰਬਪਤੀਆਂ-ਅਰਬਪਤੀਆਂ ਦੀ ਗਿਣਤੀ ਤੇਜ਼ੀ ਨਾਲ ਵਧ ਰਹੀ ਹੈ। ਤਿੰਨ ਖਰਬਪਤੀਆਂ ਕੋਲ ਅਮਰੀਕਾ ਦੀ ਅੱਧੀ ਤੋਂ ਵੱਧ ਆਬਾਦੀ ਨਾਲੋਂ ਵੀ ਵੱਧ ਯਾਨੀ 16 ਕਰੋੜ 50 ਲੱਖ ਡਾਲਰ ਦੌਲਤ ਹੈ। ਸਿਖ਼ਰਲੇ 1% ਵਰਗ ਦੀ ਦੌਲਤ ਹੇਠਲੇ 92% ਵਰਗ ਤੋਂ ਵੀ ਜ਼ਿਆਦਾ ਹੈ। ਕੋਵਿਡ ਮਹਾਮਾਰੀ ਦੌਰਾਨ ਵੀ ਉਨ੍ਹਾਂ ਦੀ ਦੌਲਤ ਅਤੇ ਮੁਨਾਫ਼ੇ ਛੜੱਪੇ ਮਾਰ ਕੇ ਵਧਦੇ ਰਹੇ। ਸਿਰਫ਼ ਤਿੰਨ ਕਾਰਪੋਰੇਟ ਵਾਲ ਸਟ੍ਰੀਟ ਫਰਮਾਂ- ਬਲੈਕ ਰੌਕ, ਵੈਨਗਾਰਡ ਅਤੇ ਸਟੇਟ ਸਟ੍ਰੀਟ- ਕੋਲ 20 ਲੱਖ ਖਰਬ ਡਾਲਰ ਦੇ ਸ਼ੇਅਰ ਹਨ। 20% ਤੋਂ ਵੱਧ ਦਵਾਈਆਂ ਬਣਾਉਣ ਵਾਲੀਆਂ ਕੰਪਨੀਆਂ ਵੀ ਕਾਰਪੋਰੇਟ ਘਰਾਣਿਆਂ ਦੇ ਹੱਥ 'ਚ ਹਨ। ਕਾਰਪੋਰੇਟ ਘਰਾਣਿਆਂ ਦੇ ਸੀ.ਈ.ਓ. ਆਪਣੇ ਮੁਲਾਜ਼ਮਾਂ ਦੇ ਮੁਕਾਬਲੇ 400 ਗੁਣਾਂ ਜ਼ਿਆਦਾ ਕਮਾਉਂਦੇ ਹਨ। ਕਾਰਪੋਰੇਟ ਲੁੱਟ ਦੇ ਕਾਰਨ ਹੀ ਅਮਰੀਕਾ ਵਿਚ ਢਾਈ ਕਰੋੜ ਦੇ ਲਗਭਗ ਲੋਕ ਬੇਰੋਜ਼ਗਾਰ ਹਨ। ਭੁੱਖਮਰੀ ਜ਼ੋਰਾਂ 'ਤੇ ਹੈ। ਲੋਕ ਬੇਘਰੇ ਹੋ ਰਹੇ ਹਨ ਜਦਕਿ ਕਾਰਪੋਰੇਟਾਂ ਕੋਲ ਵੱਡੇ-ਵੱਡੇ ਮਹਿਲ ਹਨ। ਟੈਕਸ ਦੇਣ ਵਾਲੇ ਆਮ ਅਮਰੀਕੀਆਂ ਦੀ ਕੀਮਤ 'ਤੇ ਮੁੱਠੀ ਭਰ ਕਾਰਪੋਰੇਟ ਅਤੇ ਉਨ੍ਹਾਂ ਦੇ ਉੱਚ ਅਧਿਕਾਰੀ ਅੱਯਾਸ਼ੀਆਂ ਕਰਦੇ ਹਨ। ਲੱਖਾਂ ਲੋਕਾਂ ਨੂੰ ਐਮਰਜੈਂਸੀ 'ਫੂਡ ਪੈਕੇਜ' ਲੈਣ ਲਈ ਘੰਟਿਆਂ ਤੱਕ ਲਾਈਨ 'ਚ ਖੜਨਾ ਪੈਂਦਾ ਹੈ। ਹਰ ਸਾਲ 60 ਹਜ਼ਾਰ ਲੋਕ ਲਾਇਲਾਜ ਮਰ ਰਹੇ ਹਨ, ਸਾਢੇ ਅੱਠ ਕਰੋੜ ਲੋਕ ਆਪਣਾ ਬੀਮਾ ਨਹੀਂ ਕਰਵਾ ਸਕਦੇ ਜਦਕਿ ਹੈਲਥ ਬੀਮਾ ਕੰਪਨੀਆਂ ਬੇਥਾਹ ਮੁਨਾਫ਼ੇ ਕਮਾ ਰਹੀਆਂ ਹਨ। ਉਸਨੇ ਅਜਿਹੀਆਂ ਕੰਪਨੀਆਂ ਦੀ ਸੂਚੀ ਦਿੱਤੀ ਹੈ ਜਿਨ੍ਹਾਂ ਨੇ 2021 'ਚ 19 ਮਿਲੀਅਨ ਤੋਂ ਲੈ ਕੇ 60 ਬਿਲੀਅਨ ਡਾਲਰ ਤੱਕ ਮੁਨਾਫ਼ੇ ਕਮਾਏ। 6 ਲੱਖ ਅਮਰੀਕੀ ਲੋਕ ਨਸ਼ੀਲੀਆਂ ਦਵਾਈਆਂ ਕਾਰਨ ਮਰੇ ਹਨ। ਅਤਿਅੰਤ ਭੈੜੇ ਜੀਵਨ-ਹਾਲਾਤਾਂ ਕਾਰਨ ਨੌਜਵਾਨ ਮਾਨਸਿਕ ਤੌਰ 'ਤੇ ਟੁੱਟ ਜਾਂਦੇ ਹਨ ਅਤੇ ਲੱਖਾਂ ਨੌਜਵਾਨ ਦਿਲ ਦੇ ਰੋਗ, ਕੈਂਸਰ, ਡਾਇਬੀਟੀਜ਼, ਦਮਾ ਵਰਗੀਆਂ ਬੀਮਾਰੀਆਂ ਦੀ ਲਪੇਟ 'ਚ ਆ ਕੇ ਮਰ ਰਹੇ ਹਨ। ਉਸਦਾ ਮੰਨਣਾ ਹੈ 'ਸੱਚ ਇਹ ਹੈ ਕਿ ਆਰਥਕ ਸੁਰੱਖਿਆ ਅਤੇ ਸਵੈਨਿਰਭਰਤਾ ਦੀ ਅਣਹੋਂਦ 'ਚ ਵਿਅਕਤੀ ਦੀ ਅਸਲੀ ਸੁਤੰਤਰਤਾ ਦੀ ਕੋਈ ਹੋਂਦ ਨਹੀਂ ਹੈ।' ਉਸ ਦਾ ਕਹਿਣਾ ਹੈ ਕਿ ਮੁਨਾਫ਼ਾਖ਼ੋਰ ਕਾਰਪੋਰੇਟਾਂ ਉੱਪਰ 60% ਟੈਕਸ ਲਗਾਇਆ ਜਾਣਾ ਚਾਹੀਦਾ ਹੈ।

ਇਹ ਅਜਾਰੇਦਾਰ ਕਾਰਪੋਰੇਟ ਸਰਮਾਏਦਾਰੀ ਪੱਖੀ ਆਰਥਕ ਮਾਡਲ ਵੱਲੋਂ ਮਚਾਈ ਆਰਥਕ-ਸਮਾਜਿਕ ਤਬਾਹੀ ਦੀ ਮੋਟੀ ਜਹੀ ਤਸਵੀਰ ਹੈ। ਇਹ ਸਿਰਫ਼ ਸਮਾਜਿਕ ਸੁਰੱਖਿਆ ਵਿਵਸਥਾ ਨੂੰ ਹੀ ਖ਼ਤਮ ਨਹੀਂ ਕਰ ਰਿਹਾ ਸਗੋਂ ਇਸਦੀ ਰਾਜਨੀਤਕ ਨੁਮਾਇੰਦਗੀ ਕਰਦੀ ਘੋਰ ਸੱਜੇਪੱਖੀ ਨਸਲੀ-ਰਾਸ਼ਟਰਵਾਦੀ ਧਾਰਾ ਬਹੁਸੱਭਿਆਚਾਰੀ ਕਦਰਾਂ-ਕੀਮਤਾਂ ਨੂੰ ਖ਼ਤਮ ਕਰਕੇ ਖੁੱਲ੍ਹੇਆਮ ਨਸਲਵਾਦੀ ਗ਼ਲਬਾ ਥੋਪਣ ਦੇ ਰਾਹ ਤੁਰੀ ਹੋਈ ਹੈ। ਜਿਉਂ-ਜਿਉਂ ਅਮਰੀਕੀ ਸਾਮਰਾਜਵਾਦ ਦੀ ਸੰਸਾਰ ਚੌਧਰ ਕਮਜ਼ੋਰ ਹੋ ਰਹੀ ਹੈ, ਇਸਦੀ ਹਕੂਮਤ ਹੋਰ ਵੀ ਜ਼ਿਆਦਾ ਖ਼ੂੰਖ਼ਾਰ ਅਤੇ ਹਮਲਾਵਰ ਹੁੰਦੀ ਜਾ ਰਹੀ ਹੈ। ਅਮਰੀਕੀ ਸਟੇਟ ਹਰ ਸਾਲ ਆਪਣੀ ਫ਼ੌਜ ਉੱਪਰ 775 ਅਰਬ ਡਾਲਰ ਖ਼ਰਚਦਾ ਹੈ। ਪ੍ਰਵਾਸੀ, ਧਾਰਮਿਕ ਤੇ ਹੋਰ ਘੱਟਗਿਣਤੀਆਂ ਅਤੇ ਹਾਸ਼ੀਏ 'ਤੇ ਧੱਕੇ ਸਮਾਜਿਕ ਸਮੂਹ ਟਰੰਪ ਪ੍ਰਸ਼ਾਸਨ ਦੇ ਲਗਾਤਾਰ ਨਿਸ਼ਾਨੇ 'ਤੇ ਹਨ। ਇਹ ਸਿਰਫ਼ ਅਮਰੀਕਾ ਵਿਚ ਹੀ ਨਹੀਂ ਹੋ ਰਿਹਾ, ਵਿਸ਼ਵ ਬੈਂਕ ਦੇ ਸਾਬਕਾ ਅਰਥਸ਼ਾਸਤਰੀ ਬਰੈਂਕੋ ਦੇ ਸ਼ਬਦਾਂ ਵਿਚ ਕਹਿਣਾ ਹੋਵੇ ਤਾਂ ਅਮਰੀਕਾ, ਯੂਰਪ, ਜਪਾਨ ਆਦਿ ਕਥਿਤ 'ਸਰਮਾਏਦਾਰੀ ਕੋਰ' ਮੁਲਕਾਂ ਵਿਚ ਰੀਗਨ ਅਤੇ ਥੈਚਰ ਵਰਗਿਆਂ ਵੱਲੋਂ ਘੜੇ-ਤਰਾਸ਼ੇ ਨਵ-ਉਦਾਰ ਰਾਜਾਂ ਦੇ ਤਹਿਤ ਖ਼ੁਸ਼ਹਾਲ ਹੋਏ ਕੁਲੀਨ ਵਰਗ ਆਪਣੇ ਰਾਸ਼ਟਰਾਂ ਨੂੰ ਸੰਕੀਰਣ, ਨੀਵੇਂ ਅਤੇ ਕਠੋਰ ਸਮਾਜਾਂ ਵਿਚ ਮੁੜ-ਪ੍ਰਭਾਸ਼ਿਤ ਕਰ ਰਹੇ ਹਨ। ਉਹ ਬਹੁ-ਸੱਭਿਆਚਾਰਵਾਦ ਅਤੇ ਔਰਤਾਂ ਲਈ ਸਮਾਨਤਾ ਦੀਆਂ ਪੁਰਾਣੀਆਂ ਵਚਨ-ਬੱਧਤਾਵਾਂ ਨੂੰ ਤਿਲਾਂਜਲੀ ਦੇ ਰਹੇ ਹਨ। ਉਹ ਦੁਨੀਆ ਉੱਪਰ ਅਜਿਹੀ ਸਰਮਾਏਦਾਰੀ ਥੋਪ ਰਹੇ ਹਨ ਜਿਸ ਵਿਚ ਸੁਰੱਖਿਆ ਇਕਰਾਰਨਾਮੇ, ਯੂਨੀਅਨਾਂ ਅਤੇ ਇੱਥੋਂ ਤੱਕ ਕਿ ਨਾਮਨਿਹਾਦ ਐੱਚ.ਆਰ. (ਹਿਊਮੈਨ ਰਿਸੋਰਸਿਜ਼) ਵਿਭਾਗ ਵੀ ਨਹੀਂ ਹੈ। ਇਨ੍ਹਾਂ ਘੋਰ ਪਿਛਾਖੜੀ ਨੀਤੀ ਹਮਲਿਆਂ ਕਾਰਨ ਸਮਾਜਿਕ ਬੇਚੈਨੀ ਵਧ ਰਹੀ ਹੈ। ਅਮਰੀਕੀ ਲੋਕ ਟਰੰਪਸ਼ਾਹੀ ਵਿਰੁੱਧ ਸੜਕਾਂ ਉੱਪਰ ਆ ਕੇ ਵਿਰੋਧ ਪ੍ਰਗਟਾ ਰਹੇ ਹਨ। ਪਿਛਲੇ ਮਹੀਨੇ ਮੁਲਕ ਦੇ 50 ਰਾਜਾਂ ਵਿਚ ਇਸ ਸੰਦੇਸ਼ ਨਾਲ ਦੋ ਦਿਨ ਰੋਹ ਭਰੇ ਵਿਰੋਧ-ਪ੍ਰਦਰਸ਼ਨ ਹੁੰਦੇ ਰਹੇ ਕਿ ਉਨ੍ਹਾਂ ਨੂੰ ਟਰੰਪ ਦੀ ਰਾਜਾਸ਼ਾਹੀ ਮਨਜ਼ੂਰ ਨਹੀਂ ਹੈ। ਰਿਪੋਰਟਾਂ ਅਨੁਸਾਰ ਇਨ੍ਹਾਂ ਮੁਜ਼ਾਹਰਿਆਂ ਵਿਚ 1 ਕਰੋੜ 20 ਲੱਖ ਦੇ ਕਰੀਬ ਲੋਕਾਂ ਨੇ ਹਿੱਸਾ ਲਿਆ।

ਇਹ ਸਪਸ਼ਟ ਹੈ ਕਿ ਮਮਦਾਨੀ ਵਰਗਿਆਂ ਦੇ ਚੁਣੇ ਜਾਣ ਨਾਲ ਅਮਰੀਕਾ ਦੇ ਆਰਥਕ ਮਾਡਲ ਦੀ ਕਾਰਪੋਰੇਟ ਹਿਤੈਸ਼ੀ ਅਤੇ ਲੋਕ ਵਿਰੋਧੀ ਖ਼ਸਲਤ ਨਹੀਂ ਬਦਲ ਜਾਣੀ। ਪਰ ਇਹ ਸਪਸ਼ਟ ਸੰਕੇਤ ਹੈ ਕਿ ਕਥਿਤ ਨਵਉਦਾਰ ਆਰਥਕ ਮਾਡਲ ਆਮ ਅਮਰੀਕੀਆਂ ਨੂੰ ਬੁਰੀ ਤਰ੍ਹਾਂ ਨਪੀੜ ਰਿਹਾ ਹੈ, ਮਨੁੱਖੀ ਜ਼ਿੰਦਗੀ ਲਈ ਜ਼ਰੂਰੀ ਬੁਨਿਆਦੀ ਲੋੜਾਂ ਆਮ ਲੋਕਾਂ ਦੀ ਪਹੁੰਚ ਤੋਂ ਬਾਹਰ ਹੋ ਰਹੀਆਂ ਹਨ। ਲੋਕ ਤ੍ਰਾਹ-ਤ੍ਰਾਹ ਕਰ ਰਹੇ ਹਨ ਪਰ ਉਨ੍ਹਾਂ ਅੱਗੇ ਕੋਈ ਅਜਿਹਾ ਰਾਜਨੀਤਕ ਬਦਲ ਨਹੀਂ ਹੈ ਜੋ ਇਸ ਆਰਥਕ ਮਾਡਲ ਤੇ ਟਰੰਪ ਦੀ ਤਾਨਾਸ਼ਾਹੀ ਵਿਰੁੱਧ ਲੋਕਾਂ 'ਚ ਖੌਲ਼ ਰਹੀ ਬੇਚੈਨੀ ਨੂੰ ਰਾਜਨੀਤਕ ਅੰਦੋਲਨ ਦਾ ਰੂਪ ਦੇ ਸਕੇ ਅਤੇ ਹਾਕਮ ਜਮਾਤ ਨੂੰ ਇਸ ਆਰਥਕ ਮਾਡਲ ਨੂੰ ਰੱਦ ਕਰਨ ਲਈ ਮਜਬੂਰ ਕਰ ਸਕੇ।

ਡੈਮੋਕਰੇਟ ਆਗੂ ਜੇਕਰ ਚਾਹੁਣ ਤਾਂ ਮਮਦਾਨੀ ਦੀ ਜਿੱਤ ਤੋਂ ਸਬਕ ਲੈ ਕੇ 2026 'ਚ ਹੋਣ ਵਾਲੀਆਂ ਮੱਧਕਾਲੀ ਚੋਣਾਂ ਲਈ ਠੋਸ ਨੀਤੀ ਘੜ ਕੇ ਟਰੰਪ ਨੂੰ ਸਖ਼ਤ ਟੱਕਰ ਦੇ ਸਕਦੇ ਹਨ। ਪਰ ਆਪਣੀ ਜਮਾਤੀ ਖ਼ਸਲਤ ਕਾਰਨ ਡੈਮੋਕਰੇਟਿਕ ਪਾਰਟੀ ਘੋਰ ਪਿਛਾਖੜੀ ਟਰੰਪਸ਼ਾਹੀ ਵਿਰੁੱਧ ਫ਼ੈਸਲਾਕੁੰਨ ਲੜਾਈ ਨਹੀਂ ਲੜ ਸਕਦੀ। ਨਾ ਹੀ ਉਹ ਕਾਰਪੋਰੇਟ-ਹਿਤੈਸ਼ੀ ਨਵ-ਉਦਾਰ ਅਰਥਸ਼ਾਸਤਰ ਨੂੰ ਤਿਆਗ ਸਕਦੀ ਹੈ। ਸਮਾਜਵਾਦੀ ਤਾਕਤਾਂ ਇਸ ਕਦਰ ਕਮਜ਼ੋਰ ਹਨ ਕਿ ਉਹ ਕੋਈ ਗਿਣਨਯੋਗ ਭੂਮਿਕਾ ਨਿਭਾਉਣ ਦੀ ਹਾਲਤ 'ਚ ਨਹੀਂ ਹਨ। ਇਸ ਕਾਰਨ ਜੇਕਰ ਕਿਰਤੀ ਲੋਕਾਂ ਨੂੰ ਕੋਈ ਆਸ ਦੀ ਕਿਰਨ ਦਿਸਦੀ ਹੈ ਤਾਂ ਸਿਰਫ਼ ਮਮਦਾਨੀ, ਬਰਨੀ ਸੈਂਡਰਸ ਵਰਗਿਆਂ ਦੀਆਂ ਬਦਲਵੀਆਂ ਨੀਤੀ-ਤਜਵੀਜ਼ਾਂ ਵਿਚ ਦਿਸਦੀ ਹੈ, ਚਾਹੇ ਉਹ ਤਬਦੀਲੀ ਕਿੰਨੀ ਵੀ ਛੋਟੀ ਕਿਉਂ ਨਾ ਹੋਵੇ।

# ਮੌਜੂਦਾ ਸਿੱਖ ਉਭਾਰ ਦੀ ਵਿਲੱਖਣ ਹਸਤੀ



ਪ੍ਰਭਸ਼ਰਨਬੀਰ ਸਿੰਘ

ਅੱਜ ਪੰਜਾਬ ਦੀ ਸਿੱਖ ਨੌਜਵਾਨੀ ਕੋਲ ਇਤਿਹਾਸ ਸਿਰਜਣ ਦਾ ਸੁਨਹਿਰੀ ਮੌਕਾ ਹੈ। ਅਜਿਹੇ ਮੌਕੇ ਵਾਰ-ਵਾਰ ਨਹੀਂ ਆਉਂਦੇ। ਜੇ ਇਹ ਮੌਕਾ ਵੀ ਖੁੰਝ ਗਿਆ ਤਾਂ ਸਦੀਆਂ ਦੀ ਖੁਆਰੀ ਪੱਲੇ ਪੈ ਜਾਵੇਗੀ।

ਹੌਂਸਲੇ ਵਾਲ਼ੀ ਗੱਲ ਇਹ ਹੈ ਕਿ ਸਿੱਖ ਨੌਜਵਾਨਾਂ ਨੇ ਵੀ ਆਪਣੇ ਅਮਲ ਰਾਹੀਂ ਇਹ ਸਾਬਤ ਕੀਤਾ ਹੈ ਕਿ ਉਨ੍ਹਾਂ ਅੰਦਰ ਇਸ ਇਤਿਹਾਸਕ ਮੌਕੇ ਦੇ ਹਾਣ ਦਾ ਜਜ਼ਬਾ, ਸਬਰ ਅਤੇ ਸਮਝ ਪੈਦਾ ਹੋ ਰਹੇ ਹਨ। ਇਸ ਸੰਭਾਵੀ ਮੌਕੇ ਨੂੰ ਰਾਜਨੀਤਕ ਅਸਲੀਅਤ ਵਿਚ ਕਿਵੇਂ ਬਦਲਿਆ ਜਾਵੇ, ਇਸ ਬਾਰੇ ਕੁਝ ਵਿਚਾਰਾਂ ਪੇਸ਼ ਹਨ।

ਪਹਿਲੀ ਗੱਲ, ਸਿੱਖ ਰਾਜਨੀਤਕ ਅਮਲ ਦੀਆਂ ਗਤੀਵਿਧੀਆਂ ਸਹਿਜ ਵਿਚ ਚੱਲਣੀਆਂ ਜਰੂਰੀ ਹਨ। ਸਿੱਖ ਆਤਮਿਕ ਜੀਵਨ ਦਾ ਸਫਰ ਕਾਹਲੀ 'ਤੋਂ ਸਹਿਜ ਵੱਲ ਹੈ। ਆਧੁਨਿਕਤਾ ਦੀ ਤੋਰ ਸਹਿਜ 'ਤੋਂ ਕਾਹਲੀ ਵੱਲ ਹੈ। ਆਧੁਨਿਕ ਤਕਨਾਲੋਜੀ ਹਰ ਕਿਰਿਆ ਦੀ ਗਤੀ ਨੂੰ ਵਧਾਉਂਦੀ ਹੈ। ਪਰ ਗੁਰਬਾਣੀ ਸਾਨੂੰ ਜੀਵਨ ਦੀ ਭੱਜ-ਦੌੜ ਤੋਂ ਸਹਿਜ ਵੱਲ ਆਉਣ ਲਈ ਪ੍ਰੇਰਦੀ ਹੈ। ਸਾਡਾ ਰਾਜਨੀਤਕ ਅਮਲ ਵੀ ਗੁਰਬਾਣੀ ਦਾ ਅਨੁਸਾਰੀ ਹੀ ਹੋਣਾ ਚਾਹੀਦਾ ਹੈ, ਆਧੁਨਿਕਤਾ ਦਾ ਨਹੀਂ। ਮੌਜੂਦਾ ਦੌਰ ਵਿਚ ਉੱਭਰ ਰਹੇ ਸਿੱਖ ਅਮਲ ਲਈ ਸਭ ਤੋਂ ਲੋੜੀਂਦੀ ਗੱਲ ਸਹਿਜ ਵਿਚ ਚੱਲਣਾ ਹੈ।

ਰਾਜਨੀਤਕ ਲਹਿਰਾਂ ਪੈਦਾ ਕਰਨੀਆਂ ਸੌਖੀਆਂ ਹੁੰਦੀਆਂ ਹਨ ਪਰ ਉਨ੍ਹਾਂ ਨੂੰ ਸਹਿਜ ਵਿਚ ਰੱਖ ਕੇ ਲੰਮੇ ਸਮੇਂ ਲਈ ਚਲਾਉਣਾ ਬਹੁਤ ਔਖਾ ਹੁੰਦਾ ਹੈ। ਸਿੱਖਾਂ ਦੀ ਰਾਜਨੀਤਕ ਲਹਿਰ ਉਦੋਂ ਹੀ ਸਫਲ ਹੋਵੇਗੀ ਜਦੋਂ ਇਸ ਵਿਚ ਸਹਿਜ ਦਾ ਰੰਗ ਭਰਪੂਰ ਹੋਵੇਗਾ।

ਬਹੁਤੀਆਂ ਰਾਜਨੀਤਕ ਲਹਿਰਾਂ ਦਾ ਪਤਨ ਲੋੜੋਂ ਵੱਧ ਤੇਜੀ ਕਰਕੇ ਹੁੰਦਾ ਹੈ। 1857 ਦਾ ਗ਼ਦਰ, 1910ਵਿਆਂ ਦੀ ਗ਼ਦਰ ਲਹਿਰ, 1789 ਦੀ ਫਰਾਂਸੀਸੀ ਕਰਾਂਤੀ ਆਦਿ ਲਹਿਰਾਂ ਲੋੜੋਂ ਵੱਧ ਤੇਜੀ ਦਾ ਸ਼ਿਕਾਰ ਹੋਈਆਂ। ਉਹਦੇ ਮੁਕਾਬਲੇ ਸਿੱਖਾਂ ਦਾ ਅਠਾਰ੍ਹਵੀਂ ਸਦੀ ਦਾ ਇਤਿਹਾਸ, ਚੀਨ ਦਾ ਥੱਕੇ-ਹਾਰੇ ਮੁਲਕ 'ਤੋਂ ਸੁਪਰਪਾਵਰ ਬਣਨਾ, ਅਤੇ ਕਨੇਡਾ ਦੇ ਮੂਲ-ਨਿਵਾਸੀਆਂ ਦੀ ਪੁਨਰ-ਸੁਰਜੀਤੀ ਸਹਿਜ ਵਿਚ ਚੱਲੀਆਂ ਲਹਿਰਾਂ ਦੀਆਂ ਮਿਸਾਲਾਂ ਹਨ।

ਅੱਜ ਪੰਜਾਬ ਵਿਚ ਉੱਭਰ ਰਹੀ ਸਿੱਖ ਲਹਿਰ ਨੂੰ ਕੁਚਲਣ ਵਾਸਤੇ ਸਰਕਾਰ ਇਸ ਲਹਿਰ ਵਿਚ ਭੜਕਾਹਟ ਪੈਦਾ ਕਰਨ ਦਾ ਹਰ ਸੰਭਵ ਯਤਨ ਕਰੇਗੀ। ਇਸ ਲਹਿਰ ਦੀ ਸਫਲਤਾ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਭੜਕਾਹਟ ਪੈਦਾ ਕਰਨ ਦੀਆਂ ਸਾਜ਼ਿਸ਼ਾਂ ਨਾਲ ਕਿਵੇਂ ਨਜਿੱਠਿਆ ਜਾਂਦਾ ਹੈ। 2007 ਦੀ ਸੌਦਾ ਸਾਧ ਵਿਰੁੱਧ ਲਹਿਰ 'ਤੋਂ ਲੈ ਕੇ, ਭਾਈ ਰਾਜੋਆਣਾ ਦੀ ਫਾਂਸੀ, ਬੇਅਦਬੀ ਦੇ ਖਿਲਾਫ ਲੜਿਆ ਗਿਆ ਲੰਮਾ ਸੰਘਰਸ਼ ਅਤੇ ਕਿਸਾਨ ਮੋਰਚੇ 'ਤੋਂ ਲੈ ਕੇ ਅੱਜ ਤੱਕ ਨੌਜਵਾਨਾਂ ਵੱਲੋਂ ਵਿਖਾਇਆ ਗਿਆ ਸਹਿਜ ਵਾਕਿਆ ਹੀ ਕਾਬਲੇ-ਤਾਰੀਫ ਹੈ। ਆਸ ਹੈ ਕਿ ਇਹ ਸਹਿਜ ਆਉਣ ਵਾਲ਼ੇ ਸਮੇਂ ਵਿਚ ਹੋਰ ਪਰਪੱਕ ਹੋਵੇਗਾ।

ਦੂਜੀ ਗੱਲ, ਅੱਜ ਉੱਭਰ ਰਹੀ ਲਹਿਰ ਵਿਅਕਤੀਵਾਦ ਦਾ ਸ਼ਿਕਾਰ ਨਾ ਹੋ ਕੇ ਸਮੂਹਿਕ ਅਗਵਾਈ ਵੱਲ ਵਧ ਰਹੀ ਹੈ। ਵਿਅਕਤੀ ਕੇਂਦਰਿਤ ਲਹਿਰਾਂ ਖਤਮ ਕਰਨੀਆਂ ਸਰਕਾਰਾਂ ਲਈ ਬਹੁਤ ਸੌਖੀਆਂ ਹੁੰਦੀਆਂ ਹਨ। ਸਮੂਹਿਕ ਅਗਵਾਈ ਵਾਲ਼ੀ ਲਹਿਰ ਨੂੰ ਮੁਕਾਉਣਾ ਲਗਪਗ ਅਸੰਭਵ ਹੁੰਦਾ ਹੈ।

ਪੰਜਾਬ ਯੂਨੀਵਰਸਿਟੀ ਵਾਲ਼ੇ ਮਸਲੇ 'ਤੇ ਜਿਵੇਂ ਸਾਰੀਆਂ ਧਿਰਾਂ ਇਕੱਤਰ ਹੋਈਆਂ ਹਨ, ਉਹਦੇ ਤੋਂ ਸਮੂਹਿਕ ਅਗਵਾਈ ਉੱਭਰਨ ਦੇ ਸੰਕੇਤ ਮਿਲਦੇ ਹਨ। ਨੌਜਵਾਨਾਂ ਨੂੰ ਬੇਨਤੀ ਹੈ ਕਿ ਨਿੱਜੀ ਵਖਰੇਵੇਂ ਪਾਸੇ ਰੱਖ ਕੇ ਇੱਕ ਦੂਜੇ ਨਾਲ ਤਾਲ-ਮੇਲ ਬਣਾਓ। ਸਿਲਸਿਲੇਵਾਰ ਬੈਠਕਾਂ ਦਾ ਅਮਲ ਸ਼ੁਰੂ ਕਰੋ। ਗੁਰੂ ਸਾਹਿਬ ਜ਼ਰੂਰ ਬਰਕਤ ਪਾਉਣਗੇ।

ਤੀਜੀ ਗੱਲ, ਕਿਸੇ ਵੀ ਰਾਜਨੀਤਕ ਲਹਿਰ ਦੇ ਕਾਮਯਾਬ ਹੋਣ ਲਈ ਉਸ ਅੰਦਰ ਬੌਧਿਕ ਪਰਪੱਕਤਾ ਹੋਣੀ ਜ਼ਰੂਰੀ ਹੈ। ਅੱਜ ਦੇ ਸਮੇਂ ਦੀ ਸਾਰੀ ਰਾਜਨੀਤੀ ਮਨੋ-ਰਾਜਨੀਤੀ ਹੈ। ਉਹੀ ਧਿਰ ਸਫਲ ਹੁੰਦੀ ਹੈ ਜਿਹੜੀ ਲੋਕਾਈ ਦੇ ਸੋਚਣ ਦੇ ਢੰਗ ਨੂੰ ਆਪਣੇ ਪੱਖ ਵਿਚ ਢਾਲ ਲੈਂਦੀ ਹੈ। ਇਸ ਨੁਕਤੇ ਨੂੰ ਕਦੇ ਵੀ ਅਣਗੌਲ਼ਾ ਨਹੀਂ ਕਰਨਾ ਚਾਹੀਦਾ। ਇਸ ਵਿਚ ਅੰਤਾਂ ਦਾ ਜ਼ੋਰ ਹੈ।

ਸੋਸ਼ਲ ਮੀਡੀਆ ਨੂੰ ਚਲਾ ਰਹੀਆਂ ਐਲਗੋਰਿਦਮਾਂ ਅਸਲ ਵਿਚ ਕੌਮਾਂ ਦੇ ਸਮੂਹਿਕ ਮਨਾਂ ਅੰਦਰ ਡਰ, ਬੇਵਿਸ਼ਵਾਸੀ, ਬੇਚੈਨੀ ਅਤੇ ਘਬਰਾਹਟ ਪੈਦਾ ਕਰਨ ਦਾ ਕੰਮ ਹੀ ਕਰ ਰਹੀਆਂ ਹਨ। ਇਸ ਮਾਹੌਲ ਵਿਚ ਵੱਡੀ ਚੁਣੌਤੀ ਇਹ ਹੈ ਕਿ ਨਵੇਂ ਜ਼ਮਾਨੇ ਦੇ ਤਕਨੀਕੀ ਸੰਦ ਵਰਤਦੇ ਹੋਏ ਵੀ ਆਪਣੀ ਅੰਦਰਲੇ ਸਿਦਕ ਨੂੰ ਕਿਵੇਂ ਬਰਕਰਾਰ ਰੱਖਿਆ ਜਾਵੇ। ਇਸ ਚੁਣੌਤੀ ਨਾਲ ਨਜਿੱਠਣ ਲਈ ਪੰਜਾਬ ਦੀ ਹਰ ਯੂਨੀਵਰਸਿਟੀ ਅੰਦਰ ਵਰਕਸ਼ਾਪਾਂ ਲਾਉਣ ਦੀ ਫੌਰੀ ਲੋੜ ਹੈ।

ਚੌਥੀ ਗੱਲ, ਕੋਈ ਵੀ ਕੌਮੀ ਲਹਿਰ ਓਨਾ ਚਿਰ ਸਫਲ ਨਹੀਂ ਹੋ ਸਕਦੀ, ਜਿੰਨਾ ਚਿਰ ਉਸ ਕੌਮ ਦੀਆਂ ਬੀਬੀਆਂ ਉਸ ਲਹਿਰ ਵਿਚ ਭਰਵੀਂ ਸ਼ਮੂਲੀਅਤ ਨਹੀਂ ਕਰਦੀਆਂ। ਅਠਾਰ੍ਹਵੀਂ ਸਦੀ ਦੇ ਇਤਿਹਾਸ ਦੀ ਮਿਸਾਲ ਹੀ ਲੈ ਲਵੋ। ਸਿੱਖ ਬੀਬੀਆਂ ਦੀ ਸਰਗਰਮ ਸ਼ਮੂਲੀਅਤ ਤੋਂ ਬਗ਼ੈਰ ਸਿੰਘਾਂ ਦਾ ਜਿੱਤਣਾ ਨਾਮੁਮਕਿਨ ਸੀ। ਇਤਿਹਾਸਕਾਰਾਂ ਨੇ ਭਾਵੇਂ ਇਸ ਪੱਖ ਨੂੰ ਬਣਦਾ ਥਾਂ ਨਹੀਂ ਦਿੱਤਾ, ਪਰ ਉਸ ਦੌਰ ਦੀ ਬਾਰੀਕ ਪੜਤਾਲ ਕਰਨ ਨਾਲ ਇਹ ਸੱਚ ਸਾਡੇ ਸਾਹਮਣੇ ਆ ਜਾਂਦਾ ਹੈ।

ਭਾਵੇਂ ਕਿ ਸਿੱਖ ਮਰਦਾਂ ਵਾਂਗ ਸਿੱਖ ਬੀਬੀਆਂ ਵੀ ਕਾਫੀ ਹੱਦ ਤੱਕ ਆਧੁਨਿਕਤਾ ਦੀ ਮੈਲੀ ਸੱਭਿਆਚਾਰਕ ਰਾਜਨੀਤੀ ਦਾ ਸ਼ਿਕਾਰ ਹੋਈਆਂ ਹਨ, ਪਰ ਪਿਛਲੇ ਕੁਝ ਸਾਲਾਂ ਤੋਂ ਸਿੱਖ ਬੀਬੀਆਂ ਅੰਦਰ ਸਿੱਖ ਆਤਮਿਕ ਜੀਵਨ ਦੇ ਜਲੌਅ ਦੀ ਪੁਨਰ-ਸੁਰਜੀਤੀ ਦਾ ਅਮਲ ਚੁੱਪ-ਚੁਪੀਤੇ ਜ਼ੋਰ ਫੜ ਰਿਹਾ ਹੈ। ਜਿਵੇਂ-ਜਿਵੇਂ ਇਹ ਜਲੌਅ ਉਨ੍ਹਾਂ ਦੇ ਤਖਲੀਕੀ ਅਮਲ ਦਾ ਹਿੱਸਾ ਬਣਦਾ ਜਾਵੇਗਾ, ਉਵੇਂ-ਉਵੇਂ ਹੀ ਉਨ੍ਹਾਂ ਦਾ ਸਿੱਖ ਰਾਜਨੀਤਕ ਸਰਗਰਮੀ ਉੱਤੇ ਪ੍ਰਭਾਵ ਵੀ ਵਧਦਾ ਜਾਵੇਗਾ। ਇਸ ਸ਼ੁਭ ਅਮਲ ਦੇ ਪਰਗਟ ਹੋਣ ਨੂੰ ਹੁਣ ਬਹੁਤਾ ਸਮਾਂ ਨਹੀਂ ਲੱਗਣਾ।

ਸਿੱਖ ਜਥੇਬੰਦੀਆਂ ਨੂੰ ਇਸ ਪੱਖ ਵੱਲ ਉਚੇਚਾ ਧਿਆਨ ਦੇਣ ਦੀ ਲੋੜ ਹੈ। ਬੀਬੀਆਂ ਦੀ ਭਰਵੀਂ ਸ਼ਮੂਲੀਅਤ ਇਸ ਲਹਿਰ ਨੂੰ ਦਹਾਕਿਆਂ ਦਾ ਸਫਰ ਮਹੀਨਿਆਂ ਵਿਚ ਕਰਵਾ ਸਕਦੀ ਹੈ। ਸਿੱਖ ਬੀਬੀਆਂ ਸਿੱਖੀ ਦੇ ਉੱਚੇ ਇਖਲਾਕ ਦੀਆਂ ਜ਼ਾਮਨ ਹਨ। ਉਨ੍ਹਾਂ ਨਾਲ ਅਤਿ-ਸਤਿਕਾਰ ਨਾਲ ਪੇਸ਼ ਆਉਣਾ ਹਰ ਕਿਸੇ ਦਾ ਫਰਜ਼ ਹੈ। ਜੇ ਸਿੱਖ ਜਥੇਬੰਦੀਆਂ ਬੀਬੀਆਂ ਲਈ ਇਸ ਸਤਿਕਾਰ ਵਾਲਾ ਮਾਹੌਲ ਸਿਰਜ ਲੈਂਦੀਆਂ ਹਨ ਤਾਂ ਉਨ੍ਹਾਂ ਨੂੰ ਇਤਿਹਾਸ ਸਿਰਜਣ ਤੋਂ ਦੁਨੀਆਂ ਦੀ ਕੋਈ ਤਾਕਤ ਨਹੀਂ ਰੋਕ ਸਕਦੀ। ਇਸ ਨੁਕਤੇ ਬਾਰੇ ਕਦੇ ਫੇਰ ਵਿਸਥਾਰ ਵਿਚ ਗੱਲ ਕਰਾਂਗੇ।

ਪੰਜਵੀਂ ਅਤੇ ਆਖਰੀ ਗੱਲ, ਕੋਈ ਵੀ ਰਾਜਨੀਤਕ ਲਹਿਰ ਕਦੇ ਵੀ ਇੱਕੋ ਗਤੀ ਵਿਚ ਜਾਂ ਇੱਕੋ ਰੰਗ ਵਿਚ ਨਹੀਂ ਚਲਦੀ। ਇਸ ਲਹਿਰ ਨੇ ਵੀ ਇਕ ਦਿਨ ਰਵਾਨੀ ਫੜਨੀ ਹੈ। ਇਸ ਨੇ ਨਵੇਂ ਰੰਗ ਵੀ ਅਖਤਿਆਰ ਕਰਨੇ ਹਨ। ਪਰ ਉਨ੍ਹਾਂ ਦਾ ਸਮਾਂ ਅਜੇ ਨਹੀਂ ਆਇਆ। ਜਦੋਂ ਸਮਾਂ ਆ ਗਿਆ, ਇਹ ਦੋਵੇਂ ਕੰਮ ਸਹਿਜ-ਸੁਭਾ ਹੀ ਹੋ ਜਾਣੇ ਹਨ।

ਓਨਾ ਚਿਰ ਕਲਗੀਆਂ ਵਾਲ਼ੇ ਚੋਜੀ ਪ੍ਰੀਤਮ ਉੱਤੇ ਨਿਸਚਾ ਰੱਖ ਕੇ ਆਪਣੇ ਸਿਦਕ ਨੂੰ ਨਾ ਡੋਲਣ ਦੇਈਏ। ਗੁਰੂ ਭਲੀ ਕਰੇਗਾ।

# ਪੰਜਾਬ ਦੇ ਸਾਂਝੇ ਦਰਦ ਦੀ ਆਵਾਜ਼ ਬਣਿਆ ਪੰਜਾਬ ਯੂਨੀਵਰਸਿਟੀ ਦਾ ਇਕੱਠ

## ਭਾਰੀ ਰੁਕਾਵਟਾਂ ਅਤੇ ਯੂਨੀਵਰਸਿਟੀ ਦੇ ਸਾਰੇ ਗੇਟ ਸੀਲ ਕਰਨ ਦੇ ਬਾਵਜੂਦ ਹਜ਼ਾਰਾਂ ਲੋਕ ਯੂਨੀਵਰਸਿਟੀ ਵਿਚ ਹੋਏ ਦਾਖਲ



ਕਰਮਜੀਤ ਸਿੰਘ ਚੰਡੀਗੜ੍ਹ
ਫੋਨ: 99150-91063

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਭੰਗ ਹੋਈ ਸੈਨੇਟ ਨੂੰ ਬਹਾਲ ਕਰਨ ਲਈ ਵਿਦਿਆਰਥੀਆਂ ਵੱਲੋਂ ਸ਼ੁਰੂ ਕੀਤਾ ਸੰਘਰਸ਼ ਆਖਰੀ ਪੜਾਅ ਉੱਤੇ ਪਹੁੰਚ ਗਿਆ ਜਦੋਂ ਵਿਦਿਆਰਥੀ ਆਗੂਆਂ ਦੇ ਸੱਦੇ ਉੱਤੇ ਯੂਨੀਵਰਸਟੀ ਦੇ ਵਿਹੜੇ ਵਿਚ ਬੇਮਿਸਾਲ, ਲਾਜਵਾਬ, ਅਨੋਖਾ, ਵਿਲੱਖਣ, ਹੈਰਾਨਕੁਨ ਤੇ ਰਿਕਾਰਡ ਤੋੜ ਇਕੱਠ ਹੋਇਆ ਜੋ ਯੂਨੀਵਰਸਿਟੀ ਦੇ ਇਤਿਹਾਸ ਵਿਚ ਸ਼ਾਇਦ ਹੀ ਕਿਸੇ ਨੇ ਵੇਖਿਆ ਜਾਂ ਸੁਣਿਆ ਹੋਵੇਗਾ। ਇਹ ਇੱਕ ਤਰ੍ਹਾਂ ਨਾਲ ਉਦਾਸ ਯਾਦਾਂ ਦਾ ਮੇਲਾ ਸੀ ਅਤੇ ਖੁਸ਼ੀ ਦੇ ਹੰਝੂਆਂ ਦੀ ਇੱਕ ਅਨੋਖੀ ਦਾਸਤਾਨ ਸੀ ਜੋ ਕਦੇ ਕਦੇ ਹੀ ਸੁਣੀ ਜਾਂਦੀ ਹੈ। ਸਾਹਿਤ ਤੇ ਫਿਲਾਸਫੀ ਵਿਚ ਦਿਲਚਸਪੀ ਰੱਖਣ ਵਾਲੇ ਇੱਕ ਵਿਦਿਆਰਥੀ ਨਰੋਤਮ ਸਿੰਘ ਦਾ ਕਹਿਣਾ ਸੀ ਕਿ ਜਿਸ ਨੇ ਇਹ ਇਕੱਠ ਨਹੀਂ ਵੇਖਿਆ ਜਾਂ ਇਕੱਠ ਵਿਚ ਆਇਆ ਨਹੀਂ ਉਹ ਜ਼ਿੰਦਗੀ ਭਰ ਪਛਤਾਉਂਦਾ ਰਵੇਗਾ, ਉਂਝ ਪਛਤਾਵਾ ਵੀ ਚੰਗਾ ਹੁੰਦਾ ਹੈ। ਜਦੋਂ ਮੈਂ ਪੁੱਛਿਆ ਕਿ ਪਛਤਾਵਾ ਚੰਗਾ ਕਿਵੇਂ ਹੁੰਦਾ ਤਾਂ ਉਸਦਾ ਦਿਲਚਸਪ ਜਵਾਬ ਸੀ ਕਿ ਪਛਤਾਵਾ ਦਿਲ ਦੀ ਦਵਾ ਹੁੰਦਾ ਹੈ।

ਤੁਹਾਡਾ ਪੱਤਰਕਾਰ ਅਜਿਹੇ ਇਕੱਠਾਂ ਬਾਰੇ ਇਕੱਠ ਵਿਚ ਬੋਲਣ ਵਾਲੇ ਆਗੂਆਂ ਦੇ ਭਾਸ਼ਨਾਂ ਵਲ ਬਹੁਤਾ ਧਿਆਨ ਨਹੀਂ ਦਿੰਦਾ, ਸਗੋਂ ਉਹ ਇਕੱਠ ਦੀ ਰੂਹ ਨੂੰ ਫੜਨ ਤੇ ਇਕੱਠ ਦੇ ਚਿਹਰਿਆਂ ਨੂੰ ਪੜ੍ਹਨ ਦੀ ਕੋਸ਼ਿਸ਼ ਕਰਦਾ ਹੈ। ਉਹ ਇਕੱਠ ਦੇ ਨਾਅਰਿਆਂ ਦੀ ਆਵਾਜ਼ ਵਿਚ ਪਏ ਰੋਸ ਤੇ ਗੁੱਸੇ ਨਾਲ ਆਪਣੀ ਸਾਂਝ ਪਾਉਂਦਾ ਹੈ, ਯੂਨੀਵਰਸਿਟੀ ਵਿਚ ਦਾਖ਼ਲ ਹੋਣ ਲਈ ਰੁਕਾਵਟਾਂ ਪਾਉਣ ਵਾਲੀ ਪੁਲੀਸ ਨਾਲ ਕਿਵੇਂ ਬਹਿਸ ਕਰਦਾ ਹੈ ਅਤੇ ਇਹ ਵੇਖਦਾ ਹੈ ਕਿ ਇਕੱਠ ਵਿਚ ਪਹਿਲੀ ਵਾਰ ਵੱਡੀ ਗਿਣਤੀ ਵਿਚ ਆਈਆਂ ਮੁਟਿਆਰਾਂ ਦੀ ਗੁਫਤਾਰ ਤੇ ਰਫਤਾਰ ਕੀ ਕਹਿਣਾ ਚਾਹੁੰਦੀ ਹੈ ਜੋ ਸਦਾ ਹੀ ਅਕਸਰ ਅਣਕਹੀ ਰਹਿ ਜਾਂਦੀ ਹੈ।

ਜੇ ਤੁਸੀਂ ਇਹ ਸਵਾਲ ਕਰਨਾ ਹੋਵੇ ਕਿ ਇਸ ਇਕੱਠ ਬਾਰੇ ਦੋ ਸਤਰਾਂ ਵਿਚ ਵਿਆਖਿਆ ਕਰੋ ਤਾਂ ਮੈਂ ਉਸ ਔਖੇ ਸਵਾਲ ਦਾ ਇਹੋ ਜਵਾਬ ਦੇਵਾਂਗਾ ਕਿ ਅੱਜ ਇਵੇਂ ਲੱਗਦਾ ਸੀ ਜਿਵੇਂ ਸਾਰੇ ਪੰਜਾਬ, ਪੰਜਾਬੀਆਂ ਅਤੇ ਵਿਸ਼ੇਸ਼ ਕਰਕੇ ਸਿੱਖ ਕੌਮ ਦਾ ਦਰਦ ਇੱਕ ਥਾਂ ਉੱਤੇ 'ਇਕੱਠਾ ਤੇ ਇਕਾਗਰ' ਹੋ ਗਿਆ ਹੋਵੇ, ਜਿਵੇਂ ਪੰਜਾਬ ਦੇ ਲੁਕੇ ਦਰਦ ਦੀ ਕੋਈ ਬਾਤ ਜਾਂ ਸਾਖੀ ਸਾਨੂੰ ਸੁਣਾ ਰਿਹਾ ਹੋਵੇ, ਜਿਵੇਂ ਪੰਜਾਬ ਦਾ ਨਵਾਂ ਇਤਿਹਾਸ ਸਿਰਜਿਆ ਜਾ ਰਿਹਾ ਹੋਵੇ ਜਿਸ ਵਿਚੋਂ ਕਈ ਨਵੇਂ ਇਤਿਹਾਸ ਜਨਮ ਲੈਣਗੇ।

ਬਹੁਤ ਸਾਰੇ ਪੱਤਰਕਾਰ ਅਕਸਰ ਮੇਰੇ ਉੱਤੇ ਦੋਸ਼ ਲਾਉਂਦੇ ਹਨ ਕਿ ਮੈਂ ਅਕਸਰ ਜਜ਼ਬਾਤ ਵਿਚ ਆ ਕੇ ਅਤੇ ਇੱਕ ਪਾਸੜ ਉਲਾਰ ਹੋ ਕੇ ਹੀ ਆਪਣੇ ਵਿਚਾਰ ਪ੍ਰਗਟ ਕਰਦਾ ਰਿਹਾ ਹਾਂ ਅਤੇ ਜੁਝਾਰੂ ਲਹਿਰ ਨੂੰ ਵੀ ਮੈਂ ਵਧਾ ਚੜ੍ਹਾ ਕੇ ਪੇਸ਼ ਕਰਦਾ ਰਿਹਾ ਹਾਂ ਪਰ ਮੇਰਾ ਜਵਾਬ ਇਹ ਹੈ ਕਿ ਇਹ ਦੋਸ਼ ਗਲਤ ਹੈ ਕਿਉਂਕਿ ਮੈਂ ਤਾਂ ਇਕੱਠ ਦੇ ਜਜ਼ਬਿਆਂ ਦੀ ਤਹਿ ਤੱਕ ਪਹੁੰਚਣ ਦੀ ਕੋਸ਼ਿਸ਼ ਕਰਦਾ ਹਾਂ ਅਤੇ ਉਨ੍ਹਾਂ ਜਜ਼ਬਿਆਂ ਨੂੰ ਹੀ ਸ਼ਬਦ ਦਿੰਦਾ ਹਾਂ ਜੋ ਉਸ ਇਕੱਠ ਦੇ ਆਪਣੇ ਹੁੰਦੇ ਹਨ। ਪਰ ਅਕਸਰ ਬਹੁਤੇ ਪੱਤਰਕਾਰਾਂ ਦੁਆਰਾ ਬੇਸ਼ਬਦ ਹੋ ਕੇ ਹੀ ਪੇਸ਼ ਹੁੰਦੇ ਹਨ। ਮੈਂ ਸਿਰਫ ਸ਼ਬਦ ਦਿੰਦਾ ਹਾਂ ਸ਼ਬਦ ਵਿਚ ਲੁਕੇ ਜਨਤਕ ਜਜ਼ਬਾਤ ਹੀ ਉੱਪਰਲੀ ਸਤਹ ਉੱਤੇ ਲੈ ਕੇ ਆਉਂਦਾ ਹਾਂ। ਮੈਂ, ਮੇਰੇ ਸਾਥੀ ਪੱਤਰਕਾਰ ਅੰਗਦ ਸਿੰਘ ਅਤੇ ਦੋ-ਤਿੰਨ ਹੋਰ ਪੱਤਰਕਾਰ ਜਦੋਂ ਗੇਟ ਨੰਬਰ ਦੋ 'ਤੇ ਪਹੁੰਚੇ ਤਾਂ ਉਹ ਗੇਟ ਬੰਦ ਕਰ ਦਿੱਤਾ ਗਿਆ ਸੀ ਜਦੋਂ ਕਿ ਉਸੇ ਗੇਟ ਰਾਹੀਂ ਸਮਾਗਮ ਤੱਕ ਪਹੁੰਚਣ ਦਾ ਪ੍ਰੋਗਰਾਮ ਸੀ। ਲੇਕਿਨ ਉੱਥੇ ਸੈਂਕੜੇ ਪੁਲਿਸ ਮੁਲਾਜ਼ਮ ਅਤੇ ਬੱਸਾਂ ਵੀ ਖੜ੍ਹੀਆਂ ਕੀਤੀਆਂ ਗਈਆਂ ਸਨ ਤਾਂ ਜੋ ਲੋਕ ਅੰਦਰ ਦਾਖਲ ਨਾ ਹੋ ਸਕਣ। ਮੀਡੀਆ ਵਾਲੇ ਵੀ ਉੱਥੇ ਹੀ ਕਿੰਨਾ ਚਿਰ ਖਲੋਤੇ ਰਹੇ ਅਤੇ ਪੁਲਿਸ ਨੂੰ ਰਿਕੁਐਸਟ ਕਰਦੇ ਰਹੇ ਕਿ ਮੀਡੀਆ ਨੂੰ ਤਾਂ ਘੱਟੋ-ਘੱਟ ਅੰਦਰ ਵੱਲ ਜਾਣ ਦਿੱਤਾ ਜਾਵੇ ਪਰ ਉਨ੍ਹਾਂ ਨੇ ਸਾਫ ਜਵਾਬ ਦੇ ਦਿੱਤਾ। ਅਸੀਂ ਲਗਭਗ ਪੌਣਾ ਘੰਟਾ ਉਥੇ ਪੁਲਿਸ ਨਾਲ ਜੂਝਦੇ ਰਹੇ ਪਰ ਜਦੋਂ ਉਨ੍ਹਾਂ ਕਿਹਾ ਕਿ ਤੁਸੀਂ ਗੇਟ ਨੰਬਰ ਇੱਕ ਵੱਲ ਜਾਓ, ਉਥੇ ਗੇਟ ਖੋਲ੍ਹ ਦਿੱਤਾ ਗਿਆ ਹੈ, ਪਰ ਸਾਨੂੰ ਪੂਰਾ ਯਕੀਨ ਨਹੀਂ ਸੀ ਆਉਂਦਾ। ਇੰਨੇ ਨੂੰ ਸਾਨੂੰ ਇਹ ਖਬਰ ਮਿਲ ਗਈ ਕਿ ਸੈਂਕੜੇ ਵਿਦਿਆਰਥੀ ਜਦੋਂ ਯੂਨੀਵਰਸਿਟੀ ਗੇਟ ਵਿਚ ਦਾਖਲ ਹੋਣ ਦਾ ਯਤਨ ਕਰ ਰਹੇ ਸਨ ਤਾਂ ਉਨ੍ਹਾਂ ਉੱਤੇ ਪੁਲਿਸ ਨੇ ਲਾਠੀ ਚਾਰਜ ਕੀਤਾ, ਪਰ ਬਾਅਦ ਵਿਚ ਜਦੋਂ ਪੁਲਿਸ ਨੂੰ ਪਤਾ ਲੱਗਾ ਕਿ ਬੇਸ਼ੁਮਾਰ ਲੋਕ ਹੌਲੀ-ਹੌਲੀ ਇਸ ਗੇਟ ਵੱਲ ਵਧ ਰਹੇ ਹਨ ਤਾਂ ਉਨ੍ਹਾਂ ਨੇ ਇੱਕ ਤਰ੍ਹਾਂ ਨਾਲ ਗੇਟ ਖੋਲ੍ਹ ਦਿੱਤਾ। ਤੁਸੀਂ ਹੈਰਾਨ ਹੋਵੋਗੇ ਕਿ ਜਦੋਂ ਮੈਂ ਤੇ ਮੇਰੇ ਦੋਸਤ ਪੱਤਰਕਾਰ ਨੇ ਖਰੜ ਤੋਂ ਊਬਰ ਰਾਹੀਂ ਯੂਨੀਵਰਸਿਟੀ ਵੱਲ ਜਾਣ ਦੀ ਕੋਸ਼ਿਸ਼ ਕੀਤੀ ਤਾਂ ਹਰ ਰਾਹ ਵਿਚ ਇੰਨੀਆਂ ਰੁਕਾਵਟਾਂ ਖੜ੍ਹੀਆਂ ਕੀਤੀਆਂ ਗਈਆਂ ਕਿ ਥਾਂ-ਥਾਂ ਲੰਮੀਆਂ ਕਾਰਾਂ ਦਾ ਜਾਮ ਲੱਗ ਗਿਆ ਸੀ ਅਤੇ ਯੂਨੀਵਰਸਿਟੀ ਤੱਕ ਪਹੁੰਚਣ ਲਈ ਸਾਨੂੰ ਡੇਢ ਘੰਟਾ ਖੱਜਲ-ਖੁਆਰ ਹੋਣਾ ਪਿਆ। ਅਸੀਂ 800 ਰੁਪਏ ਖਰਚ ਕਰਕੇ ਹੀ ਗੇਟ ਨੰਬਰ ਦੋ ਤੱਕ ਪਹੁੰਚ ਸਕੇ।





ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਕੀਤੀ ਗਈ ਬੈਰੀਕੇਡਿੰਗ ਅਤੇ ਧਰਨਾ ਦੇ ਰਹੇ ਲੋਕਾਂ ਦੇ ਵੱਡੇ ਇਕੱਠ ਦੀਆਂ ਤਸਵੀਰਾਂ।

ਚਾਰ ਘੰਟੇ ਗੁਜ਼ਾਰੇ ਇਸ ਵਿਸ਼ਾਲ ਇਕੱਠ ਵਿਚ ਮੈਂ, ਰਾਜਵਿੰਦਰ ਸਿੰਘ ਰਾਹੀ, ਡਾਕਟਰ ਖੁਸ਼ਹਾਲ ਸਿੰਘ, ਇਤਿਹਾਸ ਵਿਭਾਗ ਦੀ ਵਿਦਿਆਰਥਣ ਕੁਲਵਿੰਦਰ ਕੌਰ, ਫੈਸ਼ਨ ਵਿਭਾਗ ਦੀ ਮਨਦੀਪ ਕੌਰ, ਅੰਤਰਪ੍ਰੀਤ ਸਿੰਘ, ਬੀਐਸਸੀ ਦੀ ਵਿਦਿਆਰਥਣ ਮਨਪ੍ਰੀਤ ਕੌਰ, ਅਨੰਦਪੁਰ ਸਾਹਿਬ ਤੋਂ ਆਈ ਨੌਜਵਾਨਾਂ ਦੀ ਇੱਕ ਟੀਮ, ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੇ ਕਈ ਆਗੂ ਤੇ ਵਰਕਰ, ਬਲਜੀਤ ਕੌਰ, ਹਰਜਿੰਦਰ ਕੌਰ, ਸੁਖਜੀਤ ਕੌਰ, ਅਤੇ ਅੱਧੀ ਦਰਜਨ ਛੋਟੀਆਂ-ਛੋਟੀਆਂ ਟੋਲੀਆਂ ਨਾਲ ਜੋ ਇਕੱਠ ਦੇ ਇੱਕ ਪਾਸੇ ਗਰਾਊਂਡ ਵਿਚ ਘਾਹ ਦੇ ਮੈਦਾਨ ਵਿਚ ਬੈਠੀਆਂ ਹੋਈਆਂ ਸਨ, ਉਨ੍ਹਾਂ ਦੇ ਵਿਚਾਰ ਜਾਨਣ ਦੀ ਕੋਸ਼ਿਸ਼ ਕੀਤੀ। ਕਈਆਂ ਕੋਲ ਆਪਣੇ ਦਰਦ ਨੂੰ ਦੱਸਣ ਲਈ ਸ਼ਬਦ ਨਹੀਂ ਸਨ ਜਾਂ ਉਹ ਸੰਗਦੇ ਸਨ ਪਰ ਜਦੋਂ ਉਨ੍ਹਾਂ ਨਾਲ ਸਾਂਝ ਪਾ ਕੇ ਤੁਸੀਂ ਸਵਾਲ ਕਰਦੇ ਹੋ ਤਾਂ ਤੁਹਾਨੂੰ ਉਹੋ ਜਿਹੀਆਂ ਗੱਲਾਂ ਮਿਲ ਜਾਂਦੀਆਂ ਹਨ ਜੋ ਕਿਸੇ ਨਾਵਲ ਵਾਂਗ ਲੱਗਦੀਆਂ ਹਨ। ਬੜੇ ਚਿਰਾਂ ਪਿੱਛੋਂ ਮੈਂ ਇਹ ਮਹਿਸੂਸ ਕਰ ਰਿਹਾ ਸਾਂ ਕਿ ਅਸੀਂ ਪੱਤਰਕਾਰ ਬਹੁਤੀ ਵਾਰ ਉੱਪਰ-ਉੱਪਰ ਖੇਡਦਿਆਂ ਹੀ ਜ਼ਿੰਦਗੀ ਲੰਘਾ ਦਿੰਦੇ ਹਾਂ। ਪਰ ਕਦੇ ਘੱਟ ਹੀ ਉਨ੍ਹਾਂ ਪੀੜਾਂ ਤੱਕ ਪਹੁੰਚਦੇ ਹਾਂ ਜੋ ਦੱਬੀਆਂ-ਘੁੱਟੀਆਂ ਹੀ ਇਸ ਸੰਸਾਰ ਤੋਂ ਅਲਵਿਦਾ ਕਹਿ ਕੇ ਤੁਰ ਜਾਂਦੀਆਂ ਹਨ-ਸਾਡੇ ਉੱਤੇ ਇੱਕ ਵੱਡਾ ਬੋਝ ਸੁੱਟ ਕੇ।

ਅੱਜ ਇੱਕ ਡੂੰਘੀ ਪੀੜ ਦਾ ਜ਼ਿਕਰ ਕਰਨਾ ਬਣਦਾ ਹੈ। ਕਦੇ-ਕਦੇ ਮਿੰਟਾਂ ਸਕਿੰਟਾਂ ਵਿਚ ਇੱਕ ਬੰਦੇ ਦੀ ਪੀੜ ਜਨਤਕ ਪੀੜ ਬਣ ਜਾਂਦੀ ਹੈ। ਕੇਂਦਰੀ ਸਿੰਘ ਸਭਾ ਦੇ ਡਾਕਟਰ ਖੁਸ਼ਹਾਲ ਸਿੰਘ ਤੇ ਉੱਘੇ ਲੇਖਕ ਰਾਜਵਿੰਦਰ ਸਿੰਘ ਰਾਹੀ ਨੇ ਦੱਸਿਆ ਕਿ ਡਾਕਟਰ ਪਿਆਰੇ ਲਾਲ ਗਰਗ ਜੋ ਅਕਸਰ ਹੀ ਪੰਜਾਬ ਅਤੇ ਬੇਬਾਕ ਹੋ ਕੇ ਸਿੱਖਾਂ ਦੇ ਦਿਲ ਦੀ ਆਵਾਜ਼ ਬੁਲੰਦ ਕਰਦੇ ਰਹਿੰਦੇ ਹਨ, ਅੱਜ ਜਦੋਂ ਉਹ ਯੂਨੀਵਰਸਿਟੀ ਦੇ ਵਿਦਿਆਰਥੀ ਸੰਘਰਸ਼ ਨਾਲ ਸਾਂਝ ਪਾਉਣ ਲਈ ਯੂਨੀਵਰਸਿਟੀ ਵੱਲ ਆਪਣੇ ਕਦਮ ਪੁੱਟ ਰਹੇ ਸਨ ਤਾਂ ਇਸ ਬਜ਼ੁਰਗ ਨਾਲ ਕੇਵਲ ਉਸ ਸਮੇਂ 20- 25 ਬੰਦੇ ਹੀ ਸਨ, ਪਰ ਜਦੋਂ ਉਨ੍ਹਾਂ ਨੇ ਇੱਕ ਤਰ੍ਹਾਂ ਨਾਲ ਲਲਕਾਰਾ ਮਾਰ ਕੇ 'ਯੂਨੀਵਰਸਿਟੀ ਚਲੋ' ਦੀ ਆਵਾਜ਼ ਦਿੱਤੀ ਤਾਂ ਯੂਨੀਵਰਸਿਟੀ ਦੇ ਨੇੜੇ ਪਹੁੰਚਣ ਤੱਕ 300 ਲੋਕਾਂ ਦਾ ਕਾਫਲਾ ਬਣ ਚੁੱਕਾ ਸੀ। ਤੁਸੀਂ ਸਵਾਲ ਕਰ ਸਕਦੇ ਹੋ ਕਿ ਇਹ ਲੋਕ ਅਚਾਨਕ ਕਿਥੋਂ ਆਏ? ਕਿਵੇਂ ਇਕੱਠੇ ਹੋ ਗਏ? ਤੇ ਕਿਵੇਂ ਨਾਅਰੇ ਮਾਰਦੇ ਯੂਨੀਵਰਸਟੀ ਤੱਕ ਪਹੁੰਚ ਗਏ। ਇਹ ਉਸ ਪੀੜ ਦੀ ਬਾਤ ਹੈ ਜੋ ਪੰਜਾਬ ਦੇ ਲੋਕਾਂ ਵਿਚ ਪਤਾ ਨਹੀਂ ਕਿੰਨੇ ਚਿਰਾਂ ਤੋਂ ਅੰਦਰ ਹੀ ਅੰਦਰ ਦੱਬੀ ਪਈ ਸੀ ਅਤੇ ਅੱਜ ਪ੍ਰਗਟ ਹੋ ਰਹੀ ਸੀ।

ਕੀ ਤੁਸੀਂ ਚਾਹੁੰਦੇ ਹੋ ਜਿਵੇਂ ਕਿ ਅਕਸਰ ਹੀ ਹਰ ਖ਼ਬਰ ਨੂੰ ਪੜ੍ਹਨ ਵਾਲੇ ਜਾਨਣਾ ਚਾਹੁੰਦੇ ਹਨ ਕਿ ਬਾਪੂ ਗੁਰਚਰਨ ਸਿੰਘ, ਮਨਦੀਪ ਸਿੰਘ, ਚਮਕੌਰ ਸਿੰਘ, ਚਰਨਜੀਤ ਸਿੰਘ ਚੰਨੀ, ਪ੍ਰਗਟ ਸਿੰਘ, ਪਰਮਿੰਦਰ ਸਿੰਘ ਢੀਂਡਸਾ, ਭਾਨਾ ਸਿੱਧੂ, ਕਸ਼ਮੀਰ ਸਿੰਘ, ਰਿਮਲਜੋਤ ਸਿੰਘ, ਸੰਦੀਪ ਸਿੰਘ, ਅਵਤਾਰ ਸਿੰਘ ਨਾਗਲਾ, ਪ੍ਰੀਤਮ ਕੌਰ, ਬਲਬੀਰ ਸਿੰਘ ਰਾਜੇਵਾਲ, ਰਜਿੰਦਰ ਕੌਰ ਸਰਾਂ ਅਤੇ ਦਰਜਨਾਂ ਹੋਰ ਬੁਲਾਰਿਆਂ ਨੇ ਕਿਸ ਤਰ੍ਹਾਂ ਦੇ ਵਿਚਾਰ ਪ੍ਰਗਟ ਕੀਤੇ। ਇਸ ਬਾਰੇ ਵੱਖਰਾ ਲੇਖ ਲਿਖ ਕੇ ਛੇਤੀ ਤੁਹਾਡੇ ਸਾਹਮਣੇ ਪੇਸ਼ ਕਰਾਂਗਾ। ਦਰਅਸਲ ਹਕੀਕਤ ਇਹੋ ਹੈ ਕਿ ਇਸ ਇਕੱਠ ਦੇ ਦਰਜਨਾਂ ਹੀ ਪਹਿਲੂ ਹਨ ਅਤੇ ਹਰ ਪਹਿਲੂ ਇੱਕ ਵੱਖਰੇ ਲੇਖ ਦੀ ਮੰਗ ਕਰਦਾ ਹੈ।

ਤੁਸੀਂ ਇਕੱਠ ਦੀ ਗਿਣਤੀ ਬਾਰੇ ਜਾਨਣਾ ਚਾਹੋਗੇ ਪਰ ਇਹ ਸਵਾਲ ਬਹੁਤ ਹੀ ਮੁਸ਼ਕਿਲ ਹੈ ਅਤੇ ਸ਼ਾਇਦ ਸਹੀ ਸਹੀ ਕੋਈ ਵੀ ਨਹੀਂ ਦੱਸ ਸਕਦਾ। ਮੈਂ ਕਈ ਦੋਸਤਾਂ ਤੋਂ ਇਸ ਗਿਣਤੀ ਬਾਰੇ ਪੁੱਛਣ ਦੀ ਕੋਸ਼ਿਸ਼ ਕੀਤੀ ਪਰ ਹਰ ਇੱਕ ਦਾ ਜਵਾਬ ਇਹ ਸੀ ਕਿ ਇਕੱਠ ਬੇਮਿਸਾਲ ਸੀ ਅਤੇ ਇਹ ਹਜ਼ਾਰਾਂ ਵਿਚ ਹੈ ਪਰ ਮੇਰੀ ਇਸ ਨਾਲ ਤਸੱਲੀ ਨਹੀਂ ਸੀ ਹੋ ਸਕੀ। ਅਸਲ ਵਿਚ ਇਹ ਇਕੱਤਰਤਾ ਕਿਸੇ ਇੱਕ ਵੱਡੇ ਮੈਦਾਨ ਵਿਚ ਨਹੀਂ ਸੀ ਜਿੱਥੋਂ ਇਕੱਠ ਦੀ ਗਿਣਤੀ ਬਾਰੇ ਸਹੀ-ਸਹੀ ਅੰਦਾਜ਼ਾ ਲਗਾਉਣਾ ਕਿਸੇ ਲਈ ਵੀ ਮੁਸ਼ਕਿਲ ਨਹੀਂ ਪਰ ਇਹ ਇਕੱਠ ਕਈ ਪਾਸਿਆਂ ਵੱਲ ਫੈਲਿਆ ਹੋਇਆ ਸੀ ਜਿਸ ਕਰਕੇ ਸਹੀ ਗਿਣਤੀ ਕਰਨਾ ਮੁਸ਼ਕਲ ਹੈ। ਮੈਂ ਤੁਹਾਨੂੰ ਦੱਸਦਾ ਹਾਂ ਕਿ ਜਦੋਂ ਅਸੀਂ ਸਾਢੇ ਚਾਰ ਵਜੇ ਦੇ ਕਰੀਬ ਪਰਤ ਰਹੇ ਸੀ ਤਾਂ ਪੀਜੀਆਈ ਵਾਲੇ ਪਾਸੇ ਇੱਕ ਨੰਬਰ ਗੇਟ ਤੋਂ ਥੋੜ੍ਹੀ ਦੂਰ ਵੀ ਕਈ ਕਾਫਲੇ ਯੂਨੀਵਰਸਿਟੀ ਵੱਲ ਵਧ ਰਹੇ ਸਨ।

# ਪੰਜਾਬ ਯੂਨੀਵਰਸਿਟੀ ਦੀਆਂ ਸੈਨੇਟ ਚੋਣਾਂ ਲਈ ਸੰਘਰਸ਼ ਦਾ ਮਾਮਲਾ ਅਤੇ ਯੂਨੀਵਰਸਿਟੀ 'ਤੇ ਪੰਜਾਬ ਦੀ ਹੱਕ ਜਤਾਈ ਦਾ ਸਵਾਲ





ਪਿਛਲੇ ਕੁੱਝ ਦਿਨਾਂ ਤੋਂ ਸੈਨੇਟ ਚੋਣਾਂ ਦੀ ਬਹਾਲੀ ਲਈ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਖੇ ਵਿਦਿਆਰਥੀਆਂ ਦੀ ਅਗਵਾਈ ਹੇਠ ਚੱਲ ਰਹੇ ਸੰਘਰਸ਼ ਨੇ ਦੁਨੀਆਂ ਭਰ ਵਿਚ ਬੈਠੇ ਪੰਜਾਬੀਆਂ ਦਾ ਧਿਆਨ ਖਿੱਚਿਆ ਹੈ। ਲੰਘੀ 10 ਨਵੰਬਰ ਨੂੰ 'ਪੰਜਾਬ ਯੂਨੀਵਰਸਿਟੀ ਬਚਾਓ ਮੋਰਚਾ' ਦੇ ਸੱਦੇ ਤਹਿਤ ਚੰਡੀਗੜ੍ਹ ਯੂਨੀਵਰਸਿਟੀ ਵਿਚ ਪਹੁੰਚਣ ਲਈ ਪੰਜਾਬੀਆਂ ਖਾਸਕਰ ਪੰਜਾਬ ਦੇ ਨੌਜਵਾਨਾਂ ਵੱਲੋਂ ਪੁਲਿਸ ਦੀਆਂ ਰੋਕਾਂ ਤੋੜ ਕੇ ਹਕੂਮਤੀ ਜ਼ਬਰ ਖਿਲਾਫ ਬੁਲੰਦ ਰੋਹਲੀ ਅਵਾਜ਼ ਨੇ ਕੇਂਦਰੀ ਹਕੂਮਤ ਨੂੰ ਇਕ ਵਾਰ ਫੇਰ ਪੰਜਾਬ ਦੀ ਵਿਰਾਸਤ ਦਾ ਚੇਤਾ ਕਰਵਾਇਆ ਹੈ। 'ਪੰਜਾਬ ਯੂਨੀਵਰਸਿਟੀ ਬਚਾਓ ਮੋਰਚਾ' ਵੱਲੋਂ 10 ਨਵੰਬਰ ਨੂੰ 11 ਵਜ਼ੇ ਰੋਸ ਪ੍ਰਦਰਸ਼ਨ ਦਾ ਸੱਦਾ ਦਿੱਤਾ ਹੋਇਆ ਸੀ ਪਰ ਨੌਜਵਾਨਾਂ ਵਿਚ ਇਸ ਸੱਦੇ ਪ੍ਰਤੀ ਐਨਾ ਜੋਸ਼ ਸੀ ਕਿ ਸੈਂਕੜੇ ਨੌਜਵਾਨ 9 ਨਵੰਬਰ ਦੀ ਰਾਤ ਨੂੰ ਹੀ ਚੰਡੀਗੜ੍ਹ ਪਹੁੰਚ ਗਏ ਸਨ। 10 ਨਵੰਬਰ ਦੇ ਸਵੇਰ ਚੰਡੀਗੜ੍ਹ ਪੁਲਿਸ ਵੱਲੋਂ



**ਨਵਕਿਰਨ ਸਿੰਘ ਪੱਤੀ**
ਫੋਨ: +9198885-44001

ਯੂਨੀਵਰਸਿਟੀ ਦੇ ਤਿੰਨੇ ਗੇਟਾਂ ਨੂੰ ਬੰਦ ਕਰਕੇ ਲਾਏ ਬੈਰੀਕੇਟ ਨੌਜਵਾਨਾਂ ਦੇ ਕਾਫਲਿਆਂ ਅੱਗੇ ਟਿਕ ਨਾ ਸਕੇ। ਮੋਹਾਲੀ-ਚੰਡੀਗੜ੍ਹ ਬਾਰਡਰ 'ਤੇ ਪੁਲਿਸ ਤੇ ਪੈਰਾ ਮਿਲਟਰੀ ਫੋਰਸ ਵੱਲੋਂ ਲਗਾਈਆਂ ਰੋਕਾਂ ਖਾਸਕਰ ਮੋਹਾਲੀ ਦੇ ਫੇਜ-6 'ਤੋਂ ਚੰਡੀਗੜ੍ਹ ਵਿਚ ਦਾਖਲੇ ਨੂੰ ਕਿਸਾਨ ਜਥੇਬੰਦੀਆਂ ਨੇ ਤੋੜ ਕੇ ਖੇਤੀ ਕਾਨੂੰਨਾਂ ਖਿਲਾਫ ਚੱਲੇ ਇਤਿਹਸਾਕ ਕਿਸਾਨ ਅੰਦੋਲਨ ਦੀ ਯਾਦ ਨੂੰ ਤਾਜਾ ਕਰਵਾਇਆ ਹੈ। ਇਸ ਲਾਮਿਸਾਲ ਸੰਘਰਸ਼ ਨੇ ਜਿੱਥੇ ਸੂਬੇ ਦੇ ਨੌਜਵਾਨਾਂ ਵਿਚ ਜੋਸ਼ ਭਰਨ ਦਾ ਕੰਮ ਕੀਤਾ ਹੈ ਉੱਥੇ ਹੀ ਵਰ੍ਹਿਆਂ ਬਾਅਦ ਪੰਜਾਬੀਆਂ ਦਾ ਚੰਡੀਗੜ੍ਹ ਅਤੇ ਪੰਜਾਬ ਯੂਨੀਵਰਸਿਟੀ ਉੱਪਰ ਹੱਕ ਜਤਾਈ ਦਾ ਮਾਮਲਾ ਮੁੜ ਕੇਂਦਰਤ ਹੁੰਦਾ ਨਜ਼ਰ ਆ ਰਿਹਾ ਹੈ।

ਦਰਅਸਲ ਇਸ ਸੰਘਰਸ਼ ਦੀ ਬੁਨਿਆਦ ਕੇਂਦਰ ਸਰਕਾਰ ਵੱਲੋਂ 28 ਅਕਤੂਬਰ ਨੂੰ ਯੂਨੀਵਰਸਿਟੀ ਦੀ ਸੈਨੇਟ ਅਤੇ ਸਿੰਡੀਕੇਟ ਵਿਚ ਵੱਡੇ ਬਦਲਾਅ ਕੀਤੇ ਜਾਣ ਦੇ ਗੈਰ-ਜਮਹੂਰੀ ਫੈਸਲੇ ਨਾਲ ਬੱਝੀ ਸੀ। ਹਕੀਕਤ ਇਹ ਹੈ ਕਿ ਸਿੱਖਿਆ ਸੰਸਥਾਵਾਂ ਦਾ ਕੇਂਦਰੀਕਰਨ ਅਤੇ ਸਿੱਖਿਆ ਦਾ ਭਗਵਾਂਕਰਨ ਦੀ ਨੀਤੀ ਤਹਿਤ ਕੰਮ ਕਰ ਰਹੀ ਮੋਦੀ ਸਰਕਾਰ ਨੂੰ ਜਮਹੂਰੀ ਅਮਲ ਵਾਲੀਆਂ ਯੂਨੀਵਰਸਿਟੀਆਂ ਚੁੱਭਦੀਆਂ ਹਨ। ਇਸੇ ਨੀਤੀ ਦੇ ਚੱਲਦਿਆਂ ਕੇਂਦਰ ਸਰਕਾਰ ਨੇ ਪੰਜਾਬ ਯੂਨੀਵਰਸਿਟੀ ਦੀ ਸੈਨੇਟ ਤੇ ਸਿੰਡੀਕੇਟ ਵਿਚ ਤਬਦੀਲੀ ਕਰਕੇ ਉਸਦਾ ਖਾਸਾ ਬਦਲਣ ਦੀ ਚਾਲ ਚੱਲੀ। ਪੰਜਾਬ ਯੂਨੀਵਰਸਿਟੀ ਦੇਸ਼ ਦੀ ਇਕੋ-ਇਕ ਅਜਿਹੀ ਵਿੱਦਿਅਕ ਸੰਸਥਾ ਹੈ ਜਿਸ ਦੇ ਕਈ ਅਹਿਮ ਮਾਮਲਿਆਂ ਵਿਚ ਸੈਨੇਟ ਦੀ ਫੈਸਲਾਕੁਨ ਭੂਮਿਕਾ ਹੈ। ਚਾਰ ਸਾਲ ਬਾਅਦ ਚੁਣੀ ਜਾਂਦੀ 91 ਮੈਂਬਰੀ ਸੈਨੇਟ ਦੇ 49 ਮੈਂਬਰ ਵੋਟਾਂ ਰਾਹੀਂ ਚੁਣੇ ਜਾਂਦੇ ਹਨ, 36 ਮੈਂਬਰਾਂ ਨੂੰ ਨਾਮਜ਼ਦ ਕੀਤਾ ਜਾਂਦਾ ਹੈ, ਜਦਕਿ 6 ਮੈਂਬਰ ਐਕਸ-ਆਫੀਸ਼ੀਓ ਹੁੰਦੇ ਹਨ ਜਿਨ੍ਹਾਂ ਵਿਚ ਪੰਜਾਬ ਦਾ ਮੁੱਖ ਮੰਤਰੀ, ਪੰਜਾਬ ਦਾ ਸਿੱਖਿਆ ਮੰਤਰੀ, ਚੰਡੀਗੜ੍ਹ ਤੋਂ ਸੰਸਦ ਮੈਂਬਰ ਵੀ ਹੁੰਦੇ ਹਨ। ਸਿੰਡੀਕੇਟ ਦੇ 18 ਮੈਂਬਰਾਂ ਵਿਚੋਂ 15 ਚੁਣ ਕੇ ਆਉਂਦੇ ਹਨ ਜਦਕਿ ਵਾਈਸ ਚਾਂਸਲਰ ਸਮੇਤ 3 ਮੈਂਬਰ ਹੋਰ ਹੁੰਦੇ ਹਨ। ਕੇਂਦਰ ਸਰਕਾਰ ਦੇ ਇਸ਼ਾਰੇ ਤਹਿਤ ਪਿਛਲੇ ਸਮੇਂ ਇਸ ਯੂਨੀਵਰਸਿਟੀ ਦੇ ਵਾਈਸ ਚਾਂਸਲਰ ਵੱਲੋਂ ਫੀਸਾਂ ਦੇ ਵਾਧੇ ਸਮੇਤ ਕਈ ਵਿਦਿਆਰਥੀ ਵਿਰੋਧੀ ਫੈਸਲੇ ਲੈਣ ਦੀ ਕੋਸ਼ਿਸ਼ ਕੀਤੀ ਤਾਂ ਵਿਦਿਆਰਥੀ ਜਥੇਬੰਦੀਆਂ ਨੇ ਉਨ੍ਹਾਂ ਅੱਗੇ 1904 ਦਾ ਯੂਨੀਵਰਸਿਟੀ ਐਕਟ ਰੱਖਿਆ, ਜਿਸ ਦੇ ਤਹਿਤ ਇਸ ਯੂਨੀਵਰਸਿਟੀ ਦੇ ਅਹਿਮ ਫੈਸਲੇ ਸਿਰਫ ਤੇ ਸਿਰਫ ਸਿੰਡੀਕੇਟ ਅਤੇ ਸੈਨੇਟ ਦੀ ਸਹਿਮਤੀ ਨਾਲ ਹੀ ਲਏ ਜਾ ਸਕਦੇ ਹਨ। 1904 ਦੇ ਯੂਨੀਵਰਸਿਟੀ ਐਕਟ ਅਨੁਸਾਰ ਕੋਈ ਵੀ ਨੀਤੀਗਤ ਫੈਸਲਾ ਲੈਣ ਤੋਂ ਪਹਿਲਾਂ ਮਾਮਲਾ ਸਿੰਡੀਕੇਟ ਵਿਚ ਰੱਖਿਆ ਜਾਣਾ ਜਰੂਰੀ ਹੈ, ਜੇ ਸਿੰਡੀਕੇਟ ਇਸ ਨੂੰ ਪਾਸ ਕਰ ਦੇਵੇ ਤਾਂ ਇਹ ਚਰਚਾ ਲਈ ਸੈਨੇਟ ਵਿਚ ਰੱਖਿਆ ਜਾਣਾ ਚਾਹੀਦਾ ਹੈ, ਸੈਨੇਟ ਵਿਚੋਂ ਪਾਸ ਹੋਏ ਬਗੈਰ ਲਾਗੂ ਕਰਨਾ ਮੁਸ਼ਕਲ ਹੈ। ਇਸੇ ਕਰਕੇ ਕੇਂਦਰ ਸਰਕਾਰ ਨੂੰ ਸੈਨੇਟ ਤੇ ਸਿੰਡੀਕੇਟ ਮਿਰਚਾਂ ਵਾਂਗ ਚੁੱਭਦੀਆਂ ਹਨ, ਇਹੀ ਕਾਰਨ ਹੈ ਕਿ ਉਨ੍ਹਾਂ ਪਿਛਲੇ ਲੱਗਭੱਗ ਦੋ ਸਾਲ 'ਤੋਂ ਇਹ ਚੋਣਾਂ ਹੀ ਨਹੀਂ ਕਰਵਾਈਆਂ। ਲੱਗਭੱਗ ਦੋ ਸਾਲ ਤੋਂ ਚੋਣਾਂ ਨਾ ਕਰਵਾਉਣ ਤੋਂ ਇਕ ਸਟੈਪ ਅੱਗੇ ਵਧਦਿਆਂ ਹੁਣ ਕੇਂਦਰ ਸਰਕਾਰ ਨੇ 'ਨਾ ਰਹੇਗਾ ਬਾਂਸ ਤੇ ਨਾ ਵਜੇਗੀ ਬਾਂਸੁਰੀ' ਦੀ ਕਹਾਵਤ ਵਾਂਗ ਸਾਰੀਆਂ ਤਾਕਤਾਂ ਖੁਦ ਦੇ ਥੋਪੇ ਵਾਈਸ ਚਾਂਸਲਰ ਦੇ ਹੱਥ ਦੇਣ ਲਈ 28 ਅਕਤੂਬਰ ਨੂੰ ਇਕ ਅਜਿਹਾ ਨੋਟੀਫਿਕੇਸ਼ਨ ਜਾਰੀ ਕੀਤਾ, ਜਿਸ ਤਹਿਤ ਸਿਰਫ ਸੈਨੇਟ ਤੇ ਸਿੰਡੀਕੇਟ ਦੇ ਮੈਂਬਰਾਂ ਦੀ ਗਿਣਤੀ ਨੂੰ ਹੀ ਸਿਰਫ ਸੀਮਤ ਨਹੀਂ ਸੀ ਕੀਤਾ, ਬਲਕਿ ਜਮਹੂਰੀ ਤਰੀਕੇ ਨਾਲ ਚੁਨਣ ਦੀ ਬਜਾਏ ਵਾਈਸ ਚਾਂਸਲਰ ਰਾਹੀਂ ਮੈਂਬਰ ਨਾਮਜ਼ਦ ਕਰਨ ਦਾ ਰਾਹ ਅਖਤਿਆਰ ਕੀਤਾ ਸੀ। ਇਸ ਸਿਰੇ ਦੇ ਗੈਰ-ਜਮਹੂਰੀ ਢੰਗ-ਤਰੀਕੇ ਖਿਲਾਫ ਉੱਠੇ ਲੋਕ ਰੋਹ ਤੋਂ ਬਾਅਦ ਭਾਵੇਂ ਕੇਂਦਰ ਸਰਕਾਰ ਨੂੰ 28 ਅਕਤੂਬਰ ਵਾਲਾ ਨੋਟੀਫਿਕੇਸ਼ਨ ਰੱਦ ਕਰਕੇ ਸੈਨੇਟ ਤੇ ਸਿੰਡੀਕੇਟ ਬਹਾਲ ਕਰਨ ਦਾ ਫੈਸਲਾ ਲੈਣਾ ਪਿਆ ਲੇਕਿਨ ਵਿਦਿਆਰਥੀਆਂ ਨੇ ਸੈਨੇਟ ਚੋਣਾਂ ਦਾ ਨੋਟੀਫਿਕੇਸ਼ਨ ਜਾਰੀ ਹੋਣ ਤੱਕ ਪਹਿਲਾਂ ਵਾਂਗ ਸੰਘਰਸ਼ ਜਾਰੀ ਰੱਖਣ ਦਾ ਫੈਸਲਾ ਲਿਆ। 28 ਅਕਤੂਬਰ ਵਾਲਾ ਨੋਟੀਫਿਕੇਸ਼ਨ, ਜੋ ਯੂਨੀਵਰਸਿਟੀ ਦੇ ਗ੍ਰੈਜੂਏਟ ਵਿਦਿਆਰਥੀ ਚੋਣਾਂ ਰਾਹੀਂ ਪ੍ਰਬੰਧਕੀ ਢਾਂਚੇ ਵਿਚ ਭਾਗੀਦਾਰ ਬਣਦੇ ਸਨ, ਨੂੰ ਭਾਗੀਦਾਰ ਬਨਣ ਤੋਂ ਹੀ ਰੋਕਣ ਵਾਲਾ ਸੀ। ਸਾਨੂੰ ਪਤਾ ਹੈ ਕਿ ਤਾਕਤਾਂ ਦੇ ਕੇਂਦਰੀਕਰਨ ਦੀ ਨੀਤੀ ਦਾ ਝੰਡਾਬਰਦਾਰ ਮੋਦੀ ਸਰਕਾਰ ਨੂੰ ਸੈਨੇਟ ਬਹਾਲੀ ਦਾ ਫੈਸਲਾ ਲੋਕ ਰੋਹ ਕਾਰਨ ਬਹਾਲ ਕਰਦਿਆਂ ਪੁਰਾਣਾ ਨੋਟੀਫਿਕੇਸ਼ਨ ਮੁਲਤਵੀ ਹੀ ਕੀਤਾ ਹੈ, ਤਿਆਗਿਆ ਨਹੀਂ ਹੈ। ਇਸ ਲਈ ਵਿਦਿਆਰਥੀਆਂ ਦਾ ਖਦਸ਼ਾ ਬਿਲਕੁੱਲ ਜਾਇਜ਼ ਹੈ ਕਿ ਜੇਕਰ ਸੈਨੇਟ ਚੋਣਾਂ ਦਾ ਨੋਟੀਫਿਕੇਸ਼ਨ ਹੀ ਜਾਰੀ ਨਾ ਕੀਤਾ ਤਾਂ ਚੋਣ ਬਹਾਲੀ ਦੇ ਐਲਾਨ ਦੇ ਵੀ ਕੋਈ ਮਾਇਨੇ ਨਹੀਂ ਹੋਣਗੇ। ਬੇਸ਼ੱਕ 'ਯੂਨੀਵਰਸਿਟੀ ਬਚਾਓ ਮੋਰਚਾ' ਦੀ ਅਗਵਾਈ ਹੇਠ ਲੜਿਆ ਜਾ ਰਿਹਾ ਸੰਘਰਸ਼ ਉਸ ਜਮਹੂਰੀ ਪ੍ਰਣਾਲੀ ਦੀ ਬਹਾਲੀ ਲਈ ਹੈ, ਜਿਸ ਵਿਚ ਯੂਨੀਵਰਸਿਟੀ ਦੇ ਪੁਰਾਣੇ ਵਿਦਿਆਰਥੀ, ਪ੍ਰੋਫੈਸਰ ਚੋਣ ਲੜ ਕੇ ਯੂਨੀਵਰਸਿਟੀ ਨੂੰ ਚਲਾਉਣ ਦੀ ਪ੍ਰਕਿਰਿਆ ਵਿਚ ਸ਼ਾਮਲ ਹੋ ਸਕਦੇ ਹਨ। ਪਰ ਹੁਣ ਇਕ ਸਦੀ ਬਾਅਦ ਸਾਨੂੰ 1904 ਦੇ ਐਕਟ ਦੀ ਬਹਾਲੀ ਦੇ ਨਾਲ-ਨਾਲ ਇਸਨੂੰ ਹੋਰ ਵੱਧ ਜਮਹੂਰੀ ਬਨਾਉਣ ਦੀ ਲੋੜ ਨੂੰ ਉਭਾਰਨਾ ਚਾਹੀਦਾ ਹੈ। ਵਾਈਸ ਚਾਂਸਲਰ ਦੇ ਅਧਿਕਾਰਾਂ ਉੱਪਰ ਕੈਂਚੀ ਫੇਰਨ ਦੀ ਮੰਗ ਨੂੰ ਉਭਾਰਦੇ ਹੋਏ ਸੈਨੇਟ ਦੇ ਅਧਿਕਾਰਾਂ ਵਿਚ ਵਾਧੇ ਲਈ ਜੱਦੋ-ਜਹਿਦ ਕਰਨੀ ਚਾਹੀਦੀ ਹੈ। ਸੈਨੇਟ ਚੋਣਾਂ ਰਾਹੀਂ ਪੰਜਾਬ ਦੇ ਨੁਮਾਇੰਦੇ ਚੁਣ ਕੇ ਇਸ ਯੂਨੀਵਰਸਿਟੀ ਦੇ ਫੈਸਲੇ ਲੈਣ ਵਾਲੀ ਬਾਡੀ ਵਿਚ ਸ਼ਾਮਲ ਹੁੰਦੇ ਹਨ ਤੇ ਸੈਨੇਟ ਚੋਣਾਂ ਦੀ ਪ੍ਰਕਿਰਿਆ ਖਤਮ ਕਰਕੇ ਕੇਂਦਰ ਸਰਕਾਰ ਜਿੱਥੇ ਇਕ ਜਮਹੂਰੀ ਪ੍ਰਕਿਰਿਆ ਨੂੰ ਖਤਮ ਕਰਨ ਦੇ ਰਾਹ ਪਈ ਹੋਈ ਹੈ, ਉੱਥੇ ਹੀ ਪੰਜਾਬ ਦੀ ਇਸ ਯੂਨੀਵਰਸਿਟੀ ਉੱਪਰ ਹੱਕ ਜਤਾਈ ਨੂੰ ਰੋਲ ਦੇਣਾ ਚਾਹੁੰਦੀ ਹੈ। ਇਸ ਲਈ ਸਾਨੂੰ ਇਹ ਵੀ ਡੂੰਘਾਈ ਨਾਲ ਸਮਝਣਾ ਚਾਹੀਦਾ ਹੈ ਕਿ ਪੰਜਾਬ ਯੂਨੀਵਰਸਿਟੀ ਨਾਲ ਸਾਡੀ ਵਿਰਾਸਤ ਅਤੇ ਹੋਂਦ ਕਿਵੇਂ ਜੁੜੀ ਹੋਈ ਹੈ ਕਿਉਂਕਿ ਇਸ ਯੂਨੀਵਰਸਿਟੀ ਦੀ ਸਥਾਪਨਾ ਬ੍ਰਿਟਿਸ਼ ਹਕੂਮਤ ਵੱਲੋਂ 1882 ਵਿਚ ਲਾਹੌਰ ਵਿਖੇ ਕੀਤੀ ਗਈ ਸੀ। ਇਸ ਯੂਨੀਵਰਸਿਟੀ ਦੀ ਸਥਾਪਨਾ ਤੋਂ ਪਹਿਲਾਂ ਭਾਰਤ ਵਿਚ ਸਿਰਫ ਤਿੰਨ ਯੂਨੀਵਰਸਿਟੀਆਂ ਸਨ। ਜਾਹਿਰ ਹੈ ਦੇਸ਼ ਦੀ ਚੌਥੀ ਸਭ ਤੋਂ ਪੁਰਾਣੀ ਇਸ ਯੂਨੀਵਰਸਿਟੀ ਨਾਲ ਸਾਂਝੇ ਪੰਜਾਬ ਦੀ ਵਿਰਾਸਤ ਤੇ ਇਤਿਹਾਸ ਜੁੜਿਆ ਹੋਇਆ ਹੈ।

1947 ਦੀ ਵੰਡ ਸਮੇਂ ਪੰਜਾਬ ਯੂਨੀਵਰਸਿਟੀ ਦੀ ਵੀ ਵੰਡ ਹੋ ਗਈ ਸੀ। ਯੂਨੀਵਰਸਿਟੀ ਦਾ ਲਾਹੌਰ ਵਿਚਲਾ ਮੁੱਖ ਕੈਂਪਸ ਪਾਕਿਸਤਾਨ ਵਿਚ ਰਹਿ ਗਿਆ ਤੇ ਉੱਥੇ ਇਸੇ ਨਾਮ ਤਹਿਤ ਇਹ ਯੂਨੀਵਰਸਿਟੀ ਚੱਲ ਰਹੀ ਹੈ। ਸਾਡੇ ਆਲੇ ਪੂਰਬੀ ਪੰਜਾਬ ਵਿਚ ਇਸ ਯੂਨੀਵਰਸਿਟੀ ਦਾ ਕੈਂਪਸ ਹੁਸ਼ਿਆਰਪੁਰ ਵਿਖੇ ਬਣਾਇਆ ਗਿਆ ਤੇ ਇਸਨੇ ਸੋਲਨ ਵਿਚਲੇ ਪ੍ਰਸ਼ਾਸਨਿਕ ਦਫ਼ਤਰ 'ਤੋਂ ਕੰਮ ਕਰਨਾ ਸ਼ੁਰੂ ਕਰ ਦਿੱਤਾ ਸੀ। 1956 ਵਿਚ ਇਹ ਯੂਨੀਵਰਸਿਟੀ ਸੋਲਨ ਤੋਂ ਚੰਡੀਗੜ੍ਹ ਦੇ 550 ਏਕੜ ਵਿਚ ਫੈਲੇ ਵਿਸ਼ਾਲ ਕੈਂਪਸ ਵਿਚ ਸ਼ਿਫਟ ਕਰ ਦਿੱਤੀ ਗਈ ਜਿੱਥੇ ਇਹ ਹੁਣ ਤੱਕ ਚੱਲ ਰਹੀ ਹੈ। 1966 ਤੱਕ ਇਸ ਯੂਨੀਵਰਸਿਟੀ ਨਾਲ ਪੰਜਾਬ, ਹਿਮਾਚਲ ਪ੍ਰਦੇਸ਼, ਹਰਿਆਣਾ ਅਤੇ ਚੰਡੀਗੜ੍ਹ ਦੇ ਕਾਲਜ ਜੁੜੇ ਹੋਏ ਸਨ ਤੇ ਇਸਦੇ ਖੇਤਰੀ ਕੇਂਦਰ ਜਲੰਧਰ, ਰੋਹਤਕ ਤੇ ਸ਼ਿਮਲਾ ਵਿਚ ਸਨ। 1966 ਦੇ ਪੰਜਾਬ ਪੁਨਰਗਠਨ ਐਕਟ ਤਹਿਤ ਪੰਜਾਬ ਯੂਨੀਵਰਸਿਟੀ ਨੂੰ ਇੱਕ ਵਿਲੱਖਣ ਰੁਤਬੇ 'ਇੰਟਰ ਸਟੇਟ ਬਾਡੀ ਕਾਰਪੋਰੇਟ' ਐਲਾਨਿਆ ਗਿਆ ਸੀ। ਇਸਦੇ ਤਹਿਤ ਯੂਨੀਵਰਸਿਟੀ ਲਈ ਵਿੱਤੀ ਗ੍ਰਾਂਟ ਦਾ ਪੰਜਾਬ, ਹਰਿਆਣਾ ਅਤੇ ਹਿਮਾਚਲ- ਤਿੰਨਾਂ ਰਾਜਾਂ ਨੇ 20-20 ਫੀਸਦ ਹਿੱਸਾ ਦੇਣਾ ਸੀ ਤੇ ਬਾਕੀ ਦਾ 40 ਫੀਸਦ ਹਿੱਸਾ ਚੰਡੀਗੜ੍ਹ ਪ੍ਰਸ਼ਾਸ਼ਨ (ਕੇਂਦਰ) ਨੇ ਦੇਣਾ ਸੀ। ਲੇਕਿਨ ਰਾਜ ਪੁਨਰਗਠਨ ਕਮਿਸ਼ਨ ਦੀਆਂ ਸਿਫ਼ਾਰਸ਼ਾਂ 'ਤੋਂ ਬਾਅਦ ਹੋਂਦ ਵਿਚ ਆਏ ਹਰਿਆਣਾ ਵੱਲੋਂ ਆਪਣੇ ਖੇਤਰ ਵਿਚਲੇ ਕਾਲਜਾਂ ਨੂੰ ਚਲਾਉਣ ਲਈ ਕੁਰੂਕਸ਼ੇਤਰ ਯੂਨੀਵਰਸਿਟੀ, ਹਿਮਾਚਲ ਪ੍ਰਦੇਸ਼ ਵੱਲੋਂ ਹਿਮਾਚਲ ਪ੍ਰਦੇਸ਼ ਯੂਨੀਵਰਸਿਟੀ ਦੀ ਸਥਾਪਨਾ ਕੀਤੀ ਗਈ। ਹਰਿਆਣਾ ਅਤੇ ਹਿਮਾਚਲ ਪ੍ਰਦੇਸ਼ ਨੇ ਆਪਣੀਆਂ ਯੂਨੀਵਰਸਿਟੀਆਂ ਸਥਾਪਤ ਕਰਨ ਬਾਅਦ ਪੰਜਾਬ ਯੂਨੀਵਰਸਿਟੀ 'ਤੋਂ ਆਪਣੇ ਕਾਲਜਾਂ ਦੀ ਮਾਨਤਾ ਵਾਪਸ ਲੈ ਲਈ ਅਤੇ ਇਨ੍ਹਾਂ ਕਾਲਜਾਂ ਨੂੰ ਆਪਣੀਆਂ ਯੂਨੀਵਰਸਿਟੀਆਂ ਵਿਚ ਤਬਦੀਲ ਕਰ ਲਿਆ ਗਿਆ।

1973 ਤੱਕ ਆਉਂਦਿਆਂ-ਆਉਂਦਿਆਂ ਹਰਿਆਣਾ, ਹਿਮਾਚਲ ਨੇ ਪੰਜਾਬ ਯੂਨੀਵਰਸਿਟੀ ਨੂੰ ਗ੍ਰਾਂਟਾਂ ਦੇਣੀਆਂ ਬੰਦ ਕਰ ਦਿੱਤੀਆਂ, ਜਿਸ ਨਾਲ ਯੂਨੀਵਰਸਿਟੀ ਦੇ ਮਾਲੀਏ ਵਿਚ ਕਮੀ ਆਈ। ਇਹ ਤੱਥ ਹੀ ਹੈ ਕਿ ਹਰਿਆਣਾ ਨੇ 1990 ਤੋਂ ਬਾਅਦ ਕਦੇ ਵੀ ਪੰਜਾਬ ਯੂਨੀਵਰਸਿਟੀ ਨੂੰ ਗ੍ਰਾਂਟ ਨਹੀਂ ਦਿੱਤੀ। ਇਸੇ ਕਰਕੇ 1997 ਵਿਚ ਕੇਂਦਰ ਸਰਕਾਰ ਨੇ ਇੱਕ ਨੋਟੀਫਿਕੇਸ਼ਨ ਰਾਹੀਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀਆਂ ਸਾਰੀਆਂ ਗਵਰਨਿੰਗ ਬਾਡੀਜ਼ ਵਿਚੋਂ ਹਰਿਆਣਾ ਦੀ ਨੁਮਾਇੰਦਗੀ ਖਤਮ ਕਰ ਦਿੱਤੀ। ਇਹ ਤੱਥ ਹੈ ਕਿ ਪੰਜਾਬ ਦੇ ਕਾਲਜ ਪੰਜਾਬ ਯੂਨੀਵਰਸਿਟੀ ਨਾਲ ਇਸਦੀ ਹੋਂਦ ਸਮੇਂ 'ਤੋਂ ਹੀ ਜੁੜੇ ਆ ਰਹੇ ਹਨ। ਪੰਜਾਬ ਸਰਕਾਰ ਇਸ ਯੂਨੀਵਰਸਿਟੀ ਨੂੰ ਸ਼ੁਰੂ ਤੋਂ ਗ੍ਰਾਂਟ ਦਿੰਦੀ ਆ ਰਹੀ ਹੈ। ਯੂਨੀਵਰਸਿਟੀ ਦੀ ਹੋਂਦ ਬਚਾਈ ਰੱਖਣ ਲਈ ਪੰਜਾਬ ਨੇ ਆਪਣਾ ਹਿੱਸਾ 20 ਪ੍ਰਤੀਸ਼ਤ ਤੋਂ ਵਧਾ ਕੇ 40 ਪ੍ਰਤੀਸ਼ਤ ਤੱਕ ਵੀ ਦਿੱਤਾ ਹੈ। ਇਹ ਵੀ ਤੱਥ ਹੈ ਕਿ ਯੂਨੀਵਰਸਿਟੀ ਚਲਾਉਣ ਲਈ ਕੇਂਦਰ ਸਰਕਾਰ ਤੇ ਪੰਜਾਬ ਸਰਕਾਰ 60:40 ਦੇ ਅਨੁਪਾਤ ਅਨੁਸਾਰ ਗ੍ਰਾਂਟ ਦਿੰਦੇ ਆ ਰਹੇ ਹਨ। ਪੰਜਾਬ ਸਰਕਾਰ ਨੇ 2020-21 ਦੇ ਦੌਰਾਨ ਗ੍ਰਾਂਟ-ਇਨ-ਏਡ ਨੂੰ 20 ਕਰੋੜ ਰੁਪਏ ਤੋਂ ਵਧਾ ਕੇ 45.30 ਕਰੋੜ ਰੁਪਏ ਕਰ ਦਿੱਤਾ, ਜੋ 75 ਫੀਸਦ ਤੋਂ ਵੀ ਜਿਆਦਾ ਦਾ ਵਾਧਾ ਹੈ। ਪੰਜਾਬ ਯੂਨੀਵਰਸਿਟੀ ਨਾਲ ਸਿਰਫ ਤੇ ਸਿਰਫ ਪੰਜਾਬ ਦੇ ਕਾਲਜ ਅਟੈਚ ਹਨ ਤੇ ਪੰਜਾਬ ਦੇ ਇਨ੍ਹਾਂ ਕਾਲਜਾਂ ਤੋਂ ਯੂਨੀਵਰਸਿਟੀ ਨੂੰ ਹਰ ਸਾਲ ਲੱਗਭੱਗ 100 ਕਰੋੜ ਰੁਪਏ ਦੀ ਰਾਸ਼ੀ ਮਿਲਦੀ ਹੈ। ਇਸ ਸਮੇਂ ਯੂਨੀਵਰਸਿਟੀ ਨਾਲ ਪੰਜਾਬ ਦੇ ਇੱਕ ਖੂੰਜੇ ਮੋਹਾਲੀ 'ਤੋਂ ਦੂਜੇ ਖੂੰਜੇ ਫਾਜਿਲਕਾ/ਫਿਰੋਜ਼ਪੁਰ ਤੱਕ ਦੇ 194 ਕਾਲਜ ਅਟੈਚ ਹਨ। ਇਸਤੋਂ ਇਲਾਵਾ ਪੰਜਾਬ ਵਿਚ ਹੁਸ਼ਿਆਰਪੁਰ, ਲੁਧਿਆਣਾ, ਮੁਕਤਸਰ ਵਿਖੇ ਯੂਨੀਵਰਸਿਟੀ ਦੇ ਖੇਤਰੀ ਕੇਂਦਰ ਮੌਜੂਦ ਹਨ।

ਦੂਜੀ ਗੱਲ ਇਹ ਕਿ ਜਿਸ ਚੰਡੀਗੜ੍ਹ ਵਿਚ ਇਹ ਯੂਨੀਵਰਸਿਟੀ ਬਣੀ ਹੋਈ ਹੈ ਉਹ ਚੰਡੀਗੜ੍ਹ ਉੱਪਰ ਵੀ ਸਿਰਫ ਤੇ ਸਿਰਫ ਪੰਜਾਬ ਦਾ ਹੱਕ ਹੈ ਕਿਉਂਕਿ ਭਾਰਤ ਵਿਚ ਭਾਸ਼ਾ ਦੇ ਅਧਾਰ ਉੱਪਰ ਆਂਧਰਾ ਪ੍ਰਦੇਸ਼, ਮਹਾਂਰਾਸ਼ਟਰ ਸਮੇਤ ਕਈ ਸੂਬੇ ਬਣੇ ਹਨ, ਇਨ੍ਹਾਂ ਸੂਬਿਆਂ ਵਿਚ ਨਵੇਂ ਬਣੇ ਸੂਬੇ ਨੂੰ ਆਪਣੀ ਨਵੀਂ ਰਾਜਧਾਨੀ ਵਿਕਸਤ ਕਰਨੀ ਪਈ ਹੈ। 1966 ਵਿਚ ਜਦੋਂ ਭਾਸ਼ਾ ਦੇ ਅਧਾਰ ਉੱਪਰ ਨਵਾਂ ਸੂਬਾ ਹਰਿਆਣਾ ਬਣਾਇਆ ਗਿਆ ਤਾਂ ਅਣਵੰਡੇ ਪੰਜਾਬ ਦੀ ਰਾਜਧਾਨੀ ਚੰਡੀਗੜ੍ਹ ਪੰਜਾਬ ਨੂੰ ਦੇਣੀ ਬਣਦੀ ਸੀ ਅਤੇ ਹਰਿਆਣਾ ਨੂੰ ਨਵੀਂ ਰਾਜਧਾਨੀ ਤਿਆਰ ਕਰਨ ਲਈ ਕਹਿਣਾ ਬਣਦਾ ਸੀ। ਪਰ ਕੇਂਦਰੀ ਹਕੂਮਤ ਨੇ ਪੰਜ ਸਾਲ ਦੀ ਮੋਹਲਤ ਦਾ ਜਿਕਰ ਕਰਕੇ ਚੰਡੀਗੜ੍ਹ ਪੰਜਾਬ ਨੂੰ ਦੇਣ ਦੇ ਮੁੱਦੇ ਨੂੰ ਲਟਕਾ ਦਿੱਤਾ। ਦਹਾਕਿਆਂ 'ਤੋਂ ਇਹ ਮਸਲਾ ਜਿਉਂ ਦਾ ਤਿਉਂ ਲਮਕ ਰਿਹਾ ਹੈ। ਪੰਜਾਬ ਦੇ ਦਰਜ਼ਨਾਂ ਪਿੰਡਾਂ ਨੂੰ ਉਜਾੜ ਕੇ ਵਸਾਇਆ ਗਿਆ ਚੰਡੀਗੜ੍ਹ ਪੁਨਰਗਠਨ ਐਕਟ ਤਹਿਤ ਪੰਜਾਬ ਨੂੰ ਮਿਲਣਾ ਚਾਹੀਦਾ ਸੀ/ਹੈ। ਵੈਸੇ ਤਾਂ ਚੰਗੀ ਗੱਲ ਹੈ ਕਿ ਸੈਨੇਟ ਚੋਣਾਂ ਦੀ ਮੰਗ ਲਈ ਲੜੇ ਜਾ ਰਹੇ ਇਸ ਸੰਘਰਸ਼ ਵਿਚ ਯੂਨੀਵਰਸਿਟੀ ਬਚਾਓ ਮੋਰਚਾ ਨੂੰ ਭਾਜਪਾ ਤੋਂ ਬਗੈਰ ਸੂਬੇ ਦੀਆਂ ਲੱਗਭੱਗ ਸਾਰੀਆਂ ਰਾਜਨੀਤਕ ਧਿਰਾਂ ਦਾ ਸਹਿਯੋਗ ਮਿਲਿਆ ਹੈ, ਤੇ ਇਸ ਤਰ੍ਹਾਂ ਦਾ ਮੁੱਦਾ ਅਧਾਰਿਤ ਵਕਤੀ ਗੱਠਜੋੜ ਕੋਈ ਮਾੜੀ ਗੱਲ ਵੀ ਨਹੀਂ ਹੈ। ਲੇਕਿਨ ਨਾਲ ਦੀ ਨਾਲ ਸਾਨੂੰ ਅੱਗੇ ਵਧਣ ਲਈ ਕਾਂਗਰਸ, ਸ਼੍ਰੋਮਣੀ ਅਕਾਲੀ ਦਲ (ਬਾਦਲ) ਅਤੇ ਆਮ ਆਦਮੀ ਪਾਰਟੀ ਵਰਗੀਆਂ ਹਾਕਮ ਜਮਾਤ ਪਾਰਟੀਆਂ ਦੇ ਅਮਲ ਦਾ ਲੇਖਾ-ਜੋਖਾ ਜਰੂਰ ਕਰਨਾ ਚਾਹੀਦਾ ਹੈ। 10 ਨਵੰਬਰ ਦੇ ਅੰਦੋਲਨ ਵਿਚ ਹੀ ਇਕ ਪਾਸੇ ਤਾਂ ਆਮ ਆਦਮੀ ਪਾਰਟੀ ਦੇ ਸੰਸਦ ਮੈਂਬਰ ਮਾਲਵਿੰਦਰ ਸਿੰਘ ਕੰਗ ਵਰਗੇ ਚੰਡੀਗੜ੍ਹ ਪੁਲਿਸ ਦੀਆਂ ਰੋਕਾਂ ਤੋੜ ਕੇ ਅੱਗੇ ਵਧ ਰਹੇ ਸਨ ਤੇ ਦੂਜੇ ਪਾਸੇ ਇਨ੍ਹਾਂ ਦੀ ਪੰਜਾਬ ਪੁਲਿਸ ਬੈਰੀਕੇਟ ਲਾ ਕੇ ਲੋਕਾਂ ਨੂੰ ਰੋਕ ਰਹੀ ਸੀ, ਕੀ ਆਮ ਆਦਮੀ ਪਾਰਟੀ ਦੇ ਲੀਡਰਾਂ ਤੋਂ ਇਹ ਪੁੱਛਿਆ ਨਹੀਂ ਜਾਣਾ ਚਾਹੀਦਾ ਕਿ 10 ਨਵੰਬਰ ਦੇ ਸੱਦੇ ਨੂੰ ਅਸਫਲ ਕਰਨ ਦੇ ਮੰਤਵ ਨਾਲ ਤੁਸੀਂ ਪੰਜਾਬ ਪੁਲਿਸ ਚੰਡੀਗੜ੍ਹ ਵਿਖੇ ਕਿਉਂ ਭੇਜੀ ਸੀ। ਕਾਂਗਰਸ ਪਾਰਟੀ ਕਈ ਦਹਾਕੇ ਕੇਂਦਰ ਅਤੇ ਪੰਜਾਬ, ਹਰਿਆਣਾ ਦੀ ਸੱਤਾ ਵਿਚ ਰਹੀ, ਜੇਕਰ ਇਹ ਚਾਹੁੰਦੇ ਤਾਂ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਹੀ ਨਹੀਂ, ਬਲਕਿ ਪੂਰਾ ਚੰਡੀਗੜ੍ਹ ਪੰਜਾਬ ਨੂੰ ਦੇਣ ਵਿਚ ਇਨ੍ਹਾਂ ਨੂੰ ਦਿੱਕਤ ਕੀ ਸੀ। ਇਹੋ ਸਵਾਲ ਭਾਜਪਾ ਨੂੰ 1997 ਤੋਂ ਬਿਨਾਂ ਸ਼ਰਤ ਹਮਾਇਤ ਦੇਣ ਵਾਲੇ ਸ਼੍ਰੋਮਣੀ ਅਕਾਲੀ ਦਲ (ਬਾਦਲ) ਦੇ ਆਗੂਆਂ ਨੂੰ ਪੁੱਛਿਆ ਜਾਣਾ ਚਾਹੀਦਾ ਹੈ ਕਿ ਬਿਨਾਂ ਸ਼ਰਤ ਹਮਾਇਤ ਜਾਂ ਕੇਂਦਰ ਵਿਚ ਬਾਦਲ ਪਰਿਵਾਰ ਨੂੰ ਵਜ਼ੀਰੀਆਂ ਦੀ ਮੰਗ ਦੀ ਥਾਂ ਜੇਕਰ ਚੰਡੀਗੜ੍ਹ ਸਮੇਤ ਪੰਜਾਬ ਦੇ ਮੁੱਦਿਆਂ ਦੇ ਹੱਲ ਦੀ ਸ਼ਰਤ ਰੱਖੀ ਹੁੰਦੀ ਤਾਂ ਅੱਜ ਸਾਨੂੰ ਇਹ ਦਿਨ ਦਾ ਵੇਖਣੇ ਪੈਂਦੇ। ਮਤਲਬ ਸਾਫ ਹੈ ਕਿ ਇਸ ਸੰਘਰਸ਼ ਵਿਚ ਇਨ੍ਹਾਂ ਹਾਕਮ ਜਮਾਤ ਪਾਰਟੀਆਂ ਦਾ ਲੋਕ ਵਿਰੋਧੀ ਚਿਹਰਾ ਵੀ ਨੰਗਾ ਕਰਨਾ ਜਰੂਰੀ ਹੈ। ਇਨ੍ਹਾਂ ਸਾਰੀਆਂ ਹੀ ਹਾਕਮ ਜਮਾਤ ਪਾਰਟੀਆਂ ਵੱਲੋਂ ਸਿੱਖਿਆ ਦੇ ਖੇਤਰ ਵਿਚ ਲਾਗੂ ਕੀਤੀ ਨਿੱਜੀਕਰਨ ਦੀ ਨੀਤੀ ਦੇ ਚੱਲਦਿਆਂ ਲਵਲੀ ਪ੍ਰੋਫੈਸ਼ਨਲ ਯੂਨੀਵਰਸਿਟੀ ਵਰਗੀਆਂ ਅਜਿਹੀਆਂ ਨਿੱਜੀ ਸੰਸਥਾਵਾਂ ਹੋਂਦ ਵਿਚ ਆ ਚੁੱਕੀਆਂ ਹਨ, ਜਿੱਥੇ ਵਿਦਿਆਰਥੀਆਂ ਨੂੰ ਸਿੱਖਿਅਤ ਕਰਨ ਦੀ ਬਜਾਏ 'ਮਸ਼ੀਨੀ ਪਹੁੰਚ' ਵਾਲਾ ਬਣਾਇਆ ਜਾ ਰਿਹਾ ਹੈ। 'ਆਪ' ਸਮੇਤ ਪੰਜਾਬ ਦੀਆਂ ਸਾਰੀਆਂ ਮੁੱਖ ਧਾਰਾ ਪਾਰਟੀਆਂ ਨੇ ਨਿੱਜੀ ਸਿੱਖਿਆ ਸੰਸਥਾਵਾਂ ਤੇ ਉਨ੍ਹਾਂ ਦੇ ਮਾਲਕਾਂ ਨੂੰ ਉਭਾਰ ਕੇ ਸਰਕਾਰੀ ਸਿੱਖਿਆ ਸੰਸਥਾਵਾਂ ਦੇ ਜੜ੍ਹੀਂ ਤੇਲ ਦਿੱਤਾ ਹੈ। ਉਂਝ ਨਸ਼ਿਆਂ 'ਤੇ ਬੇਲੋੜੇ ਪ੍ਰਵਾਸ ਵਿਚ ਫਸੇ ਸਾਡੇ ਨੌਜਵਾਨਾਂ ਨੇ ਪਹਿਲਾਂ ਖੇਤੀ ਕਾਨੂੰਨਾਂ ਖਿਲਾਫ ਚੱਲੇ ਅੰਦੋਲਨ ਤੇ ਹੁਣ ਯੂਨੀਵਰਸਿਟੀ ਦੇ ਜਮਹੂਰੀ ਢਾਂਚੇ ਦੀ ਬਹਾਲੀ ਲਈ ਚੱਲ ਰਹੇ ਸੰਘਰਸ਼ ਦੌਰਾਨ ਇਹ ਸਾਬਤ ਕੀਤਾ ਹੈ ਕਿ ਪੰਜਾਬ ਦੇ ਨੌਜਵਾਨ ਜ਼ਬਰ ਖਿਲਾਫ ਲੜਨ ਲਈ ਇਨਕਲਾਬੀ ਵਿਰਾਸਤ ਨੂੰ ਜਿੰਦਾ ਰੱਖ ਰਹੇ ਹਨ। ਨੌਜਵਾਨ ਚੜ੍ਹਦੇ ਸੂਰਜ ਦੀ ਲਾਲੀ ਹੁੰਦੇ ਹਨ, ਉਹ ਜਦ ਆਪਣੇ ਹੱਕਾਂ ਪ੍ਰਤੀ ਜਾਗਦੇ ਹਨ ਤਾਂ ਹਕੂਮਤਾਂ ਨੂੰ ਪਿੱਛਾਂਹ ਮੁੜਨ ਲਈ ਮਜ਼ਬੂਰ ਕਰ ਦਿੰਦੇ ਹਨ। ਉਮੀਦ ਹੈ ਕਿ ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਤੋਂ ਉੱਠੀ ਇਹ ਸੰਘਰਸ਼ਾਂ ਦਾ ਚਿੰਗਾੜੀ ਨੌਜਵਾਨਾਂ ਨੂੰ ਚੇਤਨਾ ਦੀ ਅਜਿਹੀ ਜਾਗ ਲਾਏਗੀ ਕਿ ਉਹ ਹਾਕਮ ਜਮਾਤ ਦੀਆਂ ਨੀਤੀਆਂ ਖਿਲਾਫ ਸੰਘਰਸ਼ਾਂ ਦਾ ਪਿੜ ਮੱਲਣਗੇ। ਨਹੀਂ ਤਾਂ ਇਹ ਹਕੂਮਤਾਂ ਨਹੀਂ ਚਾਹੁੰਦੀਆਂ ਕਿ ਨੌਜਵਾਨਾਂ ਨੂੰ ਚੇਤਨਾ ਦੀ ਜਾਗ ਲੱਗੇ, ਇਸੇ ਕਾਰਨ ਇਨ੍ਹਾਂ ਪੰਜਾਬ ਵਿਚ ਪਿਛਲੇ ਕਈ ਦਹਾਕਿਆਂ 'ਤੋਂ ਵਿਦਿਆਰਥੀ ਚੋਣਾਂ ਨਹੀਂ ਕਰਵਾਈਆਂ। ਸੈਨੇਟ ਚੋਣਾਂ ਦੀ ਮੰਗ ਲਈ ਪੰਜਾਬ ਯੂਨੀਵਰਸਿਟੀ ਪਹੁੰਚੇ ਅਕਾਲੀ ਦਲ (ਬਾਦਲ), ਕਾਂਗਰਸ ਤੇ 'ਆਪ' ਆਗੂਆਂ ਤੋਂ ਇਹ ਸਵਾਲ ਵੀ ਪੁੱਛਿਆ ਜਾਣਾ ਚਾਹੀਦਾ ਹੈ ਕਿ ਤੁਸੀਂ ਪੰਜਾਬ ਦੀਆਂ ਯੂਨੀਵਰਸਿਟੀਆਂ, ਕਾਲਜਾਂ ਵਿਚ ਵਿਦਿਆਰਥੀ ਚੋਣਾਂ ਕਿਉਂ ਨਹੀਂ ਕਰਵਾਉਂਦੇ। ਸੋ ਅੱਜ ਜਦ ਅਸੀਂ ਭਾਜਪਾ ਵਰਗੀ ਅਜਿਹੀ ਫਿਰਕੂ ਪਾਰਟੀ ਦਾ ਸਾਹਮਣਾ ਕਰ ਰਹੇ ਹਾਂ, ਜੋ ਸਿੱਖਿਆ ਸਮੇਤ ਹਰ ਖੇਤਰ ਵਿਚ ਤਾਕਤਾਂ ਦਾ ਕੇਂਦਰੀਕਰਨ ਕਰਕੇ ਨਿੱਜੀਕਰਨ ਦੀ ਨੀਤੀ ਨੂੰ ਲਾਗੂ ਕਰਨ ਲਈ ਤਤਪਰ ਹੈ ਤਾਂ ਉਸਦੀਆਂ ਏ,ਬੀ, ਟੀਮਾਂ ਦੀ ਵੀ ਸਾਨੂੰ ਪਹਿਚਾਣ ਕਰਨੀ ਹੋਵੇਗੀ। ਜਨਤਕ ਜਮਹੂਰੀ ਜਥੇਬੰਦੀਆਂ ਨੂੰ ਚਾਹੀਦਾ ਹੈ ਕਿ ਅੱਜ ਦੇਸ਼ ਵਿਚ ਵਿਦਿਆਰਥੀ ਜਥੇਬੰਦੀਆਂ ਬਹੁਤੀ ਵਧੀਆ ਸਥਿਤੀ ਵਿਚ ਨਹੀਂ ਹਨ ਇਸ ਲਈ ਦੇਸ਼ ਦੀਆਂ ਵਿਦਿਅਕ ਸੰਸਥਾਵਾਂ ਵਿਚ ਜਮਹੂਰੀ ਮਾਹੌਲ ਬਨਾਉਣ ਲਈ ਯਤਨ ਕਰਦਿਆਂ ਵਿਦਿਆਰਥੀਆਂ ਨੂੰ ਉਨ੍ਹਾਂ ਦੀਆਂ ਜਥੇਬੰਦੀਆਂ ਦੀ ਲੋੜ ਮਹਿਸੂਸ ਕਰਵਾਉਣੀ ਚਾਹੀਦੀ ਹੈ।

# ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਦਾ ਸਮਾਜਿਕ ਪ੍ਰਭਾਵ

**ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਨੂੰ ਸਮਰਪਿਤ**

ਗੁਰੂ ਤੇਗ ਬਹਾਦਰ ਜੀ ਦੀ ਸ਼ਹਾਦਤ ਵਿਲੱਖਣ ਕਿਸਮ ਦੀ ਹੈ ਜਿਸ ਵਿਚ ਮਕਤੂਲ ਖੁਦ ਚਲ ਕੇ ਕਾਤਲ ਕੋਲ ਜਾਂਦਾ ਹੈ। ਉਹ ਕੇਵਲ ਆਪਣਿਆਂ ਲਈ ਧਾਰਮਿਕ ਖੁੱਲ੍ਹ ਅਤੇ ਧਾਰਮਿਕ ਅਜ਼ਾਦੀ ਵਾਸਤੇ ਅਵਾਜ਼ ਨਹੀਂ ਉਠਾਉਂਦਾ ਬਲਕਿ ਸਮੁੱਚੀ ਮਨੁੱਖਤਾ ਦੇ ਬਿਨਾ ਕਿਸੇ ਦਬਾਅ ਦੇ ਮਨਮਰਜ਼ੀ ਦੀ ਜ਼ਿੰਦਗੀ ਜਿਉਣ, ਧਰਮ ਧਾਰਨ ਕਰਨ ਅਤੇ ਅਕੀਦਾ ਮੰਨਣ ਦੇ ਮੁੱਢਲੇ ਮਨੁੱਖੀ ਹੱਕਾਂ ਦੀ ਰਾਖੀ ਹਿੱਤ ਆਪਣਾ ਸਿਰ ਕਲਮ ਕਰਵਾਉਣ ਤੋਂ ਨਹੀਂ ਝਿਜਕਦਾ। ਅਜਿਹੀ ਲਾਸਾਨੀ ਸ਼ਹਾਦਤ ਦਾ ਉਸ ਸਮੇਂ ਦੇ ਅਤੇ ਅਜੋਕੇ ਸਮਾਜ 'ਤੇ ਪ੍ਰਭਾਵ ਨਾ ਪਿਆ ਹੋਵੇ, ਹੋ ਹੀ ਨਹੀਂ ਸਕਦਾ। ਇਸ ਸ਼ਹਾਦਤ ਦਾ ਗੁਰੂ ਨਾਨਕ ਨਾਮ ਲੇਵਾ ਸਿੱਖਾਂ 'ਤੇ ਤਾਂ ਡੂੰਘਾ ਪ੍ਰਭਾਵ ਪਿਆ ਹੀ, ਇਸ ਨੇ

ਗੁਰਚਰਨ ਕੌਰ ਥਿੰਦ
ਫੋਨ: 403-402-9635

ਦੇਸ਼ ਦੇ ਸਮੁੱਚੇ ਸਮਾਜ ਦੀ ਦਕੀਆਨੂਸੀ ਤੇ ਦੱਬੂ ਸੋਚ ਨੂੰ ਵੀ ਝੰਜੋੜ ਕੇ ਰੱਖ ਦਿੱਤਾ। ਇਸ ਤੋਂ ਪਹਿਲਾਂ ਕਿ ਅਸੀਂ ਇਸ ਸ਼ਹਾਦਤ ਦੇ ਸਮਾਜਿਕ ਪ੍ਰਭਾਵਾਂ ਨੂੰ ਵਿਸਥਾਰਿਤ ਕਰੀਏ, ਜ਼ਰੂਰੀ ਹੈ ਕਿ ਇਸ ਅਜ਼ੀਮ ਸ਼ਖ਼ਸੀਅਤ ਦੇ ਪਿਛੋਕੜ 'ਤੇ ਸੰਖੇਪ ਝਾਤ ਮਾਰ ਲਈਏ ਜਿਸ ਦੀ ਬਦੌਲਤ ਕੁਰਬਾਨੀ ਦਾ ਇਹ ਜਜ਼ਬਾ ਪ੍ਰਵਾਨ ਚੜ੍ਹਿਆ।


ਗੁਰੂ ਤੇਗ ਬਹਾਦਰ, ਗੁਰੂ ਨਾਨਕ ਦੇਵ ਜੀ ਦੁਆਰਾ ਥਾਪੀ ਗਈ ਸਿੱਖੀ ਦੇ ਪੰਜਵੇਂ ਰਹਿਨੁਮਾ ਗੁਰੂ ਅਰਜਨ ਦੇਵ ਜੀ ਦੇ ਪੋਤਰੇ ਅਤੇ ਛੇਵੇਂ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਸਭ ਤੋਂ ਛੋਟੇ ਪੁੱਤਰ ਸਨ। ਜ਼ਾਹਿਰ ਹੈ ਲੋਕ-ਪ੍ਰੇਮ, ਸੇਵਾ, ਸਹਿਣਸ਼ੀਲਤਾ, ਨਿਰਮਾਣਤਾ ਵਰਗੇ ਗੁਣਾਂ ਦੀ ਗੁੜ੍ਹਤੀ ਜਨਮ ਤੋਂ ਹੀ ਮਿਲ ਗਈ ਸੀ। ਜਦ ਅਪ੍ਰੈਲ, 1621 ਨੂੰ ਅੰਮ੍ਰਿਤਸਰ ਸ਼ਹਿਰ ਵਿਚ ਮਾਤਾ ਨਾਨਕੀ ਦੀ ਕੁਖੋਂ ਆਪ ਜੀ ਦਾ ਜਨਮ ਹੋਇਆ, ਸਿੱਖੀ ਲਈ ਉਹ ਸਮਾਂ 'ਮੀਰੀ ਤੇ ਪੀਰੀ' ਦਾ ਸਮਾਂ ਸੀ। ਦਿੱਲੀ ਦੀ ਮੁਗ਼ਲ ਹਕੂਮਤ ਵਲੋਂ ਪੰਜਵੇਂ ਗੁਰੂ ਜੀ ਨੂੰ ਲਾਹੌਰ ਵਿਖੇ ਅਕਹਿ ਕਸ਼ਟ ਦੇ ਸ਼ਹੀਦ ਕਰ ਦੇਣਾ ਸਿੱਖਾਂ ਲਈ ਵੱਡੀ ਚੁਣੌਤੀ ਬਣ ਉੱਭਰ ਖਲੋਤਾ ਸੀ। ਇਤਿਹਾਸ ਦਰਸਾਉਂਦਾ ਹੈ ਕਿ ਲਾਹੌਰ ਵੱਲ ਰਵਾਨਾ ਹੋਣ ਤੋਂ ਪਹਿਲਾਂ ਗੁਰੂ ਜੀ ਨੇ ਗੁਰਗੱਦੀ ਦੇ ਵਾਰਿਸ ਆਪਣੇ ਪੁੱਤਰ ਹਰਗੋਬਿੰਦ ਨੂੰ ਆਪਣੇ ਨਾਲ ਤਕੜੇ ਮੱਲ ਰੱਖਣ ਦੀ ਨਸੀਹਤ ਕਰ ਦਿੱਤੀ ਸੀ। ਸੋ ਗੁਰਸਿੱਖੀ ਦੀ ਇਸ ਪਹਿਲੀ ਸ਼ਹਾਦਤ ਨੇ ਪਹਿਲੇ ਗੁਰੂਆਂ ਦੁਆਰਾ ਦਰਸਾਏ 'ਕਿਰਤ ਕਰੋ, ਨਾਮ ਜਪੋ ਅਤੇ ਵੰਡ ਛਕੋ' ਵਾਲੇ ਜੀਵਨ-ਜਾਚ ਦੇ ਸਿਧਾਂਤਾਂ ਦੇ ਨਾਲ ਸਿਰ ਉੱਚਾ ਕਰਕੇ ਜਿਊਣ ਵਾਸਤੇ ਸਵੈ-ਰੱਖਿਆ ਲਈ ਹਥਿਆਰ ਰੱਖਣ ਦਾ ਸਿਧਾਂਤ ਲਾਗੂ ਕਰਵਾ ਦਿੱਤਾ। ਛੇਵੇਂ ਪਾਤਸ਼ਾਹ ਗੁਰੂ ਹਰਗੋਬਿੰਦ ਸਾਹਿਬ ਨੇ ਗੁਰਗੱਦੀ ਸੰਭਾਲਦਿਆਂ ਹੀ ਅੰਮ੍ਰਿਤਸਰ ਸ਼ਹਿਰ ਦੇ ਬਾਹਰਵਾਰ ਸਥਿਤ ਲੋਹਗੜ੍ਹ ਦੇ ਸਥਾਨ 'ਤੇ ਅਖਾੜਿਆਂ ਵਿਚ ਕੁਸ਼ਤੀ, ਭਲਵਾਨੀ, ਤਲਵਾਰਬਾਜ਼ੀ ਤੇ ਘੋੜਸਵਾਰੀ ਦੀ ਸਿਖਲਾਈ ਸ਼ੁਰੂ ਕਰਵਾ ਦਿੱਤੀ। ਸਿੱਖਾਂ ਦੇ ਰੂਹਾਨੀ ਅਸਥਾਨ ਸ੍ਰੀ ਹਰਿਮੰਦਰ ਸਾਹਿਬ ਦੇ ਸਾਹਮਣੇ ਬਾਬਾ ਬੁੱਢਾ ਜੀ ਦੀ ਮਦਦ ਨਾਲ ਆਪਣੇ ਹੱਥੀਂ ਥੜ੍ਹਾ ਸਥਾਪਤ ਕੀਤਾ (ਜੋ ਕਿ ਅਕਾਲ ਤਖ਼ਤ ਸਾਹਿਬ ਦੇ ਨਾਂ ਨਾਲ ਸਤਿਕਾਰਿਆ ਜਾਂਦਾ ਹੈ) ਅਤੇ ਮੀਰੀ ਤੇ ਪੀਰੀ ਦੀਆਂ ਦੋ ਤਲਵਾਰਾਂ ਪਹਿਨ ਕੇ ਸਿੱਖੀ ਜੀਵਨ ਵਿਚ ਰੂਹਾਨੀ ਤੇ ਦੁਨਿਆਵੀ, ਦੋਵਾਂ ਪੱਖਾਂ ਦੀ ਜ਼ਰੂਰਤ ਨੂੰ ਉਜਾਗਰ ਕਰ ਦਿੱਤਾ ਸੀ।

ਉਪਰੋਕਤ ਮਾਹੌਲ ਵਿਚ ਜੰਮੇ-ਪਲੇ ਅਤੇ ਪ੍ਰਵਾਨ ਚੜ੍ਹੇ ਬਾਲਕ ਤੇਗ ਮੱਲ, ਜਿੱਥੇ ਜ਼ਹੀਨ ਰੂਹਾਨੀ ਸਕਾਲਰ ਸਨ (ਜੋ ਕਿ ਗੁਰਬਾਣੀ ਦੇ ਨਾਲ ਨਾਲ ਵੇਦ, ਪੁਰਾਣ ਅਤੇ ਉਪਨਿਸ਼ਦ ਦੇ ਗਿਆਤਾ ਵੀ ਸਨ) ਉੱਥੇ ਹੀ ਨਿਡਰ ਯੋਧੇ ਵੀ ਸਨ। ਉਹ ਤੇਗ ਚਲਾਉਣ ਅਤੇ ਘੋੜਸਵਾਰੀ ਦੇ ਮਾਹਿਰ ਸਨ। ਸੱਤ ਸਾਲ ਦੀ ਉਮਰ ਵਿਚ ਉਨ੍ਹਾਂ ਨੇ ਮੁਗ਼ਲਾਂ ਵਲੋਂ ਅੰਮ੍ਰਿਤਸਰ ਸ਼ਹਿਰ 'ਤੇ ਕੀਤੇ ਹਮਲੇ ਸਮੇਂ ਸਿੱਖਾਂ ਵਲੋਂ ਮੁਕਾਬਲੇ ਵਿਚ ਲੜੀ ਜੰਗ ਦਾ ਦ੍ਰਿਸ਼ ਅੱਖੀਂ ਵੇਖਿਆ। ਪਿਤਾ ਗੁਰੂ ਹਰਗੋਬਿੰਦ ਸਾਹਿਬ ਵਲੋਂ ਲੜੀ ਗਈ ਕਰਤਾਰਪੁਰ ਸਾਹਿਬ ਦੀ ਚੌਥੀ ਜੰਗ ਵਿਚ ਹੱਥ ਵਿਚ ਤੇਗ ਫੜ ਘੋੜੇ 'ਤੇ ਸੁਆਰ ਹੋ ਤੇਗ ਮੱਲ ਨੇ ਆਪਣੀ ਬਹਾਦਰੀ ਦੇ ਐਸੇ ਜੌਹਰ ਵਿਖਾਏ ਕਿ ਪਿਤਾ ਨੇ ਉਸ ਨੂੰ 'ਤੇਗ ਦਾ ਧਨੀ' ਦੇ ਉਪਨਾਮ ਨਾਲ ਵਡਿਆਇਆ। ਉਦੋਂ ਤੋਂ ਤੇਗ ਮੱਲ ਦਾ ਨਾਂ 'ਤੇਗ ਬਹਾਦਰ' ਹੋ ਗਿਆ। ਐਨੇ ਗੁਣਾਂ ਦੇ ਮਾਲਕ ਤੇਗ ਬਹਾਦਰ, ਰੀਤ ਅਨੁਸਾਰ ਸਭ ਤੋਂ ਛੋਟੇ ਪੁੱਤ ਹੋਣ ਨਾਤੇ ਗੁਰੂ ਹਰਗੋਬਿੰਦ ਸਾਹਿਬ ਜੀ ਦੇ ਜੋਤੀ ਜੋਤ ਸਮਾਉਣ ਬਾਅਦ ਗੁਰਗੱਦੀ ਦੇ ਵਾਰਿਸ ਨਹੀਂ ਥਾਪੇ ਜਾ ਸਕਦੇ ਸਨ। ਪਰ ਹੋਣੀ ਨੇ ਇਸ ਕਾਰਜ ਲਈ ਜੋ ਸਮਾਂ-ਸਥਾਨ ਨਿਯਤ ਕੀਤਾ ਹੋਇਆ ਸੀ, ਉਸ ਤੋਂ ਪਹਿਲਾਂ ਕੁੱਝ ਹੋ ਵੀ ਨਹੀਂ ਸਕਣਾ ਸੀ। ਗੁਰੂ ਜੀ ਦੇ ਵੱਡੇ ਪੁੱਤਰ ਬਾਬਾ ਗੁਰਦਿੱਤਾ ਦੀ ਮੌਤ ਹੋ ਜਾਣ ਕਾਰਨ ਉਨ੍ਹਾਂ ਦੇ ਵੱਡੇ ਪੁੱਤਰ ਸਤਵੇਂ ਗੁਰੂ ਹਰਰਾਇ ਸਾਹਿਬ ਜੀ ਹੋਏ, ਜਿਨ੍ਹਾਂ ਦੇ ਛੋਟੀ ਉਮਰ ਵਿਚ ਜੋਤੀ ਜੋਤ ਸਮਾਉਣ ਉਪਰੰਤ ਛੇ ਸਾਲ ਦੀ ਉਮਰ ਦੇ ਉਨ੍ਹਾਂ ਦੇ ਪੁੱਤਰ ਸ੍ਰੀ ਹਰਕ੍ਰਿਸ਼ਨ ਜੀ ਗੁਰਗੱਦੀ 'ਤੇ ਸੁਸ਼ੋਭਿਤ ਹੋਏ। ਚੇਚਕ ਤੋਂ ਪੀੜਤ ਹੋ ਜਾਣ ਕਾਰਨ ਸੰਨ 1664 ਵਿਚ ਨੌਂ ਸਾਲ ਦੀ ਉਮਰ ਵਿਚ ਉਹ ਜੋਤੀ ਜੋਤ ਸਮਾ ਗਏ। ਕਹਿੰਦੇ ਹਨ ਕਿ ਉਨ੍ਹਾਂ ਨੂੰ ਗੁਰਗੱਦੀ ਦੇ ਵਾਰਿਸ ਬਾਰੇ ਪੁੱਛਿਆ ਗਿਆ ਤਾਂ ਉਨ੍ਹਾਂ ਸਿਰਫ਼ ਇਹ ਦੋ ਬੋਲ ਬੋਲੇ, 'ਬਾਬਾ ਬਕਾਲੇ'।

ਉਸ ਸਮੇਂ ਤੇਗ ਬਹਾਦਰ ਆਪਣੀ ਪਤਨੀ ਗੁਜਰੀ ਜੀ ਨਾਲ ਆਪਣੇ ਨਾਨਕੇ ਪਿੰਡ ਬਕਾਲੇ ਵਿਖੇ ਰਹਿੰਦੇ ਸਨ। ਇੱਥੇ ਤੇਗ ਬਹਾਦਰ ਇਕਾਂਤਵਾਸ ਵਿਚ ਪ੍ਰਭੂ ਭਗਤੀ ਵਿਚ ਲੀਨ ਜੀਵਨ ਬਤੀਤ ਕਰ ਰਹੇ ਸਨ। ਉਹ ਇੱਕ ਭੋਰੇ ਵਿਚ ਭਗਤੀ ਕਰ ਰਹੇ ਸਨ ਜਦੋਂ ਸਮੇਂ ਦੀ ਹੋਣੀ ਨੇ ਗੁਰੂ ਘਰ ਦੇ ਸ਼ਰਧਾਲੂ ਮੱਖਣ ਸ਼ਾਹ ਲੁਬਾਣਾ ਤੋਂ 'ਗੁਰੂ ਲਾਧੋ ਰੇ' ਦਾ ਹੋਕਾ ਦਿਵਾ ਸਿੱਖਾਂ ਦੇ ਨੌਵੇਂ ਗੁਰੂ ਤੇਗ ਬਹਾਦਰ ਜੀ ਨੂੰ ਪ੍ਰਗਟ ਕਰਵਾਇਆ ਅਤੇ ਗੁਰੂ ਹਰਕ੍ਰਿਸ਼ਨ ਜੀ ਦੇ ਅਨਿੰਨ ਭਗਤ ਦੁਰਗਾ ਮੱਲ ਜੀ ਵਲੋਂ ਨੌਵੇਂ ਗੁਰੂ ਦੀ ਥਾਪਨਾ ਦਵਾਈ। ਸੋ ਗੁਰੂ ਤੇਗ ਬਹਾਦਰ ਜੀ ਨੇ ਕਰੀਬ 43 ਸਾਲ ਦੀ ਉਮਰ ਵਿਚ ਸੰਨ 1664 ਨੂੰ ਗੁਰਗੱਦੀ ਸੰਭਾਲੀ। ਉਸ ਸਮੇਂ ਆਪ ਜੀ ਬੌਧਿਕ, ਨੈਤਿਕ, ਧਾਰਮਿਕ ਤੇ ਦੁਨਿਆਵੀ ਦਿੱਬ-ਦ੍ਰਿਸ਼ਟੀ ਵਾਲੇ ਪਰਪੱਕ ਵਿਅਕਤੀ ਸਨ। ਉਨ੍ਹਾਂ ਨੇ ਸਿੱਖੀ ਦਾ ਪ੍ਰਚਾਰ ਕਰਨ ਲਈ ਅਸਾਮ ਤੇ ਢਾਕਾ ਤੱਕ ਦੀਆਂ ਲੰਮੀਆਂ ਯਾਤਰਾਵਾਂ ਕੀਤੀਆਂ।

ਉਦੋਂ ਉਹ ਅਸਾਮ ਵਿਚ ਸਨ ਜਦੋਂ ਸੰਨ 1666 ਨੂੰ ਮਾਤਾ ਗੁਜਰੀ ਦੀ ਕੁਖੋਂ ਪਟਨਾ ਵਿਖੇ ਪੁੱਤਰ ਗੋਬਿੰਦ ਰਾਏ ਦਾ ਜਨਮ ਹੋਇਆ। ਨਾਨਕੀ ਚੱਕ (ਅਜੋਕਾ ਆਨੰਦਪੁਰ ਸਾਹਿਬ) ਨਾਂ ਦਾ ਸਥਾਨ ਵਸਾ ਗੁਰੂ ਜੀ ਪਰਿਵਾਰ ਸਮੇਤ ਉੱਥੇ ਵੱਸ ਗਏ। ਸਿੱਖੀ ਦੀ ਮਹਿਮਾ ਦੂਰ-ਦੂਰ ਤੱਕ ਫੈਲ ਚੁੱਕੀ ਸੀ ਤੇ ਫੈਲ ਰਹੀ ਸੀ। ਧਰਮ ਦੇ ਨਾਂ 'ਤੇ ਬਾਦਸ਼ਾਹ ਔਰੰਗਜ਼ੇਬ ਦੇ ਜ਼ੁਲਮ ਦਿਨ-ਬ-ਦਿਨ ਵਧ ਰਹੇ ਸਨ। ਲੋਕਾਈ ਤਰਾਹ-ਤਰਾਹ ਕਰ ਰਹੀ ਸੀ। ਇਸ ਸਮੇਂ ਕਿਸੇ ਧਰਮ ਦੇ ਰਾਖੇ ਦੀ ਕੁਰਬਾਨੀ ਦੀ ਲੋੜ ਦੀ ਗੱਲ ਉੱਠੀ ਤਾਂ ਬਾਲ ਗੋਬਿੰਦ ਦੇ ਬੋਲ ਕਿ 'ਆਪ ਜੀ ਤੋਂ ਵੱਡਾ ਧਰਮੀ ਕੌਣ ਹੈ?' ਨੇ ਗੁਰੂ ਜੀ ਦੀ ਸ਼ਹਾਦਤ ਦਾ ਮੁੱਢ ਬੰਨ੍ਹ ਦਿੱਤਾ। ਦਿੱਲੀ ਦੇ ਚਾਂਦਨੀ ਚੌਕ ਵਿਚ ਸਰ੍ਹੇ-ਬਜ਼ਾਰ ਲੋਕਾਂ ਦੀ ਅਥਾਹ ਭੀੜ ਦੇ ਸਾਹਮਣੇ 24 ਨਵੰਬਰ 1675 ਵਾਲੇ ਦਿਨ ਜਲਾਦ ਨੇ ਗੁਰੂ ਜੀ ਦਾ ਸੀਸ ਧੜ ਤੋਂ ਅਲੱਗ ਕਰ ਦਿੱਤਾ। (ਇਹ ਸਥਾਨ ਅਜੋਕਾ ਗੁਰਦੁਆਰਾ ਸੀਸ ਗੰਜ ਸਾਹਿਬ ਹੈ।)

ਇਹ ਕੋਹਜਾ ਕਾਰਜ ਆਮ ਲੋਕਾਂ ਵਿਚ ਦਹਿਸ਼ਤ ਫੈਲਾਉਣ ਲਈ ਕੀਤਾ ਗਿਆ ਸੀ, ਪਰ ਹੋਇਆ ਇਸ ਦੇ ਉਲਟ। ਇਹ ਸ਼ਹਾਦਤ ਸਿੱਖੀ ਕਦਰਾਂ-ਕੀਮਤਾਂ ਦਾ ਮੂਲ ਸਿਧਾਂਤ ਬਣ ਗਈ ਜੋ ਕਿ ਭਵਿੱਖੀ ਨਸਲਾਂ ਲਈ ਜਬਰ ਤੇ ਜ਼ੁਲਮ ਦੇ ਵਿਰੁੱਧ ਸਿਰ ਚੁੱਕ ਖੜ੍ਹਾ ਹੋਣ ਦਾ ਪ੍ਰੇਰਨਾ ਸ੍ਰੋਤ ਬਣ ਗਿਆ। ਇਹ ਸੱਚ ਉਸੇ ਸਮੇਂ ਹੀ ਉਜਾਗਰ ਹੋ ਗਿਆ ਸੀ ਜਦੋਂ ਕਰੜੇ ਪਹਿਰੇ ਵਿਚੋਂ ਰਾਤ ਦੇ ਹਨੇਰੇ ਵਿਚ ਭਾਈ ਜੈਤਾ ਨਾਂ ਦਾ ਗੁਰੂ ਦਾ ਸਿੱਖ ਨਿਧੜਕ ਹੋ ਗੁਰੂ ਜੀ ਦਾ ਸੀਸ ਲੈ ਆਨੰਦਪੁਰ ਨੂੰ ਰਵਾਨਾ ਹੋ ਗਿਆ ਅਤੇ ਲੱਖੀ ਵਣਜਾਰੇ ਦੀ ਮਦਦ ਨਾਲ ਭਾਈ ਉਦੈ ਸਿੰਘ ਧੜ ਦਾ ਅੰਤਮ ਸੰਸਕਾਰ ਕਰਨ ਵਿਚ ਸਫ਼ਲ ਹੋ ਗਏ। (ਇਹ ਅਸਥਾਨ ਦਿੱਲੀ ਵਿਚ ਸਥਿਤ ਗੁਰਦੁਆਰਾ ਰਕਾਬ ਗੰਜ ਸਾਹਿਬ ਹੈ।) ਇਸ ਅਣਮਨੁੱਖੀ ਘਟਨਾ ਨੇ ਸਿੱਖਾਂ ਵਿਚ ਆਪਣੀ ਵੱਖਰੀ ਪਛਾਣ ਬਣਾਉਣ ਦਾ ਜਜ਼ਬਾ ਪੈਦਾ ਕਰ ਦਿੱਤਾ। ਸਿੱਖ ਜਿਹੜਾ ਲੱਖਾਂ ਵਿਚੋਂ ਪਛਾਣਿਆ ਜਾ ਸਕੇ। ਸਿੱਖ ਜਿਹਦੀ ਆਪਣੀ ਇੱਕ ਦਿੱਖ ਹੋਵੇ। ਇਸ ਸ਼ਹਾਦਤ ਦਾ ਨੌਂ ਸਾਲ ਦੇ ਬਾਲਕ ਗੋਬਿੰਦ ਰਾਏ 'ਤੇ ਅਜਿਹਾ ਪ੍ਰਭਾਵ ਪਿਆ ਕਿ ਜ਼ੁਲਮ ਦਾ ਵਿਰੋਧ ਕਰਨ ਅਤੇ ਸਵੈ-ਰੱਖਿਆ ਦੀ ਲੋੜ ਲਈ 1699 ਦੀ ਵਿਸਾਖੀ ਵਾਲੇ ਦਿਨ ਉਸ ਨੇ ਸਿੱਖਾਂ ਨੂੰ ਤਿਆਰ-ਬਰ-ਤਿਆਰ ਖਾਲਸਾ ਦਾ ਰੂਪ ਦੇ ਕੇ ਖਾਲਸਾ ਪੰਥ ਦੀ ਸਾਜਨਾ ਕਰ ਦਿੱਤੀ। ਦੂਰ-ਦੂਰ ਤੋਂ ਸੰਗਤਾਂ ਆਨੰਦਪੁਰ ਸਾਹਿਬ ਪਹੁੰਚਦੀਆਂ, ਅੰਮ੍ਰਿਤ ਸੰਚਾਰ ਹੁੰਦਾ ਅਤੇ ਦੱਬੇ-ਕੁੱਚਲੇ ਲੋਕ ਜਿਨ੍ਹਾਂ ਨੇ ਸਦੀਆਂ ਤੋਂ ਜ਼ੁਲਮ ਸਹੇ ਸਨ ਅਤੇ ਡਰਦਿਆਂ ਚੂੰ ਨਹੀਂ ਕੀਤੀ ਸੀ, ਹੁਣ ਸ਼ੇਰ ਬਣ ਗੱਜਣ ਲਗੇ। ਵਿਸਾਖੀ ਦਾ ਕ੍ਰਿਸ਼ਮਈ ਦਿਹਾੜਾ ਉਸ ਲੋਕ-ਲਹਿਰ ਦਾ ਸਬੱਬ ਬਣ ਗਿਆ ਜੋ ਸਦੀਆਂ ਤੋਂ ਸਿਸਕ ਰਹੀ ਸੀ। 'ਚਿੜੀਓਂ ਸੇ ਮੈਂ ਬਾਜ਼ ਤੁੜਾਊਂ, ਸਵਾ ਲਾਖ ਸੇ ਏਕ ਲੜਾਊਂ, ਤਬੈ ਗੋਬਿੰਦ ਸਿੰਘ ਨਾਮ ਕਹਾਊਂ॥' ਗੁਰਵਾਕ ਨੇ ਧੌਣ ਸੁੱਟ ਤੁਰਦੀ ਲੋਕਾਈ ਅੰਦਰ ਨਵੀਂ ਰੂਹ ਫੂਕ ਦਿੱਤੀ। 'ਵਹ ਪ੍ਰਗਟਿਓ ਮਰਦ ਅਗੰਮੜਾ ਵਰਿਆਮ ਅਕੇਲਾ। ਵਾਹ ਵਾਹ ਗੋਬਿੰਦ ਸਿੰਘ ਆਪੇ ਗੁਰ ਚੇਲਾ॥' ਜ਼ਾਬਰ ਹਾਕਮ ਤੇ



ਮਜ਼ਲੂਮ ਪਰਜਾ ਵਾਲਾ ਪਾੜਾ ਖਤਮ ਹੋ ਗਿਆ। ਜ਼ਬਰ ਜ਼ੁਲਮ ਦੀ ਥਾਂ ਪ੍ਰੇਮ ਤੇ ਸੇਵਾ ਨੇ ਗੁਰੂ ਅਤੇ ਸੰਗਤ ਦਰਮਿਆਨ ਸ਼ਰਧਾ ਦਾ ਰਿਸ਼ਤਾ ਕਾਇਮ ਕੀਤਾ। ਸਿੱਖ ਹੁਣ ਆਪਣੀ ਹੀ ਨਹੀਂ ਬਲਕਿ ਸਮੁੱਚੀ ਮਨੁੱਖਤਾ ਦੀ ਅਜ਼ਾਦੀ, ਹੱਕ ਤੇ ਇਨਸਾਫ਼ ਲਈ ਮੈਦਾਨੇ-ਜੰਗ ਵਿਚ ਸਿਰ ਧੜ ਦੀ ਬਾਜ਼ੀ ਲਾਉਣ ਲਗੇ। ਹੁਣ ਤੱਕ ਜੋ ਸਿੱਖ ਸ਼ਾਂਤੀ ਦੇ ਪੁੰਜ ਸਨ, ਗੁਰੂ ਤੇਗ ਬਹਾਦਰ ਦੀ ਸ਼ਹਾਦਤ ਉਪਰੰਤ ਇੱਕ ਤਕੜੀ ਫ਼ੌਜੀ ਤਾਕਤ ਬਣ ਉੱਭਰਨ ਲਗੇ। ਸਮਾਜ ਵਿਚ ਗ਼ਜ਼ਬ ਜਾਗਰੂਕਤਾ ਆ ਗਈ।

ਗੁਰੂ ਜੀ ਦੀ ਸ਼ਹਾਦਤ ਨੇ ਆਮ ਜਨਤਾ ਵਿਚ ਰੋਹ ਤੇ ਬਦਲੇ ਦਾ ਬੀਜ ਬੀਜ ਦਿੱਤਾ ਸੀ। ਗੁਰੂ ਸਾਹਿਬ ਦੀ ਸ਼ਹਾਦਤ ਤੋਂ ਕੇਵਲ ਦੋ ਸਾਲ ਬਾਅਦ ਹੀ ਸਿੱਖਾਂ ਵਿਚ ਰੋਹ ਤੇ ਗੁੱਸੇ ਦੀ ਭਾਵਨਾ ਐਨੀ ਪ੍ਰਜਵਲਿਤ ਹੋ ਗਈ ਅਤੇ ਹੌਸਲਾ ਇਸ ਕਦਰ ਜ਼ੋਰ ਫੜ ਗਿਆ ਸੀ ਕਿ 19 ਅਕਤੂਬਰ 1677 ਨੂੰ ਇੱਕ ਗੁਰਸਿੱਖ ਨੇ ਗੁਰੂ ਸਾਹਿਬ ਨੂੰ ਸ਼ਹੀਦ ਕਰਨ ਦਾ ਹੁਕਮ ਦੇਣ ਵਾਲੇ ਔਰੰਗਜ਼ੇਬ 'ਤੇ ਤਲਵਾਰ ਨਾਲ ਹਮਲਾ ਕਰ ਦਿੱਤਾ ਸੀ। ਜਦੋਂ ਔਰੰਗਜ਼ੇਬ ਜਾਮਾ ਮਸਜਿਦ ਦੇ ਅੰਦਰੋਂ ਨਮਾਜ਼ ਪੜ੍ਹ ਕੇ ਕਿਸ਼ਤੀ ਵਿਚ ਬੈਠ ਕੇ ਜਮਨਾ ਨਦੀ ਪਾਰ ਕਰਕੇ ਘੋੜੇ 'ਤੇ ਸਵਾਰ ਹੋਣ ਲੱਗਾ ਸੀ ਤਾਂ ਭੀੜ ਵਿਚੋਂ ਬਿਜਲੀ ਦੀ ਫੁਰਤੀ ਨਾਲ ਉਹ ਨੌਜੁਆਨ ਆਪਣੀ ਨੰਗੀ ਤਲਵਾਰ ਲੈ ਕੇ ਨਿਕਲਿਆ ਤੇ ਔਰੰਗਜ਼ੇਬ 'ਤੇ ਵਾਰ ਕੀਤਾ। ਪਰ ਉਹ ਵਾਰ ਬਚਾ ਗਿਆ ਅਤੇ ਇਸ ਗੁਰਸਿੱਖ ਨੂੰ ਸੁਰੱਖਿਆ ਦਸਤੇ ਨੇ ਘੇਰ ਲਿਆ। ਇਸ ਗੁਰਸਿੱਖ ਬਾਰੇ ਇਤਿਹਾਸ ਵਿਚ ਕੋਈ ਜਾਣਕਾਰੀ ਨਹੀਂ ਮਿਲਦੀ। ਪਰ ਹਾਂ, ਖ਼ਾਫ਼ੀ ਖਾਨ ਦੇ ਮੁਆਸਰੇ ਆਲਮਗੀਰੀ ਵਿਚ ਇਸ ਦਾ ਜ਼ਿਕਰ ਬਹੁਤ ਹੀ ਮੰਦੀ ਭਾਸ਼ਾ ਵਿਚ ਕੀਤਾ ਗਿਆ ਹੈ। 'ਜਬੈ ਬਾਣ ਲਾਗਯੋ॥ ਤਬੈ ਰੋਸ ਜਾਗਯੋ॥' ਦੇ ਕਥਨ ਅਨੁਸਾਰ ਇਸ ਘਟਨਾ ਨੇ ਬਦਲੇ ਦੀ ਭਾਵਨਾ ਨੂੰ ਐਨਾ ਉਤੇਜਿਤ ਕਰ ਦਿੱਤਾ ਸੀ ਕਿ ਕੁੱਝ ਕੁ ਦਿਨਾਂ ਬਾਅਦ 27 ਅਕਤੂਬਰ 1677 ਨੂੰ ਇੱਕ ਨੌਜੁਆਨ ਨੇ ਔਰੰਗਜ਼ੇਬ ਦੇ ਦੋ ਇੱਟਾਂ ਵਗਾਹ ਮਾਰੀਆਂ। ਬੇਸ਼ਕ ਇਹ ਹਮਲੇ ਅਸਫ਼ਲ ਰਹੇ ਪਰ ਜ਼ੁਲਮ ਵਿਰੁੱਧ ਲੜਨ ਦੀ ਚਿਣਗ ਜ਼ੋਰ ਫੜਨ ਲਗ ਪਈ ਸੀ।

ਇਹੋ ਹੀ ਕਾਰਨ ਸੀ ਕਿ ਸਿੱਖ ਸੰਗਤਾਂ ਗੁਰੂ ਗੋਬਿੰਦ ਸਿੰਘ ਜੀ ਦੀ ਇੱਕ ਅਵਾਜ਼ 'ਤੇ ਇਕੱਠੀਆਂ ਹੋਣ ਲਗ ਪਈਆਂ। ਪਰਿਵਾਰ ਦੇ ਵੱਡੇ ਪੁੱਤਰ ਨੂੰ ਸਿੰਘ ਸਜਾਉਣ ਦੀ ਪਿਰਤ ਪੈ ਗਈ ਜੋ ਕਿ ਲੋਕ ਚੇਤਨਾ ਦਾ ਪ੍ਰਤੀਕ ਬਣ ਉਭਰੀ। ਜੰਗੀ ਤਿਆਰੀ ਵਿਚ ਸਿੱਖਾਂ ਦਾ ਠਾਠਾਂ ਮਾਰਦਾ ਸਮੁੰਦਰ ਸ਼ਾਮਲ ਹੋ ਜੰਗੀ ਮੁਸ਼ੱਕਤਾਂ ਕਰਨ ਲਗ ਪਿਆ। ਤਲਵਾਰਬਾਜ਼ੀ, ਨੇਜ਼ਾਬਾਜ਼ੀ, ਘੋੜਸੁਆਰੀ ਵਰਗੇ ਜੰਗੀ ਕਾਰਨਾਮਿਆਂ ਵਿਚ ਨਿਪੁੰਨ ਖਾਲਸਾ ਫ਼ੌਜ ਉੱਭਰਨ ਲਗੀ। ਗੁਰੂ ਵਲੋਂ ਬਖ਼ਸ਼ਿਸ਼ ਸਿੱਖਾਂ ਦੀ ਕੇਸ, ਕੰਘਾ ਕੜਾ, ਕਛਹਿਰਾ ਤੇ ਕ੍ਰਿਪਾਨ ਵਾਲੀ ਵੱਖਰੀ ਦਿੱਖ ਨੇ ਸਿੱਖਾਂ ਦੇ ਹੌਸਲੇ ਬੁਲੰਦ ਕਰ ਦਿੱਤੇ। 'ਭੈਅ ਕਾਹੂ ਕਉ ਦੇਤ ਨਹਿ ਨਹਿ ਭੈਅ ਮਾਨਤ ਆਨ॥' ਵਾਲੀ ਸੱਚ ਦੀ ਸੋਚ ਨਾਲ ਓਤ-ਪੋਤ ਸਿੱਖ, ਹੱਕ ਸੱਚ ਤੇ ਇਨਸਾਫ਼ ਲਈ ਜ਼ਾਬਰ ਦੇ ਜ਼ੁਲਮ ਦੇ ਵਿਰੁੱਧ ਨਿਰਭੈ ਹੋ ਜੂਝਣ ਲਗੇ। ਸਿੱਖਾਂ ਦਾ ਉੱਚਾ-ਸੁੱਚਾ ਤੇ ਸੱਚਾ ਧਰਮੀ ਜੀਵਨ ਹੋਰਨਾਂ ਲਈ ਪ੍ਰੇਰਨਾ ਸ੍ਰੋਤ ਬਣ ਗਿਆ। ਸਮੁੱਚਾ ਸਮਾਜ ਇਸ ਨਵੀਂ ਉਦੈ ਹੋਈ ਕੌਮ ਵੱਲ ਆਪਣੀ ਸੁਰੱਖਿਆ ਲਈ ਤੱਕਣ ਲਗਾ। ਇਨ੍ਹਾਂ ਦੀ ਨਿਰਭੈ ਮੌਜੂਦਗੀ ਗਰੀਬ ਤੇ ਨਿਆਸਰੇ ਲੋਕਾਂ ਲਈ ਵੱਡੀ ਢਾਰਸ ਸਾਬਤ ਹੋਈ। ਮਜਬੂਰ ਤੇ ਲਾਚਾਰ ਲੋਕ ਆਪਣੀ ਮੁਸੀਬਤ ਵੇਲੇ ਉਨ੍ਹਾਂ ਨੂੰ ਆਪਣਾ ਦੁੱਖ ਆ ਦੱਸਦੇ। ਲੋਕਾਂ ਦੇ ਦੁੱਖਾਂ ਤੇ ਮੁਸੀਬਤਾਂ ਦਾ ਨਿਵਾਰਣ ਹੋਣ ਲਗਾ। ਦੱਬੀ ਕੁਚਲੀ ਜਨਤਾ ਸਵੈਮਾਨ ਵਾਲੀ ਲੋਕ-ਧਾਰਾ ਵਿਚ ਬੱਝ ਗਈ। ਸਿੱਖਾਂ ਦੇ ਸੇਵਾ-ਭਾਵ, ਨਿਰਮਾਣਤਾ, ਦੂਜਿਆਂ ਦੇ ਕੰਮ ਆਉਣ ਦਾ ਚਾਅ, ਭੁੱਖੇ ਦੇ ਮੂੰਹ ਬੁਰਕੀ ਪਾਉਣਾ, ਜ਼ਬਰ-ਜ਼ੁਲਮ ਦਾ ਮੁਕਾਬਲਾ ਸ਼ਾਂਤੀ ਨਾਲ ਕਰਨਾ ਵਰਗੇ ਗੁਣਾਂ ਅਤੇ ਸਿੱਖੀ ਦੇ ਵਿਲੱਖਣ ਆਚਾਰ-ਵਿਹਾਰ ਵਾਲਾ ਜੀਵਨ ਅਜੋਕੇ ਸਮੇਂ ਵਿਚ ਵੀ ਸਿੱਖਾਂ ਨੂੰ ਸਮੁੱਚੇ ਸਮਾਜ ਵਿਚ ਹਰਮਨ-ਪਿਆਰਾ ਬਣਾਉਂਦਾ ਹੈ।

ਇਹ ਤੱਥ ਜੱਗ ਜ਼ਾਹਿਰ ਹੈ ਕਿ ਗੁਰੂ ਸਾਹਿਬ ਦੀ ਸ਼ਹਾਦਤ ਨਾਲ ਸਿੱਖਾਂ ਵਿਚ ਇਨਕਲਾਬੀ ਬੀਜ ਪੈਦਾ ਹੋ ਗਏ ਸਨ ਜੋ ਗੁਰੂ ਗੋਬਿੰਦ ਸਿੰਘ ਜੀ ਦੇ ਥਾਪੜੇ ਨਾਲ ਬੈਰਾਗੀ ਮਾਧੋ ਦਾਸ ਤੋਂ ਸਿੰਘ ਸਜੇ ਬਾਬਾ ਬੰਦਾ ਸਿੰਘ ਬਹਾਦਰ ਦੇ ਰੂਪ ਵਿਚ ਪ੍ਰਗਟ ਹੋਏ। ਉਹ ਨੰਦੇੜ ਤੋਂ ਪੰਜ ਸਿੰਘ ਲੈ ਕੇ ਤੁਰਿਆ ਸੀ, ਰਸਤੇ ਵਿਚ ਇਨਕਲਾਬੀ ਜਾਗਰੂਕ ਲੋਕ ਉਸ ਨਾਲ ਜੁੜਦੇ ਗਏ ਅਤੇ ਇਨਕਲਾਬੀ ਪ੍ਰਵਾਨਿਆਂ ਦੀ ਇਸ ਫ਼ੌਜ ਨੇ ਸਰਹਿੰਦ ਦੀ ਇੱਟ ਨਾਲ ਇੱਟ ਖੜਕਾ ਕੇ ਮਾਸੂਮ ਜਿੰਦਾਂ ਦੇ ਅਣਮਨੁੱਖੀ ਕਤਲ ਦਾ ਬਦਲਾ ਲਿਆ। ਬੰਦਾ ਸਿੰਘ ਬਹਾਦਰ ਨੇ ਜਗੀਰਦਾਰੀ ਦਾ ਖਾਤਮਾ ਕਰ ਵਾਹੀਕਾਰਾਂ ਨੂੰ ਜ਼ਮੀਨਾਂ ਦੇ ਮਾਲਕ ਬਣਾ ਖਾਲਸਾ-ਰਾਜ ਦਾ ਮੁੱਢ ਬੰਨ੍ਹਿਆ। ਦਿੱਲੀ ਦੀ ਹਕੂਮਤ ਸਿੱਖਾਂ ਤੋਂ ਥਰ-ਥਰ ਕੰਬਣ ਲਗੀ। ਲੰਮਾ ਸਮਾਂ ਘੋੜਿਆਂ ਦੀਆਂ ਕਾਠੀਆਂ ਸਿੱਖਾਂ ਦਾ ਰੈਣ ਬਸੇਰਾ ਬਣੀਆਂ। ਸੰਨ 1799 ਵਿਚ ਲਾਹੌਰ ਜਿੱਤ ਕੇ ਮਹਾਰਾਜਾ ਰਣਜੀਤ ਸਿੰਘ ਨੇ ਪੰਜਾਬ ਵਿਚ ਖਾਲਸਾ ਰਾਜ ਦੀ ਸਥਾਪਨਾ ਕਰ ਦਿੱਤੀ। ਸਮਾਜਿਕ ਬਰਾਬਰੀ ਦਾ ਇਹ ਚਾਲੀ ਸਾਲਾਂ ਦਾ ਸ਼ਾਨਾਮੱਤਾ ਖਾਲਸਾ-ਰਾਜ ਇਤਿਹਾਸ ਵਿਚ ਸੁਨਹਿਰੀ ਅੱਖਰਾਂ ਵਿਚ ਲਿਖਿਆ ਮਿਲਦਾ ਹੈ। ਗੁਜ਼ਰਦੇ ਸਮਿਆਂ ਨਾਲ ਕਦੇ ਗਦਰੀ ਬਾਬੇ ਅਤੇ ਕਦੇ ਭਗਤ ਸਿੰਘ ਵਰਗੇ ਦੇਸ਼ ਭਗਤ ਦੇਸ਼ ਦੀ ਅਜ਼ਾਦੀ ਲਈ ਇਨਕਲਾਬ ਦਾ ਨਾਹਰਾ ਬਣ ਗੂੰਜੇ ਅਤੇ ਸ਼ਹਾਦਤਾਂ ਦਿੱਤੀਆਂ। ਇਸ ਸੋਚ ਦਾ ਪ੍ਰਭਾਵ ਸਿੱਖਾਂ ਨੇ ਹੀ ਨਹੀਂ ਕਬੂਲਿਆ, ਗੈਰ-ਸਿੱਖ ਵੀ ਇਸ ਇਨਕਲਾਬੀ ਸੋਚ ਤੋਂ ਪ੍ਰੇਰਿਤ ਹੋ ਸਮੇਂ ਦੇ ਹਾਣੀ ਬਣ ਖੜੋਤੇ। ਕਦੇ ਇਹ ਲੋਕ-ਸਮੂਹ ਕਿਸਾਨੀ ਘੋਲ ਬਣ ਸਮਾਜਿਕ ਕ੍ਰਾਂਤੀ ਬਣ ਉਭਰੇ ਅਤੇ ਜਦੋਂ ਲੋੜ ਪਈ ਤਾਂ ਮਾਰੋ ਮਾਰ ਕਰਦੇ ਹੜ੍ਹ ਦੀ ਤ੍ਰਾਸਦੀ ਨੂੰ ਨਜਿੱਠਣ ਲਈ ਸਿਰ-ਧੜ ਦੀ ਬਾਜ਼ੀ ਲਾਉਣ ਤੋਂ ਗੁਰੇਜ਼ ਨਹੀਂ ਕੀਤਾ। ਖਾਸ ਤੌਰ 'ਤੇ ਸਿੱਖਾਂ ਅਤੇ ਆਮ ਤੌਰ 'ਤੇ ਸਮੁੱਚੇ ਪੰਜਾਬੀਆਂ ਵਿਚ ਲੋਕ ਭਲਾਈ, ਦੇਸ਼ ਭਗਤੀ ਤੇ ਹੱਕ ਸੱਚ ਲਈ ਡੱਟ ਜਾਣ ਦਾ ਜਜ਼ਬਾ ਖ਼ੂਨ ਵਿਚ ਹੀ ਹੈ। ਪੰਜਾਬ ਦੀ ਮਿੱਟੀ ਦਾ ਇਹ ਖਾਸਾ ਗੁਰੂਆਂ ਦੀ ਬਖ਼ਸ਼ਿਸ਼ ਹੈ।

ਸਮੁੱਚਤਾ ਵਿਚ ਆਖੀਏ ਤਾਂ ਗੁਰੂ ਤੇਗ ਬਹਾਦਰ ਜੀ ਦਾ ਸਾਢੇ ਤਿੰਨ ਸੌ ਸਾਲ ਪਹਿਲਾਂ ਇਸ ਤਰ੍ਹਾਂ ਮਨੁੱਖੀ ਹੱਕਾਂ ਅਤੇ ਇਨਸਾਫ਼ ਲਈ ਜ਼ਾਬਰ ਦੇ ਜ਼ੁਲਮ ਵਿਰੁੱਧ ਡੱਟ ਕੇ ਖੜ੍ਹੇ ਹੋ ਜਾਣਾ, ਆਪਣੀ ਜਾਨ ਦੀ ਪ੍ਰਵਾਹ ਨਾ ਕਰਨਾ ਤੇ ਕੁਰਬਾਨ ਹੋ ਜਾਣਾ, ਸ਼ੁਰੂਆਤ ਸੀ ਇਨ੍ਹਾਂ ਅਜੋਕੀਆਂ ਸੰਸਥਾਵਾਂ ਦੀ ਜੋ ਸੰਸਾਰ ਭਰ ਵਿਚ ਮਨੁੱਖੀ ਹੱਕਾਂ, ਧਾਰਮਿਕ ਅਜ਼ਾਦੀ ਅਤੇ ਸਮੁੱਚੀ ਮਨੁੱਖਤਾ ਦੇ ਮਾਣ-ਸਨਮਾਨ ਦੀ ਰਾਖੀ ਕਰਨ ਦੀ ਜ਼ਿੰਮੇਵਾਰੀ ਲੈਣ ਵਾਲੀਆਂ ਧਾਰਨਾਵਾਂ ਦਾ ਦਾਅਵਾ ਕਰਦੀਆਂ ਹਨ। ਗੁਰੂ ਸਾਹਿਬ ਦੀ ਸ਼ਹਾਦਤ ਦੇ ਸਾਢੇ ਤਿੰਨ ਸੌ ਸਾਲਾਂ ਨੂੰ ਨਤਮਸਤਕ ਹੋ, ਆਓ! ਆਪਾਂ ਸਾਰੇ ਮਨੁੱਖੀ ਹੱਕਾਂ ਦੇ ਮੋਢੀ ਗੁਰੂ ਤੇਗ ਬਹਾਦਰ ਸਾਹਿਬ ਦੀ ਸੋਚ ਨੂੰ ਤਨੋਂ-ਮਨੋਂ ਅਪਣਾਈਏ। ਅਰਦਾਸ ਕਰੀਏ ਕਿ ਗੁਰੂ ਸਾਨੂੰ ਅਤੇ ਸਾਡੀ ਸੰਤਾਨ ਨੂੰ ਹਮੇਸ਼ਾਂ ਹੱਕ, ਸੱਚ ਤੇ ਇਨਸਾਫ਼ ਸੰਗ ਖੜ੍ਹੇ ਹੋਣ ਦਾ ਬਲ ਬਖ਼ਸ਼ੇ।

# ਸ਼ਾਂਤੀ ਹੀ ਸਾਨੂੰ ਆਜ਼ਾਦ ਕਰਦੀ ਹੈ: ਸੈਂਡਰਾ ਬੁੱਲਾਕ



ਸੈਂਡਰਾ ਬੁੱਲਾਕ ਨੇ ਕਦੇ ਇਕ ਗੱਲ ਕਹੀ ਸੀ ਜੋ ਮੈਂ ਕਿਤੇ ਪੜ੍ਹੀ ਸੀ ਜੋ ਮੇਰੇ ਮਨ ਵਿਚ ਅੱਜ ਵੀ ਯਾਦ ਹੈ:

ਉਹ ਲਿਖਦੀ ਕਿ 'ਕਈ ਵਾਰ ਵਾਪਸ ਜਵਾਬ ਦੇਣ ਦੀ ਤਾਂਘ, ਬਦਲਾ ਲੈਣ ਦੀ ਭਾਵਨਾ ਇੰਨੀ ਪ੍ਰਬਲ ਹੁੰਦੀ ਹੈ ਕਿ ਆਪਣੇ ਆਪ ਨੂੰ ਰੋਕਣਾ ਬਹੁਤ ਔਖਾ ਲੱਗਦਾ ਹੈ- ਦੁੱਖ ਦਾ ਜਵਾਬ ਦੁੱਖ ਨਾਲ, ਗੁੱਸੇ ਦੇ ਜਵਾਬ ਨੂੰ ਗੁੱਸੇ ਨਾਲ ਦੇਣ ਦੀ ਭਾਵਨਾ। ਪਰ ਫਿਰ ਮੈਂ ਠਹਿਰ ਜਾਂਦੀ ਹਾਂ। ਧਿਆਨ ਨਾਲ ਵੇਖਦੀ ਹਾਂ। ਉਨ੍ਹਾਂ ਲੋਕਾਂ ਦੇ ਵਰਤਾਅ ਦੇ ਪਿੱਛੇ ਛੁਪਿਆ ਦਰਦ ਵੇਖਦੀ ਹਾਂ, ਕਿ ਅਣਹੋਦਾਂ ਭਾਰ ਜੋ ਉਹ ਚੁੱਕ ਰਹੇ ਹਨ, ਉਹ ਜ਼ਖ਼ਮ ਜੋ ਉਹ ਕਿਸੇ ਨੂੰ ਨਹੀਂ ਦਿਖਾਉਂਦੇ। ਤੇ ਫਿਰ ਮੈਂ ਸਮਝ ਲੈਂਦੀ ਹਾਂ... ਉਹ ਨਫ਼ਰਤ ਤੇ ਸਾੜੇ ਦੀ ਅੱਗ 'ਚ ਸੜ ਰਹੇ ਨੇ ਤੇ ਜ਼ਿੰਦਗੀ ਨੇ ਉਨ੍ਹਾਂ ਨੂੰ ਪਹਿਲਾਂ ਹੀ ਕਾਫ਼ੀ ਸਜ਼ਾ ਦਿੱਤੀ ਹੈ।' ਹੋਰ ਕੋਈ ਇਸ ਤੋਂ ਵੱਡੀ ਸਜ਼ਾ ਕੋਈ ਕੀ ਦੇ ਦਊ?

ਹਰ ਲੜਾਈ ਸਾਡੀ ਤਾਕਤ ਅਜ਼ਮਾਉਣਾ ਨਹੀਂ ਮੰਗਦੀ।

ਹਰ ਤੁਹਾਡੇ ਖਿਲਾਫ਼ ਬੋਲੀ ਜਾਂ ਲਿਖੀ ਗੱਲ ਜਵਾਬ ਨਹੀਂ ਮੰਗਦੀ। ਕਈ ਵਾਰ ਚੁੱਪ ਹੀ ਸਭ ਤੋਂ ਵੱਡਾ ਜਵਾਬ ਹੁੰਦੀ ਹੈ।

ਅਸੀਂ ਸਿਰਫ਼ ਉਹੀ ਵੰਡ ਸਕਦੇ ਹਾਂ ਜੋ ਅਸੀਂ ਆਪ ਦੇ ਅੰਦਰ ਰੱਖਦੇ ਹਾਂ।

ਜੋ ਜੀਇ ਹੋਇ ਸੁ ਉਗਵੈ ਮੁਹ ਕਾ ਕਹਿਆ ਵਾਉ॥

ਮੈਂ ਕਿਸੇ ਹੋਰ ਦੀ ਟੁੱਟ-ਫੁੱਟ ਦਾ ਅਕਸ ਬਣਨ ਤੋਂ ਇਨਕਾਰ ਕਰਦੀ ਹਾਂ। ਮੈਂ ਉਹੋ ਜਿਹਾ ਨਹੀਂ ਬਣਾਂਗੀ ਜਿਸ ਨੇ ਮੈਨੂੰ ਦੁੱਖ ਦਿੱਤਾ ਸੀ।

ਜੇ ਹੋਰ ਲੋਕ ਕੜਵਾਹਟ ਚੁਣਦੇ ਹਨ- ਇਹ ਉਨ੍ਹਾਂ ਦੀ ਚੋਣ ਹੈ। ਜੇ ਉਹ ਗੁੱਸੇ ਦੀ ਕੈਦ ਵਿਚ ਰਹਿੰਦੇ ਹਨ- ਉਹ ਉਨ੍ਹਾਂ ਦੀ ਜੇਲ੍ਹ ਹੈ।

ਪਰ ਮੇਰਾ ਰਾਹ ਹੋਰ ਹੈ।

ਮੈਂ ਸੰਤੁਲਨ ਚੁਣਦੀ ਹਾਂ। ਮੈਂ ਇੱਜ਼ਤ ਚੁਣਦੀ ਹਾਂ।

ਸਭ ਤੋਂ ਵੱਧ- ਮੈਂ ਸ਼ਾਂਤੀ ਚੁਣਦੀ ਹਾਂ, ਕਿਉਂਕਿ ਸ਼ਾਂਤੀ ਹੀ ਉਹ ਜਵਾਬ ਹੈ ਜੋ ਸਾਨੂੰ ਸੱਚਮੁੱਚ ਆਜ਼ਾਦ ਕਰਦੀ ਹੈ।

*-ਸੁਰਜੀਤ ਸਿੰਘ ਵਿਰਕ*

# ਗ਼ਦਰੀ ਬੀਬੀ ਗੁਲਾਬ ਕੌਰ ਦੇ ਜੀਵਨ 'ਤੇ ਅਧਾਰਤ ਨਾਟਕ 'ਖਿੜਦੇ ਰਹਿਣ ਗੁਲਾਬ' ਦਾ ਸਫ਼ਲ ਮੰਚਨ

## ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ, ਫਰਿਜ਼ਨੋ ਨੇ ਪਹਿਲੇ ਲਾਹੌਰ ਸਾਜ਼ਿਸ਼ ਕੇਸ ਦੇ ਸ਼ਹੀਦਾਂ ਨੂੰ ਸਮਰਪਿਤ ਸਮਾਗਮ ਕਰਵਾਇਆ

**ਫਰਿਜ਼ਨੋ:** ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ, ਫਰਿਜ਼ਨੋ ਵਲੋਂ ਲੰਘ ਐਤਵਾਰ ਪਹਿਲੇ ਲਾਹੌਰ ਸਾਜ਼ਿਸ਼ ਕੇਸ ਦੇ ਸ਼ਹੀਦਾਂ; ਸ. ਕਰਤਾਰ ਸਿੰਘ ਸਰਾਭਾ, ਸ. ਹਰਨਾਮ ਸਿੰਘ, ਸ. ਜਗਤ ਸਿੰਘ, ਸ. ਸੁਰੈਣ ਸਿੰਘ ਵੱਡਾ, ਸ. ਸੁਰੈਣ ਸਿੰਘ ਛੋਟਾ, ਸ. ਬਖਸ਼ੀਸ਼ ਸਿੰਘ ਤੇ ਸ੍ਰੀ ਵਿਸ਼ਣੂ ਗਣੇਸ਼ ਪਿੰਗਲੇ ਨੂੰ ਸਮਰਪਤ ਸਮਾਗਮ ਕਰਵਾਇਆ ਗਿਆ। ਗਦਰ ਲਹਿਰ ਦੇ ਇਹ ਸਾਰੇ ਸ਼ਹੀਦ ਭਾਰਤ ਨੂੰ ਅੰਗਰੇਜ਼ ਸਾਮਰਾਜ ਤੋਂ ਆਜ਼ਾਦ ਕਰਵਾਉਣ ਲਏ ਵਿੱਢੇ ਸੰਘਰਸ਼ ਵਿਚ, 17 ਨਵੰਬਰ 1915 ਨੂੰ ਲਾਹੌਰ ਜੇਲ੍ਹ ਵਿਚ ਫਾਂਸੀ 'ਤੇ ਚੜ੍ਹ ਕੇ ਦੇਸ਼ ਤੋਂ ਕੁਰਬਾਨ ਹੋ ਗਏ ਸਨ। ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਪਿਛਲ਼ੇ 25 ਸਾਲਾਂ ਤੋਂ ਅਜਿਹੇ ਸਮਾਗਮ ਕਰਵਾ ਕੇ ਗਦਰੀ ਬਾਬਿਆਂ ਤੇ ਦੇਸ਼ ਭਗਤਾਂ ਦੀ ਸੋਚ ਲੋਕਾਂ ਵਿਚ ਜੀਵੰਤ ਰੱਖਣ ਦਾ ਕੰਮ ਕਰ ਰਿਹਾ ਹੈ।

### ਅਨੀਤਾ ਸ਼ਬਦੀਸ਼ ਨੇ ਆਪਣੀ ਕਲਾਕਾਰੀ ਨਾਲ ਦਰਸ਼ਕ ਕੀਲੇ

ਇਸ ਵਾਰ ਦੇ ਸਮਾਗਮ ਵਿਚ ਇਨ੍ਹਾਂ ਸ਼ਹੀਦਾਂ ਦੇ ਨਾਲ-ਨਾਲ ਗਦਰੀ ਬੀਬੀ ਗੁਲਾਬ ਕੌਰ ਨੂੰ ਮੁੱਖ ਤੌਰ 'ਤੇ ਯਾਦ ਕੀਤਾ ਗਿਆ ਜਿਨ੍ਹਾਂ ਦਾ ਇਹ ਸ਼ਹੀਦੀ ਸ਼ਦਾਬਦੀ ਦਾ ਵਰ੍ਹਾ ਹੈ। ਗਦਰੀ ਬੀਬੀ ਗੁਲਾਬ ਕੌਰ ਉਨ੍ਹਾਂ ਚੁਨਿੰਦਾ ਔਰਤਾਂ ਵਿਚੋਂ ਇਕ ਹੈ ਜਿਨ੍ਹਾਂ ਨੇ ਗਦਰ ਲਹਿਰ ਦੌਰਾਨ ਦੇਸ਼ ਦੀ ਆਜ਼ਾਦੀ ਦੀ ਲੜਾਈ ਵਿਚ ਸਿੱਧਾ ਹਿੱਸਾ ਪਾਇਆ। ਹੋਰਨਾਂ ਪੰਜਾਬੀਆਂ ਵਾਂਗ ਹੀ ਆਪਣੇ ਪਤੀ ਨਾਲ ਰੋਜ਼ੀ-ਰੋਟੀ ਦੀ ਤਲਾਸ਼ ਵਿਚ ਮਨੀਲਾ ਰਹਿੰਦੀ ਬੀਬੀ ਗੁਲਾਬ ਕੌਰ, ਵੱਖ-ਵੱਖ ਦੇਸ਼ਾਂ ਤੋਂ ਭਾਰਤ ਪਰਤ ਰਹੇ ਗਦਰੀ ਬਾਬਿਆਂ ਦੀਆਂ ਤਕਰੀਰਾਂ ਸੁਣ ਕੇ ਪ੍ਰਭਾਵਤ ਹੁੰਦੀ ਹੈ ਅਤੇ ਭਾਰਤ ਵਿਚ ਜਾ ਕੇ ਗਦਰ ਮਚਾਉਣ ਵਾਲੇ ਜਥੇ ਵਿਚ ਸ਼ਾਮਲ ਹੋ ਜਾਂਦੀ ਹੈ। ਪਤੀ ਮਾਨ ਸਿੰਘ ਦੇ ਵਾਅਦੇ ਤੋਂ ਮੁਕਰ ਜਾਣ ਦੇ ਬਾਵਜੂਦ ਉਹ ਆਪਣੇ ਅਕੀਦੇ 'ਤੇ ਖੜ੍ਹੀ ਰਹਿੰਦੀ ਹੈ ਤੇ ਆਪਣੇ ਪਤੀ ਨੂੰ ਛੱਡ ਬਾਕੀ ਗਦਰੀਆਂ ਨਾਲ ਦੇਸ਼ ਨੂੰ ਚੱਲ ਜਾਂਦੀ ਹੈ। ਆਪਣੇ ਪਤੀ ਤੋਂ ਬਿਨਾਂ ਇਕ ਪਿਛਾਂਹ ਖਿੱਚੂ ਸਮਾਜ ਵਿਚ ਵਿਚਰਦਿਆਂ ਉਸ ਨੂੰ ਬੇਹੱਦ ਸਮਾਜਕ ਉਲਝਣਾਂ ਵਿਚੋਂ ਗੁਜ਼ਰਨਾ ਪੈਂਦਾ ਹੈ ਪਰ ਉਹ ਆਪਣੇ ਆਖ਼ਰੀ ਸਾਹਾਂ ਤੱਕ ਗਦਰ ਦੀ ਜੱਦੋ-ਜਹਿਦ ਦਾ ਹਿੱਸਾ ਬਣੀ ਰਹਿੰਦੀ ਹੈ। ਬੀਬੀ ਗੁਲਾਬ ਕੌਰ ਦੇ ਜੀਵਨ ਸੰਘਰਸ਼ ਅਤੇ ਬਲਿਦਾਨ ਦੀ ਗਾਥਾ ਨੂੰ ਇਕ ਨਾਟਕ 'ਖਿੜਦੇ ਰਹਿਣ ਗੁਲਾਬ', ਰਾਹੀਂ ਪ੍ਰਸਿੱਧ ਨਾਟਕਕਾਰਾ ਅਨੀਤਾ ਸ਼ਬਦੀਸ਼ ਵਲੋਂ ਬਹੁਤ ਹੀ ਖ਼ੂਬਸੂਰਤੀ ਨਾਲ ਪੇਸ਼ ਕੀਤਾ ਗਿਆ। ਅਨੀਤਾ ਦੀ ਅਦਾਕਾਰੀ ਇੰਨੀ ਗਹਿਰੀ, ਜੀਵੰਤ ਅਤੇ ਭਾਵਪੂਰਤ ਸੀ ਕਿ ਦਰਸ਼ਕਾਂ ਨੂੰ ਇੰਝ ਮਹਿਸੂਸ ਹੋ ਰਿਹਾ ਸੀ ਜਿਵੇਂ ਗਦਰੀ ਬੀਬੀ ਗੁਲਾਬ ਕੌਰ ਸਟੇਜ 'ਤੇ ਖੜ੍ਹੀ ਆਪਣੀ ਕਹਾਣੀ ਆਪ ਬਿਆਨ ਕਰ ਰਹੀ ਹੋਵੇ। ਇਸ ਮਾਹੌਲ ਵਿਚ ਮੰਤਰ-ਮੁਗਧ ਹੋਏ ਸਰੋਤੇ ਪੂਰੀ ਸ਼ਾਂਤੀ ਅਤੇ ਸੁਹਿਰਦਤਾ ਨਾਲ ਪੂਰਾ ਨਾਟਕ ਦੇਖਦੇ ਰਹੇ ਅਤੇ ਬਾਰ ਬਾਰ ਬੇ-ਅਖਤਿਆਰ ਹੋ ਤਾੜੀਆਂ ਮਾਰਦੇ ਰਹੇ।


ਅਨੀਤਾ ਸ਼ਬਦੀਸ਼ ਲੋਕ ਨਾਟਕਾਂ ਦੇ ਪਿਤਾਮਾ ਭਾਜੀ ਗੁਰਸ਼ਰਨ ਸਿੰਘ ਦੀ ਲਾਡਲੀ ਕਲਾਕਾਰ ਹੈ ਤੇ ਉਸ ਨੇ ਉਨ੍ਹਾਂ ਦੇ ਨਾਲ ਲੰਬਾ ਸਮਾਂ ਕੰਮ ਕੀਤਾ। ਗੁਰਸ਼ਰਨ ਭਾਜੀ ਵਲੋਂ ਪਾਏ ਡੂੰਘੇ ਪੂਰਨਿਆਂ 'ਤੇ ਚਲਦੀ ਉਹ ਪਿਛਲੇ 30 ਸਾਲਾਂ ਤੋਂ ਨਾਟਕ ਦੀ ਵਿਧਾ ਨਾਲ ਜੁੜੀ ਹੋਈ ਹੈ। ਹਾਲਾਂਕਿ ਨਾਟਕਾਂ ਦੇ ਨਾਲ ਨਾਲ ਉਸ ਨੇ ਅਨੇਕਾਂ ਫਿਲਮਾਂ ਵਿਚ ਵੀ ਕੰਮ ਕੀਤਾ ਹੈ ਪਰ ਉਸ ਦੀ ਪਹਿਲੀ ਵਚਨਬੱਧਤਾ ਲੋਕ ਨਾਟਕ ਹੀ ਹਨ।

ਨਾਟਕ ਤੋਂ ਪਹਿਲਾਂ ਇਸ ਪ੍ਰੋਗਰਾਮ ਵਿਚ ਰਾਜ ਬਰਾੜ ਨੇ ਸ਼ਹੀਦਾਂ ਨੂੰ ਸਮਰਪਤ ਇਕ ਗੀਤ ਅਤੇ ਚਰਨਜੀਤ ਕੌਰ ਗਿੱਲ ਨੇ ਇਕ ਕਵੀਸ਼ਰੀ ਨਾਲ ਸ਼ਰਧਾਂਜਲੀ ਪੇਸ਼ ਕੀਤੀ, ਸ਼ਰਨਜੀਤ ਧਾਲੀਵਾਲ ਨੇ ਗਦਰ ਦੀ ਗੂੰਜ ਵਿਚੋਂ ਇਕ ਕਵਿਤਾ ਸੁਣਾਈ ਅਤੇ ਆਚਲ ਹੇਅਰ ਨੇ ਵੀ ਮਸਾਣੀ ਵਾਲੇ ਮੀਕੇ ਦਾ ਲਿਖਿਆ ਖ਼ੂਬਸੂਰਤ ਗੀਤ ਸੁਣਾਇਆ। ਡਾ. ਮਲਕੀਤ ਸਿੰਘ ਕਿੰਗਰਾ ਨੇ ਬੀਬੀ ਗੁਲਾਬ ਕੌਰ ਦਾ ਜੀਵਨ ਵਿਵਰਣ ਸਾਂਝਾ ਕਰਦਿਆਂ ਵਿਚਾਰ ਪ੍ਰਗਟ ਕੀਤੇ। ਪਰਗਟ ਸਿੰਘ ਧਾਲੀਵਾਲ ਅਤੇ ਪ੍ਰਿੰਸੀਪਲ ਬਲਵਿੰਦਰ ਸਿੰਘ ਬੁੱਟਰ ਨੇ ਵੀ ਗਦਰੀ ਯੋਧਿਆਂ ਦੇ ਸੰਘਰਸ਼ ਸਬੰਧੀ ਵਿਚਾਰ ਸਾਂਝੇ ਕੀਤੇ। ਨੈਨਦੀਪ ਸਿੰਘ ਚੰਨ ਅਤੇ ਜਸਪ੍ਰੀਤ ਸਿੰਘ ਸਿੱਧੂ ਨੇ ਅਗਲੇ ਸਾਲ ਜੂਨ ਵਿਚ ਹੋ ਰਹੀਆਂ ਚੋਣਾਂ ਵਿਚ ਲੋਕਾਂ ਤੋਂ ਨੈਨਦੀਪ ਚੰਨ ਦੀ ਸਪੋਰਟ ਕਰਨ ਦੀ ਬੇਨਤੀ ਕੀਤੀ।

ਅਨੀਤਾ ਸ਼ਬਦੀਸ਼ ਦੇ ਕੈਲੇਫੋਰਨੀਆਂ ਦੇ ਦੌਰੇ ਦਾ ਇਹ ਆਖਰੀ ਨਾਟਕ ਸੀ। ਇਸ ਤੋਂ ਪਹਿਲਾਂ ਇੰਡੋ ਅਮੈਰੀਕਨ ਹੈਰੀਟੇਜ਼ ਫੋਰਮ ਵਾਂਗ ਹੀ ਗਦਰੀ ਬਾਬਿਆਂ ਦੀ ਸੋਚ ਨੂੰ ਪ੍ਰਣਾਈਆਂ ਜਥੇਬੰਦੀਆਂ 'ਦਾ ਗਦਰ ਹੈਰੀਟੇਜ਼ ਫਾਊਂਡੇਸ਼ਨ' ਵਲੋਂ ਯੂਬਾਸਿਟੀ ਅਤੇ ਕਾਨਕਰਡ ਵਿਚ ਅਤੇ ਇੰਡੋ ਅਮੈਰੀਕਨ ਦੇਸ਼ ਭਗਤ ਫਾਊਂਡੇਸ਼ਨ ਆਫ ਬੇ-ਏਰੀਆ ਵਲੋਂ ਯੂਨੀਅਨ ਸਿਟੀ ਵਿਚ ਇਹ ਨਾਟਕ ਕਰਵਾਇਆ ਗਿਆ। ਇਨ੍ਹਾਂ ਪ੍ਰੋਗਰਾਮਾਂ ਵਿਚ ਮੁੱਖ ਬੁਲਾਰੇ ਵਜੋਂ ਪ੍ਰਸਿੱਧ ਲੇਖਕ, ਇਤਿਹਾਸਕਾਰ ਅਤੇ ਕਹਾਣੀਕਾਰ ਵਰਿਆਮ ਸਿੰਘ ਸੰਧੂ, ਦਿੱਲੀ ਕਿਸਾਨ ਮੋਰਚੇ ਵਿਚ ਨਿਸ਼ਕਾਮ ਸੇਵਾ ਨਾਲ ਆਪਣੀ ਪਛਾਣ ਬਣਾਉਣ ਵਾਲੇ ਡਾ. ਸਵੈਮਾਨ ਸਿੰਘ ਅਤੇ ਪ੍ਰਸਿੱਧ ਪੱਤਰਕਾਰ ਸ. ਹਮੀਰ ਸਿੰਘ ਵੀ ਸ਼ਾਮਲ ਹੋਏ ਸਨ।

ਹਰਜਿੰਦਰ ਢੇਸੀ ਸਟੇਜ ਸਕੱਤਰ ਦੀ ਭੂਮਕਾ ਨਿਭਾਉਦਿਆਂ ਵੱਖ ਵੱਖ ਬੁਲਾਰਿਆਂ ਨੂੰ ਪੇਸ਼ ਕੀਤਾ ਅਤੇ ਪ੍ਰੋਗਰਾਮ ਦੇਖਣ ਲਈ ਪਹੁੰਚੇ ਸਾਰੇ ਸ੍ਰੋਤਿਆਂ ਦਾ ਧੰਨਵਾਦ ਕੀਤਾ। ਉਨਾਂ ਨੇ ਸਾਰੀਆਂ ਭਾਈਵਾਲ ਸੰਸਥਾਵਾਂ, ਰੇਡੀਓ ਅਤੇ ਅਖਬਾਰਾ ਨਾਲ ਜੁੜੇ ਦੋਸਤਾਂ ਦਾ ਧੰਨਵਾਦ ਕਰਦਿਆਂ ਆਸ ਪਰਗਟਾਈ ਕਿ ਚੰਗੇ ਲੋਕਾਂ ਤੇ ਨਿਗਰ ਵਿਚਾਰਾਂ ਦਾ ਇਹ ਕਾਰਵਾਂ ਇਸੇ ਤਰਾਂ ਚਲਦਾ ਰਹੇਗਾ।















# ਜਿਨ੍ਹਾਂ ਦਾ ਕਦੇ ਕਿਸੇ ਗੀਤ ਨਾ ਗਾਇਆ!

ਇਨਕਲਾਬੀ ਲਹਿਰਾਂ ਦੇ ਇਤਿਹਾਸ ਵਿਚ ਬਹੁਤ ਸਾਰੇ ਅਜਿਹੇ ਗੁੰਮਨਾਮ ਸ਼ਹੀਦ ਹੋਏ ਹਨ, ਜਿਨ੍ਹਾਂ ਦੀ ਕੁਰਬਾਨੀ ਇਤਿਹਾਸ ਦੇ ਕਿਸੇ ਪੰਨੇ ਉੱਤੇ ਦਰਜ ਨਹੀਂ। ਉਹ ਲੋਕ ਬਿਨਾਂ ਕਿਸੇ ਲਾਲਚ ਤੇ ਪ੍ਰਸਿੱਧੀ ਦੀ ਲਾਲਸਾ ਦੇ ਆਪਣੇ ਜ਼ਿੰਮੇ ਲੱਗਾ ਕੰਮ ਜਾਨ ਦੀ ਬਾਜ਼ੀ ਲਾ ਕੇ ਭੁਗਤਾ ਗਏ। ਸਮੇਂ ਦੀ ਧੁੰਦ ਵਿਚ ਗਵਾਚ ਗਏ ਅਜਿਹੇ ਨਾਇਕਾਂ ਬਾਰੇ ਨਾ ਕਦੀ ਕਿਸੇ ਨੇ ਕੋਈ ਗੀਤ ਲਿਖਿਆ, ਨਾ ਕਹਾਣੀ ਲਿਖੀ, ਨਾ ਕਿਸੇ ਨੂੰ ਉਨ੍ਹਾਂ ਦੇ ਜਨਮ ਅਸਥਾਨ ਦਾ ਪਤਾ ਤੇ ਨਾ ਹੀ ਉਨ੍ਹਾਂ ਦੇ ਨਾਂ ਦਾ ਇਲਮ ਹੈ। ਉਨ੍ਹਾਂ ਦੀ ਬਰਸੀ ਭਲਾ ਕਿਸ ਨੇ ਮਨਾਉਣੀ ਹੋਈ! ਅਜਿਹੇ ਹੀ ਗੁੰਮਨਾਮ



**ਵਰਿਆਮ ਸਿੰਘ ਸੰਧੂ**
ਫੋਨ: 647-535-1539
+91-98726-02296

ਸ਼ਹੀਦਾਂ ਦਾ ਗ਼ਦਰ ਲਹਿਰ ਦੇ ਇਤਿਹਾਸ ਵਿਚ ਵੀ ਘਾਟਾ ਨਹੀਂ। ਇਸ ਪ੍ਰਸੰਗ ਵਿਚ ਮੁਸਲਮਾਨ ਭਰਾਵਾਂ 'ਤੇ ਆਧਾਰਿਤ ਫੌਜ ਵੱਲੋਂ ਸਿੰਘਾਪੁਰ ਵਿਚ ਅੰਗਰੇਜ਼ ਸਰਕਾਰ ਵਿਰੁੱਧ ਕੀਤੀ ਬਗ਼ਾਵਤ ਤੇ ਦਿੱਤੀ ਕੁਰਬਾਨੀ ਦਾ ਜ਼ਿਕਰ ਕਰਨਾ ਸਭ ਤੋਂ ਢੁਕਵਾਂ ਹੋਏਗਾ। ਗ਼ਦਰੀਆਂ ਵੱਲੋਂ ਦੇਸ-ਵਿਦੇਸ਼ ਵਿਚ ਤਾਇਨਾਤ ਭਾਰਤੀ ਫੌਜਾਂ ਵਿਚ ਆਪਣੇ ਸੈੱਲ ਕਾਇਮ ਕੀਤੇ ਗਏ ਤੇ ਓਥੇ ਗ਼ਦਰ ਦਾ ਬੜਾ ਭਖ਼ਵਾਂ ਪ੍ਰਚਾਰ ਕੀਤਾ ਗਿਆ।

ਉਨ੍ਹਾਂ ਦਿਨਾਂ ਵਿਚ ਸਿੰਘਾਪੁਰ ਵਿਚ ਦੋ ਦੇਸੀ ਪਲਟਨਾਂ ਤਾਇਨਾਤ ਸਨ। ਇੱਕ ਸੀ 'ਪੰਜਵੀਂ ਲਾਈਟ ਪਲਟਨ' ਤੇ ਦੂਜੀ ਸੀ 'ਮਲਾਇਆ ਰਿਆਸਤੀ ਗਾਈਡ'। ਦੋਵੇਂ ਪਲਟਨਾਂ ਮੁਸਲਮਾਨਾਂ ਦੀਆਂ ਸਨ। ਇਨ੍ਹਾਂ ਪਲਟਨਾਂ ਵਿਚ 'ਗ਼ਦਰ' ਅਖ਼ਬਾਰ ਤੇ ਹੋਰ ਗ਼ਦਰੀ ਸਾਹਿਤ ਵੰਡਿਆ ਜਾਂਦਾ ਰਿਹਾ ਸੀ। ਅਮਰੀਕਾ, ਕਨੇਡਾ, ਸ਼ੰਘਈ, ਮਨੀਲਾ ਤੇ ਹਾਂਗਕਾਂਗ 'ਤੋਂ 1914 ਦੇ ਸਤੰਬਰ-ਅਕਤੂਬਰ ਵਿਚ ਲੰਘਣ ਵਾਲੇ ਸਾਥੀ ਸਿੰਘਾਪੁਰ ਵਿਚ ਜਹਾਜ਼ਾਂ ਤੋਂ ਉੱਤਰਦੇ ਅਤੇ ਗੁਰਦਵਾਰੇ ਤੇ ਪਲਟਨਾਂ ਵਿਚ ਜਾ ਕੇ ਫੌਜੀਆਂ ਅਤੇ ਲੋਕਾਂ ਨੂੰ ਇਨਕਲਾਬ ਲਈ ਉੱਠਣ ਲਈ ਪ੍ਰੇਰਦੇ। ਗ਼ਦਰ ਲਹਿਰ ਦੇ ਕਈ ਵਰਕਰ ਤੇ ਆਗੂ ਇਨ੍ਹਾਂ ਪਲਟਨਾਂ ਵਿਚ ਪ੍ਰਚਾਰ ਕਰਨ ਲਈ ਜਾਂਦੇ ਰਹੇ। ਇਨ੍ਹਾਂ ਵਿਚੋਂ ਮੁਜਤਬਾ ਹੁਸੈਨ, ਜੀਵਨ ਸਿੰਘ ਫੈਲੋਕੇ, ਹੀਰਾ ਸਿੰਘ ਚਰੜ, ਗਿਆਨ ਚੰਦ, ਸੁੰਦਰ ਸਿੰਘ ਦੌਲੋਨੰਗਲ, ਹਰਨਾਮ ਸਿੰਘ ਰਸੂਲਪੁਰ ਤੇ ਪੀਨਾਂਗ ਦਾ ਪੁਲਿਸ ਸਾਰਜੰਟ ਤਰਲੋਕ ਸਿੰਘ ਗ਼ਦਰੀ ਸਾਹਿਤ ਤਕਸੀਮ ਕਰਨ ਲਈ ਪਲਟਨਾਂ ਵਿਚ ਜਾਂਦੇ ਰਹੇ। ਇਸਦਾ ਫੌਜੀਆਂ ਉੱਤੇ ਪੂਰਾ ਅਸਰ ਪਿਆ ਤੇ ਉਨ੍ਹਾਂ ਵਿਚ ਅੰਗਰੇਜ਼ ਵਿਰੋਧੀ ਜਜ਼ਬਾ ਬੜੇ ਪ੍ਰਬਲ ਵੇਗ ਨਾਲ ਜਾਗ੍ਰਿਤ ਹੋਇਆ। ਉਧਰੋਂ ਤੁਰਕੀ ਨਾਲ ਅੰਗਰੇਜ਼ ਵਿਰੋਧ ਖੜੇ ਹੋ ਜਾਣ ਕਰਕੇ ਇਨ੍ਹਾਂ ਮੁਸਲਮਾਨ ਫੌਜੀਆਂ ਵਿਚ ਇਸਲਾਮੀ ਰਿਸ਼ਤਾ ਵੀ ਅੰਗਰੇਜ਼ ਵਿਰੋਧੀ ਉਤੇਜਨਾ ਨੂੰ ਵਧਾਉਣ ਦਾ ਕਾਰਨ ਬਣਿਆਂ। ਗ਼ਦਰੀਆਂ ਨੇ ਇਸ ਵਿਰੋਧ ਦਾ ਵੀ ਇਸਤੇਮਾਲ ਕੀਤਾ।

ਜਦੋਂ ਗ਼ਦਰੀ ਆਪਣਾ ਪ੍ਰਚਾਰ ਕਰਦੇ ਸਿੰਘਾਪੁਰ ਵਿਚੋਂ ਲੰਘ ਰਹੇ ਸਨ ਉਦੋਂ ਉਪਰਲੀਆਂ ਦੋਵਾਂ ਪਲਟਨਾਂ ਤੋਂ ਇਲਾਵਾ ਛੱਤੀਵੀਂ ਸਿੱਖ ਪਲਟਨ ਤੇ ਇਕ ਗੋਰਾ ਪਲਟਨ ਵੀ ਤਾਇਨਾਤ ਸੀ। ਇਕ ਪਲਟਨ ਸਿੰਘਾਪੁਰ ਦੇ ਗੋਰਿਆਂ ਵਿਚੋਂ ਭਰਤੀ ਕੀਤੀ ਵਾਲੰਟੀਅਰ ਕੋਰ ਦੀ ਸੀ। ਕੋਈ ਗੁਪਤ ਚਿੱਠੀ ਹੱਥ ਲੱਗ ਜਾਣ 'ਤੇ ਸਰਕਾਰ ਨੂੰ ਬਗਾਵਤ ਦੀ ਸੂਹ ਲੱਗ ਗਈ ਤੇ ਉਸਨੇ ਮਲਾਇਆ ਰਿਆਸਤੀ ਗਾਈਡ ਨੂੰ ਸਿੰਘਾਪੁਰ ਤੋਂ ਪੀਨਾਂਗ ਤਬਦੀਲ ਕਰ ਦਿੱਤਾ। ਛੱਤੀਵੀਂ ਸਿੱਖ ਪਲਟਨ ਤੋਂ ਇਹਤਿਆਤਨ ਹਥਿਆਰ ਰਖਵਾ ਲਏ। ਪਰ ਪੰਜਵੀਂ ਪਲਟਨ ਵੱਲੋਂ ਬਗ਼ਾਵਤ ਕੀਤੇ ਜਾਣ ਦਾ ਸਰਕਾਰ ਨੂੰ ਚਿੱਤ-ਖਿਆਲ ਨਹੀਂ ਸੀ। ਪਲਟਨ ਨੇ 15 ਫਰਵਰੀ 1915 ਦਾ ਦਿਨ ਬਗ਼ਾਵਤ ਲਈ ਚੁਣਿਆਂ। ਇਸ ਦਿਨ ਦੀ ਚੋਣ ਦਾ ਵਾਸਤਾ ਹਿੰਦ ਵਿਚ ਕੀਤੇ ਜਾਣ ਵਾਲੀ ਗ਼ਦਰ ਦੀ ਤਰੀਕ ਨਾਲ ਸ਼ਾਇਦ ਕੋਈ ਨਹੀਂ ਸੀ। ਇਹ ਪਲਟਨ ਦੇ ਫੌਜੀਆਂ ਵਿਚ ਆਪ-ਮੁਹਾਰ ਉੱਠੇ ਰੋਹ ਦਾ ਪ੍ਰਤੀਕ ਸੀ।

ਫੌਜੀਆਂ ਨੇ 15 ਫਰਵਰੀ 1915 ਦੀ ਸ਼ਾਮ ਨੂੰ ਗ਼ਦਰ ਕਰਨ ਦਾ ਸਮਾਂ ਨਿਯਤ ਕੀਤਾ। ਇਸ ਵੇਲੇ ਸਾਰੇ ਅੰਗਰੇਜ਼ ਅਫ਼ਸਰ ਖਾਣਾ ਖਾਣ ਲਈ ਇਕੱਠੇ ਹੁੰਦੇ ਸਨ। ਖ਼ਿਆਲ ਸੀ ਕਿ ਸਾਰੇ ਅਫ਼ਸਰਾਂ ਨੂੰ ਵਿਸਰਭੋਲੇ ਖਾਣਾ ਖਾਂਦਿਆਂ ਹੀ ਕਾਬੂ ਕਰ ਲਿਆ ਜਾਵੇਗਾ। ਪਰ ਉਨ੍ਹਾਂ ਨੂੰ 15 ਫਰਵਰੀ ਨੂੰ ਸਵੇਰੇ ਹੁਕਮ ਸੁਣਾਇਆ ਗਿਆ ਕਿ ਪਲਟਨ ਅਗਲੇ ਦਿਨ 16 ਫਰਵਰੀ ਨੂੰ ਹਾਂਗਕਾਂਗ ਨੂੰ ਰਵਾਨਾ ਹੋ ਰਹੀ ਹੈ। 15 ਫਰਵਰੀ ਨੂੰ ਲੌਢੇ ਵੇਲੇ ਪਲਟਨ ਦੇ ਹਥਿਆਰ ਜਮ੍ਹਾਂ ਕੀਤੇ ਜਾਣ ਦਾ ਹੁਕਮ ਹੋ ਗਿਆ। ਫੌਜੀਆਂ ਨੇ ਸੋਚਿਆ ਕਿ ਹਥਿਆਰ ਜਮ੍ਹਾਂ ਹੋਣ ਤੋਂ ਬਾਅਦ ਤਾਂ ਉਹ ਅਸਲੋਂ ਹੱਥਲ ਹੋ ਜਾਣਗੇ ਤੇ ਕੁਝ ਵੀ ਨਹੀਂ ਕਰ ਸਕਣਗੇ। ਉਨ੍ਹਾਂ ਮਿੱਥੇ ਟੀਚੇ ਤੋਂ ਪਹਿਲਾਂ ਹੀ ਗ਼ਦਰ ਮਚਾਉਣ ਦਾ ਫ਼ੈਸਲਾ ਕਰ ਲਿਆ। ਇਸ ਸਮੇਂ ਸਿੰਘਾਪੁਰ ਵਿਚ ਵੱਡੀ ਗਿਣਤੀ ਵਾਲੀ ਸਿਖਲ਼ਾਈ ਪ੍ਰਾਪਤ ਹਥਿਆਰਬੰਦ ਪਲਟਨ ਏਹੋ ਸੀ। 36ਵੀਂ ਸਿੱਖ ਕੋਲ ਤਾਂ ਹਥਿਆਰ ਹੀ ਨਹੀਂ ਸਨ। ਸਮੁੰਦਰੀ ਕੰਢੇ 'ਤੇ 'ਕੈਡਮਸ' ਜਹਾਜ਼ ਵਿਚ ਮਸਾਂ ਅੱਸੀ ਕੁ ਆਦਮੀ ਸਨ।

ਲੌਢੇ ਵੇਲੇ ਜਦੋਂ ਗੋਲੀ ਸਿੱਕਾ ਜਮ੍ਹਾਂ ਕਰਾਉਣ ਦਾ ਵਕਤ ਆਇਆ ਤਾਂ ਫੌਜੀਆਂ ਨੇ ਹਥਿਆਰ ਜਮ੍ਹਾਂ ਕਰਾਉਣ ਤੋਂ ਨਾਂਹ ਕਰ ਦਿੱਤੀ ਤੇ ਅਸਲਾ ਇਕੱਠਾ ਕਰਨ ਵਾਲੇ ਅੰਗਰੇਜ਼ ਅਫ਼ਸਰ ਨੂੰ ਮਾਰ ਮੁਕਾਇਆ। ਫਿਰ ਜਿਹੜਾ ਵੀ ਗੋਰਾ ਫੌਜੀ ਜਾਂ ਅਫ਼ਸਰ ਅੱਗੇ ਆਇਆ, ਉਨ੍ਹਾਂ ਕਤਲ ਕਰ ਦਿੱਤਾ। ਫੌਜੀਆਂ ਨੇ ਬਾਰਕਾਂ 'ਤੇ ਕਬਜ਼ਾ ਕਰਕੇ ਤਿੰਨ ਟੁਕੜੀਆਂ ਬਣਾ ਲਈਆਂ। ਇਕ ਜਰਮਨ ਕੈਦੀਆਂ ਦੇ ਕੈਂਪ ਵੱਲ ਉਨ੍ਹਾਂ ਨੂੰ ਛੁਡਾ ਕੇ ਆਪਣੇ ਨਾਲ ਮਿਲਾਉਣ ਤੁਰ ਪਈ। ਦੂਜੀ ਹੈੱਡਕੁਆਟਰ 'ਤੇ ਕਬਜ਼ਾ ਕਰਨ ਲਈ ਕਮਾਨ ਅਫ਼ਸਰ ਦੇ ਬੰਗਲੇ ਵੱਲ ਤੁਰ ਗਈ। ਚਾਰ ਕੁ ਮੀਲ ਲਹਿੰਦੇ ਵੱਲ ਬਾਰਕਾਂ ਵਿਚ ਰਹਿੰਦੀ ਗੋਰਿਆਂ ਦੀ ਵਾਲੰਟੀਅਰ ਕੋਰ ਨੂੰ ਰੋਕਣ ਅਤੇ ਸ਼ਹਿਰ ਦੀ ਕੋਤਵਾਲੀ 'ਤੇ ਹਮਲਾ ਕਰਕੇ ਸ਼ਹਿਰ ਦਾ ਪ੍ਰਬੰਧ ਸਾਂਭਣ ਵਾਸਤੇ ਤੀਜੀ ਟੁਕੜੀ ਸ਼ਹਿਰ ਦੀ ਸੜਕੇ ਪੈ ਗਈ।

ਸਖ਼ਤ ਮੁੱਠ-ਭੇੜ ਉਪਰੰਤ ਜਰਮਨ ਕੈਂਪ ਉੱਤੇ ਬਾਗ਼ੀਆਂ ਦਾ ਕਬਜ਼ਾ ਹੋ ਗਿਆ। ਕੈਂਪ ਕਮਾਂਡਰ ਜੈਰਰਡ ਤੋਂ ਇਲਾਵਾ ਤਿੰਨ ਵੱਡੇ ਤੇ ਸੱਤ ਨਿੱਕੇ ਅਫ਼ਸਰ ਵੀ ਮਾਰੇ ਗਏ। ਇਕ ਜਰਮਨ ਕੈਦੀ ਵੀ ਹਲਾਕ ਹੋ ਗਿਆ। ਕੈਂਪ ਦੀਆਂ ਤਾਰਾਂ ਪੁੱਟ ਦਿੱਤੀਆਂ ਗਈਆਂ। ਸਾਰੇ ਜਰਮਨ ਕੈਦੀ ਆਜ਼ਾਦ ਕਰ ਦਿੱਤੇ ਗਏ। ਪਰ ਕੈਦੀਆਂ ਨੇ ਬਾਗ਼ੀਆਂ ਦਾ ਸਾਥ ਨਾ ਦੇ ਕੇ ਉਨ੍ਹਾਂ ਨੂੰ ਨਿਰਾਸ ਕਰ ਦਿੱਤਾ। ਉਨ੍ਹਾਂ ਨੇ ਤਾਂ ਜਰਮਨ ਕੈਦੀਆਂ ਦੀ



'ਸਾਂਝੇ ਦੁਸ਼ਮਣ' ਖ਼ਿਲਾਫ਼ ਮਿਲ ਕੇ ਲੜਨ ਦੀ ਸੋਚੀ ਹੋਈ ਸੀ। ਪਰ ਜਦੋਂ ਅਜਿਹਾ ਸੰਭਵ ਨਾ ਹੋਇਆ ਤਾਂ ਫੌਜੀ ਮਾਯੂਸ ਹੋ ਗਏ।

ਕਰਨਲ ਦੀ ਕੋਠੀ 'ਤੇ ਕਬਜ਼ਾ ਕਰਨ ਵਿਚ ਵੀ ਉਨ੍ਹਾਂ ਨੂੰ ਸਫ਼ਲਤਾ ਨਾ ਮਿਲੀ। ਗ਼ਦਰ ਸ਼ੁਰੂ ਹੁੰਦਿਆਂ ਹੀ ਵਾਲੰਟੀਅਰ ਕੋਰ ਦੇ ਦੋ ਗੋਰੇ ਅਫ਼ਸਰ ਦੌੜ ਕੇ ਸਮੁੰਦਰ ਕੰਢੇ ਲੱਗੀ ਬੇੜੀ ਵਿਚ ਖਲੋ ਕੇ ਰੌਲਾ ਪਾਉਣ ਲੱਗੇ। ਉਨ੍ਹਾਂ ਵੱਲੋਂ ਦਿੱਤੀ ਸੂਚਨਾ ਉਤੇ ਵਾਲੰਟੀਅਰ ਕੋਰ ਦਾ ਇਕ ਅਫ਼ਸਰ 86 ਆਦਮੀ ਲੈ ਕੇ ਗ਼ਦਰੀਆਂ ਵੱਲ ਵਧਿਆ। ਗ਼ਦਰੀਆਂ ਵੱਲੋਂ ਗੋਲੀ ਚਲਾ ਕੇ ਉਨ੍ਹਾਂ ਨੂੰ ਰੋਕਣ ਦਾ ਯਤਨ ਕਰਨ ਦੇ ਬਾਵਜੂਦ ਉਹ ਬੰਗਲੇ ਅੰਦਰ ਵੜਨ ਤੇ ਬੰਗਲੇ ਦੀ ਕਿਲ੍ਹਾਬੰਦੀ ਕਰਨ ਵਿਚ ਸਫ਼ਲ ਹੋ ਗਏ।

ਸ਼ਹਿਰ ਨੂੰ ਗਈ ਟੋਲੀ ਨੇ ਕਈ ਗੋਰੇ ਅਫ਼ਸਰ ਤੇ ਆਮ ਗੋਰੇ ਗੋਲੀਆਂ ਨਾਲ ਉਡਾ ਦਿੱਤੇ। ਕਾਰ ਵਿਚ ਬੈਠੇ ਗੋਰੇ ਜਿਲ੍ਹਾ ਜੱਜ ਤੇ ਇਕ ਵਪਾਰੀ ਨੂੰ ਮਾਰ ਦਿੱਤਾ। ਹੋਰ ਵੀ ਕਈ ਗੋਰੇ ਮੌਤ ਦੇ ਘਾਟ ਉਤਾਰ ਦਿੱਤੇ। ਪਰ ਇਕ ਗੱਲ ਦਾ ਵਿਸ਼ੇਸ਼ ਧਿਆਨ ਰੱਖਿਆ ਗਿਆ; ਉਨ੍ਹਾਂ ਨੇ ਕਿਸੇ ਵੀ ਗੋਰੇ ਦੀ ਔਰਤ ਨੂੰ ਕੁਝ ਨਾ ਆਖਿਆ ਤੇ ਉਨ੍ਹਾਂ ਦੀ ਜਾਨ-ਬਖ਼ਸ਼ੀ ਕਰ ਦਿੱਤੀ। ਸ਼ਹਿਰ ਵਿਚ ਜਾ ਕੇ ਇਹ ਟੋਲੀ ਟੁਕੜੀਆਂ ਵਿਚ ਖਿੰਡ ਗਈ। ਇਹ ਟੁਕੜੀਆਂ ਸ਼ਹਿਰ ਵਿਚ ਗੋਰਿਆਂ ਨੂੰ ਲੱਭਣ ਤੇ ਨਿਸ਼ਾਨਾ ਬਣਾਉਣ ਵਿਚ ਲੱਗੀਆਂ ਰਹੀਆਂ।

ਗ਼ਦਰੀਆਂ ਦੀ ਕੋਈ ਵੀ ਟੋਲੀ ਘਾਟ ਵੱਲ ਜਾ ਕੇ ਸਮੁੰਦਰੀ ਕਿਲ੍ਹੇ ਤੇ ਹਮਲਾਵਰ ਨਾ ਹੋਈ ਸਗੋਂ ਐਵੇਂ ਖਿੰਡ-ਪੁੰਡ ਕੇ ਇਧਰ-ਉਧਰ ਫਿਰਦੀਆਂ ਰਹੀਆਂ। ਏਨੇ ਵਿਚ ਗਵਰਨਰ ਰਿਡਾਊਟ ਤੇ ਜੰਗੀ ਬੇੜੇ ਦੇ ਐਡਮਿਰਲ ਮਾਰਟੀਨ ਜੈਰਮ ਨੇ ਵਾਰਿਸਲੈੱਸ ਰਾਹੀਂ ਐਧਰੋਂ-ਓਧਰੋਂ ਕੁਮਕ ਸੱਦ ਭੇਜੀ। ਇੱਕ ਜੰਗੀ ਜਹਾਜ਼ ਪਹਿਲਾਂ ਹੀ ਸਮੁੰਦਰ ਵਿਚ ਖੜਾ ਸੀ। ਮਲਾਇਆ ਦੀ ਰਿਆਸਤ ਜੌਹੋਰ ਨੇ ਵੀ ਵਾਇਰਲੈੱਸ 'ਤੇ ਸੁਨੇਹਾ ਮਿਲਦਿਆਂ 150 ਹਥਿਆਰਬੰਦ ਫੌਜੀ ਸਿੰਘਾਪੁਰ ਭੇਜ ਦਿੱਤੇ। ਬਹੁਤ ਸਾਰੇ ਗੋਰੇ ਸਪੈਸ਼ਲ ਪੁਲਸੀਆਂ ਵਜੋਂ ਭਰਤੀ ਕਰ ਲਏ ਗਏ। 16 ਫਰਵਰੀ ਨੂੰ ਸਵੇਰੇ ਸ਼ਾਹੀ ਬੇੜੇ ਦੇ ਅੱਸੀ, ਸ਼ਾਹੀ ਤੋਪਖ਼ਾਨੇ ਦੇ ਇੱਕੀ, ਸਿੰਘਾਪੁਰ ਵਾਲੰਟੀਅਰ ਕੋਰ ਦੇ ਪੰਜਾਹ ਤੇ ਚੁਣੇ ਹੋਏ ਪੰਝੀ ਸਿਵਲੀਅਨ ਗੋਰੇ ਨਾਲ ਲੈ ਕੇ ਸ਼ਾਹੀ ਤੋਪਖ਼ਾਨੇ ਦਾ ਕਰਨਲ ਗ਼ਦਰੀਆਂ ਵੱਲ ਵਧਿਆ। ਓਧਰ ਗ਼ਦਰੀ ਸਭ ਕੁਝ ਜਿੱਤ ਲਿਆ ਜਾਣ ਕੇ ਅਵੇਸਲੇ ਹੋ ਕੇ ਇਧਰ-ਉਧਰ ਟੁਕੜੀਆਂ ਵਿਚ ਵੰਡ ਕੇ ਬੈਰਕਾਂ ਦੇ ਬਾਹਰ ਘੁੰਮਣ ਲੱਗੇ। ਫੌਜੀਆਂ ਦੀ ਸ਼ਕਤੀ ਖਿੰਡ ਜਾਣ ਕਰਕੇ ਮੁਕਾਬਲਾ ਕਰਨ ਦੇ ਬਾਵਜੂਦ ਬੈਰਕਾਂ ਉੱਤੇ ਮੁੜ ਗੋਰਿਆਂ ਦਾ ਕਬਜ਼ਾ ਹੋ ਗਿਆ। ਹੈੱਡਕੁਆਟਰ ਉੱਤੇ ਵੀ ਆਖ਼ਰਕਾਰ ਗੋਰੇ ਕਾਬਜ਼ ਹੋ ਗਏ। ਅਗਲੇ ਦਿਨ ਇਕ ਹੋਰ ਜੰਗੀ ਜਹਾਜ਼ ਆ ਗਿਆ। ਗੋਰਿਆਂ ਨੇ ਖਿੱਲਰੇ ਹੋਏ ਬਾਗ਼ੀਆਂ ਨੂੰ ਘੇਰਨਾ ਤੇ ਫੜਨਾ ਸ਼ੁਰੂ ਕਰ ਦਿੱਤਾ। ਕਈ ਤਾਂ ਭੁੱਖ-ਤੇਹ ਦੇ ਮਾਰੇ ਕਾਬੂ ਆ ਗਏ। ਅਜੇ ਗ਼ਦਰੀ ਫੜੇ ਹੀ ਜਾ ਰਹੇ ਸਨ ਕਿ ਕਚਹਿਰੀਆਂ ਖੜੀਆਂ ਕਰ ਦਿੱਤੀਆਂ ਗਈਆਂ। 'ਪੰਜਵੀਂ ਲਾਈਟ ਪਲਟਨ' ਵੱਲੋਂ ਕੀਤੀ ਬਗ਼ਾਵਤ ਨੂੰ ਜ਼ੋਰ-ਜ਼ੁਲਮ ਨਾਲ ਦਬਾਅ ਦਿੱਤਾ ਗਿਆ। ਗ੍ਰਿਫ਼ਤਾਰ ਕੀਤੇ ਗਏ ਸੂਰਬੀਰਾਂ ਵਿਚੋਂ 41 ਨੂੰ ਗੋਲੀ ਮਾਰ ਕੇ ਸ਼ਹੀਦ ਕੀਤਾ ਗਿਆ, 3 ਨੂੰ ਫ਼ਾਂਸੀ ਦਿੱਤੀ ਗਈ ਅਤੇ 162 ਨੂੰ ਉਮਰ ਕੈਦ ਤੇ ਹੋਰ ਬਾਮੁਸ਼ੱਕਤ ਕਰੜੀਆਂ ਸਜ਼ਾਵਾਂ ਦਿੱਤੀਆਂ ਗਈਆਂ। ਜੇ ਬਾਗ਼ੀ ਥੋੜੀ ਕੁ ਯੋਜਨਾ ਨਾਲ ਕੰਮ ਕਰਦੇ ਤਾਂ ਉਹ ਸਹਿਜੇ ਹੀ ਸਿੰਘਾਪੁਰ 'ਤੇ ਕਬਜ਼ਾ ਕਰ ਸਕਦੇ ਸਨ। ਬਿਨਾ ਕਿਸੇ ਵਿਸ਼ੇਸ਼ ਯੋਜਨਾਬੱਧ ਅਗਵਾਈ ਦੇ ਉਨ੍ਹਾਂ ਦਾ ਯਤਨ ਆਪ-ਮੁਹਾਰਾ ਤੇ ਵੇਗ-ਮੱਤਾ ਹੋਣ ਕਰਕੇ ਉਹ ਭਾਵੇਂ ਮਨਚਾਹੀ ਪ੍ਰਾਪਤੀ ਨਾ ਕਰ ਸਕੇ ਪਰ ਉਨ੍ਹਾਂ ਦੀ ਬੇਮਿਸਾਲ ਕੁਰਬਾਨੀ ਦਾ ਮਹੱਤਵ ਆਪਣੇ ਥਾਂ ਅਟੱਲ ਤੇ ਮਾਣਯੋਗ ਹੈ।

ਇਹ ਬੜੇ ਦੁੱਖ ਦੀ ਗੱਲ ਹੈ ਕਿ ਇਨ੍ਹਾਂ ਸੂਰਬੀਰਾਂ ਦੇ ਕਾਰਨਾਮੇ ਦਾ ਉਹੋ ਪੱਖ ਹੀ ਉਜਾਗਰ ਹੋਇਆ ਹੈ, ਜੋ ਪੱਖ ਸਰਕਾਰ ਨੇ ਪੇਸ਼ ਕੀਤਾ। ਉਨ੍ਹਾਂ ਦੀ ਕੁਰਬਾਨੀ ਦਹਾਕਿਆਂ ਤੱਕ ਓਹਲੇ ਵਿਚ ਰਹੀ ਅਤੇ ਕੁਝ ਸਾਲ ਪਹਿਲਾਂ ਹੋਈ ਖੋਜ ਤੋਂ ਉਨ੍ਹਾਂ ਸ਼ਹੀਦਾਂ ਤੇ ਸੂਰਮਿਆਂ ਦੀ ਕੁਰਬਾਨੀ ਦਾ ਵੇਰਵਾ ਪਤਾ ਲੱਗਾ ਹੈ; ਨਹੀਂ ਤਾਂ ਦੇਸ਼ 'ਤੋਂ ਕੁਰਬਾਨ ਹੋਣ ਵਾਲੇ ਉਨ੍ਹਾਂ ਸ਼ਹੀਦ-ਸੂਰਮਿਆਂ ਦਾ ਕਿਸੇ ਨੂੰ ਨਾਂ ਤੱਕ ਵੀ ਪਤਾ ਨਹੀਂ ਸੀ। ਇਸ ਵਿਚ ਸ਼ੱਕ ਨਹੀਂ ਕਿ ਇਹ ਬਗ਼ਾਵਤ ਗ਼ਦਰ ਲਹਿਰ ਦੇ ਪ੍ਰਚਾਰ ਦਾ ਹੀ ਸਿੱਟਾ ਸੀ। ਜਨਰਲ ਡਾਇਰ ਨੇ ਆਪਣੀ ਜੀਵਨੀ ਵਿਚ ਇਸ ਬਗ਼ਾਵਤ ਨੂੰ 'ਸਾਫ਼ ਤੌਰ 'ਤੇ ਗ਼ਦਰ ਸਾਜਿਸ਼ ਦਾ ਹਿੱਸਾ' ਲਿਖਿਆ ਹੈ। ਰੌਲਟ ਰੀਪੋਰਟ ਮੁਤਾਬਕ 'ਅਮਰੀਕਾ ਦੀ ਗ਼ਦਰ ਪਾਰਟੀ ਦੇ ਮੁਸਲਮਾਨਾਂ ਤੇ ਹਿੰਦੂ ਸਾਜਿਸ਼ੀਆਂ ਨੇ ਫੌਜੀਆਂ 'ਤੇ ਪਾਣ ਚਾੜ੍ਹੀ ਹੋਈ ਸੀ। ਇਸ ਲਈ (ਪੰਜਵੀਂ ਪਲਟਨ ਦੀ) ਬਗ਼ਾਵਤ ਨੂੰ ਰੋਕਿਆ ਨਾ ਜਾ ਸਕਿਆ।'

ਸਿੰਘਾਪੁਰ ਦੀ ਬਗ਼ਾਵਤ ਵਾਂਗ 130ਵੀਂ ਬਲੋਚ ਰਜਮੈਂਟ ਨੇ ਵੀ ਗ਼ਦਰ ਪਾਰਟੀ ਦੇ ਪ੍ਰਚਾਰ ਤੇ ਪ੍ਰਭਾਵ ਵਿਚ ਆ ਕੇ ਰੰਗੂਨ ਵਿਚ ਗ਼ਦਰ ਕਰ ਦਿੱਤਾ। ਇਸ ਪਲਟਨ ਵਿਚ ਵੀ ਜ਼ਿਆਦਾ ਮੁਸਲਮਾਨ ਪਠਾਣ ਸਨ। ਪਹਿਲਾਂ ਤਾਂ ਇਨ੍ਹਾਂ ਨੇ ਜੰਗ ਵਿਚ ਜਾਣ ਲਈ ਜਹਾਜ਼ 'ਤੇ ਚੜ੍ਹਨੋਂ ਨਾਂਹ ਕਰ ਦਿੱਤੀ ਤੇ ਇਕ ਗੋਰੇ ਅਫ਼ਸਰ ਨੂੰ ਮਾਰ ਦਿੱਤਾ। ਫਿਰ ਇਨ੍ਹਾਂ ਨੂੰ ਫੌਜੀ ਪਹਿਰੇ ਹੇਠ ਰੰਗੂਨ ਲਿਆਂਦਾ ਗਿਆ। ਏਥੇ ਗ਼ਦਰ ਪਾਰਟੀ ਦੇ ਮੁਸਲਮਾਨ ਮੈਂਬਰਾਂ ਨੇ ਇਨ੍ਹਾਂ ਵਿਚ 'ਗ਼ਦਰ' ਦੇ ਪਰਚੇ ਤਕਸੀਮ ਕੀਤੇ। ਪ੍ਰਭਾਵਸਰੂਪ ਪਲਟਨ ਜਨਵਰੀ 1915 ਵਿਚ ਅਸਲੋਂ ਹੀ ਬਾਗ਼ੀ ਹੋ ਕੇ ਗ਼ਦਰ ਲਈ ਤਿਆਰ ਹੋ ਗਈ। 16 ਜਨਵਰੀ ਨੂੰ ਇਨ੍ਹਾਂ ਦਾ ਕੋਰਟ ਮਾਰਸ਼ਲ ਕਰਕੇ ਦੋ ਸੌ ਆਦਮੀਆਂ ਨੂੰ ਸਜ਼ਾਵਾਂ ਦਿੱਤੀ ਗਈਆਂ। ਚਾਰ ਨੂੰ ਫਾਂਸੀ ਲਾਇਆ ਗਿਆ ਅਤੇ 59 ਨੂੰ ਉਮਰ ਕੈਦ ਦੀ ਸਜ਼ਾ ਦਿੱਤੀ ਗਈ।

ਮੁਸਲਮਾਨ ਭਰਾਵਾਂ ਦੀ ਗ਼ਦਰ ਲਹਿਰ ਵਿਚ ਕੀਤੀ ਕੁਰਬਾਨੀ ਕਿਸੇ ਪੱਖੋਂ ਵੀ ਘਟਾ ਕੇ ਨਹੀਂ ਵੇਖੀ ਜਾ ਸਕਦੀ। ਡਾਕਟਰ ਅਸਦੁੱਲਾ ਗ਼ਦਰ ਲਹਿਰ ਦੇ ਪਰਚੇ ਮੰਗਵਾ ਕੇ ਈਰਾਨ ਤੇ ਮੈਸੋਪਟਾਮੀਆਂ ਦੇ ਹਿੰਦੀ ਫੌਜੀਆਂ ਵਿਚ ਵੰਡਦਾ ਰਿਹਾ। 24ਵੀਂ ਪੰਜਾਬੀ ਦੇ ਸਿਪਾਹੀ ਅਮੀਰ ਖਾਂ ਨੂੰ ਬਾਗ਼ੀਆਨਾ ਰੁਚੀਆਂ ਕਾਰਨ ਜੇਲ੍ਹ ਵਿਚ ਬੰਦ ਕੀਤਾ ਗਿਆ। ਰਹਿਮਤ ਅਲੀ ਵਜੀਦ ਕੇ, ਮੌਲਵੀ ਬਰਕਤਉੱਲਾ, ਮੌਲਵੀ ਹਾਫ਼ਿਜ਼ ਅਬਦੁੱਲਾ, ਅਬਦੁੱਲਾ ਨਾਹਲ, ਮੁਜਤਬਾ ਹੁਸੈਨ ਅਤੇ ਹੋਰ ਅਨੇਕਾਂ ਗ਼ਦਰੀ ਮੁਸਲਮਾਨਾਂ ਦੀ ਦੇਣ ਅਤੇ ਕੁਰਬਾਨੀ ਤੋਂ ਕੌਣ ਮੁਨਕਰ ਹੋ ਸਕਦਾ ਹੈ। ਸੱਚੀ ਗੱਲ ਤਾਂ ਇਹ ਹੈ ਕਿ ਗ਼ਦਰੀਆਂ ਦੀਆਂ ਕੁਰਬਾਨੀਆਂ ਨੂੰ ਹਿੰਦੂ, ਸਿੱਖ ਜਾਂ ਮੁਸਲਮਾਨ ਵਿਚ ਵੰਡ ਕੇ ਦੱਸਣ ਦੀ ਲੋੜ ਨਹੀਂ। ਉਹ ਤਾਂ ਇਨਕਲਾਬੀ ਸਨ ਤੇ ਬਕੌਲ ਬਾਬਾ ਸੋਹਣ ਸਿੰਘ ਭਕਨਾ ਪਾਰਟੀ ਦਾ ਕੋਈ ਵੀ ਮੈਂਬਰ ਇਸ ਕਰਕੇ ਮੈਂਬਰ ਨਹੀਂ ਸੀ ਬਣ ਸਕਦਾ ਕਿ ਉਹ ਹਿੰਦੂ, ਸਿੱਖ, ਮੁਸਲਮਾਨ, ਆਸਤਕ ਜਾਂ ਨਾਸਤਕ ਹੈ ਸਗੋਂ ਮੈਂਬਰ ਬਣਨ ਲਈ ਮੁਢਲੀ ਸ਼ਰਤ ਸੀ ਕਿ ਉਹ ਆਪਣੇ ਆਪ ਨੂੰ ਹਿੰਦੁਸਤਾਨੀ ਸਮਝਦਾ ਹੋਵੇ ਜਾਂ ਉਹ 'ਮਨੁੱਖ' ਹੋਣ ਦੇ ਨਾਤੇ ਪਾਰਟੀ ਦਾ ਮੈਂਬਰ ਬਣ ਸਕਦਾ ਸੀ। ਇਹ ਧਰਮ-ਨਿਖੇੜਵੇਂ ਹਵਾਲੇ ਇਸ ਕਰਕੇ ਦੇਣੇ ਪੈ ਰਹੇ ਹਨ ਕਿ ਅੱਜ ਦੇ ਹਾਲਾਤ ਵਿਚ ਪੈ ਰਹੀਆਂ ਧਾਰਮਿਕ ਵੰਡੀਆਂ ਤੇ ਫ਼ਿਰਕੂ ਨਫ਼ਰਤ ਨੂੰ ਠੱਲ੍ਹ ਪਾਉਣ ਲਈ ਦੱਸਿਆ ਜਾ ਸਕੇ ਕਿ ਕਿਵੇਂ ਉਹ ਗ਼ਦਰੀ ਸੂਰਬੀਰ ਧਰਮਾਂ ਤੇ ਜਾਤਾਂ ਦੀ ਵਲਗਣ ਟੱਪ ਕੇ ਪੂਰੇ ਭਰਾਤਰੀ ਭਾਵ ਨਾਲ ਜੂਝ ਕੇ ਦੇਸ਼ ਤੋਂ ਕੁਰਬਾਨ ਹੋਏ ਸਨ।

# ਕਾਮ, ਕ੍ਰੋਧ, ਵੈਰ, ਈਰਖਾ ਤੇ ਨਫ਼ਰਤ ਤੋਂ ਬਚਾਅ ਦਾ ਨਾਂ ਹੀ ਹੈ ਮੋਕਸ਼!

ਯੂਨਾਨ ਵਿਚ ਇੱਕ ਜੋਤਸ਼ੀ, ਰਾਤ ਆਕਾਸ਼ ਦੇ ਤਾਰਿਆਂ ਦਾ ਅਧਿਐਨ ਕਰਦਾ ਹੋਇਆ ਤੁਰਿਆ ਜਾ ਰਿਹਾ ਸੀ, ਇੱਕ ਖੂਹ ਵਿਚ ਡਿੱਗ ਪਿਆ। ਖੂਹ ਢੱਕਿਆ ਹੋਇਆ ਨਹੀਂ ਸੀ। ਅੱਖਾਂ ਆਕਾਸ਼ 'ਤੇ ਟਿਕੀਆਂ ਸਨ, ਚੰਦ-ਤਾਰਿਆਂ ਦਾ ਅਧਿਐਨ ਹੋ ਰਿਹਾ ਸੀ। ਉਹ ਖੂਹ ਵਿਚ ਡਿੱਗ ਪਿਆ ਤਾਂ ਚਿੱਲਾਇਆ। ਨੇੜੇ ਦੀ ਹੀ ਝੌਂਪੜੀ ਵਿਚ ਰਹਿੰਦੀ ਇੱਕ ਗਰੀਬ ਬੁੱਢੜੀ ਨੇ ਉਸਨੂੰ ਬੜੀ ਮੁਸ਼ਕਲ ਨਾਲ ਬਾਹਰ ਕੱਢਿਆ।

ਉਹ ਯੂਨਾਨ ਦਾ ਸਭ ਤੋਂ ਵੱਡਾ ਜੋਤਸ਼ੀ ਸੀ। ਸਮਰਾਟ ਵੀ ਉਸਨੂੰ ਮਿਲਣ ਉਸਦੇ ਘਰ ਆਉਂਦੇ ਸਨ।

ਉਸਨੇ ਬੁੱਢੜੀ ਦਾ ਬਹੁਤ-ਬਹੁਤ ਧੰਨਵਾਦ ਕੀਤਾ ਅਤੇ ਕਿਹਾ ਕਿ ਦੇਖ, ਤੈਨੂੰ ਪਤਾ ਨਹੀਂ ਹੈ ਕਿ ਤੈਨੂੰ ਖੁਸ਼ਕਿਸਮਤੀ ਨਾਲ ਕਿਸਨੂੰ ਬਚਾਉਣ ਦਾ ਮੌਕਾ ਮਿਲਿਆ ਹੈ! ਮੈਂ ਯੂਨਾਨ ਵਿਚ ਸਭ ਤੋਂ ਵੱਡਾ ਜੋਤਸ਼ੀ ਹਾਂ। ਤਾਰਿਆਂ ਦਾ, ਨਕਸ਼ੱਤਰਾਂ ਦਾ, ਉਨ੍ਹਾਂ ਦੀਆਂ ਗਤੀਵਿਧੀਆਂ ਦਾ ਤੇ ਮਨੁੱਖ ਦੀ ਕਿਸਮਤ ਨਾਲ ਉਨ੍ਹਾਂ ਦੇ ਸੰਬੰਧਾਂ ਬਾਰੇ ਮੇਰੇ ਤੋਂ ਵੱਡਾ ਜਾਣਕਾਰ ਧਰਤੀ 'ਤੇ ਹੋਰ ਕੋਈ ਨਹੀਂ ਹੈ। ਵੱਡੇ ਤੋਂ ਵੱਡੇ ਸਮਰਾਟ ਵੀ ਮੇਰੇ ਕੋਲ ਆਉਂਦੇ ਹਨ, ਆਪਣਾ ਭਵਿੱਖ ਜਾਣਨ ਲਈ। ਮੇਰੀ ਫੀਸ ਬਹੁਤ ਜ਼ਿਆਦਾ ਹੈ। ਪਰ ਤੂੰ ਮੈਨੂੰ ਬਚਾਇਆ ਹੈ ਤਾਂ ਤੇਰਾ ਭਵਿੱਖ ਮੈਂ ਬਿਨਾਂ ਫੀਸ ਦੇ ਦੇਖ ਦੇਵਾਂਗਾ। ਤੂੰ ਕੱਲ੍ਹ ਆ ਜਾਵੀਂ।

ਉਹ ਬੁੱਢੜੀ ਹੱਸਣ ਲੱਗੀ। ਉਸ ਜੋਤਸ਼ੀ ਨੇ ਪੁੱਛਿਆ, 'ਤੂੰ ਹੱਸ ਕਿਉਂ ਰਹੀ ਹੈਂ?' ਉਸਨੇ ਕਿਹਾ, 'ਮੈਂ ਇਸ ਲਈ ਹੱਸਦੀ ਹਾਂ ਕਿ ਜਿਸਨੂੰ ਆਪਣੇ ਸਾਹਮਣੇ ਦਾ ਖੂਹ ਦਿਖਾਈ ਨਹੀਂ ਦਿੱਤਾ, ਉਹ ਚੰਦ-ਤਾਰਿਆਂ ਦੀ ਗਤੀਵਿਧੀ, ਨਕਸ਼ੱਤਰ ਅਤੇ ਭਵਿੱਖ...। ਚਾਰ ਕਦਮ ਅੱਗੇ ਕੀ ਹੈ ਪਤਾ ਨਹੀਂ ਹੈ, ਤੂੰ ਮੇਰਾ



ਭਵਿੱਖ ਦੱਸੇਂਗਾ? ਹੋਸ਼ ਵਿਚ ਆ!'

ਅਤੇ ਕਹਿੰਦੇ ਹਨ ਇਹ ਘਟਨਾ ਉਸ ਜੋਤਸ਼ੀ ਦੇ ਜੀਵਨ ਵਿਚ ਕ੍ਰਾਂਤੀ ਦਾ ਕਾਰਨ ਬਣ ਗਈ। ਉਸਨੇ ਜੋਤਿਸ਼ ਛੱਡ ਦਿੱਤਾ। ਇਹ ਚੋਟ ਭਾਰੀ ਸੀ! ਇਹ ਗੱਲ ਵੀ ਇੰਨੀ ਸੱਚ ਸੀ! ਸਾਹਮਣੇ ਪੈਰਾਂ ਦੇ ਖੂਹ ਹੈ, ਪਰ ਦਿਖਾਈ ਨਹੀਂ ਦਿੱਤਾ! ਪਰ ਉਹ ਖੂਹ ਕਿਉਂ ਨਹੀਂ ਦਿਖਾਈ ਦਿੱਤਾ ਸੀ? ਅਜਿਹਾ ਨਹੀਂ ਕਿ ਉਸ ਕੋਲ ਅੱਖਾਂ ਨਹੀਂ ਸਨ; ਪਰ ਅੱਖਾਂ ਦੂਰ ਦੇ ਤਾਰਿਆਂ 'ਤੇ ਟਿੱਕੀਆਂ ਹੋਈਆਂ ਸਨ! ਇਹੀ ਆਦਰਸ਼ਵਾਦੀ ਦਾ ਭਰਮ ਹੈ: ਉਸਦੀਆਂ ਅੱਖਾਂ ਦੂਰ ਦੇ ਤਾਰਿਆਂ 'ਤੇ ਟਿਕੀਆਂ ਹੋਈਆਂ ਹਨ। ਆਦਰਸ਼ਵਾਦੀ ਕਹਿੰਦਾ ਹੈ ਕਿ ਮੋਕਸ਼ ਪਾਵਾਂਗੇ! ਅਜੇ, ਇਹ ਗਲਿਆ-ਸੜਿਆ ਕ੍ਰੋਧ, ਇਸ ਤੋਂ ਛੁਟਕਾਰਾ ਹੋ ਨਹੀਂ ਰਿਹਾ ਹੈ। ਇਹ ਗਲਿਆ-ਸੜਿਆ ਕਾਮ, ਇਸ ਤੋਂ ਛੁਟਕਾਰਾ ਹੋ ਨਹੀਂ ਰਿਹਾ ਹੈ। ਮੋਕਸ਼ ਪਾਓਗੇ! ਬੈਕੁੰਠ ਜਾਓਗੇ! ਨਿਰਵਾਣ ਹੋਵੇਗਾ! ਅੱਖਾਂ ਕਿਤੇ ਦੂਰ ਦੇ ਆਕਾਸ਼ 'ਤੇ ਟਿਕੀਆਂ ਹਨ। ਅਤੇ ਇਸੇ ਕਰਕੇ, ਰੋਜ਼-ਰੋਜ਼ ਟੋਇਆਂ ਵਿਚ ਡਿੱਗ ਰਹੇ ਹੋ। ਟੋਏ— ਕ੍ਰੋਧ ਦੇ, ਕਾਮ ਦੇ, ਵੈਰ ਦੇ, ਈਰਖਾ ਦੇ, ਨਫ਼ਰਤ ਦੇ! ਮੈਂ ਤੁਹਾਨੂੰ ਕਹਿੰਦਾ ਹਾਂ: ਅੱਖਾਂ ਮੋੜ ਲਿਆਓ ਧਰਤੀ 'ਤੇ। ਜਿੱਥੇ ਤੁਰਨਾ ਹੈ, ਉੱਥੇ ਹੀ ਅੱਖਾਂ ਹੋਣੀਆਂ ਚਾਹੀਦੀਆਂ ਹਨ। ਇਸੇ ਪਲ ਵਿਚ ਹੀ ਅੱਖਾਂ ਹੋਣੀਆਂ ਚਾਹੀਦੀਆਂ ਹਨ, ਕਿਉਂਕਿ ਟੋਏ ਇੱਥੇ ਹਨ। ਅਤੇ ਸਾਰੇ ਟੋਇਆਂ ਤੋਂ ਤੁਸੀਂ ਬਚ ਜਾਓ, ਤਾਂ ਉਸੇ ਬਚਾਅ ਦਾ ਨਾਮ ਮੋਕਸ਼ ਹੈ। ਮੋਕਸ਼ ਕਿਤੇ ਦੂਰ ਆਕਾਸ਼ ਵਿਚ ਨਹੀਂ ਹੈ। ਜਿਸਦੇ ਜੀਵਨ ਵਿਚ ਡਿੱਗਣ ਦੀ ਸੰਭਾਵਨਾ ਨਾ ਰਹੀ, ਉਹੀ ਮੁਕਤ ਹੈ।

***— ਓਸ਼ੋ***

***ਪੰਜਾਬੀ ਅਨੁਵਾਦ: ਮੀਤ ਅਨਮੋਲ***

# ਮੌਜੂਦਾ ਸਿੱਖ ਉਭਾਰ ਦੀ ਵਿਲੱਖਣ ਹਸਤੀ



ਪ੍ਰਭਸ਼ਰਨਬੀਰ ਸਿੰਘ

ਅੱਜ ਪੰਜਾਬ ਦੀ ਸਿੱਖ ਨੌਜਵਾਨੀ ਕੋਲ ਇਤਿਹਾਸ ਸਿਰਜਣ ਦਾ ਸੁਨਹਿਰੀ ਮੌਕਾ ਹੈ। ਅਜਿਹੇ ਮੌਕੇ ਵਾਰ-ਵਾਰ ਨਹੀਂ ਆਉਂਦੇ। ਜੇ ਇਹ ਮੌਕਾ ਵੀ ਖੁੰਝ ਗਿਆ ਤਾਂ ਸਦੀਆਂ ਦੀ ਖੁਆਰੀ ਪੱਲੇ ਪੈ ਜਾਵੇਗੀ।

ਹੌਸਲੇ ਵਾਲੀ ਗੱਲ ਇਹ ਹੈ ਕਿ ਸਿੱਖ ਨੌਜਵਾਨਾਂ ਨੇ ਵੀ ਆਪਣੇ ਅਮਲ ਰਾਹੀਂ ਇਹ ਸਾਬਤ ਕੀਤਾ ਹੈ ਕਿ ਉਨ੍ਹਾਂ ਅੰਦਰ ਇਸ ਇਤਿਹਾਸਕ ਮੌਕੇ ਦੇ ਹਾਣ ਦਾ ਜਜ਼ਬਾ, ਸਬਰ ਅਤੇ ਸਮਝ ਪੈਦਾ ਹੋ ਰਹੇ ਹਨ। ਇਸ ਸੰਭਾਵੀ ਮੌਕੇ ਨੂੰ ਰਾਜਨੀਤਕ ਅਸਲੀਅਤ ਵਿਚ ਕਿਵੇਂ ਬਦਲਿਆ ਜਾਵੇ, ਇਸ ਬਾਰੇ ਕੁਝ ਵਿਚਾਰਾਂ ਪੇਸ਼ ਹਨ।

ਪਹਿਲੀ ਗੱਲ, ਸਿੱਖ ਰਾਜਨੀਤਕ ਅਮਲ ਦੀਆਂ ਗਤੀਵਿਧੀਆਂ ਸਹਿਜ ਵਿਚ ਚੱਲਣੀਆਂ ਜਰੂਰੀ ਹਨ। ਸਿੱਖ ਆਤਮਿਕ ਜੀਵਨ ਦਾ ਸਫਰ ਕਾਹਲੀ 'ਤੋਂ ਸਹਿਜ ਵੱਲ ਹੈ। ਆਧੁਨਿਕਤਾ ਦੀ ਤੋਰ ਸਹਿਜ 'ਤੋਂ ਕਾਹਲੀ ਵੱਲ ਹੈ। ਆਧੁਨਿਕ ਤਕਨਾਲੋਜੀ ਹਰ ਕਿਰਿਆ ਦੀ ਗਤੀ ਨੂੰ ਵਧਾਉਂਦੀ ਹੈ। ਪਰ ਗੁਰਬਾਣੀ ਸਾਨੂੰ ਜੀਵਨ ਦੀ ਭੱਜ-ਦੌੜ ਤੋਂ ਸਹਿਜ ਵੱਲ ਆਉਣ ਲਈ ਪ੍ਰੇਰਦੀ ਹੈ। ਸਾਡਾ ਰਾਜਨੀਤਕ ਅਮਲ ਵੀ ਗੁਰਬਾਣੀ ਦਾ ਅਨੁਸਾਰੀ ਹੀ ਹੋਣਾ ਚਾਹੀਦਾ ਹੈ, ਆਧੁਨਿਕਤਾ ਦਾ ਨਹੀਂ। ਮੌਜੂਦਾ ਦੌਰ ਵਿਚ ਉਭਰ ਰਹੇ ਸਿੱਖ ਅਮਲ ਲਈ ਸਭ ਤੋਂ ਲੋੜੀਂਦੀ ਗੱਲ ਸਹਿਜ ਵਿਚ ਚੱਲਣਾ ਹੈ।

ਰਾਜਨੀਤਕ ਲਹਿਰਾਂ ਪੈਦਾ ਕਰਨੀਆਂ ਸੌਖੀਆਂ ਹੁੰਦੀਆਂ ਹਨ ਪਰ ਉਨ੍ਹਾਂ ਨੂੰ ਸਹਿਜ ਵਿਚ ਰੱਖ ਕੇ ਲੰਮੇ ਸਮੇਂ ਲਈ ਚਲਾਉਣਾ ਬਹੁਤ ਔਖਾ ਹੁੰਦਾ ਹੈ। ਸਿੱਖਾਂ ਦੀ ਰਾਜਨੀਤਕ ਲਹਿਰ ਉਦੋਂ ਹੀ ਸਫਲ ਹੋਵੇਗੀ ਜਦੋਂ ਇਸ ਵਿਚ ਸਹਿਜ ਦਾ ਰੰਗ ਭਰਪੂਰ ਹੋਵੇਗਾ।

ਬਹੁਤੀਆਂ ਰਾਜਨੀਤਕ ਲਹਿਰਾਂ ਦਾ ਪਤਨ ਲੋੜੋਂ ਵੱਧ ਤੇਜੀ ਕਰਕੇ ਹੁੰਦਾ ਹੈ। 1857 ਦਾ ਗ਼ਦਰ, 1910ਵਿਆਂ ਦੀ ਗ਼ਦਰ ਲਹਿਰ, 1789 ਦੀ ਫਰਾਂਸੀਸੀ ਕਰਾਂਤੀ ਆਦਿ ਲਹਿਰਾਂ ਲੋੜੋਂ ਵੱਧ ਤੇਜੀ ਦਾ ਸ਼ਿਕਾਰ ਹੋਈਆਂ। ਉਹਦੇ ਮੁਕਾਬਲੇ ਸਿੱਖਾਂ ਦਾ ਅਠਾਰ੍ਹਵੀਂ ਸਦੀ ਦਾ ਇਤਿਹਾਸ, ਚੀਨ ਦਾ ਥੱਕੇ-ਹਾਰੇ ਮੁਲਕ 'ਤੋਂ ਸੁਪਰਪਾਵਰ ਬਣਨਾ, ਅਤੇ ਕਨੇਡਾ ਦੇ ਮੂਲ-ਨਿਵਾਸੀਆਂ ਦੀ ਪੁਨਰ-ਸੁਰਜੀਤੀ ਸਹਿਜ ਵਿਚ ਚੱਲੀਆਂ ਲਹਿਰਾਂ ਦੀਆਂ ਮਿਸਾਲਾਂ ਹਨ।

ਅੱਜ ਪੰਜਾਬ ਵਿਚ ਉਭਰ ਰਹੀ ਸਿੱਖ ਲਹਿਰ ਨੂੰ ਕੁਚਲਣ ਵਾਸਤੇ ਸਰਕਾਰ ਇਸ ਲਹਿਰ ਵਿਚ ਭੜਕਾਹਟ ਪੈਦਾ ਕਰਨ ਦਾ ਹਰ ਸੰਭਵ ਯਤਨ ਕਰੇਗੀ। ਇਸ ਲਹਿਰ ਦੀ ਸਫਲਤਾ ਇਸ ਗੱਲ 'ਤੇ ਨਿਰਭਰ ਕਰਦੀ ਹੈ ਕਿ ਭੜਕਾਹਟ ਪੈਦਾ ਕਰਨ ਦੀਆਂ ਸਾਜ਼ਿਸ਼ਾਂ ਨਾਲ ਕਿਵੇਂ ਨਜਿੱਠਿਆ ਜਾਂਦਾ ਹੈ। 2007 ਦੀ ਸੌਦਾ ਸਾਧ ਵਿਰੁੱਧ ਲਹਿਰ 'ਤੋਂ ਲੈ ਕੇ, ਭਾਈ ਰਾਜੋਆਣਾ ਦੀ ਫਾਂਸੀ, ਬੇਅਦਬੀ ਦੇ ਖਿਲਾਫ ਲੜਿਆ ਗਿਆ ਲੰਮਾ ਸੰਘਰਸ਼ ਅਤੇ ਕਿਸਾਨ ਮੋਰਚੇ 'ਤੋਂ ਲੈ ਕੇ ਅੱਜ ਤੱਕ ਨੌਜਵਾਨਾਂ ਵੱਲੋਂ ਵਿਖਾਇਆ ਗਿਆ ਸਹਿਜ ਵਾਕਿਆ ਹੀ ਕਾਬਲੇ-ਤਾਰੀਫ ਹੈ। ਆਸ ਹੈ ਕਿ ਇਹ ਸਹਿਜ ਆਉਣ ਵਾਲੇ ਸਮੇਂ ਵਿਚ ਹੋਰ ਪਰਪੱਕ ਹੋਵੇਗਾ।

ਦੂਜੀ ਗੱਲ, ਅੱਜ ਉੱਭਰ ਰਹੀ ਲਹਿਰ ਵਿਅਕਤੀਵਾਦ ਦਾ ਸ਼ਿਕਾਰ ਨਾ ਹੋ ਕੇ ਸਮੂਹਿਕ ਅਗਵਾਈ ਵੱਲ ਵਧ ਰਹੀ ਹੈ। ਵਿਅਕਤੀ ਕੇਂਦਰਿਤ ਲਹਿਰਾਂ ਖਤਮ ਕਰਨੀਆਂ ਸਰਕਾਰਾਂ ਲਈ ਬਹੁਤ ਸੌਖੀਆਂ ਹੁੰਦੀਆਂ ਹਨ। ਸਮੂਹਿਕ ਅਗਵਾਈ ਵਾਲੀ ਲਹਿਰ ਨੂੰ ਮੁਕਾਉਣਾ ਲਗਪਗ ਅਸੰਭਵ ਹੁੰਦਾ ਹੈ।

ਪੰਜਾਬ ਯੂਨੀਵਰਸਿਟੀ ਵਾਲੇ ਮਸਲੇ 'ਤੇ ਜਿਵੇਂ ਸਾਰੀਆਂ ਧਿਰਾਂ ਇਕੱਤਰ ਹੋਈਆਂ ਹਨ, ਉਹਦੇ ਤੋਂ ਸਮੂਹਿਕ ਅਗਵਾਈ ਉੱਭਰਨ ਦੇ ਸੰਕੇਤ ਮਿਲਦੇ ਹਨ। ਨੌਜਵਾਨਾਂ ਨੂੰ ਬੇਨਤੀ ਹੈ ਕਿ ਨਿੱਜੀ ਵਖਰੇਵੇਂ ਪਾਸੇ ਰੱਖ ਕੇ ਇੱਕ ਦੂਜੇ ਨਾਲ ਤਾਲ-ਮੇਲ ਬਣਾਓ। ਸਿਲਸਿਲੇਵਾਰ ਬੈਠਕਾਂ ਦਾ ਅਮਲ ਸ਼ੁਰੂ ਕਰੋ। ਗੁਰੂ ਸਾਹਿਬ ਜ਼ਰੂਰ ਬਰਕਤ ਪਾਉਣਗੇ।

ਤੀਜੀ ਗੱਲ, ਕਿਸੇ ਵੀ ਰਾਜਨੀਤਕ ਲਹਿਰ ਦੇ ਕਾਮਯਾਬ ਹੋਣ ਲਈ ਉਸ ਅੰਦਰ ਬੌਧਿਕ ਪਰਪੱਕਤਾ ਹੋਣੀ ਜ਼ਰੂਰੀ ਹੈ। ਅੱਜ ਦੇ ਸਮੇਂ ਦੀ ਸਾਰੀ ਰਾਜਨੀਤੀ ਮਨੋ-ਰਾਜਨੀਤੀ ਹੈ। ਉਹੀ ਧਿਰ ਸਫਲ ਹੁੰਦੀ ਹੈ ਜਿਹੜੀ ਲੋਕਾਈ ਦੇ ਸੋਚਣ ਦੇ ਢੰਗ ਨੂੰ ਆਪਣੇ ਪੱਖ ਵਿਚ ਢਾਲ ਲੈਂਦੀ ਹੈ। ਇਸ ਨੁਕਤੇ ਨੂੰ ਕਦੇ ਵੀ ਅਣਗੌਲਾ ਨਹੀਂ ਕਰਨਾ ਚਾਹੀਦਾ। ਇਸ ਵਿਚ ਅੰਤਾਂ ਦਾ ਜ਼ੋਰ ਹੈ।

ਸੋਸ਼ਲ ਮੀਡੀਆ ਨੂੰ ਚਲਾ ਰਹੀਆਂ ਐਲਗੋਰਿਦਮਾਂ ਅਸਲ ਵਿਚ ਕੌਮਾਂ ਦੇ ਸਮੂਹਿਕ ਮਨਾਂ ਅੰਦਰ ਡਰ, ਬੇਵਿਸ਼ਵਾਸੀ, ਬੇਚੈਨੀ ਅਤੇ ਘਬਰਾਹਟ ਪੈਦਾ ਕਰਨ ਦਾ ਕੰਮ ਹੀ ਕਰ ਰਹੀਆਂ ਹਨ। ਇਸ ਮਾਹੌਲ ਵਿਚ ਵੱਡੀ ਚੁਣੌਤੀ ਇਹ ਹੈ ਕਿ ਨਵੇਂ ਜ਼ਮਾਨੇ ਦੇ ਤਕਨੀਕੀ ਸੰਦ ਵਰਤਦੇ ਹੋਏ ਵੀ ਆਪਣੀ ਅੰਦਰਲੇ ਸਿਦਕ ਨੂੰ ਕਿਵੇਂ ਬਰਕਰਾਰ ਰੱਖਿਆ ਜਾਵੇ। ਇਸ ਚੁਣੌਤੀ ਨਾਲ ਨਜਿੱਠਣ ਲਈ ਪੰਜਾਬ ਦੀ ਹਰ ਯੂਨੀਵਰਸਿਟੀ ਅੰਦਰ ਵਰਕਸ਼ਾਪਾਂ ਲਾਉਣ ਦੀ ਫੌਰੀ ਲੋੜ ਹੈ।

ਚੌਥੀ ਗੱਲ, ਕੋਈ ਵੀ ਕੌਮੀ ਲਹਿਰ ਓਨਾ ਚਿਰ ਸਫਲ ਨਹੀਂ ਹੋ ਸਕਦੀ, ਜਿੰਨਾ ਚਿਰ ਉਸ ਕੌਮ ਦੀਆਂ ਬੀਬੀਆਂ ਉਸ ਲਹਿਰ ਵਿਚ ਭਰਵੀਂ ਸ਼ਮੂਲੀਅਤ ਨਹੀਂ ਕਰਦੀਆਂ। ਅਠਾਰ੍ਹਵੀਂ ਸਦੀ ਦੇ ਇਤਿਹਾਸ ਦੀ ਮਿਸਾਲ ਹੀ ਲੈ ਲਵੋ। ਸਿੱਖ ਬੀਬੀਆਂ ਦੀ ਸਰਗਰਮ ਸ਼ਮੂਲੀਅਤ ਤੋਂ ਬਗ਼ੈਰ ਸਿੰਘਾਂ ਦਾ ਜਿੱਤਣਾ ਨਾਮੁਮਕਿਨ ਸੀ। ਇਤਿਹਾਸਕਾਰਾਂ ਨੇ ਭਾਵੇਂ ਇਸ ਪੱਖ ਨੂੰ ਬਣਦਾ ਥਾਂ ਨਹੀਂ ਦਿੱਤਾ, ਪਰ ਉਸ ਦੌਰ ਦੀ ਬਾਰੀਕ ਪੜਤਾਲ ਕਰਨ ਨਾਲ ਇਹ ਸੱਚ ਸਾਡੇ ਸਾਹਮਣੇ ਆ ਜਾਂਦਾ ਹੈ।

ਭਾਵੇਂ ਕਿ ਸਿੱਖ ਮਰਦਾਂ ਵਾਂਗ ਸਿੱਖ ਬੀਬੀਆਂ ਵੀ ਕਾਫੀ ਹੱਦ ਤੱਕ ਆਧੁਨਿਕਤਾ ਦੀ ਮੈਲੀ ਸੱਭਿਆਚਾਰਕ ਰਾਜਨੀਤੀ ਦਾ ਸ਼ਿਕਾਰ ਹੋਈਆਂ ਹਨ, ਪਰ ਪਿਛਲੇ ਕੁਝ ਸਾਲਾਂ ਤੋਂ ਸਿੱਖ ਬੀਬੀਆਂ ਅੰਦਰ ਸਿੱਖ ਆਤਮਿਕ ਜੀਵਨ ਦੇ ਜਲੌਅ ਦੀ ਪੁਨਰ-ਸੁਰਜੀਤੀ ਦਾ ਅਮਲ ਚੁੱਪ-ਚੁਪੀਤੇ ਜ਼ੋਰ ਫੜ ਰਿਹਾ ਹੈ। ਜਿਵੇਂ-ਜਿਵੇਂ ਇਹ ਜਲੌਅ ਉਨ੍ਹਾਂ ਦੇ ਤਖਲੀਕੀ ਅਮਲ ਦਾ ਹਿੱਸਾ ਬਣਦਾ ਜਾਵੇਗਾ, ਉਵੇਂ-ਉਵੇਂ ਹੀ ਉਨ੍ਹਾਂ ਦਾ ਸਿੱਖ ਰਾਜਨੀਤਕ ਸਰਗਰਮੀ ਉੱਤੇ ਪ੍ਰਭਾਵ ਵੀ ਵਧਦਾ ਜਾਵੇਗਾ। ਇਸ ਸ਼ੁਭ ਅਮਲ ਦੇ ਪਰਗਟ ਹੋਣ ਨੂੰ ਹੁਣ ਬਹੁਤਾ ਸਮਾਂ ਨਹੀਂ ਲੱਗਣਾ।

ਸਿੱਖ ਜਥੇਬੰਦੀਆਂ ਨੂੰ ਇਸ ਪੱਖ ਵੱਲ ਉਚੇਚਾ ਧਿਆਨ ਦੇਣ ਦੀ ਲੋੜ ਹੈ। ਬੀਬੀਆਂ ਦੀ ਭਰਵੀਂ ਸ਼ਮੂਲੀਅਤ ਇਸ ਲਹਿਰ ਨੂੰ ਦਹਾਕਿਆਂ ਦਾ ਸਫਰ ਮਹੀਨਿਆਂ ਵਿਚ ਕਰਵਾ ਸਕਦੀ ਹੈ। ਸਿੱਖ ਬੀਬੀਆਂ ਸਿੱਖੀ ਦੇ ਉੱਚੇ ਇਖਲਾਕ ਦੀਆਂ ਜ਼ਾਮਨ ਹਨ। ਉਨ੍ਹਾਂ ਨਾਲ ਅਤਿ-ਸਤਿਕਾਰ ਨਾਲ ਪੇਸ਼ ਆਉਣਾ ਹਰ ਕਿਸੇ ਦਾ ਫਰਜ਼ ਹੈ। ਜੇ ਸਿੱਖ ਜਥੇਬੰਦੀਆਂ ਬੀਬੀਆਂ ਲਈ ਇਸ ਸਤਿਕਾਰ ਵਾਲਾ ਮਾਹੌਲ ਸਿਰਜ ਲੈਂਦੀਆਂ ਹਨ ਤਾਂ ਉਨ੍ਹਾਂ ਨੂੰ ਇਤਿਹਾਸ ਸਿਰਜਣ ਤੋਂ ਦੁਨੀਆਂ ਦੀ ਕੋਈ ਤਾਕਤ ਨਹੀਂ ਰੋਕ ਸਕਦੀ। ਇਸ ਨੁਕਤੇ ਬਾਰੇ ਕਦੇ ਫੇਰ ਵਿਸਥਾਰ ਵਿਚ ਗੱਲ ਕਰਾਂਗੇ।

ਪੰਜਵੀਂ ਅਤੇ ਆਖਰੀ ਗੱਲ, ਕੋਈ ਵੀ ਰਾਜਨੀਤਕ ਲਹਿਰ ਕਦੇ ਵੀ ਇੱਕੋ ਗਤੀ ਵਿਚ ਜਾਂ ਇੱਕੋ ਰੰਗ ਵਿਚ ਨਹੀਂ ਚਲਦੀ। ਇਸ ਲਹਿਰ ਨੇ ਵੀ ਇਕ ਦਿਨ ਰਵਾਨੀ ਫੜਨੀ ਹੈ। ਇਸ ਨੇ ਨਵੇਂ ਰੰਗ ਵੀ ਅਖਤਿਆਰ ਕਰਨੇ ਹਨ। ਪਰ ਉਨ੍ਹਾਂ ਦਾ ਸਮਾਂ ਅਜੇ ਨਹੀਂ ਆਇਆ। ਜਦੋਂ ਸਮਾਂ ਆ ਗਿਆ, ਇਹ ਦੋਵੇਂ ਕੰਮ ਸਹਿਜ-ਸੁਭਾ ਹੀ ਹੋ ਜਾਣੇ ਹਨ।

ਓਨਾ ਚਿਰ ਕਲਗੀਆਂ ਵਾਲੇ ਚੋਜੀ ਪ੍ਰੀਤਮ ਉੱਤੇ ਨਿਸਚਾ ਰੱਖ ਕੇ ਆਪਣੇ ਸਿਦਕ ਨੂੰ ਨਾ ਡੋਲਣ ਦੇਈਏ। ਗੁਰੂ ਭਲੀ ਕਰੇਗਾ।

# ਪੰਜਾਬ ਦੇ ਸਾਂਝੇ ਦਰਦ ਦੀ ਆਵਾਜ਼ ਬਣਿਆ ਪੰਜਾਬ ਯੂਨੀਵਰਸਿਟੀ ਦਾ ਇਕੱਠ

## ਭਾਰੀ ਰੁਕਾਵਟਾਂ ਅਤੇ ਯੂਨੀਵਰਸਿਟੀ ਦੇ ਸਾਰੇ ਗੇਟ ਸੀਲ ਕਰਨ ਦੇ ਬਾਵਜੂਦ ਹਜ਼ਾਰਾਂ ਲੋਕ ਯੂਨੀਵਰਸਿਟੀ ਵਿਚ ਹੋਏ ਦਾਖਲ



ਕਰਮਜੀਤ ਸਿੰਘ ਚੰਡੀਗੜ੍ਹ
ਫੋਨ: 99150-91063

ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਦੀ ਭੰਗ ਹੋਈ ਸੈਨੇਟ ਨੂੰ ਬਹਾਲ ਕਰਨ ਲਈ ਵਿਦਿਆਰਥੀਆਂ ਵੱਲੋਂ ਸ਼ੁਰੂ ਕੀਤਾ ਸੰਘਰਸ਼ ਆਖਰੀ ਪੜਾਅ ਉੱਤੇ ਪਹੁੰਚ ਗਿਆ ਜਦੋਂ ਵਿਦਿਆਰਥੀ ਆਗੂਆਂ ਦੇ ਸੱਦੇ ਉੱਤੇ ਯੂਨੀਵਰਸਿਟੀ ਦੇ ਵਿਹੜੇ ਵਿਚ ਬੇਮਿਸਾਲ, ਲਾਜਵਾਬ, ਅਨੋਖਾ, ਵਿਲੱਖਣ, ਹੈਰਾਨਕੁਨ ਤੇ ਰਿਕਾਰਡ ਤੋੜ ਇਕੱਠ ਹੋਇਆ ਜੋ ਯੂਨੀਵਰਸਿਟੀ ਦੇ ਇਤਿਹਾਸ ਵਿਚ ਸ਼ਾਇਦ ਹੀ ਕਿਸੇ ਨੇ ਵੇਖਿਆ ਜਾਂ ਸੁਣਿਆ ਹੋਵੇਗਾ। ਇਹ ਇੱਕ ਤਰ੍ਹਾਂ ਨਾਲ ਉਦਾਸ ਯਾਦਾਂ ਦਾ ਮੇਲਾ ਸੀ ਅਤੇ ਖੁਸ਼ੀ ਦੇ ਹੰਝੂਆਂ ਦੀ ਇੱਕ ਅਨੋਖੀ ਦਾਸਤਾਨ ਸੀ ਜੋ ਕਦੇ ਕਦੇ ਹੀ ਸੁਣੀ ਜਾਂਦੀ ਹੈ। ਸਾਹਿਤ ਤੇ ਫਿਲਾਸਫੀ ਵਿਚ ਦਿਲਚਸਪੀ ਰੱਖਣ ਵਾਲੇ ਇੱਕ ਵਿਦਿਆਰਥੀ ਨਰੋਤਮ ਸਿੰਘ ਦਾ ਕਹਿਣਾ ਸੀ ਕਿ ਜਿਸ ਨੇ ਇਹ ਇਕੱਠ ਨਹੀਂ ਵੇਖਿਆ ਜਾਂ ਇਕੱਠ ਵਿਚ ਆਇਆ ਨਹੀਂ ਉਹ ਜ਼ਿੰਦਗੀ ਭਰ ਪਛਤਾਉਂਦਾ ਰਵੇਗਾ, ਉਂਝ ਪਛਤਾਵਾ ਵੀ ਚੰਗਾ ਹੁੰਦਾ ਹੈ। ਜਦੋਂ ਮੈਂ ਪੁੱਛਿਆ ਕਿ ਪਛਤਾਵਾ ਚੰਗਾ ਕਿਵੇਂ ਹੁੰਦਾ ਤਾਂ ਉਸਦਾ ਦਿਲਚਸਪ ਜਵਾਬ ਸੀ ਕਿ ਪਛਤਾਵਾ ਦਿਲ ਦੀ ਦਵਾ ਹੁੰਦਾ ਹੈ।

ਤੁਹਾਡਾ ਪੱਤਰਕਾਰ ਅਜਿਹੇ ਇਕੱਠਾਂ ਬਾਰੇ ਇਕੱਠ ਵਿਚ ਬੋਲਣ ਵਾਲੇ ਆਗੂਆਂ ਦੇ ਭਾਸ਼ਣਾਂ ਵਲ ਬਹੁਤਾ ਧਿਆਨ ਨਹੀਂ ਦਿੰਦਾ, ਸਗੋਂ ਉਹ ਇਕੱਠ ਦੀ ਰੂਹ ਨੂੰ ਫੜਨ ਤੇ ਇਕੱਠ ਦੇ ਚਿਹਰਿਆਂ ਨੂੰ ਪੜ੍ਹਨ ਦੀ ਕੋਸ਼ਿਸ਼ ਕਰਦਾ ਹੈ। ਉਹ ਇਕੱਠ ਦੇ ਨਾਅਰਿਆਂ ਦੀ ਆਵਾਜ਼ ਵਿਚ ਪਏ ਰੋਸ ਤੇ ਗੁੱਸੇ ਨਾਲ ਆਪਣੀ ਸਾਂਝ ਪਾਉਂਦਾ ਹੈ, ਯੂਨੀਵਰਸਿਟੀ ਵਿਚ ਦਾਖਲ ਹੋਣ ਲਈ ਰੁਕਾਵਟਾਂ ਪਾਉਣ ਵਾਲੀ ਪੁਲੀਸ ਨਾਲ ਕਿਵੇਂ ਬਹਿਸ ਕਰਦਾ ਹੈ ਅਤੇ ਇਹ ਵੇਖਦਾ ਹੈ ਕਿ ਇਕੱਠ ਵਿਚ ਪਹਿਲੀ ਵਾਰ ਵੱਡੀ ਗਿਣਤੀ ਵਿਚ ਆਈਆਂ ਮੁਟਿਆਰਾਂ ਦੀ ਗੁਫਤਾਰ ਤੇ ਰਫਤਾਰ ਕੀ ਕਹਿਣਾ ਚਾਹੁੰਦੀ ਹੈ ਜੋ ਸਦਾ ਹੀ ਅਕਸਰ ਅਣਕਹੀ ਰਹਿ ਜਾਂਦੀ ਹੈ।

ਜੇ ਤੁਸੀਂ ਇਹ ਸਵਾਲ ਕਰਨਾ ਹੋਵੇ ਕਿ ਇਸ ਇਕੱਠ ਬਾਰੇ ਦੋ ਸਤਰਾਂ ਵਿਚ ਵਿਆਖਿਆ ਕਰੋ ਤਾਂ ਮੈਂ ਉਸ ਔਖੇ ਸਵਾਲ ਦਾ ਇਹੋ ਜਵਾਬ ਦੇਵਾਂਗਾ ਕਿ ਅੱਜ ਇਵੇਂ ਲੱਗਦਾ ਸੀ ਜਿਵੇਂ ਸਾਰੇ ਪੰਜਾਬ, ਪੰਜਾਬੀਆਂ ਅਤੇ ਵਿਸ਼ੇਸ਼ ਕਰਕੇ ਸਿੱਖ ਕੌਮ ਦਾ ਦਰਦ ਇੱਕ ਥਾਂ ਉੱਤੇ 'ਇਕੱਠਾ ਤੇ ਇਕਾਗਰ' ਹੋ ਗਿਆ ਹੋਵੇ, ਜਿਵੇਂ ਪੰਜਾਬ ਦੇ ਲੁਕੇ ਦਰਦ ਦੀ ਕੋਈ ਬਾਤ ਜਾਂ ਸਾਖੀ ਸਾਨੂੰ ਸੁਣਾ ਰਿਹਾ ਹੋਵੇ, ਜਿਵੇਂ ਪੰਜਾਬ ਦਾ ਨਵਾਂ ਇਤਿਹਾਸ ਸਿਰਜਿਆ ਜਾ ਰਿਹਾ ਹੋਵੇ ਜਿਸ ਵਿਚੋਂ ਕਈ ਨਵੇਂ ਇਤਿਹਾਸ ਜਨਮ ਲੈਣਗੇ।

ਬਹੁਤ ਸਾਰੇ ਪੱਤਰਕਾਰ ਅਕਸਰ ਮੇਰੇ ਉੱਤੇ ਦੋਸ਼ ਲਾਉਂਦੇ ਹਨ ਕਿ ਮੈਂ ਅਕਸਰ ਜਜ਼ਬਾਤ ਵਿਚ ਆ ਕੇ ਅਤੇ ਇੱਕ ਪਾਸੜ ਉਲਾਰ ਹੋ ਕੇ ਹੀ ਆਪਣੇ ਵਿਚਾਰ ਪ੍ਰਗਟ ਕਰਦਾ ਰਿਹਾ ਹਾਂ ਅਤੇ ਜੁਝਾਰੂ ਲਹਿਰ ਨੂੰ ਵੀ ਮੈਂ ਵਧਾ ਚੜ੍ਹਾ ਕੇ ਪੇਸ਼ ਕਰਦਾ ਰਿਹਾ ਹਾਂ ਪਰ ਮੇਰਾ ਜਵਾਬ ਇਹ ਹੈ ਕਿ ਇਹ ਦੋਸ਼ ਗਲਤ ਹੈ ਕਿਉਂਕਿ ਮੈਂ ਤਾਂ ਇਕੱਠ ਦੇ ਜਜ਼ਬਿਆਂ ਦੀ ਤਹਿ ਤੱਕ ਪਹੁੰਚਣ ਦੀ ਕੋਸ਼ਿਸ਼ ਕਰਦਾ ਹਾਂ ਅਤੇ ਉਨ੍ਹਾਂ ਜਜ਼ਬਿਆਂ ਨੂੰ ਹੀ ਸ਼ਬਦ ਦਿੰਦਾ ਹਾਂ ਜੋ ਉਸ ਇਕੱਠ ਦੇ ਆਪਣੇ ਹੁੰਦੇ ਹਨ। ਪਰ ਅਕਸਰ ਬਹੁਤੇ ਪੱਤਰਕਾਰਾਂ ਦੁਆਰਾ ਬੇਸ਼ਬਦ ਹੋ ਕੇ ਹੀ ਪੇਸ਼ ਹੁੰਦੇ ਹਨ। ਮੈਂ ਸਿਰਫ ਸ਼ਬਦ ਦਿੰਦਾ ਹਾਂ ਸ਼ਬਦ ਵਿਚ ਲੁਕੇ ਜਨਤਕ ਜਜ਼ਬਾਤ ਹੀ ਉਪਰਲੀ ਸਤਹ ਉੱਤੇ ਲੈ ਕੇ ਆਉਂਦਾ ਹਾਂ। ਮੈਂ, ਮੇਰੇ ਸਾਥੀ ਪੱਤਰਕਾਰ ਅੰਗਦ ਸਿੰਘ ਅਤੇ ਦੋ-ਤਿੰਨ ਹੋਰ ਪੱਤਰਕਾਰ ਜਦੋਂ ਗੇਟ ਨੰਬਰ ਦੋ 'ਤੇ ਪਹੁੰਚੇ ਤਾਂ ਉਹ ਗੇਟ ਬੰਦ ਕਰ ਦਿੱਤਾ ਗਿਆ ਸੀ ਜਦੋਂ ਕਿ ਉਸੇ ਗੇਟ ਰਾਹੀਂ ਸਮਾਗਮ ਤੱਕ ਪਹੁੰਚਣ ਦਾ ਪ੍ਰੋਗਰਾਮ ਸੀ। ਲੇਕਿਨ ਉੱਥੇ ਸੈਂਕੜੇ ਪੁਲਿਸ ਮੁਲਾਜ਼ਮ ਅਤੇ ਬੱਸਾਂ ਵੀ ਖੜ੍ਹੀਆਂ ਕੀਤੀਆਂ ਗਈਆਂ ਸਨ ਤਾਂ ਜੋ ਲੋਕ ਅੰਦਰ ਦਾਖਲ ਨਾ ਹੋ ਸਕਣ। ਮੀਡੀਆ ਵਾਲੇ ਵੀ ਉੱਥੇ ਹੀ ਕਿੰਨਾ ਚਿਰ ਖਲੋਤੇ ਰਹੇ ਅਤੇ ਪੁਲਿਸ ਨੂੰ ਰਿਕੁਐਸਟ ਕਰਦੇ ਰਹੇ ਕਿ ਮੀਡੀਆ ਨੂੰ ਤਾਂ ਘੱਟੋ-ਘੱਟ ਅੰਦਰ ਵੱਲ ਜਾਣ ਦਿੱਤਾ ਜਾਵੇ ਪਰ ਉਨ੍ਹਾਂ ਨੇ ਸਾਫ ਜਵਾਬ ਦੇ ਦਿੱਤਾ। ਅਸੀਂ ਲਗਭਗ ਪੌਣਾ ਘੰਟਾ ਉੱਥੇ ਪੁਲਿਸ ਨਾਲ ਜੂਝਦੇ ਰਹੇ ਪਰ ਜਦੋਂ ਉਨ੍ਹਾਂ ਕਿਹਾ ਕਿ ਤੁਸੀਂ ਗੇਟ ਨੰਬਰ ਇੱਕ ਵੱਲ ਜਾਓ, ਉੱਥੇ ਗੇਟ ਖੋਲ੍ਹ ਦਿੱਤਾ ਗਿਆ ਹੈ, ਪਰ ਸਾਨੂੰ ਪੂਰਾ ਯਕੀਨ ਨਹੀਂ ਸੀ ਆਉਂਦਾ। ਇੰਨੇ ਨੂੰ ਸਾਨੂੰ ਇਹ ਖਬਰ ਮਿਲ ਗਈ ਕਿ ਸੈਂਕੜੇ ਵਿਦਿਆਰਥੀ ਜਦੋਂ ਯੂਨੀਵਰਸਿਟੀ ਗੇਟ ਵਿਚ ਦਾਖਲ ਹੋਣ ਦਾ ਯਤਨ ਕਰ ਰਹੇ ਸਨ ਤਾਂ ਉਨ੍ਹਾਂ ਉੱਤੇ ਪੁਲਿਸ ਨੇ ਲਾਠੀ ਚਾਰਜ ਕੀਤਾ, ਪਰ ਬਾਅਦ ਵਿਚ ਜਦੋਂ ਪੁਲਿਸ ਨੂੰ ਪਤਾ ਲੱਗਾ ਕਿ ਬੇਸ਼ੁਮਾਰ ਲੋਕ ਹੌਲੀ-ਹੌਲੀ ਇਸ ਗੇਟ ਵੱਲ ਵਧ ਰਹੇ ਹਨ ਤਾਂ ਉਨ੍ਹਾਂ ਨੇ ਇਕ ਤਰ੍ਹਾਂ ਨਾਲ ਗੇਟ ਖੋਲ੍ਹ ਦਿੱਤਾ। ਤੁਸੀਂ ਹੈਰਾਨ ਹੋਵੋਗੇ ਕਿ ਜਦੋਂ ਮੈਂ ਤੇ ਮੇਰੇ ਦੋਸਤ ਪੱਤਰਕਾਰ ਨੇ ਖਰੜ ਤੋਂ ਉਬਰ ਰਾਹੀਂ ਯੂਨੀਵਰਸਿਟੀ ਵੱਲ ਜਾਣ ਦੀ ਕੋਸ਼ਿਸ਼ ਕੀਤੀ ਤਾਂ ਹਰ ਰਾਹ ਵਿਚ ਇੰਨੀਆਂ ਰੁਕਾਵਟਾਂ ਖੜ੍ਹੀਆਂ ਕੀਤੀਆਂ ਗਈਆਂ ਕਿ ਥਾਂ-ਥਾਂ ਲੰਮੀਆਂ ਕਾਰਾਂ ਦਾ ਜਾਮ ਲੱਗ ਗਿਆ ਸੀ ਅਤੇ ਯੂਨੀਵਰਸਿਟੀ ਤੱਕ ਪਹੁੰਚਣ ਲਈ ਸਾਨੂੰ ਡੇਢ ਘੰਟਾ ਖੱਜਲ-ਖੁਆਰ ਹੋਣਾ ਪਿਆ। ਅਸੀਂ 800 ਰੁਪਏ ਖਰਚ ਕਰਕੇ ਹੀ ਗੇਟ ਨੰਬਰ ਦੋ ਤੱਕ ਪਹੁੰਚ ਸਕੇ।

ਚਾਰ ਘੰਟੇ ਗੁਜ਼ਾਰੇ ਇਸ ਵਿਸ਼ਾਲ ਇਕੱਠ ਵਿਚ ਮੈਂ, ਰਾਜਵਿੰਦਰ ਸਿੰਘ ਰਾਹੀ, ਡਾਕਟਰ ਖੁਸ਼ਹਾਲ ਸਿੰਘ, ਇਤਿਹਾਸ ਵਿਭਾਗ ਦੀ ਵਿਦਿਆਰਥਣ ਕੁਲਵਿੰਦਰ ਕੌਰ, ਫੈਸ਼ਨ ਵਿਭਾਗ ਦੀ ਮਨਦੀਪ ਕੌਰ, ਅੰਤਰਪ੍ਰੀਤ ਸਿੰਘ, ਬੀਐਸਸੀ ਦੀ ਵਿਦਿਆਰਥਣ ਮਨਪ੍ਰੀਤ ਕੌਰ, ਅਨੰਦਪੁਰ ਸਾਹਿਬ ਤੋਂ ਆਈ ਨੌਜਵਾਨਾਂ ਦੀ ਇੱਕ ਟੀਮ, ਭਾਰਤੀ ਕਿਸਾਨ ਯੂਨੀਅਨ ਸਿੱਧੂਪੁਰ ਦੇ ਕਈ ਆਗੂ ਤੇ ਵਰਕਰ, ਬਲਜੀਤ ਕੌਰ, ਹਰਜਿੰਦਰ ਕੌਰ, ਸੁਖਜੀਤ ਕੌਰ, ਅਤੇ ਅੱਧੀ ਦਰਜਨ ਛੋਟੀਆਂ-ਛੋਟੀਆਂ ਟੋਲੀਆਂ ਨਾਲ ਜੋ ਇਕੱਠ ਦੇ ਇੱਕ ਪਾਸੇ ਗਰਾਊਂਡ ਵਿਚ ਘਾਹ ਦੇ ਮੈਦਾਨ ਵਿਚ ਬੈਠੀਆਂ ਹੋਈਆਂ ਸਨ, ਉਨ੍ਹਾਂ ਦੇ ਵਿਚਾਰ ਜਾਣਨ ਦੀ ਕੋਸ਼ਿਸ਼ ਕੀਤੀ। ਕਈਆਂ ਕੋਲ ਆਪਣੇ ਦਰਦ ਨੂੰ ਦੱਸਣ ਲਈ ਸ਼ਬਦ ਨਹੀਂ ਸਨ ਜਾਂ ਉਹ ਸੰਗਦੇ ਸਨ ਪਰ ਜਦੋਂ ਉਨ੍ਹਾਂ ਨਾਲ ਸਾਂਝ ਪਾ ਕੇ ਤੁਸੀਂ ਸਵਾਲ ਕਰਦੇ ਹੋ ਤਾਂ ਤੁਹਾਨੂੰ ਉਹੋ ਜਿਹੀਆਂ ਗੱਲਾਂ ਮਿਲ ਜਾਂਦੀਆਂ ਹਨ ਜੋ ਕਿਸੇ ਨਾਵਲ ਵਾਂਗ ਲੱਗਦੀਆਂ ਹਨ। ਬੜੇ ਚਿਰਾਂ ਪਿੱਛੋਂ ਮੈਂ ਇਹ ਮਹਿਸੂਸ ਕਰ ਰਿਹਾ ਸਾਂ ਕਿ ਅਸੀਂ ਪੱਤਰਕਾਰ ਬਹੁਤੀ ਵਾਰ ਉਪਰ-ਉਪਰ ਖੋਡਦਿਆਂ ਹੀ ਜ਼ਿੰਦਗੀ ਲੰਘਾ ਦਿੰਦੇ ਹਾਂ। ਪਰ ਕਦੇ ਘੱਟ ਹੀ ਉਨ੍ਹਾਂ ਪੀੜਾਂ ਤੱਕ ਪਹੁੰਚਦੇ ਹਾਂ ਜੋ ਦੱਬੀਆਂ-ਘੁੱਟੀਆਂ ਹੀ ਇਸ ਸੰਸਾਰ ਤੋਂ ਅਲਵਿਦਾ ਕਹਿ ਕੇ ਤੁਰ ਜਾਂਦੀਆਂ ਹਨ-ਸਾਡੇ ਉੱਤੇ ਇੱਕ ਵੱਡਾ ਬੋਝ ਸੁੱਟ ਕੇ।

ਅੱਜ ਇੱਕ ਡੂੰਘੀ ਪੀੜ ਦਾ ਜ਼ਿਕਰ ਕਰਨਾ ਬਣਦਾ ਹੈ। ਕਦੇ-ਕਦੇ ਮਿੰਟਾਂ ਸਕਿੰਟਾਂ ਵਿਚ ਇੱਕ ਬੰਦੇ ਦੀ ਪੀੜ ਜਨਤਕ ਪੀੜ ਬਣ ਜਾਂਦੀ ਹੈ। ਕੇਂਦਰੀ ਸਿੰਘ ਸਭਾ ਦੇ ਡਾਕਟਰ ਖੁਸ਼ਹਾਲ ਸਿੰਘ ਤੇ ਉੱਘੇ ਲੇਖਕ ਰਾਜਵਿੰਦਰ ਸਿੰਘ ਰਾਹੀ ਨੇ ਦੱਸਿਆ ਕਿ ਡਾਕਟਰ ਪਿਆਰੇ ਲਾਲ ਗਰਗ ਜੋ ਅਕਸਰ ਹੀ ਪੰਜਾਬ ਅਤੇ ਬੇਬਾਕ ਹੋ ਕੇ ਸਿੱਖਾਂ ਦੇ ਦਿਲ ਦੀ ਆਵਾਜ਼ ਬੁਲੰਦ ਕਰਦੇ ਰਹਿੰਦੇ ਹਨ, ਅੱਜ ਜਦੋਂ ਉਹ ਯੂਨੀਵਰਸਿਟੀ ਦੇ ਵਿਦਿਆਰਥੀ ਸੰਘਰਸ਼ ਨਾਲ ਸਾਂਝ ਪਾਉਣ ਲਈ ਯੂਨੀਵਰਸਿਟੀ ਵੱਲ ਆਪਣੇ ਕਦਮ ਪੁੱਟ ਰਹੇ ਸਨ ਤਾਂ ਇਸ ਬਜ਼ੁਰਗ ਨਾਲ ਕੇਵਲ ਉਸ ਸਮੇਂ 20- 25 ਬੰਦੇ ਹੀ ਸਨ, ਪਰ ਜਦੋਂ ਉਨ੍ਹਾਂ ਨੇ ਇੱਕ ਤਰ੍ਹਾਂ ਨਾਲ ਲਲਕਾਰਾ ਮਾਰ ਕੇ 'ਯੂਨੀਵਰਸਿਟੀ ਚੱਲੋ' ਦੀ ਆਵਾਜ਼ ਦਿੱਤੀ ਤਾਂ ਯੂਨੀਵਰਸਿਟੀ ਦੇ ਨੇੜੇ ਪਹੁੰਚਣ ਤੱਕ 300 ਲੋਕਾਂ ਦਾ ਕਾਫਲਾ ਬਣ ਚੁੱਕਾ ਸੀ। ਤੁਸੀਂ ਸਵਾਲ ਕਰ ਸਕਦੇ ਹੋ ਕਿ ਇਹ ਲੋਕ ਅਚਾਨਕ ਕਿੱਥੋਂ ਆਏ? ਕਿਵੇਂ ਇਕੱਠੇ ਹੋ ਗਏ? ਤੇ ਕਿਵੇਂ ਨਾਅਰੇ ਮਾਰਦੇ ਯੂਨੀਵਰਸਿਟੀ ਤੱਕ ਪਹੁੰਚ ਗਏ। ਇਹ ਉਸ ਪੀੜ ਦੀ ਬਾਤ ਹੈ ਜੋ ਪੰਜਾਬ ਦੇ ਲੋਕਾਂ ਵਿਚ ਪਤਾ ਨਹੀਂ ਕਿੰਨੇ ਚਿਰਾਂ ਤੋਂ ਅੰਦਰ ਹੀ ਅੰਦਰ ਦੱਬੀ ਪਈ ਸੀ ਅਤੇ ਅੱਜ ਪ੍ਰਗਟ ਹੋ ਰਹੀ ਸੀ।

ਕੀ ਤੁਸੀਂ ਚਾਹੁੰਦੇ ਹੋ ਜਿਵੇਂ ਕਿ ਅਕਸਰ ਹੀ ਹਰ ਖ਼ਬਰ ਨੂੰ ਪੜ੍ਹਨ ਵਾਲੇ ਜਾਨਣਾ ਚਾਹੁੰਦੇ ਹਨ ਕਿ ਬਾਪੂ ਗੁਰਚਰਨ ਸਿੰਘ, ਮਨਦੀਪ ਸਿੰਘ, ਚਮਕੌਰ ਸਿੰਘ, ਚਰਨਜੀਤ ਸਿੰਘ ਚੰਨੀ, ਪ੍ਰਗਟ ਸਿੰਘ, ਪਰਮਿੰਦਰ ਸਿੰਘ ਢੀਂਡਸਾ, ਭਾਨਾ ਸਿੱਧੂ, ਕਸ਼ਮੀਰ ਸਿੰਘ, ਰਿਮਲਜੋਤ ਸਿੰਘ, ਸੰਦੀਪ ਸਿੰਘ, ਅਵਤਾਰ ਸਿੰਘ ਨਾਗਲਾ, ਪ੍ਰੀਤਮ ਕੌਰ,





ਪੰਜਾਬ ਯੂਨੀਵਰਸਿਟੀ ਚੰਡੀਗੜ੍ਹ ਵਿਚ ਕੀਤੀ ਗਈ ਬੈਰੀਕੇਡਿੰਗ ਅਤੇ ਧਰਨਾ ਦੇ ਰਹੇ ਲੋਕਾਂ ਦੇ ਵੱਡੇ ਇਕੱਠ ਦੀਆਂ ਤਸਵੀਰਾਂ।

ਬਲਬੀਰ ਸਿੰਘ ਰਾਜੇਵਾਲ, ਰਜਿੰਦਰ ਕੌਰ ਸਰਾਂ ਅਤੇ ਦਰਜਨਾਂ ਹੋਰ ਬੁਲਾਰਿਆਂ ਨੇ ਕਿਸ ਤਰ੍ਹਾਂ ਦੇ ਵਿਚਾਰ ਪ੍ਰਗਟ ਕੀਤੇ। ਇਸ ਬਾਰੇ ਵੱਖਰਾ ਲੇਖ ਲਿਖ ਕੇ ਛੇਤੀ ਤੁਹਾਡੇ ਸਾਹਮਣੇ ਪੇਸ਼ ਕਰਾਂਗਾ। ਦਰਅਸਲ ਹਕੀਕਤ ਇਹੋ ਹੈ ਕਿ ਇਸ ਇਕੱਠ ਦੇ ਦਰਜਨਾਂ ਹੀ ਪਹਿਲੂ ਹਨ ਅਤੇ ਹਰ ਪਹਿਲੂ ਇੱਕ ਵੱਖਰੇ ਲੇਖ ਦੀ ਮੰਗ ਕਰਦਾ ਹੈ।

ਤੁਸੀਂ ਇਕੱਠ ਦੀ ਗਿਣਤੀ ਬਾਰੇ ਜਾਨਣਾ ਚਾਹੋਗੇ ਪਰ ਇਹ ਸਵਾਲ ਬਹੁਤ ਹੀ ਮੁਸ਼ਕਿਲ ਹੈ ਅਤੇ ਸ਼ਾਇਦ ਸਹੀ ਸਹੀ ਕੋਈ ਵੀ ਨਹੀਂ ਦੱਸ ਸਕਦਾ। ਮੈਂ ਕਈ ਦੋਸਤਾਂ ਤੋਂ ਇਸ ਗਿਣਤੀ ਬਾਰੇ ਪੁੱਛਣ ਦੀ ਕੋਸ਼ਿਸ਼ ਕੀਤੀ ਪਰ ਹਰ ਇੱਕ ਦਾ ਜਵਾਬ ਇਹ ਸੀ ਕਿ ਇਕੱਠ ਬੇਮਿਸਾਲ ਸੀ ਅਤੇ ਇਹ ਹਜ਼ਾਰਾਂ ਵਿਚ ਹੈ ਪਰ ਮੇਰੀ ਇਸ ਨਾਲ ਤਸੱਲੀ ਨਹੀਂ ਸੀ ਹੋ ਸਕੀ। ਅਸਲ ਵਿਚ ਇਹ ਇਕੱਤਰਤਾ ਕਿਸੇ ਇੱਕ ਵੱਡੇ ਮੈਦਾਨ ਵਿਚ ਨਹੀਂ ਸੀ ਜਿੱਥੋਂ ਇਕੱਠ ਦੀ ਗਿਣਤੀ ਬਾਰੇ ਸਹੀ-ਸਹੀ ਅੰਦਾਜ਼ਾ ਲਗਾਉਣਾ ਕਿਸੇ ਲਈ ਵੀ ਮੁਸ਼ਕਿਲ ਨਹੀਂ ਪਰ ਇਹ ਇਕੱਠ ਕਈ ਪਾਸਿਆਂ ਵੱਲ ਫੈਲਿਆ ਹੋਇਆ ਸੀ ਜਿਸ ਕਰਕੇ ਸਹੀ ਗਿਣਤੀ ਕਰਨਾ ਮੁਸ਼ਕਲ ਹੈ। ਮੈਂ ਤੁਹਾਨੂੰ ਦੱਸਦਾ ਹਾਂ ਕਿ ਜਦੋਂ ਅਸੀਂ ਸਾਢੇ ਚਾਰ ਵਜੇ ਦੇ ਕਰੀਬ ਪਰਤ ਰਹੇ ਸੀ ਤਾਂ ਪੀਜੀਆਈ ਵਾਲੇ ਪਾਸੇ ਇੱਕ ਨੰਬਰ ਗੇਟ ਤੋਂ ਥੋੜ੍ਹੀ ਦੂਰ ਵੀ ਕਈ ਕਾਫਲੇ ਯੂਨੀਵਰਸਿਟੀ ਵੱਲ ਵਧ ਰਹੇ ਸਨ।

ਕਲਾ ਪਰਿਕਰਮਾ

# 'ਗੜਵਾ ਚਾਂਦੀ ਦਾ' ਇੰਦਰਜੀਤ ਹਸਨਪੁਰੀ

ਪੰਜਾਬੀ ਗੀਤਕਾਰੀ 'ਚ ਇੰਦਰਜੀਤ ਹਸਨਪੁਰੀ ਦਾ ਵੱਡਾ ਨਾਂ ਹੈ। ਉਨ੍ਹਾਂ ਦਾ ਲਿਖਿਆ 'ਗੜਵਾ ਚਾਂਦੀ ਦਾ' ਗੀਤ ਇੰਨਾ ਮਕਬੂਲ ਹੋਇਆ ਗਿਆ ਲੋਕਾਂ ਦੀਆਂ ਯਾਦਾਂ 'ਚ ਹਾਲੇ ਵੀ ਰਮਿਆ ਹੋਇਆ ਹੈ। ਇਸ ਗੀਤ ਨੇ ਹਸਨਪੁਰੀ ਨੂੰ ਵੱਖਰਾ ਮੁਕਾਮ ਹਾਸਲ ਕਰਵਾਇਆ ਹੈ। ਕਈ ਵਾਰ ਕੁਝ ਗੀਤ ਇੰਨੇ ਮਕਬੂਲ ਹੁੰਦੇ ਹਨ ਕਿ ਉਸੇ ਨਾਲ ਗੀਤਕਾਰਾਂ ਦੀ ਪਛਾਣ ਬਣ ਜਾਂਦੀ ਹੈ। ਸੈਂਕੜੇ ਗੀਤਾਂ 'ਚ ਕਈ ਵਾਰ ਇੱਕੋ ਇਕ ਗੀਤ ਲੋਕਾਂ ਦੀ ਜ਼ੁਬਾਨ 'ਤੇ ਚੜ੍ਹ ਜਾਂਦਾ ਹੈ। ਇਸ ਗੀਤ ਦੇ ਬੋਲ ਹਨ...

ਜੇ ਮੁੰਡਿਆਂ
ਸਾਡੀ ਤੋਰ ਤੂੰ ਦੇਖਣੀ
ਗੜਵਾ ਲੈ ਦੇ ਚਾਂਦੀ ਦਾ
ਲੱਕ ਹਿਲੇ
ਮਜਾਜਣ ਜਾਂਦੀ ਦਾ

ਅਸੀਂ ਕੁੜੀਏ ਨਾ ਤੇਰੀ
ਤੋਰ ਨੀ ਵੇਖਣੀ
'ਅੱਗ ਲੌਣਾ ਗੜਵਾ ਚਾਂਦੀ ਦਾ
ਓ ਲੱਕ ਟੁੱਟ ਜੂ
ਹੁਲਾਰੇ ਖਾਂਦੀ ਦਾ।





ਇਸ ਗੀਤ ਦੇ ਮੁੱਖੜੇ ਨੂੰ ਹਸਨਪੁਰੀ 'ਦੇ ਘਰ ਦੇ ਮੁੱਖ ਦਰਵਾਜ਼ੇ 'ਤੇ 'ਗੜਵਾ ਚਾਂਦੀ ਦਾ' ਵਜੋਂ ਲਿਖਿਆ ਗਿਆ।

## ਜਨਮ

ਇੰਦਰਜੀਤ ਰਸਨਪੁਰੀ ਦਾ ਜਨਮ 20 ਅਗਸਤ 1932 ਨੂੰ ਮਾਤਾ ਭਗਵਾਨ ਕੌਰ ਦੀ ਕੁੱਖੋਂ ਤੇ ਪਿਤਾ ਜਸਵੰਤ ਸਿੰਘ ਦੇ ਘਰ, ਨਾਨਕਾ ਲੁਧਿਆਣਾ ਜ਼ਿਲ੍ਹੇ ਦੇ ਪਿੰਡ ਅਕਾਲਗੜ੍ਹ 'ਚ ਹੋਇਆ ਸੀ। ਉਸ ਨੇ ਜ਼ਿੰਦਗੀ ਦਾ ਵੱਡਾ ਹਿੱਸਾ ਵੱਡੇ ਸੰਘਰਸ਼ਾਂ ਦੇ ਲੇਖੇ ਲਾਇਆ ਹੈ। ਪਹਿਲਾਂ ਉਹ ਪੇਂਟਰ ਵਜੋਂ ਰੋਜ਼ੀ ਰੋਟੀ ਕਮਾ ਰਹੇ ਸਨ। ਇਹ ਕੰਮ ਕਰਦਿਆਂ ਹੀ ਉਨ੍ਹਾਂ ਨੇ ਕਈ ਗੀਤ ਲਿਖੇ ਤੇ ਜ਼ਿੰਦਗੀ 'ਚ ਰੰਗ ਭਰੇ।

## ਫ਼ਿਲਮੀ ਨਗਰੀ 'ਚ ਐਂਟਰੀ

ਹਸਨਪੁਰੀ ਦੀ ਉਮਰ ਦਸ ਕੁ ਸਾਲਾਂ ਦੀ ਸੀ, ਜਦੋਂ ਉਸ ਦੇ ਪਿਤਾ ਦਾ ਸਾਇਆ ਉਸ ਦੇ ਸਿਰੋਂ ਉੱਠ ਗਿਆ। ਘਰ ਦਾ ਗੁਜ਼ਾਰਾ ਤੋਰਨ ਲਈ ਉਸ ਨੇ ਕਈ ਕੰਮ ਕੀਤੇ। ਠੇਕੇਦਾਰੀ 'ਚ ਵੀ ਹੱਥ ਆਜ਼ਮਾਇਆ। ਸੱਭਿਆਚਾਰ ਨਾਲ ਸੁਰਤੀ ਜੁੜੀ ਹੋਈ ਸੀ ਤੇ ਇਸੇ ਕਾਰਨ ਉਸ ਨੇ ਇਸ ਪਾਸੇ ਆਉਣ ਦਾ ਮਨ ਬਣਾ ਲਿਆ। ਹਸਨਪੁਰੀ ਸਾਲ 1960 'ਚ ਮੁੰਬਈ ਗਿਆ। ਵੱਡੇ ਗੀਤਕਾਰਾਂ ਤੇ ਅਦਾਕਾਰਾਂ ਨਾਲ ਮੇਲ ਮਿਲਾਪ ਵਧਾਇਆ। ਇਥੇ ਉਸ ਨੇ 'ਨਹੀਂ ਰੀਸਾਂ ਪੰਜਾਬ ਦੀਆਂ' ਫ਼ਿਲਮ ਲਈ ਗੀਤ ਲਿਖੇ। ਇਨ੍ਹਾਂ ਗੀਤਾਂ ਨੂੰ ਮੁਹੰਮਦ ਰਫ਼ੀ ਤੇ ਆਸ਼ਾ ਭੌਂਸਲੇ ਨੇ ਆਵਾਜ਼ ਦਿੱਤੀ। ਕੁਝ ਗੀਤ ਇੰਨੇ ਮਸ਼ਹੂਰ ਹੋਏ ਕਿ ਉਸ ਦੀ ਵੱਖਰੀ ਪਛਾਣ ਸਥਾਪਤ ਹੋ ਗਈ।

## ਸ਼ੁਰੂਆਤ

ਉਸ ਦੇ ਗੀਤਾਂ ਨੂੰ ਜਦੋਂ ਮਸ਼ਹੂਰ ਗਾਇਕਾਂ ਨੇ ਆਵਾਜ਼ ਦਿੱਤੀ ਤਾਂ ਹਸਨਪੁਰੀ ਨੇ ਗੀਤਕਾਰੀ ਦੇ ਖੇਤਰ 'ਚ ਵੱਖਰੀ ਪੈੜ ਪੁੱਟੀ। ਉਸ ਦੇ ਲਿਖੇ ਹੋਏ ਗੀਤ 'ਲੈ ਜਾ ਛੱਲੀਆਂ ਭੁਨਾ ਲਈ ਦਾਣੇ', 'ਢਾਈ ਦਿਨ ਨਾ ਜਵਾਨੀ ਨਾਲ ਚੱਲਦੀ ਕੁੜਤੀ ਮਲਮਲ ਦੀ', 'ਚਰਖਾ ਮੇਰਾ ਰੰਗਲਾ ਵਿਚ ਸੋਨੇ ਦੀਆਂ ਮੇਖਾਂ', 'ਘੁੰਡ ਕੱਢ ਕੇ ਖ਼ੈਰ ਨਾ ਪਾਈਏ' ਸਣੇ ਕਈ ਗੀਤ ਹਨ ਜਿਨ੍ਹਾਂ ਨੇ ਉਸ ਦਾ ਨਾਂ ਚਮਕਾਇਆ ਹੈ। ਉਸ ਨੇ ਕਈ ਸੰਗੀਤ ਕੰਪਨੀਆਂ ਦੇ ਪੈਰ ਪੱਕੇ ਕੀਤੇ।

## ਕਰੀਬ 2500 ਗੀਤ ਹੋਏ ਰਿਕਾਰਡ

ਹਸਨਪੁਰੀ ਦੀ ਗੀਤਕਾਰੀ 'ਚ ਇਕ ਵੱਖਰਾ ਸਰੂਰ ਸੀ। ਇਹੀ ਕਾਰਨ ਸੀ ਕਿ ਉਸ ਨੇ ਅਖੀਰਲੇ ਸਮੇਂ ਤੱਕ ਆਪਣੀ ਮਕਬੂਲੀਅਤ ਦੇ ਰੰਗ ਨੂੰ ਮਾਣਿਆਂ ਤੇ ਬਾਕੀ ਗੀਤਕਾਰਾਂ ਵਾਂਗ ਤੰਗੀਆਂ ਤੁਰਸ਼ੀਆਂ ਦਾ ਸਾਹਮਣਾ ਨਹੀਂ ਕੀਤਾ। ਉਸ ਨੇ ਕਰੀਬ ਢਾਈ ਕੁ ਹਜ਼ਾਰ ਗੀਤ ਰਿਕਾਰਡ ਹੋਏ। ਇਨ੍ਹਾਂਨੂੰ ਉਸ ਦੇ ਸਮਕਾਲੀ ਗਾਇਕਾਂ ਨੇ ਜ਼ਿਆਦਾ ਆਵਾਜ਼ ਦਿੱਤੀ ਹੈ। ਸੁਰਿੰਦਰ ਛਿੰਦਾ, ਆਸ਼ਾ ਭੌਂਸਲੇ, ਕੇ.ਦੀਪ- ਜਗਮੋਹਣ ਕੌਰ, ਮੁਹੰਮਦ ਰਫ਼ੀ, ਸੁਰਿੰਦਰ ਕੌਰ, ਹਰਚਰਨ ਗਰੇਵਾਲ, ਮਹਿੰਦਰ ਕਪੂਰ, ਚਾਂਦੀ ਰਾਮ ਚਾਂਦੀ, ਸਵਰਨ ਲਤਾ, ਬਖ਼ਸ਼ੀ ਰਾਮ, ਨਰਿੰਦਰ ਬੀਬਾ ਅਤੇ ਪਾਲੀ ਦੇਤਵਾਲੀਆ ਨੇ ਉਸ ਦੇ ਗੀਤਾਂ ਨੂੰ ਆਵਾਜ਼ ਦਿੱਤੀ। ਹਸਨਪੁਰੀ ਨੇ ਫਿਲਮਾਂ ਲਈ ਵੀ ਗੀਤਕਾਰੀ ਕੀਤੀ ਹੈ। ਉਹ ਇਕ ਸਫ਼ਲ ਫ਼ਿਲਮਸਾਜ਼ ਤੇ ਵਿਦਵਾਨ ਕਵੀ ਵਜੋਂ ਵੀ ਜਾਣੇ ਜਾਂਦੇ ਹਨ।



## ਕਈ ਫ਼ਿਲਮਾਂ ਲਈ ਲਿਖੇ ਗੀਤ

ਉਨ੍ਹਾਂ ਨੇ 'ਮਨ ਜੀਤੇ ਜਗ ਜੀਤ', 'ਯਮਲਾ ਜੱਟ', 'ਦੁੱਖ ਭੰਜਨ ਤੇਰਾ ਨਾਮ', 'ਧਰਮਜੀਤ', 'ਮਾਂ ਦਾ ਲਾਡਲਾ' ਸਣੇ ਕਈ ਫਿਲਮਾਂ ਲਈ ਗੀਤ ਲਿਖੇ। ਸਾਲ 1975 'ਚ ਉਨ੍ਹਾਂ ਖ਼ੁਦ 'ਤੇਰੀ ਮੇਰੀ ਇਕ ਜਿੰਦੜੀ' ਫ਼ਿਲਮ ਬਣਾਈ, 1977 'ਚ 'ਦਾਜ' ਫ਼ਿਲਮ ਦਾ ਨਿਰਮਾਣ ਕੀਤਾ।

## ਕਿਤਾਬਾਂ ਵੀ ਲਿਖੀਆਂ

ਹਸਨਪੁਰੀ ਨੇ ਕਈ ਕਿਤਾਬਾਂ ਵੀ ਲਿਖੀਆਂ। ਜਿਨ੍ਹਾਂ 'ਚ 'ਔਸੀਆਂ', 'ਜ਼ਿੰਦਗੀ ਦੇ ਗੀਤ', 'ਸਮੇਂ ਦੀ ਆਵਾਜ਼', 'ਜੋਬਨ ਨਵਾਂ ਨਕੋਰ', 'ਰੂਪ ਤੇਰਾ ਰੱਬ ਵਰਗਾ', 'ਮੇਰੀ ਜਿਹੀ ਕੋਈ ਜੱਟੀ ਨਾ', 'ਗੀਤ ਮੇਰੇ ਮੀਤ, 'ਕਿਥੇ ਗਏ ਉਹ ਦਿਨ ਅਸਲਮ' ਅਤੇ 'ਮੋਤੀਆਂ ਦੇ ਬਾਗ਼' ਅਦਿ ਸਨ। ਉਨ੍ਹਾਂ ਵੱਲੋਂ ਲਿਖੀਆਂ ਗਈਆਂ ਕਵਿਤਾਵਾਂ ਵਿਚ ਪਾਖੰਡਵਾਦ ਦੇ ਖ਼ਿਲਾਫ਼ ਵੱਖਰੀ ਤਰ੍ਹਾਂ ਦੀ ਚੋਟ ਨਜ਼ਰ ਆਉਂਦੀ ਹੈ। 'ਮੈਂ ਤਾਂ ਬੇਬੇ ਸਾਧ ਬਣੂੰਗਾ, ਨਾ ਬਣਨਾ ਪਟਵਾਰੀ, ਮੁਨਸ਼ੀ, ਨਾ ਚੁਕਣੀ ਨੇਤਾ ਦੀ ਝੋਲੀ, ਮੈਂ ਤਾਂ ਬੇਬੇ ਸਾਧ ਬਣੂੰਗਾ, ਪੜ੍ਹਨ ਪੁੜ੍ਹਨ ਦੇ ਮਾਰ ਤੂੰ ਗੋਲੀ, ਮੈਂ ਤਾਂ ਬੇਬੇ ਸਾਧ ਬਣੂੰਗਾ ਪ੍ਰਸਿੱਧ ਕਵਿਤਾ ਹੈ।

## ਦੁਨੀਆ ਨੂੰ ਅਲਵਿਦਾ

8 ਅਕਤੂਬਰ 2009 ਨੂੰ ਲੁਧਿਆਣਾ 'ਚ ਗੀਤਕਾਰ ਇੰਦਰਜੀਤ ਹਸਨਪੁਰੀ ਹਮੇਸ਼ਾ ਲਈ ਇਸ ਦੁਨੀਆ ਨੂੰ ਅਲਵਿਦਾ ਆਖ ਗਏ। ਉਨ੍ਹਾਂ ਵਲੋਂ ਲਿਖੇ ਗੀਤ ਹਮੇਸ਼ਾ ਅਮਰ ਰਹਿਣਗੇ।

# ਆਖ ਤਸਵੀਰਾਂ ਬੋਲਦੀਆਂ

*ਕਾਲਮ 'ਆਖ ਤਸਵੀਰਾਂ ਬੋਲਦੀਆਂ' ਨੇ ਪਾਠਕਾਂ ਦੇ ਦਿਲਾਂ ਅੰਦਰ ਬੈਠੇ ਸ਼ਾਇਰ ਨੂੰ ਖ਼ੂਬ ਹਲੂਣਿਆ ਹੈ। ਤਸਵੀਰ ਦੇਖ ਕੇ ਤੁਹਾਡੇ ਮਨ ਵਿਚ ਜੋ ਵਲਵਲੇ ਉਠਦੇ ਹਨ, ਉਹ ਕਵਿਤਾ ਦੀਆਂ ਕੁਝ ਸਤਰਾਂ ਸਾਨੂੰ ਤਸਵੀਰ ਦੇ ਸਿਰਲੇਖ ਦੇ ਤੌਰ 'ਤੇ ਭੇਜੋ। ਪਾਠਕਾਂ ਦੀ ਸਹੂਲਤ ਲਈ, ਮਿਸਾਲ ਵਜੋਂ ਫੋਟੋ ਨਾਲ ਕਾਵਿ ਟੋਟਾ ਵੀ ਦਿੱਤਾ ਗਿਆ ਹੈ। ਇਸ ਵਾਰ ਕੈਪਸ਼ਨ ਭੇਜਣ ਲਈ ਆਖਰੀ ਤਾਰੀਖ 22 ਨਵੰਬਰ 2025 ਹੈ। -ਸੰਪਾਦਕ*

## ਕੈਪਸ਼ਨ ਮੁਕਾਬਲਾ-717



*ਦਿੱਤੀਆਂ ਨੇ ਤਿੰਨ ਧੀਆਂ ਰੱਬ ਨੇ, ਹੈ ਇੱਕ ਤੋਂ ਇੱਕ ਵੱਧ ਸੋਹਣੀ,*
*ਪਾਏ ਸੂਟ ਪੰਜਾਬੀ ਸਰ੍ਹੋਂ ਫੁੱਲ ਰੰਗੇ, ਹੈ ਸੂਰਤ ਭੋਲ਼ੀ ਮਨ ਮੋਹਣੀ।*
*ਨੱਚਣ ਟੱਪਣ ਪਾਉਣ ਕਿੱਕਲੀਆਂ, ਹੈ ਭਰਿਆ ਲੱਗਦਾ ਵਿਹੜਾ,*
*ਸ਼ਾਲਾ! ਪੜ੍ਹ ਕੇ ਕਰਨ ਤਰੱਕੀਆਂ, ਫਿਰ ਝਾਲ ਝੱਲੂਗਾ ਕਿਹੜਾ।*

## ਕੈਪਸ਼ਨ ਮੁਕਾਬਲਾ-715



ਕਿੰਨੀ ਸਿਆਣੀ ਧੀ ਨਿਆਣੀ,
ਨੱਠ ਨੱਠ ਕੰਮ ਮੁਕਾਵੇ,
ਸੁਬਹ ਸਵੇਰੇ ਸਕੂਲ ਨੂੰ ਜਾਂਦੀ,
ਸ਼ਾਮੀ ਵੱਲ ਮੁਰੱਬੇ ਜਾਵੇ।
ਮਾਪਿਆਂ ਦੇ ਨਾਲ਼ ਹੱਥ ਵਟਾ ਕੇ,
ਸਬਜ਼ੀ ਪੁੱਟ ਲਿਆਵੇ,
ਨਿੱਕੀ ਜਾਨ ਸੌ ਸਿਆਪੇ ਮਗਰ,
ਖ਼ੁਸ਼ੀ ਖ਼ੁਸ਼ੀ ਨਿਪਟਾਵੇ।
*-ਸੇਵਾ ਸਿੰਘ ਨੂਰਪੁਰੀ*

---

ਚਾਅ ਨਿੱਕੜੀ ਨੂੰ ਚੜ੍ਹਿਆ ਚਲਾਣ ਸੰਦਾ,
ਵਿੱਚ ਸੋਚਾਂ ਹੀ ਸਾਈਕਲ 'ਤੇ ਚੜ੍ਹੀ ਆਵੇ।
ਕੈਂਚੀ ਆਵੇ ਨਾ, ਸੀਟ ਨਾ ਚੜ੍ਹਨ ਜੋਗੀ
ਦੋਵੇਂ ਹਥਾਂ ਨਾਲ, ਹੈਂਡਲ ਹੀ ਫੜੀ ਆਵੇ।
ਨਾ ਕੱਦੋਂ ਵੀ ਪੂਰੀ, ਭੀ ਭਾਰ ਪਖੋਂ ਊਣੀ,
ਚੱਲੇ ਹੌਲੀ-ਹੌਲੀ ਨਾਲੇ ਕਦੇ ਖੜ੍ਹੀ ਜਾਵੇ।
ਕਿੰਨਾ ਈ ਹੋਵੇ ਔਖਾ ਪੈਂਡਾ ਲੱਗੇ ਸੌਖਾ,
ਹੱਠ ਹੋਏ ਇੱਟ ਜਿਉਂ ਭੱਠੇ ਰੜ੍ਹੀ ਜਾਵੇ।
*-ਗੁਰਬਖਸ਼ ਸਿੰਘ 'ਨਾਕਾਮ'*

---

ਉੱਠ ਸੁਵੱਖਤੇ ਗਈ ਸਕੂਲੇ,
ਪੜ੍ਹ ਕੇ ਘਰ ਆਈ
ਧੀ ਦਾ ਵੇਖ ਬੁਲੰਦ ਹੌਸਲਾ,
ਮਾਪਿਆਂ ਖ਼ੁਸ਼ੀ ਮਨਾਈ।
ਧੀਏ ਸਾਈਕਲ 'ਤੇ ਖੇਤ ਨੂੰ ਜਾਹ,
ਖੇਤੋਂ ਮੂਲੀਆਂ ਗੋਂਗਲੂ ਪੁੱਟ ਲਿਆ
ਸਿਆਲੂ ਸਬਜ਼ੀ ਸਿਹਤ ਲਈ ਚੰਗੀ,
ਸਰੀਰ 'ਚ ਦੇਵੇ ਖ਼ੂਨ ਵਧਾ।

ਰੱਬ ਤੋਂ ਮੰਗ ਕੇ ਧੀ ਹੈ ਲਈ,
'ਮੰਨਤ' ਰੱਖਿਆ ਜਿਸ ਦਾ ਨਾਂ
ਪੜ੍ਹੇ-ਲਿਖੇ ਤੇ ਕਰੇ ਤਰੱਕੀਆਂ,
ਸਦਾ ਹੀ ਮਾਣੇ ਠੰਡੀ ਛਾਂ॥
*-ਮਾਸਟਰ ਪ੍ਰੀਤਮ ਸਿੰਘ ਲੰਮੇਂ*
*ਫੋਨ: 925-325-2486*

---

ਚੀਰ ਕੱਢ ਦੋ ਗੁੱਤਾਂ ਕਰੀਆਂ,
ਪੈਰਾਂ ਦੇ ਵਿਚ ਝਾਂਜਰ ਪਾਈ।
ਸੂਟ ਕੱਢਵਾਂ ਮੇਲਵੀਂ ਚੁੰਨੀ,
ਸੁਹਣੀ ਲੱਗਦੀ ਦੂਣ ਸਵਾਈ।
ਚਾਅ ਸਾਈਕਲ ਦਾ ਚੜ੍ਹਿਆ,
ਰੌਣਕ ਚਿਹਰੇ ਉੱਪਰ ਆਈ
ਤਾਜ਼ੀ ਤਾਜ਼ੀ ਸਬਜ਼ੀ ਭਾਜੀ,
ਵਿਚ ਟੋਕਰੀ ਰੱਖ ਲਿਆਈ।
*- ਜਗਮੀਤ ਸਿੰਘ ਪੰਧੇਰ*
*ਫੋਨ: +1 403 439 2008*

---

ਧੀਆਂ ਦੇ ਨਾਲ ਹੀ ਸੋਂਹਦਾ ਸੰਸਾਰ
ਫਿਰ ਵੀ ਪੁੱਤ ਕਿਉਂ ਲੈਂਦੇ ਵੱਧ ਪਿਆਰ।
ਇਕ ਦੌਰ ਪੰਜਾਬ ਵਿਚ ਸੀ ਆਇਆ
ਕੋਈ ਨਹੀਂ ਸੀ ਚਾਹੁੰਦਾ
ਧੀ ਸਾਡੇ ਘਰ ਜੰਮੇ
ਧੀਆਂ ਹੀ ਮਹਿਫ਼ਲਾਂ ਲਾਉਂਦੀਆਂ
ਪੁੱਤ ਕੁਪੱਤ ਨਿਕਲਦੇ ਨਿਕੰਮੇ।
ਲਿੰਗ ਅਨੁਪਾਤ
ਸਾਰੀ ਦੁਨੀਆ ਤੋਂ ਘਟਾਇਆ
ਸਾਰਾ ਜਗਤ ਫਿਰਦਾ ਸੀ ਘਬਰਾਇਆ।
*-ਅਮਰਜੀਤ ਸਿੰਘ ਤੂਰ*

---

ਬੱਚੇ ਨੂੰ ਜਿੰਨਾ ਸਲਾਹੋ
ਉਨਾ ਰੱਜ ਰੱਜ ਕੰਮ ਕਰਦਾ
ਬੱਚੀਆਂ ਹੁੰਦੀਆਂ ਆਗਿਆਕਾਰ।
ਸਾਈਕਲ 'ਤੇ ਖੇਤਾਂ ਤੋਂ
ਤਾਜ਼ੀ ਸਬਜ਼ੀ ਪੁੱਟ ਰੱਖ ਟੋਕਰੀ 'ਚ
ਮਿੰਟਾਂ 'ਚ ਖੇਤੋਂ ਘਰ ਆ ਜਾਂਦੀ
ਦੇਸੀ ਸਬਜ਼ੀ ਬਣਾ-ਖਵਾ ਕੇ
ਸਾਰੇ ਟੱਬਰ ਨੂੰ ਤੰਦਰੁਸਤ ਬਣਾਉਂਦੀ।
*-ਦਰਸ਼ਨ ਪਾਲ ਦੋਸਾਂਝ*

# ਮਮਦਾਨੀ ਦੀ ਜਿੱਤ ਦੇ ਅਰਥ

ਜਦੋਂ ਤੋਂ ਮਮਦਾਨੀ ਨੇ ਨਿਊਯਾਰਕ ਦੇ ਮੇਅਰ ਦੀ ਚੋਣ ਜਿੱਤੀ ਹੈ, ਤਦ ਤੋਂ ਹੀ ਉਹ ਦੁਨੀਆ ਭਰ ਦੇ ਮੀਡੀਆ ਵਿਚ ਸੁਰਖੀਆਂ ਬਟੋਰ ਰਹੇ ਹਨ।

ਅਸਲ ਵਿੱਚ, ਜ਼ੋਹਰਾਨ ਮਮਦਾਨੀ ਨਿਊਯਾਰਕ ਸਿਟੀ ਦੇ ਪਹਿਲੇ ਮੁਸਲਮਾਨ ਮੇਅਰ ਬਣੇ ਹਨ। ਇਸ ਦੇ ਨਾਲ ਹੀ, ਉਨ੍ਹਾਂ ਨੇ ਉਕਤ ਮੇਅਰ ਦੀ ਚੋਣ ਜਿੱਤ ਕੇ ਸਭ ਤੋਂ ਘੱਟ ਉਮਰ ਦੇ ਵਿਅਕਤੀ ਦੇ ਰੂਪ ਵਿਚ ਵੀ ਇਤਿਹਾਸ ਰਚਿਆ ਹੈ।

ਡੈਮੋਕ੍ਰੈਟਿਕ ਸੋਸ਼ਲਿਸਟ ਮਮਦਾਨੀ ਨੇ ਆਪਣੇ ਪ੍ਰਗਤੀਸ਼ੀਲ ਏਜੰਡੇ ਦੀ ਤਾਕਤ ਨਾਲ ਪੁਰਾਣੇ ਗਵਰਨਰ ਐਂਡਰੂ ਕੁਓਮੋ ਅਤੇ ਰਿਪਬਲਿਕਨ ਉਮੀਦਵਾਰ ਕਰਟਿਸ ਸਲੀਵਾ ਨੂੰ ਹਰਾਇਆ — ਜੋ



**ਮੁਹੰਮਦ ਅੱਬਾਸ ਧਾਲੀਵਾਲ**
**ਫੋਨ: 98552-59650**

ਨਿਊਯਾਰਕ ਦੀ ਰਾਜਨੀਤੀ ਵਿੱਚ ਵੱਡੇ ਬਦਲਾਅ ਦਾ ਸੰਕੇਤ ਹੈ।

ਇੱਥੇ ਜ਼ਿਕਰਯੋਗ ਹੈ ਕਿ ਮਮਦਾਨੀ ਨੂੰ 50.4% ਵੋਟਾਂ ਮਿਲੀਆਂ, ਆਜ਼ਾਦ ਉਮੀਦਵਾਰ ਕੁਓਮੋ ਨੂੰ 41.6% ਅਤੇ ਕਰਟਿਸ ਸਲੀਵਾ ਨੂੰ 7.1% ਵੋਟਾਂ ਮਿਲੀਆਂ। ਇਸ ਮੌਕੇ ਭਾਵੁਕ ਹੋ ਕੇ ਮਮਦਾਨੀ ਨੇ ਜਵਾਹਰਲਾਲ ਨਹਿਰੂ ਦੇ ਇਤਿਹਾਸਕ ਸ਼ਬਦਾਂ ਨੂੰ ਦੁਹਰਾਇਆ: "ਇਤਿਹਾਸ ਵਿੱਚ ਇੱਕ ਅਜਿਹਾ ਪਲ ਆਉਂਦਾ ਹੈ, ਪਰ ਬਹੁਤ ਘੱਟ, ਜਦੋਂ ਅਸੀਂ ਪੁਰਾਣੇ ਤੋਂ ਨਵੇਂ ਵੱਲ ਕਦਮ ਰੱਖਦੇ ਹਾਂ, ਜਦੋਂ ਇੱਕ ਯੁੱਗ ਖ਼ਤਮ ਹੁੰਦਾ ਹੈ ਅਤੇ ਜਦੋਂ ਦਬੀ ਹੋਈ ਕੌਮ ਦੀ ਰੂਹ ਨੂੰ ਅਵਾਜ਼ ਮਿਲਦੀ ਹੈ। ਅੱਜ ਰਾਤ, ਅਸੀਂ ਪੁਰਾਣੇ ਤੋਂ ਨਵੇਂ ਵੱਲ ਕਦਮ ਰੱਖਿਆ ਹੈ।"

ਮਮਦਾਨੀ ਨੇ ਕਿਹਾ, "ਦੋਸਤੋ, ਅਸੀਂ ਇੱਕ ਰਾਜਨੀਤਕ ਵੰਸ਼ ਨੂੰ ਉਖਾੜ ਸੁੱਟਿਆ ਹੈ। ਮੈਂ ਐਂਡਰੂ ਕੁਓਮੋ ਨੂੰ ਨਿੱਜੀ ਜੀਵਨ ਵਿੱਚ ਸ਼ੁਭਕਾਮਨਾਵਾਂ ਦਿੰਦਾ ਹਾਂ, ਪਰ ਅੱਜ ਰਾਤ ਆਖ਼ਰੀ ਵਾਰ ਮੈਂ ਉਨ੍ਹਾਂ ਦਾ ਨਾਮ ਲਵਾਂਗਾ, ਕਿਉਂਕਿ ਅਸੀਂ ਉਸ ਰਾਜਨੀਤੀ ਦਾ ਪੰਨਾ ਮੋੜ ਰਹੇ ਹਾਂ ਜੋ ਬਹੁਤਿਆਂ ਨੂੰ ਛੱਡ ਦਿੰਦੀ ਸੀ ਤੇ ਸਿਰਫ਼ ਕੁਝ ਦੀ ਸੁਣਦੀ ਸੀ। ਨਿਊਯਾਰਕ, ਅੱਜ ਰਾਤ ਤੂੰ ਇਹ ਕਰ ਦਿਖਾਇਆ ਹੈ।"

ਦੂਜੇ ਪਾਸੇ, ਰਾਸ਼ਟਰਪਤੀ ਡੋਨਲਡ ਟਰੰਪ ਨੇ ਰਿਪਬਲਿਕਨ ਹਾਰ ਦਾ ਕਾਰਨ ਆਪਣੇ ਹੀ ਵੋਟਰਾਂ ਦਾ ਨਾ ਆਉਣਾ ਅਤੇ 'ਸ਼ਟਡਾਊਨ' ਨਾਲ ਜੁੜੇ ਮੁੱਦੇ ਦੱਸੇ। ਚੋਣ ਪ੍ਰਚਾਰ ਦੌਰਾਨ ਮਮਦਾਨੀ ਨੇ ਵਾਮਪੰਥੀ ਨੀਤੀਆਂ ਪੇਸ਼ ਕੀਤੀਆਂ —ਜਿਨ੍ਹਾਂ ਵਿਚ ਲਗਭਗ 10 ਲੱਖ ਅਪਾਰਟਮੈਂਟਾਂ ਦੇ ਕਿਰਾਏ ਜਮ੍ਹਾਂ ਕਰਨ, ਸ਼ਹਿਰ ਦੀਆਂ ਬੱਸਾਂ ਮੁਫ਼ਤ ਕਰਨ ਅਤੇ ਅਮੀਰਾਂ ਤੇ ਵੱਡੀਆਂ ਕੰਪਨੀਆਂ 'ਤੇ ਨਵੇਂ ਟੈਕਸ ਲਗਾ ਕੇ 9 ਅਰਬ ਡਾਲਰ ਇਕੱਠੇ ਕਰਨ ਦੀ ਯੋਜਨਾ ਸ਼ਾਮਲ ਸੀ।

34 ਸਾਲਾ ਮਮਦਾਨੀ ਦੇ ਪਿਤਾ ਪ੍ਰੋ. ਮਹਿਮੂਦ ਮਮਦਾਨੀ ਗੁਜਰਾਤੀ ਹਨ ਅਤੇ ਮਾਤਾ ਪ੍ਰਸਿੱਧ ਫ਼ਿਲਮ ਨਿਰਦੇਸ਼ਕਾ ਮੀਰਾ ਨਾਇਰ ਓਡੀਸ਼ਾ ਮੂਲ ਦੇ ਹਨ। ਮਮਦਾਨੀ ਨੇ ਅਮਰੀਕਾ ਦੇ ਸਭ ਤੋਂ ਵੱਡੇ ਸ਼ਹਿਰ ਵਿਚ 67 ਸਾਲਾ ਸਾਬਕਾ ਗਵਰਨਰ ਐਂਡਰੂ ਕੁਓਮੋ ਨੂੰ ਹਰਾਇਆ, ਜਦਕਿ ਰਾਸ਼ਟਰਪਤੀ ਟਰੰਪ ਨੇ ਵੀ ਕੁਓਮੋ ਦਾ ਖੁੱਲ੍ਹ ਕੇ ਸਮਰਥਨ ਕੀਤਾ ਸੀ।

ਉਧਰ ਮਮਦਾਨੀ ਨੇ ਆਪਣੀ ਚੋਣ ਮੁਹਿੰਮ ਦੌਰਾਨ ਟੈਕਸੀ ਚਾਲਕਾਂ, ਛੋਟੇ ਵਪਾਰੀਆਂ ਅਤੇ ਮਹਿੰਗਾਈ ਨਾਲ ਜੂਝ ਰਹੇ ਮੱਧਵਰਗੀ ਪਰਿਵਾਰਾਂ ਦੇ ਹੱਕ ਵਿਚ ਆਵਾਜ਼ ਉਠਾਈ। ਉਨ੍ਹਾਂ ਨੇ ਅਮੀਰਾਂ 'ਤੇ ਟੈਕਸ ਲਗਾ ਕੇ ਉਹ ਪੈਸਾ ਗਰੀਬਾਂ ਦੀ ਭਲਾਈ ਲਈ ਵਰਤਣ ਦੀ ਗੱਲ ਕੀਤੀ। ਉਨ੍ਹਾਂ ਦੀਆਂ ਨੀਤੀਆਂ



ਦੇ ਮੁੱਖ ਬਿੰਦੂਆਂ ਵਿਚ ਸ਼ਹਿਰ ਦੀਆਂ ਬੱਸਾਂ ਨੂੰ ਮੁਫ਼ਤ ਕਰਨਾ, ਕਿਰਾਏ 'ਤੇ ਰੋਕ ਲਗਾਉਣਾ ਅਤੇ ਸਸਤੇ ਘਰ ਬਣਾਉਣਾ, ਸ਼ਹਿਰ ਦੇ ਮਲਕੀਅਤ ਵਾਲੇ ਕਰਿਆਨੇ ਦੀਆਂ ਦੁਕਾਨਾਂ ਬਣਾਉਣਾ ਤਾਂ ਜੋ ਖਾਣ-ਪੀਣ ਦੀਆਂ ਚੀਜ਼ਾਂ ਸਸਤੀਆਂ ਹੋਣ, ਸਭ ਲਈ ਬਾਲ ਦੇਖਭਾਲ ਦੀ ਵਿਵਸਥਾ ਕਰਨੀ, ਇੱਕ ਮਿਲੀਅਨ ਡਾਲਰ ਤੋਂ ਵੱਧ ਕਮਾਈ ਵਾਲਿਆਂ ਅਤੇ ਵੱਡੀਆਂ ਕੰਪਨੀਆਂ 'ਤੇ ਵਾਧੂ ਟੈਕਸ ਲਗਾ ਕੇ ਜਨਕਲਿਆਣ ਪ੍ਰੋਗਰਾਮਾਂ ਲਈ ਧਨ ਇਕੱਠਾ ਕਰਨਾ ਸ਼ਾਮਲ ਹੈ। ਉਨ੍ਹਾਂ ਦੀ ਮੁਹਿੰਮ ਖ਼ਾਸ ਤੌਰ 'ਤੇ ਨੌਜਵਾਨਾਂ, ਪ੍ਰਵਾਸੀਆਂ ਅਤੇ ਮਜ਼ਦੂਰ ਵਰਗ ਨਾਲ ਜੁੜੀ ਰਹੀ ਅਤੇ ਸੋਸ਼ਲ ਮੀਡੀਆ ਤੇ ਲੋਕ ਸੰਪਰਕ 'ਤੇ ਵਿਸ਼ੇਸ਼ ਧਿਆਨ ਦਿੱਤਾ ਗਿਆ।

ਇੱਥੇ ਦਿਲਚਸਪ ਗੱਲ ਇਹ ਹੈ ਕਿ ਜਦੋਂ ਦੁਨੀਆ ਦੇ ਬਹੁਤ ਸਾਰੇ ਦੇਸ਼ਾਂ ਵਿੱਚ ਇਸਲਾਮੋਫੋਬੀਆ ਦਾ ਮਾਹੌਲ ਫੈਲਾ ਕੇ ਸੱਤਾ ਹਾਸਲ ਕਰਨ ਦੀ ਪ੍ਰਵਿਰਤੀ ਵਧ ਰਹੀ ਹੈ, ਉਸ ਸਮੇਂ ਮਮਦਾਨੀ ਨੇ ਧਰਮ ਅਤੇ ਜਾਤ ਤੋਂ ਉੱਪਰ ਉੱਠ ਕੇ ਆਮ ਨਾਗਰਿਕਾਂ ਦੇ ਹੱਕ ਵਿੱਚ ਆਵਾਜ਼ ਉਠਾਈ ਅਤੇ ਰਾਜਨੀਤੀ ਵਿੱਚ ਮਨੁੱਖਤਾ ਤੇ ਸਮਾਜਿਕ ਨਿਆਂ ਨੂੰ ਕੇਂਦਰ ਵਿੱਚ ਰੱਖਿਆ।

ਨਿਸ਼ਚਤ ਤੌਰ 'ਤੇ, ਉਨ੍ਹਾਂ ਨੂੰ ਨਿਊਯਾਰਕ ਦੇ ਸਾਰੇ ਵਰਗਾਂ — ਈਸਾਈ, ਯਹੂਦੀ, ਹਿੰਦੂ, ਮੁਸਲਮਾਨ ਤੇ ਸਿੱਖ — ਸਭ ਦਾ ਸਮਰਥਨ ਮਿਲਿਆ। ਇਸ ਦੌਰ ਵਿੱਚ ਜਦੋਂ ਟਰੰਪ ਦੀ ਹਠਧਰਮਤਾ ਅਤੇ ਝੂਠ ਦੀ ਰਾਜਨੀਤੀ ਦੇ ਵਿਚਕਾਰ ਸੱਚਾਈ ਦੀ ਮਸ਼ਾਲ ਜਲਾਉਣਾ ਲਗਭਗ ਅਸੰਭਵ ਲੱਗਦਾ ਹੈ, ਉਸ ਵੇਲੇ ਮਮਦਾਨੀ ਦੀ ਜਿੱਤ ਇੱਕ ਨਵੀਂ ਤੇ ਰੋਸ਼ਨ ਆਸ ਦੀ ਕਿਰਨ ਬਣ ਕੇ ਉਭਰੀ ਹੈ।

ਜੇ ਮਮਦਾਨੀ ਦੇ ਜੀਵਨ ਪਿਛੋਕੜ 'ਤੇ ਨਜ਼ਰ ਮਾਰੀਏ ਤਾਂ ਉਸ ਦਾ ਜਨਮ ਕੰਪਾਲਾ (ਯੁਗਾਂਡਾ) ਵਿਚ 1991 ਵਿੱਚ ਹੋਇਆ ਸੀ। ਬਾਅਦ ਵਿੱਚ ਉਨ੍ਹਾਂ ਦਾ ਪਰਿਵਾਰ ਦੱਖਣੀ ਅਫਰੀਕਾ ਹੁੰਦਾ ਹੋਇਆ ਨਿਊਯਾਰਕ ਸਿਟੀ ਆ ਗਿਆ। 2018 ਵਿੱਚ ਉਨ੍ਹਾਂ ਨੇ ਅਮਰੀਕੀ ਨਾਗਰਿਕਤਾ ਪ੍ਰਾਪਤ ਕੀਤੀ ਅਤੇ 2021 ਤੋਂ ਉਹ ਨਿਊਯਾਰਕ ਸਟੇਟ ਅਸੈਂਬਲੀ ਦੇ ਮੈਂਬਰ ਵਜੋਂ 36ਵੇਂ ਜ਼ਿਲ੍ਹੇ (ਐਸਟੋਰੀਆ/ਕੁਈਨਜ਼) ਦਾ ਪ੍ਰਤੀਨਿਧਤਵ ਕਰ ਰਹੇ ਹਨ। ਉਹ ਆਪਣੇ ਆਪ ਨੂੰ ਡੈਮੋਕ੍ਰੈਟਿਕ ਸੋਸ਼ਲਿਸਟ ਕਹਿੰਦੇ ਹਨ ਅਤੇ Democratic Socialists of America (DSA) ਨਾਲ ਜੁੜੇ ਹੋਏ ਹਨ।

ਦੱਖਣੀ ਏਸ਼ਿਆਈ ਮੂਲ ਦੇ ਮੁਸਲਮਾਨ ਹੋਣ ਦੇ ਕਾਰਨ ਉਨ੍ਹਾਂ ਦੀ ਜਿੱਤ ਨੂੰ ਨਿਊਯਾਰਕ ਦੇ ਇਤਿਹਾਸ ਵਿੱਚ ਇੱਕ ਇਤਿਹਾਸਕ ਘਟਨਾ ਮੰਨਿਆ ਜਾ ਰਿਹਾ ਹੈ। ਉਨ੍ਹਾਂ ਦੀ ਇਹ ਜਿੱਤ ਨਿਊਯਾਰਕ ਦੀ ਰਾਜਨੀਤੀ ਵਿੱਚ ਇੱਕ ਨਵੇਂ ਯੁੱਗ ਦੀ ਸ਼ੁਰੂਆਤ ਵਜੋਂ ਦੇਖੀ ਜਾ ਰਹੀ ਹੈ — ਖ਼ਾਸ ਕਰਕੇ ਪ੍ਰਗਤੀਸ਼ੀਲ ਵਿਚਾਰਧਾਰਾ ਦੇ ਉਭਾਰ ਦੇ ਰੂਪ ਵਿੱਚ।

ਇਹ ਜਿੱਤ ਨਵੀਂ ਪੀੜ੍ਹੀ ਦੀ ਨੇਤ੍ਰਿਤਵ ਯੋਗਤਾ ਅਤੇ ਜਨ-ਕੇਂਦ੍ਰਿਤ ਨੀਤੀਆਂ ਵੱਲ ਵੱਡਾ ਕਦਮ ਹੈ। ਪ੍ਰਤੀਕਾਤਮਕ ਤੌਰ 'ਤੇ ਵੇਖਿਆ ਜਾਵੇ ਤਾਂ, ਨਿਊਯਾਰਕ ਦੇ ਪਹਿਲੇ ਮੁਸਲਮਾਨ ਅਤੇ ਦੱਖਣੀ ਏਸ਼ਿਆਈ ਮੂਲ ਦੇ ਮੇਅਰ ਵਜੋਂ ਮਮਦਾਨੀ ਦੀ ਜਿੱਤ ਅਮਰੀਕਾ ਦੇ ਬਦਲਦੇ ਸਮਾਜਿਕ ਤੇ ਜਨਸਾਂਖਿਆਕੀ ਢਾਂਚੇ ਦੀ ਵੀ ਇੱਕ ਝਲਕ ਪੇਸ਼ ਕਰਦੀ ਹੈ।

# ਸਾਈਕਲ 'ਤੇ ਸਹੁਰੇ ਪਿੰਡ ਦਾ ਪਹਿਲਾ ਫੇਰਾ

## ਜ਼ਿੰਦਗੀ ਨਾਮਾ



ਹਰਪ੍ਰੀਤ ਸਿੰਘ ਜਵੰਦਾ

***ਹਰਪ੍ਰੀਤ ਜਵੰਦਾ ਸੱਚਮੁੱਚ ਨਿੱਕੀ ਕਹਾਣੀ ਦਾ ਬਾਦਸ਼ਾਹ ਹੈ। ਆਪਣੇ ਆਲੇ-ਦੁਆਲੇ ਤੋਂ ਬੜੇ ਸੂਖਮ ਜਿਹੇ ਵਿਸ਼ੇ ਲੈ ਕੇ ਕਹਾਣੀ ਲਿਖਦਾ ਹੈ, ਜਿਸ ਵਿਚ ਕੋਈ ਸਾਰਥਕ ਸੁਨੇਹਾ ਵੀ ਹੁੰਦਾ ਹੈ। ਕਹਾਣੀ ਜਾਂ ਅਸਲੀ ਬਿਰਤਾਂਤ ਨੂੰ ਇੰਨੇ ਘੱਟ ਸ਼ਬਦਾਂ ਵਿਚ ਸਮੇਟਣਾ ਆਪਣੇ-ਆਪ ਵਿਚ ਲਾਜਵਾਬ ਹੈ। ਅਸੀਂ ਹਰਪ੍ਰੀਤ ਜਵੰਦਾ ਦਾ 'ਜ਼ਿੰਦਗੀ ਨਾਮਾ' ਕਾਲਮ ਸ਼ੁਰੂ ਕੀਤਾ ਹੈ। ਉਮੀਦ ਹੈ ਪਾਠਕਾਂ ਨੂੰ ਪਸੰਦ ਆ ਰਿਹਾ ਹੋਵੇਗਾ।***

ਸਹੁਰਿਆਂ ਵੱਲੋਂ ਮਿਲਿਆ ਨਵਾਂ ਸਾਈਕਲ...ਪਹਿਲੀ ਵੇਰ ਫੇਰਾ ਸੀ...ਨਾਲਦੀ ਨੇ ਸੈਨਤ ਮਾਰ ਇਸ਼ਾਰਾ ਕੀਤਾ ਸਾਈਕਲ 'ਤੇ ਹੀ ਜਾਣਾ...!

ਦਲੀਲ ਦਿੱਤੀ ਅਜੇ ਚਲਾਉਣ ਦਾ ਏਨਾ ਵਲ ਹੈਨੀ...ਟਾਂਗੇ 'ਤੇ ਚੱਲਦੇ ਹਾਂ...ਪੈਂਟ ਦੀ ਕਰੀਜ ਖਰਾਬ ਹੋਣ ਦਾ ਜ਼ਿਆਦਾ ਫਿਕਰ ਸੀ...ਪਰ ਜਿੱਦ ਫੜ ਲਈ ਇਸੇ 'ਤੇ ਹੀ ਜਾਣਾ...ਪੇਕਿਆਂ ਦੀ ਨਵੀਂ ਨਕੋਰ ਸੌਗਾਤ...ਅਜੇ ਮੋਮਜਾਮਾ ਵੀ ਉਂਝ ਦਾ ਉਂਝ...ਕਾਠੀ ਤੋਂ ਲਾਹੁਣ ਲੱਗਾ ਤਾਂ ਡੱਕ ਦਿੱਤਾ...ਰਹਿਣ ਦਿਓ...ਮੈਂ ਆਖਿਆ ਪੈਡਲ ਮਾਰਦੇ ਦੀ ਤਸ਼ਰੀਫ ਤਿਲਕ ਜਾਣੀ...ਸੁਣ ਕੇ ਖਿੜ ਖਿੜਾ ਕੇ ਹੱਸ ਪਈ...ਸ਼ਾਇਦ ਤਸ਼ਰੀਫ ਸ਼ਬਦ ਪਹਿਲੀ ਵੇਰ ਸੁਣਿਆ ਸੀ...ਪਹਿਲੀ ਵੇਰ ਇਹਸਾਸ ਹੋਇਆ ਕੇ ਇਸਨੂੰ ਹੱਸਣਾ ਵੀ ਆਉਂਦਾ!

ਸ਼ਨੀਲ ਦਾ ਸੂਟ...ਗੋਟੇ ਵਾਲੀ ਚੁੰਨੀ ਦਾ ਘੁੰਡ...ਕਰੋਸ਼ੀਏ ਦੀ ਬੁਣੀ ਟੋਕਰੀ...ਅੰਦਰ ਹੱਥੀਂ ਉਣੀ ਸਕੀਵੀ (ਅੱਧਾ ਸਵੈਟਰ)...ਨਿੱਕਾ ਜਿਹਾ ਸ਼ਿੰਗਾਰ ਬਕਸ...ਸੁਰਖੀ ਬਿੰਦੀ...ਜਿਧਰੋਂ ਲੰਘੀਏ ਮਹਿਕਾਂ ਖਿੱਲਰਦੀਆਂ ਜਾਵਣ...ਇੱਕ ਨਸ਼ਾ...ਇੱਕ ਸਰੂਰ ਅਜੀਬ ਜਿਹੀ ਮਸਤੀ...ਕੁਲ ਪੰਦਰਾਂ ਕਿਲੋਮੀਟਰ ਦੀ ਵਾਟ...ਅੱਧੀ ਕੱਚੀ ਅੱਧੀ ਪੱਕੀ...ਮੈਂ ਸਕੀਮ ਲੜਾਈ...ਡਾਂਡੇ-ਮੀਂਡੇ ਸਫ਼ਰ ਅੱਧਾ ਰਹਿ ਜਾਣਾ...ਸੋ ਓਧਰ ਨੂੰ ਹੋ ਤੁਰਦੇ...!

ਸਾਰਾ ਪਿੰਡ ਵੇਖਣ ਬਾਹਰ ਢੁੱਕ ਆਇਆ...ਇਸਦਾ ਮਗਰ ਬੈਠੀ ਦਾ ਲੰਮਾ ਘੁੰਡ...ਚੋੜੀ ਸੀਟ 'ਤੇ ਡਰੀ ਵੀ ਜਾਵੇ...ਕਿਧਰੇ ਡਿੱਗ ਹੀ ਨਾ ਪਵਾਂ...ਪਰ ਮੇਰੇ ਲੱਕ ਨੂੰ ਹੱਥ ਨਾ ਪਾਵੇ...ਲੋਕਾਈ ਕੀ ਆਖੂ...ਇੱਕ ਵੇਰ ਇਸਦਾ ਹੱਥ ਫੜ ਲੱਕ ਦਵਾਲੇ ਕੀਤਾ...ਅੱਗਿਓਂ ਹੁੱਝ ਮਾਰੀ...ਗਲੀ ਤੋਂ ਬਾਹਰ ਜਿਧਰੋਂ ਲੰਘੀਏ ਸਨੋਤਾਂ...ਵੇ ਜੀਤਿਆ ਮਾੜਾ ਜਿਹਾ ਘੁੰਡ ਤੇ ਉਤਾਂਹ ਚੁਕਾ...ਚੱਜ ਨਾਲ ਤੇ ਵੇਖੀ ਵੀ ਹੈਨੀ...ਇਸਨੂੰ ਮਗਰ ਬੈਠੀ ਨੂੰ ਫੇਰ ਕੂਹਣੀ ਮਾਰੀ...ਪਰ ਟੱਸ ਤੋਂ ਮੱਸ ਨਾ ਹੋਵੇ...!

ਫੇਰ ਏਨੀ ਗੱਲ ਆਖ ਪਿੱਛਾ ਛੁਡਾਇਆ...ਚਾਚੀ ਅਜੇ ਸੰਗਦੀ ਏ...ਮਹੀਨਾ ਖੰਡ ਖਲੋ ਜਾਵੋਂ ਆਪੇ ਸੰਗਣੋਂ ਹਟ ਜਾਊ...!

ਕੁਝ ਆਖਣ ਲੱਗੀਆਂ ਅਸਾਂ ਤੇ ਸ਼ਗਨ ਪੌਣਾਂ ਸੀ...ਸਾਡੀਆਂ ਬਰੂਹਾਂ ਹੀ ਨਹੀਂ ਲੰਘੇ...!

ਲਾਰੇ ਲੱਪੇ ਲਾ ਮਸੀਂ ਜੂਹ ਟੱਪੇ...ਸਾਈਕਲ ਪੱਕੀ ਪਾ ਲਿਆ...ਮੈਂ ਆਖਾਂ ਕੋਈ ਗੱਲ ਕਰ...ਪਰ ਚੁੱਪ...ਕੋਈ ਦੋ ਮੀਲ ਦਾ ਸਫ਼ਰ ਇੰਝ ਲੰਘਾਇਆ...ਮੈਨੂੰ ਕਾਹਲ ਜਿਹੀ ਪੈਣ



ਲੱਗੀ...ਏਡਾ ਵੀ ਕਾਹਦਾ ਮੌਨ ਵਰਤ...ਵਿਆਹ ਕੇ ਲਿਆਂਦਾ...ਕੱਢ ਕੇ ਥੋੜਾ!

ਥੋੜਾ ਹੰਭ ਗਿਆ...ਇੱਕ ਥਾਂਈਂ ਗੁੜ ਕੱਢਣ ਡਹੇ ਸੀ...ਖਲਿਆਰ ਲਿਆ...ਸੋਚਿਆ ਪਾਣੀ ਧਾਣੀ ਪਿਆ ਲੈਂਦਾ ਹਾਂ...ਗੰਨੇ ਲਾਉਂਦਾ ਬਾਪੂ...ਡੰਗਰ ਹਿੱਕਦਾ ਸੀਰੀ...ਚੂਰਾ ਖਿਲਾਰਦੀ ਬੇਬੇ...ਚੁੰਬੇ 'ਚ ਛਾਨਣਾ ਫੇਰਦਾ ਨੌਕਰ...ਸਾਰੇ ਕੰਮ ਛੱਡ ਕੋਲ ਆ ਗਏ...ਨਵੇਂ ਵਿਆਹੇ ਜੋੜੇ ਦਾ ਚਾਅ ਇੱਕ ਖਿੱਚ...ਇਥੋਂ ਤੀਕਰ ਕੇ ਮੈਲ ਖਾਣੇ ਕੂਕਰ ਵੀ ਪੂਛਾਂ ਹਿਲਾਉਂਦੇ ਦਵਾਲੇ ਫਿਰਨ ਲੱਗੇ...ਇਹ ਕੱਠੀ ਜਿਹੀ ਹੋ ਕੋਲ ਡਠੀ ਸਾਣੀਂ ਮੰਜੀ ਦੇ ਪਾਵੇ ਵੱਲ ਬੈਠ ਗਈ...ਥੋੜੀ ਬਹੁਤ ਵਾਕਫ਼ੀ ਸੀ...ਆਖਣ ਲੱਗੇ ਫੌਜੀਆ ਇਸਨੂੰ ਆਖ ਦੂਜੇ ਬੰਨ੍ਹੇ ਹੋ ਜਵੇ...ਇਥੇ ਸਣ ਚੁੱਭਦਾ ਹੋਣਾ...!

ਦਸ ਪੰਦਰਾਂ ਮਿੰਟ ਐਵੇਂ ਲੰਘ ਗਏ...ਬੇਬੇ ਠੂਠੀ ਤੇ ਪੰਜ ਰੁਪਈਏ ਦਾ ਨੋਟ ਲੈ ਆਈ ਤੇ ਝੋਲੀ ਪਾ ਦਿੱਤੇ ਅਖ਼ੇ ਸ਼ਗਨ ਪਾਏ ਬਗੈਰ ਨਹੀਂ ਜਾਣ ਦੇਣਾ...ਫੇਰ ਕਿੰਨੀਆਂ ਸਾਰੀਆਂ ਵਕਫ਼ੀਆਂ ਚਾਅ ਮਲਾਰ ਪੁੱਛ ਪ੍ਰਤੀਤਾਂ ਰਿਸ਼ਤੇਦਾਰੀਆਂ...ਕੋਈ ਪੈਰਾਂ ਵੱਲ ਵੇਖੀ ਜਵੇ ਤੇ ਕੋਈ ਲੰਮੇ ਘੁੰਡ ਅੰਦਰ ਚੱਲਦੇ ਮਾਨਸਿਕ ਘਟਨਾਕ੍ਰਮ ਦੇ ਅੰਦਾਜ਼ੇ ਲਾਉਂਦਾ ਹੋਇਆ ਏਧਰ ਓਧਰ...!

ਥੋੜ੍ਹੀ ਵਾਟ ਹੀ ਚੱਲੇ ਸਾਂ ਕੇ ਅੱਗਿਓਂ ਪੜ੍ਹ ਕੇ ਤੁਰੀਆਂ ਆਉਂਦੀਆਂ ਅੱਲ੍ਹੜ ਕੁੜੀਆਂ...ਸਾਨੂੰ ਦੂਰੋਂ ਵੇਖ ਪਾਸੇ ਹੋ ਕੇ ਹੱਸੀ ਜਾਵਣ...ਮੈਂ ਵੀ ਅੰਦਾਜ਼ਾ ਲਾ ਲਿਆ...ਜ਼ਰੂਰ ਕੋਈ ਗੱਲ ਆਖਣਗੀਆਂ...ਓਹੀ ਗੱਲ ਹੋਈ...ਕੋਲੋਂ ਲੰਘਣ ਲੱਗਾ ਤਾਂ ਸਾਰੀਆਂ ਫਤਹਿ ਬੁਲਾ ਦਿੱਤੀ ਇੱਕ ਨੇ ਹਿੰਮਤ ਕੀਤੀ...ਵੀਰਾ ਵਹੁਟੀ ਤੇ ਵਿਖਾ ਜਾ...!

ਮੈਂ ਮਜਬੂਰੀ ਜਤਾਈ...ਮੇਰੇ ਆਖੇ ਘੁੰਡ ਨੀ ਚੁੱਕਦੀ...ਤੁਸੀਂ ਕੋਸ਼ਿਸ਼ ਕਰ ਵੇਖੋ...ਨਾਲ ਹੀ ਇੱਕ ਲੱਤ ਉੱਚੀ ਥਾਂ ਲਾ ਸਾਈਕਲ ਖਲਿਆਰ ਲਿਆ...ਤਰਲੇ ਕੱਢੀ ਜਾਵਣ ਵਾਸਤੇ ਪਾਈ ਜਾਣ ਇੱਕ ਵਾਰੀ ਮੂੰਹ ਵਿਖਾ ਦੇ...ਅਖੀਰ ਮਨ ਮੇਹਰ ਪਈ...ਮਾੜਾ ਜਿਹਾ ਘੁੰਡ ਚੱਕਿਆ ਫੇਰ ਲਮਕਾ ਲਿਆ...ਹਾਇ ਨੀ ਮੈਂ ਮਰਜਾਂ...ਏਡੀ ਸੋਹਣੀ...ਪਰ ਆਹ ਕੀ ਅੱਖੀਆਂ ਤੇ ਉਤਾਂਹ ਚੁਕੀਆਂ ਹੀ ਨਹੀਂ...!

ਮੈਂ ਚੱਲ ਅਗਲੀ ਵੇਰ ਸਹੀ ਆਖ ਪੱਲਾ ਛੁਡਾਇਆ...ਉਹ ਵੀ ਓਨੀ ਦੇਰ ਮੁੜ ਮੁੜ ਵੇਖਦੀਆਂ ਰਹੀਆਂ ਜਦੋਂ ਤੀਕਰ ਅਸੀਂ ਓਹਲੇ ਨਹੀਂ ਹੋ ਗਏ...!

ਰੇਤਲਾ ਰਾਹ ਆਇਆ ਤਾਂ ਸਾਈਕਲ ਥੋੜਾ ਭਾਰਾ ਜਿਹਾ ਲੱਗਾ...ਇੱਕ ਵੇਰ ਫੇਰ ਖਲਿਆਰ ਲਿਆ...ਇਸਨੂੰ ਸਾਮਣੇ ਵਗਦੇ ਖਾਲ 'ਤੇ ਬਣੀ ਵੱਟ 'ਤੇ ਛਾਵੇਂ ਬਿਠਾ ਦਿੱਤਾ...ਘੁੰਡ ਓਂਜ ਦਾ ਓਂਜ...ਇਸ ਵੇਰ ਕਹਿਣਾ ਬੇਕਾਰ ਲੱਗਿਆ...ਉੱਤੋਂ ਫੱਗਣ ਦਾ ਚੜਾਅ...ਜ਼ੋਰ ਲੱਗਣ ਕਰਕੇ ਮੁੜ੍ਹਕਾ ਆ ਗਿਆ...ਕੋਟੀ ਲਾਹ ਦਿੱਤੀ...ਸੱਜੇ ਹੱਥ ਦੇ ਅੰਗੂਠੇ ਨਾਲ ਟਾਇਰ ਦੱਬਿਆ ਤਾਂ ਹਵਾ ਘੱਟ ਲੱਗੀ...ਨਲਕੀ 'ਤੇ ਪੋਟਾ ਗਿੱਲਾ ਕਰਕੇ ਲਾਇਆ... ਵਾਲਵ ਵੀ ਠੀਕ ਸੀ...ਫੇਰ ਸ਼ੱਕ ਹੋਇਆ ਮਲਿਆਂ ਵਾਲੀ ਪੈਲੀ ਕੋਲ ਦੀ ਲੀਹ ਤੋਂ ਕੋਈ ਕੰਡਾ ਵੱਜ ਗਿਆ ਹੋਣਾ...!

ਇੱਕ ਮਗਰ ਹੁੰਦੜ ਹੇਲ ਉੱਤੋਂ ਕੱਚੀ ਰੇਤਲੀ ਲੀਹ ਤੇ ਦੂਜਾ ਫੂਕ ਘੱਟ...ਪੈਡਲ ਨਾ ਵੱਜੇ...ਅੱਗਿਓਂ ਨਹਿਰ ਵਾਲੇ ਅੱਡੇ 'ਤੇ ਸਾਈਕਲ ਠੀਕ ਕਰਨ ਵਾਲੀ ਦੁਕਾਨ...ਕਿਲੋਮੀਟਰ ਦੀ ਵਾਟ...ਆਖਿਆ ਹੇਠਾਂ ਉੱਤਰਨਾ ਪੈਣਾ...ਫੇਰ ਓਹੀ ਗੱਲ ਹੋਈ...ਜੁੱਤੀ ਕਸੂਰੀ ਪੈਰੀਂ ਨਾ ਪੂਰੀ...ਹਾਏ ਰੱਬਾ ਵੇ ਸਾਨੂੰ ਤੁਰਨਾ ਪਿਆ...ਜਿਹਨਾਂ ਰਾਹਾਂ ਦੀ ਮੈਂ ਸਾਰ ਨਾ ਜਾਣਾ...ਓਹਨੀਂ ਰਾਹੀਂ ਵੇ ਮੈਨੂੰ ਤੁਰਨਾ ਪਿਆ...ਪਰ ਥੋੜਾ ਤੁਰ ਲਵੇ ਫੇਰ ਹੰਭ ਜਾਵੇ...!

ਅਖੀਰ ਨਹਿਰ ਵਾਲੇ ਅੱਡੇ 'ਤੇ ਅੱਪੜ ਗਏ...ਰੁੱਖਾਂ ਦੀ ਛਾਵੇਂ ਵਗਦਾ ਪਾਣੀ...ਹੱਥ ਵਾਲੇ ਨਲਕੇ ਤੋਂ ਹੱਥ ਗਿਲੇ ਕਰ ਪੈਂਟ ਦੀ ਰਹਿ ਗਈ ਕਰੀਜ ਸਵਾਰੀ ਕੀਤੀ...ਪੈਂਚਰ ਵਾਲੇ ਨੇ ਰੋਹੀ ਦਾ ਚੁੱਭਿਆ ਕੰਡਾ ਵਿਖਾਇਆ...ਕੋਲ ਹਲਵਾਈ ਦੀ ਦੁਕਾਨ...ਕਿਸੇ ਵੇਲੇ ਨਾਲ ਪੜ੍ਹਦੇ ਪੁਰਾਣੇ ਬੇਲੀ ਦਾ ਬਾਪੂ...ਦੁੱਧ ਪੱਤੀ...ਵੇਸਣ...ਖੋਏ ਵਾਲੀ ਬਰਫ਼ੀ...ਨਵੀਂ ਵਿਆਹੀ ਧੀ ਧਿਆਣੀ...ਸਾਰੇ ਸੰਕੋਚਵੀਂ ਜਿਹੀ ਗੱਲਬਾਤ ਕਰਕੇ ਤੁਰਦੇ ਬਣਨ...ਤੁਰਨ ਲੱਗਿਆਂ ਪੈਸੇ ਆਖੇ ਤਾਂ ਗੁੱਸੇ ਹੋ ਗਿਆ...!

ਸਹੁਰਿਆਂ ਦੇ ਪਿੰਡ ਦੀ ਜੂਹ 'ਤੇ ਅੱਪੜ...ਇੱਕ ਵੱਖਰਾ ਜੋਸ਼...ਵੱਖਰਾ ਨਸ਼ਾ...ਵਿਲੱਖਣ ਖੁਸ਼ਬੋ...ਜੀ ਕਰੇ ਦੋਵੇਂ ਬਾਹਵਾਂ ਉੱਚੀਆਂ ਕਰ ਇੱਕ ਹੇਕ ਲਾਵਾਂ...ਘੁੰਡ ਚੱਕ ਲੈ ਪਤਲੀਏ ਨਾਰੇ...ਪੇਕਿਆਂ ਦਾ ਪਿੰਡ ਆ ਗਿਆ!

# ਛੱਕੇ 'ਤੇ ਛੱਕੇ ਮਾਰਨ ਵਾਲਾ ਯੁਵਰਾਜ ਯੁਵੀ



ਵਿਸ਼ਵ ਦੇ ਮਹਾਨ ਖਿਡਾਰੀ

ਪ੍ਰਿੰ. ਸਰਵਣ ਸਿੰਘ
ਫੋਨ: 647-785-1661

ਯੁਵਰਾਜ ਸਿੰਘ ਨੂੰ ਲਾਡ ਨਾਲ 'ਯੁਵੀ' ਵੀ ਕਿਹਾ ਜਾਂਦੈ। ਜਿਵੇਂ ਜੱਗੇ ਜੱਟ ਬਾਰੇ ਲੋਕ ਗੀਤ ਜੁੜੇ ਨੇ ਉਵੇਂ ਯੁਵਰਾਜ ਯੁਵੀ ਬਾਰੇ ਵੀ ਕਿਹਾ ਜਾ ਸਕਦੈ: ਯੁਵੀ ਜੱਟ ਨੀ ਕਿਸੇ ਨੇ ਬਣ ਜਾਣਾ ਘਰ ਘਰ ਪੁੱਤ ਜੰਮਦੇ। ਉਹ ਲੁਧਿਆਣੇ ਲਾਗੇ ਪਿੰਡ ਕਨੇਚ ਦੇ ਜੱਟਾਂ ਦਾ ਚੰਡੀਗੜ੍ਹੀਆ ਮੁੰਡਾ ਹੈ। ਯੁਵੀ ਕਮਾਲ ਦਾ ਬੱਲੇਬਾਜ਼ ਸੀ। ਉਸ ਨੇ ਇੰਗਲੈਂਡ ਦੇ ਗੇਂਦਬਾਜ਼ ਸਟੂਅਰਟ ਬਰੌਡ ਦੀਆਂ ਛੇ ਬਾਲਾਂ 'ਤੇ ਛੇ ਛੱਕੇ ਮਾਰ ਕੇ ਧੰਨ-ਧੰਨ ਕਰਾ ਦਿੱਤੀ ਸੀ। ਉਦੋਂ ਜਦੋਂ ਮੈਚ ਹੰਨੇ ਜਾਂ ਬੰਨੇ ਹੋਣ ਵਾਲਾ ਸੀ। ਐਸਾ ਮਾਅਰਕਾ ਕ੍ਰਿਕਟ ਟਵੰਟੀ-20 ਵਿਸ਼ਵ ਕੱਪਾਂ ਦੇ ਇਤਿਹਾਸ ਵਿਚ ਪਹਿਲਾਂ ਕਿਸੇ ਹੋਰ ਨੇ ਨਹੀਂ ਸੀ ਮਾਰਿਆ। ਉਹਦੇ ਨਾਲ ਯੁਵੀ ਦੀ ਅੱਧ ਅਸਮਾਨੇ ਚੜ੍ਹੀ ਗੁੱਡੀ ਪੂਰੇ ਅਸਮਾਨ 'ਤੇ ਚੜ੍ਹ ਗਈ ਸੀ।

ਉਦੋਂ ਉਹ ਭਾਰਤੀ ਕ੍ਰਿਕਟ ਟੀਮ ਦਾ ਵਾਈਸ ਕੈਪਟਨ ਸੀ। 2007 ਦਾ ਵਰਲਡ ਟਵੰਟੀ-20 ਕੱਪ ਖੇਡਿਆ ਜਾ ਰਿਹਾ ਸੀ। ਯੁਵਰਾਜ ਉਦੋਂ ਭਰ ਜੁਆਨ ਸੀ। ਮੈਚ ਕਹਿੰਦੀ ਕਹਾਉਂਦੀ ਟੀਮ ਇੰਗਲੈਂਡ ਵਿਰੁੱਧ ਸੀ। ਉਸ ਟੀਮ ਵਿਰੁੱਧ ਜਿਨ੍ਹਾਂ ਦੀ ਕ੍ਰਿਕਟ ਜੱਦੀ-ਪੁਸ਼ਤੀ ਖੇਡ ਹੈ। ਗੁੱਲੀ-ਡੰਡਾ ਤੇ ਖਿੱਦੋ-ਖੂੰਡੀ ਖੇਡਣ ਵਾਲੇ ਪੰਜਾਬ ਦੇ 6 ਫੁੱਟ 2 ਇੰਚ ਉੱਚੇ ਦਰਸ਼ਨੀ ਖਿਡਾਰੀ ਯੁਵਰਾਜ ਸਿੰਘ ਨੇ ਕ੍ਰਿਕਟ 'ਚ ਐਸੀ ਕਲਾ ਵਰਤਾਈ ਕਿ ਦੁਨੀਆ ਦੰਗ ਕਰ ਦਿੱਤੀ!

ਬਤੌਰ ਬੱਲੇਬਾਜ਼, ਗੇਂਦਬਾਜ਼, ਫੀਲਡਰ, ਗੱਲ ਕੀ ਉਹਦੀ ਹਰ ਮੈਦਾਨ ਬੱਲੇ-ਬੱਲੇ ਹੁੰਦੀ ਰਹੀ। ਉਸ ਤੋਂ ਪਹਿਲਾਂ ਕੌਮਾਂਤਰੀ ਟੈਸਟ ਮੈਚਾਂ 'ਚ ਕੇਵਲ ਤਿੰਨ ਬੱਲੇਬਾਜ਼ਾਂ ਨੇ ਹੀ ਇਕ ਓਵਰ ਵਿਚ ਛੇ ਛੱਕੇ ਮਾਰੇ ਸਨ। ਪਰ ਵਰਲਡ ਟਵੰਟੀ-20 ਕੱਪ ਵਿਚ ਅਜਿਹਾ ਕ੍ਰਿਸ਼ਮਾ 'ਕ੍ਰਿਕਟ ਕਿੰਗ' ਯੁਵਰਾਜ ਸਿੰਘ ਨੇ ਹੀ ਕੀਤਾ। ਇਹਦੇ ਨਾਲ ਉਸ ਨੇ ਉਸੇ ਮੈਚ 'ਚ ਕੇਵਲ 12 ਬਾਲਾਂ 'ਤੇ ਚੌਕੇ ਛੱਕੇ ਮਾਰ ਕੇ 50 ਦੌੜਾਂ ਦੀ ਰਿਕਾਡ ਤੋੜ ਅਰਧ ਸੈਂਚਰੀ ਵੀ ਬਣਾਈ। ਇਹ ਵੀ ਵਿਸ਼ਵ ਰਿਕਾਰਡ ਸੀ ਜੋ ਮਸੀਂ 15-16 ਸਾਲਾਂ ਬਾਅਦ ਟੁੱਟਿਆ। 2011 ਦੇ ਵਿਸ਼ਵ ਕੱਪ 'ਚ ਇਕ ਮੈਚ ਐਸਾ ਖੇਡਿਆ ਜੀਹਦੇ 'ਚ ਅਰਧ ਸੈਂਚਰੀ ਮਾਰੀ ਤੇ 5 ਵਿਕਟਾਂ ਵੀ ਝਾੜੀਆਂ। ਉਸ ਕੱਪ 'ਚ ਉਸ ਨੇ ਅੱਠ ਪਾਰੀਆਂ ਖੇਡੀਆਂ ਤੇ 362 ਦੌੜਾਂ ਬਣਾਈਆਂ। ਹੋਰ ਤਾਂ ਹੋਰ 5.02 ਦੇ ਸੰਜਮੀ ਰੇਟ ਨਾਲ 15 ਵਿਕਟਾਂ ਵੀ ਲਈਆਂ।

ਯੁਵਰਾਜ ਸਿੰਘ ਦਾ ਜਨਮ 12 ਦਸੰਬਰ 1981 ਨੂੰ ਚੰਡੀਗੜ੍ਹ ਵਿਖੇ ਹੋਇਆ। ਉਹ ਆਪਣੇ ਸਮੇਂ ਦਾ ਰੁਸਤਮੇ ਹਿੰਦ ਕ੍ਰਿਕਟਰ ਬਣਿਆ ਰਿਹਾ। ਉਹ ਫਿਲਮੀ ਐਕਟਰ ਯੋਗਰਾਜ ਸਿੰਘ ਦਾ ਮਾਣਮੱਤਾ ਪੁੱਤਰ ਹੈ ਤੇ ਮਾਤਾ ਸ਼ਬਨਮ ਕੌਰ ਦਾ ਲਾਡਲਾ ਲਾਲ। ਉਨ੍ਹਾਂ ਦਾ ਜੱਦੀ ਪਿੰਡ ਕਨੇਚ ਹੈ। ਉਸ ਦੇ ਪਿਤਾ ਨੇ ਘਰ 'ਚ ਹੀ ਪੱਕਾ ਪਿੱਚ ਬਣਾ ਕੇ ਯੁਵੀ ਨੂੰ ਕ੍ਰਿਕਟ ਖੇਡਣ ਲਾ ਲਿਆ ਸੀ। ਬਾਪ ਕਈ ਵਾਰ ਪੁੱਤਰ ਨੂੰ ਏਨੀ ਸਖ਼ਤ ਮਿਹਨਤ ਕਰਵਾਉਂਦਾ ਕਿ ਯੁਵੀ ਦੀ 'ਬੱਸ' ਹੋ ਜਾਂਦੀ। ਆਖ਼ਰ ਉਹ ਸਖ਼ਤ ਮਿਹਨਤ ਹੀ ਰੰਗ ਲਿਆਈ ਜਿਸ ਨਾਲ ਯੁਵੀ ਦਾ ਵੀ ਜੱਸ ਹੋਇਆ ਤੇ ਉਹਦੇ ਬਾਪ ਯੋਗਰਾਜ ਸਿੰਘ ਨੂੰ ਮੁੱਢਲੇ ਕੋਚ ਵਜੋਂ ਮਾਨਤਾ ਮਿਲੀ। ਯੋਗਰਾਜ ਸਿੰਘ ਦੀਆਂ ਦੋ ਪਤਨੀਆਂ ਤੋਂ ਦੋ ਪੁੱਤਰ ਹਨ ਤੇ ਇਕ ਧੀ। ਯੁਵੀ ਦੀ ਐਕਟ੍ਰੈਸ ਪਤਨੀ ਹੇਜ਼ਲ ਕੀਚ ਦੀ ਕੁੱਖੋਂ ਇਕ ਧੀ ਤੇ ਇਕ ਪੁੱਤਰ ਹੈ।

ਯੁਵਰਾਜ ਨੇ ਮੁਢਲੀ ਕੋਚਿੰਗ ਆਪਣੇ ਬਾਪ ਤੋਂ ਲਈ ਸੀ। ਫਿਰ ਉਸ ਨੂੰ ਮੁੰਬਈ ਦਲੀਪ ਵੈਂਗਸਰਕਰ ਦੀ ਕ੍ਰਿਕਟ ਅਕੈਡਮੀ ਤੋਂ ਸਪੈਸ਼ਲ ਕੋਚਿੰਗ ਲੈਣ ਭੇਜ ਦਿੱਤਾ ਸੀ। ਉਹਦਾ ਸਿੱਟਾ ਨਿਕਲਿਆ ਕਿ ਉਹ ਰਾਂਜੀ ਟਰਾਫੀ ਲਈ ਛੋਟੀ ਉਮਰੇ ਹੀ ਪੰਜਾਬ ਦੀ ਟੀਮ 'ਚ ਚੁਣਿਆ ਗਿਆ। ਇਹ ਵੱਖਰੀ ਗੱਲ ਹੈ ਕਿ ਆਪਣੇ ਕ੍ਰਿਕਟ ਕੈਰੀਅਰ ਦੀ ਪਹਿਲੀ ਪਾਰੀ ਖੇਡਣ ਲੱਗਾ ਤਾਂ 'ਡੱਕ' ਹੋ




ਗਿਆ। ਯਾਨੀ ਬਿਨਾਂ ਕੋਈ ਰਨ ਬਣਾਏ ਆਊਟ। ਕ੍ਰਿਕਟ ਦੀ ਭਾਸ਼ਾ ਵਿਚ ਉਹ ਆਉਂਦਾ ਹੀ ਚਲਦਾ ਬਣਿਆ। ਪਰ ਜਦੋਂ ਚੱਜ ਨਾਲ ਚੱਲਣ ਲੱਗ ਪਿਆ ਤਾਂ 'ਨ੍ਹੇਰੀਆਂ ਲਿਆਈ ਗਿਆ।

ਉਸ ਦੀ ਪੁਸ਼ਾਕ ਦਾ ਨੰਬਰ ਹਰੇਕ ਮੈਚ ਵਿਚ 12 ਹੀ ਰਿਹਾ। ਯੁਵੀ ਦਾ 12 ਨੰਬਰ ਨਾਲ ਖ਼ਾਸ ਲਗਾਓ ਸੀ। ਉਹ 1981 'ਚ 12ਵੇਂ ਮਹੀਨੇ ਦੀ 12 ਤਾਰੀਕ ਨੂੰ ਸੈਕਟਰ 12 ਪੀਜੀਆਈ ਵਿਚ ਜੰਮਿਆ ਸੀ। ਉਸ ਨੇ ਆਪਣੇ ਖੇਡ ਕੈਰੀਅਰ ਵਿਚ 12 ਨੰਬਰ ਦੀ ਪੁਸ਼ਾਕ ਪਾ ਕੇ ਹੀ ਕ੍ਰਿਕਟ ਖੇਡੀ। ਕਮਾਲ ਦੀ ਗੱਲ ਇਹ ਹੋਈ ਕਿ ਟਵੰਟੀ-20 ਵਿਸ਼ਵ ਕੱਪ 'ਚ 12 ਗੇਂਦਾਂ ਉੱਪਰ ਹੀ ਅਰਧ ਸੈਂਚਰੀ ਮਾਰ ਕੇ ਵਿਸ਼ਵ ਰਿਕਾਰਡ ਬਣਾਇਆ। ਉਸ ਨੇ 2012 'ਚ ਕੈਂਸਰ ਦੇ ਇਲਾਜ ਤੋਂ ਬਾਅਦ ਮੈਦਾਨ 'ਚ ਵਾਪਸੀ ਕੀਤੀ।

ਯੁਵਰਾਜ ਦਾ ਖੇਡ ਕਰੀਅਰ ਉਸ ਦੇ ਪਿਤਾ ਯੋਗਰਾਜ ਸਿੰਘ ਦੀਆਂ ਆਸਾਂ, ਉਮੀਦਾਂ, ਦੁਆਵਾਂ ਤੇ ਤਪੱਸਿਆਵਾਂ ਦਾ ਫਲ ਹੈ। ਯੋਗਰਾਜ ਸਿੰਘ ਜਦੋਂ ਖ਼ੁਦ 1983 ਵਿਚ ਵਿਸ਼ਵ ਕੱਪ ਜਿੱਤਣ ਵਾਲੀ ਭਾਰਤੀ ਟੀਮ 'ਚ ਚੁਣਿਆ ਨਾ ਜਾ ਸਕਿਆ ਤਾਂ ਉਸ ਨੇ ਇੱਛਾ ਪ੍ਰਗਟਾਈ ਸੀ ਕਿ ਮੇਰਾ ਅਧੂਰਾ ਸੁਫ਼ਨਾ ਮੇਰਾ ਪੁੱਤਰ ਪੂਰਾ ਕਰੇਗਾ। ਆਖ਼ਰ ਯੁਵੀ ਨੇ 2011 ਵਿਚ ਆਪਣੇ ਪਿਤਾ ਦਾ ਵਿਸ਼ਵ ਕੱਪ ਜਿੱਤਣ ਦਾ ਸੁਫਨਾ ਸਾਕਾਰ ਕੀਤਾ।

ਯੁਵੀ ਖਬਚੂ ਬੱਲੇਬਾਜ਼ ਸੀ ਤੇ ਖਬਚੂ ਹੀ ਗੇਂਦਬਾਜ਼। ਉਹ ਨਾ ਬੱਲੇਬਾਜ਼ ਵਜੋਂ ਓਪਨਰ ਸੀ ਤੇ ਨਾ ਹੀ ਗੇਂਦਬਾਜ਼ ਵਜੋਂ ਓਪਨਰ। ਪਰ ਸੰਕਟ ਸਮੇਂ ਉਸ ਨੂੰ ਕਿਸੇ ਵੀ ਵਕਤ ਬਾਲ ਜਾਂ ਬੱਲਾ ਫੜਾ ਦਿੱਤੇ ਜਾਂਦੇ ਸਨ। ਜੁੱਸੇ ਦਾ ਤਕੜਾ ਸੀ ਤੇ ਲੰਮੀਆਂ ਪਾਰੀਆਂ ਖੇਡਣ ਦੀ ਜਿੰਦਜਾਨ ਵਾਲਾ ਸੀ। ਖੇਡਦਾ ਜੋਸ਼ ਨਾਲ ਸੀ ਪਰ ਗੱਲ ਸਹਿਜ ਨਾਲ ਕਰਦਾ ਸੀ। ਉਹ ਆਲਰਾਊਂਡਰ ਖਿਡਾਰੀ ਸੀ ਜਿਸ ਨੂੰ ਸੰਕਟ ਸਮੇਂ ਕਿਸੇ ਵੀ ਸਥਾਨ 'ਤੇ ਵਰਤ ਲਿਆ ਜਾਂਦਾ ਸੀ।

ਉਹ 1996-97 ਤੋਂ ਪੰਜਾਬ ਦੀ ਟੀਮ ਵੱਲੋਂ ਤੇ ਫਿਰ ਭਾਰਤ ਦੀ ਟੀਮ ਵੱਲੋਂ ਲਗਭਗ ਵੀਹ ਵਰ੍ਹੇ ਮੁਕਾਬਲੇ ਦੀ ਸਰਗਰਮ ਕ੍ਰਿਕਟ ਖੇਡਿਆ। ਪੰਜਾਬ ਵੱਲੋਂ ਉਸ ਨੇ ਰਾਂਜੀ ਟਰਾਫੀ ਦੇ ਮੈਚ 2018-19 ਤਕ ਖੇਡੇ। ਭਾਰਤ ਵੱਲੋਂ ਹਰ ਤਰ੍ਹਾਂ ਦੀ ਕ੍ਰਿਕਟ ਦੇ ਮੈਚ 2000 ਤੋਂ 2017 ਖੇਡਦਾ ਰਿਹਾ। ਯੁਵੀ ਨੇ ਪਹਿਲਾ ਇਕ ਰੋਜ਼ਾ ਮੈਚ 3 ਅਕਤੂਬਰ 2000 ਨੂੰ ਕੀਨੀਆ ਵਿਰੁੱਧ ਖੇਡਿਆ। ਉਦੋਂ ਉਹ ਕੇਵਲ 17 ਸਾਲਾਂ ਦਾ ਸੀ। ਉਸ ਨੇ ਪਹਿਲਾ ਅੰਤਰਰਾਸ਼ਟਰੀ ਟੈਸਟ ਮੈਚ ਨਿਊਜ਼ੀਲੈਂਡ ਵਿਰੁੱਧ 16 ਅਕਤੂਬਰ 2003 ਨੂੰ ਖੇਡਣਾ ਸ਼ੁਰੂ ਕੀਤਾ। 2012 ਵਿਚ ਇੰਗਲੈਂਡ ਦੀ ਟੀਮ ਵਿਰੁੱਧ ਉਹ ਆਪਣਾ ਆਖ਼ਰੀ ਟੈਸਟ ਮੈਚ ਖੇਡਿਆ। 2007 ਵਿਚ ਸਕਾਟਲੈਂਡ ਖ਼ਿਲਾਫ ਟੈਸਟ ਮੈਚ ਤੇ 2017 ਵਿਚ ਵੈੱਸਟ ਇੰਡੀਜ਼ ਵਿਰੁੱਧ ਮੈਚ ਖੇਡੇ।

2003 ਦੌਰਾਨ ਉਹ ਯੌਰਕਸ਼ਾਇਰ ਦੀ ਕਾਉਂਟੀ ਵੱਲੋਂ ਖੇਡਦਾ ਰਿਹਾ। 2008-10 ਤੇ 2018 ਵਿਚ ਪੰਜਾਬ ਕਿੰਗਜ਼ ਵੱਲੋਂ ਖੇਡਿਆ। 2014 ਵਿਚ ਰਾਇਲ ਚੈਲੰਜਰਜ਼ ਬੰਗਲੌਰ ਵੱਲੋਂ, 2015 ਵਿਚ ਦਿੱਲੀ ਡੇਅਰ ਡੈਵਿਲਜ਼ ਵੱਲੋਂ ਤੇ 2016-17 ਵਿਚ ਸਨਰਾਈਜ਼ਰਜ਼ ਹੈਦਰਾਬਾਦ ਵੱਲੋਂ ਖੇਡਿਆ। 2018 'ਚ ਮੁੜ ਪੰਜਾਬ ਕਿੰਗਜ਼ ਵੱਲ ਆ ਗਿਆ। 2019 ਵਿਚ ਮੁੰਬਈ ਇੰਡੀਅਨਜ਼, 2019 ਟੋਰਾਂਟੋ ਨੈਸ਼ਨਲਜ਼ ਤੇ 2019 ਵਿਚ ਮਰਾਠਾ ਅਰੇਬੀਅਨਜ਼ ਵੱਲੋਂ ਖੇਡਿਆ। ਜਿਥੇ ਵੀ ਖੇਡਿਆ ਹਰ ਥਾਂ ਉਹਦਾ ਸੁਕੇਡ ਨੰਬਰ 12 ਹੀ ਰਿਹਾ। ਉਸ ਨੇ ਇੰਟਨੈਸ਼ਨਲ ਪੱਧਰ 'ਤੇ 7 ਪਲੇਅਰਜ਼ ਆਫ਼ ਦਾ ਸੀਰੀਜ਼ ਅਵਾਰਡ ਜਿੱਤੇ ਜੋ ਉਸ ਤੋਂ ਪਹਿਲਾਂ ਭਾਰਤ ਦੇ ਕੇਵਲ ਸੌਰਵ ਗੰਗੂਲੀ ਨੇ ਜਿੱਤੇ ਸਨ।

2011 ਵਿਚ ਜਦੋਂ ਉਹਦੀ ਗੁੱਡੀ ਸਿਖਰ 'ਤੇ ਸੀ ਤਾਂ ਅਚਾਨਕ ਖੱਬੇ ਫੇਫੜੇ ਦੀ ਕੈਂਸਰ ਦੇ ਲਪੇਟੇ ਵਿਚ ਆ ਗਿਆ। ਪਰ ਅਸ਼ਕੇ ਉਹਦੇ ਕਿ ਲਹੂ ਦੀਆਂ ਉਲਟੀਆਂ ਦਾ ਵੀ ਕਿਸੇ ਨੂੰ ਪਤਾ ਨਹੀਂ ਲੱਗਣ ਦਿੱਤਾ ਤੇ ਮਿਥੇ ਮੈਚ ਪੂਰੇ ਖੇਡਦਾ ਰਿਹਾ। ਉਸ ਨੂੰ ਐਵੇਂ ਨਹੀਂ 'ਯੁਵੀ ਦੀ ਗ੍ਰੇਟ' ਕਿਹਾ ਜਾਂਦਾ। ਫਿਰ ਘਰਦਿਆਂ ਦੇ ਜ਼ੋਰ ਦੇਣ ਉੱਤੇ ਉਹਦਾ ਕੈਂਸਰ ਦਾ ਇਲਾਜ ਬੋਸਟਨ ਤੇ ਇੰਡੀਅਨਐਪੋਲਿਸ ਦੇ ਹਸਪਤਾਲਾਂ ਵਿਚ ਚੱਲਿਆ। ਕੀਮੋਥੈਰੇਪੀ ਦਾ ਸਾਈਕਲ ਪੂਰਾ ਕਰ ਕੇ ਉਹ ਮੁੜ ਅਪ੍ਰੈਲ 2012 'ਚ ਭਾਰਤ ਦੇ ਕ੍ਰਿਕਟ ਮੈਦਾਨਾਂ ਵਿਚ ਵਿਚਰਨ ਲੱਗਾ। 2012 ਦੇ ਵਰਲਡ ਟਵੰਟੀ-20 ਮੈਚਾਂ ਤੋਂ ਪਹਿਲਾਂ ਉਹ ਨਿਊਜ਼ੀਲੈਂਡ ਵਿਰੁੱਧ ਖੇਡਿਆ। ਤਦ ਤਕ ਉਹ 30 ਸਾਲਾਂ ਤੋਂ ਟੱਪ ਚੁੱਕਾ ਸੀ ਪਰ ਉਹਦਾ ਹੌਸਲਾ 20-25 ਸਾਲਾਂ ਦੇ ਗਭਰੂਆਂ ਵਰਗਾ ਸੀ।

ਉਸ ਦੀਆਂ ਖੇਡ ਪ੍ਰਾਪਤੀਆਂ ਨੂੰ ਮੁੱਖ ਰੱਖਦਿਆਂ 2012 ਵਿਚ ਭਾਰਤ ਸਰਕਾਰ ਵੱਲੋਂ ਉਸ ਨੂੰ ਅਰਜਨ ਅਵਾਰਡ ਨਾਲ ਸਨਮਾਨਿਆ ਗਿਆ। 2014 ਵਿਚ ਉਸ ਨੂੰ ਪਦਮ ਸ੍ਰੀ ਦੀ ਉਪਾਧੀ ਦਿੱਤੀ ਗਈ। 2014 ਵਿਚ ਹੀ ਆਈਪੀਐੱਲ ਦੀ ਬੋਲੀ ਲੱਗੀ ਤਾਂ ਯੁਵਰਾਜ ਦੀ ਖਰੀਦ 14 ਕਰੋੜ ਰੁਪਈਆਂ ਤਕ ਚਲੀ ਗਈ ਜੋ ਰੌਇਲ ਚੈਲੰਜਰਜ਼ ਨੇ ਸਭ ਤੋਂ ਵੱਧ ਦਿੱਤੀ। 2015 ਵਿਚ ਉਸ ਨੂੰ ਦਿੱਲੀ ਕੈਪੀਟਲਜ਼ ਨੇ ਸਭ ਤੋਂ ਵੱਧ 16 ਕਰੋੜ ਦੇ ਕੇ ਆਪਣੀ ਟੀਮ ਵਿਚ ਪਾ ਲਿਆ। ਮਹਿੰਗਾ ਖਿਡਾਰੀ ਹੋਣ ਦਾ ਉਹਦਾ ਇਹ ਰਿਕਾਰਡ ਰਾਜਸਥਾਨ ਰਾਇਲਜ਼ ਨੇ ਫਰਵਰੀ 2021 ਵਿਚ ਕ੍ਰਿਸ ਮੌਰਿਸ ਨੂੰ ਸਵਾ 16 ਕਰੋੜ ਦੇ ਕੇ ਤੋੜਿਆ। ਫਰਵਰੀ 2014 ਵਿਚ ਯੁਵਰਾਜ ਨੂੰ 'ਫਿੱਕੀ' ਵਾਲਿਆਂ ਨੇ 'ਮੋਸਟ ਇੰਸਪਾਇਰਿੰਗ ਸਪੋਰਟਸ ਪਰਸਨ ਆਫ਼ ਦਾ ਯੀਅਰ' ਦੇ ਖ਼ਿਤਾਬ ਨਾਲ ਸਨਮਾਨਿਤ ਕੀਤਾ।

ਜੂਨ 2017 ਵਿਚ 36 ਸਾਲ ਦੀ ਉਮਰੇ ਉਸ ਨੇ ਭਾਰਤ ਵੱਲੋਂ ਵੈੱਸਟ ਇੰਡੀਜ਼ ਵਿਰੁੱਧ ਆਪਣਾ ਆਖ਼ਰੀ ਮੈਚ ਖੇਡਿਆ। ਗਲੋਬਲ ਟੀ-20 ਕੈਨੇਡਾ, ਕੈਨੇਡਾ 'ਚ ਖੇਡਣ ਕਰਕੇ ਤੇ ਆਬੂ ਧਾਬੀ ਟੀ-10 ਯੂਨਾਈਟਿਡ ਅਰਬ ਐਮੀਰੇਟਸ ਵਿਚ ਖੇਡਣ ਕਰਕੇ ਉਸ ਨੂੰ ਆਈਪੀ ਵਿਚ ਹੋਰ ਖੇਡਣ ਦੀ ਇਜਾਜ਼ਤ ਨਾ ਦਿੱਤੀ ਗਈ। ਆਖ਼ਰ ਉਹ ਭਰੇ ਮਨ ਨਾਲ 10 ਜੂਨ 2019 ਦੇ ਦਿਨ ਕ੍ਰਿਕਟ ਨੂੰ ਅਲਵਿਦਾ ਕਹਿ ਗਿਆ।

ਕਈ ਕ੍ਰਿਕਟ ਪ੍ਰੇਮੀ ਇਹ ਜਾਣ ਕੇ ਹੈਰਾਨ ਹੋਣਗੇ ਕਿ ਜਦੋਂ ਉਹ ਬੱਚਾ ਸੀ ਤਾਂ ਕ੍ਰਿਕਟ ਦੀ ਥਾਂ ਟੈਨਿਸ ਤੇ ਰੋਲਰ ਸਕੇਟਿੰਗ ਉਹਦੀਆਂ ਮਨਚਾਹੀਆਂ ਖੇਡਾਂ ਸਨ। ਅਸਲ ਵਿਚ ਕ੍ਰਿਕਟ ਉਹਦੀ ਨਹੀਂ, ਉਹਦੇ ਬਾਪ ਦੀ ਮਨਚਾਹੀ ਖੇਡ ਸੀ ਜੋ ਚਾਹੁੰਦਾ ਸੀ ਕਿ ਬਾਪ ਦੀਆਂ ਅਧੂਰੀਆਂ ਰੀਝਾਂ ਉਹਦਾ ਪੁੱਤਰ ਪੂਰੀਆਂ ਕਰੇ। ਉਸ ਨੇ ਯੁਵੀ ਦੇ ਅੰਡਰ-14 ਰੋਲਰ ਸਕੇਟਿੰਗ ਦੇ ਨੈਸ਼ਨਲ ਪੱਧਰ 'ਤੇ ਜਿੱਤੇ ਮੈਡਲ ਵਗਾਹ ਮਾਰੇ ਸਨ ਕਿ ਪੁੱਤਰਾ ਕੁਝ ਬਣਨਾ ਏ ਤਾਂ ਕ੍ਰਿਕਟ ਖੇਡ। ਤਦੇ ਪਿਉ ਆਪਣੇ ਪੁੱਤ ਦਾ ਮੱਲੋਜ਼ੋਰੀ ਦਾ ਪਹਿਲਾ ਕੋਚ ਬਣਿਆ ਸੀ। ਸ਼ਾਇਦ ਇਹੋ ਕਾਰਨ ਹੋਵੇ ਕਿ ਪਿਉ ਪੁੱਤਰ ਦੀ ਬੋਲਚਾਲ ਕਦੇ ਚੱਲ ਪੈਂਦੀ ਹੈ ਤੇ ਕਦੇ ਬੰਦ ਹੋ ਜਾਂਦੀ ਹੈ। ਹੋ ਸਕਦੈ ਯੋਗਰਾਜ ਸਿੰਘ ਨੂੰ ਜਰ੍ਹੇ ਵਾਲਾ ਜੱਟ ਹੋਣ ਦਾ ਵੀ ਗੁਮਾਨ ਹੋਵੇ। ਉਸ ਨੇ ਪਲੇਠੀ ਦੇ ਪੁੱਤਰ ਨੂੰ ਪੜ੍ਹਾਉਣ-ਲਿਖਾਉਣ ਤੇ ਖਿਡਾਉਣ ਵਿਚ ਕੋਈ ਕਸਰ ਨਹੀਂ ਸੀ ਛੱਡੀ। ਯੁਵਰਾਜ ਕੌਮਰਸ ਦਾ ਗ੍ਰੈਜੂਏਟ ਹੈ। ਉਸ ਨੂੰ ਡੀਏਵੀ ਪਬਲਿਕ ਸਕੂਲ ਤੇ ਡੀਏਵੀ ਕਾਲਜ ਚੰਡੀਗੜ੍ਹ 'ਚ ਪੜ੍ਹਾਇਆ ਗਿਆ ਤੇ ਚੰਡੀਗੜ੍ਹ ਦੇ ਕ੍ਰਿਕਟ ਸਟੇਡੀਅਮ ਵਿਚ ਖਿਡਾਇਆ ਗਿਆ ਜਿਥੇ ਵਿਸ਼ਵ ਕੱਪ ਜੇਤੂ ਭਾਰਤੀ ਕ੍ਰਿਕਟ ਟੀਮ ਦੇ ਕਪਤਾਨ ਕਪਿਲ ਦੇਵ ਦੀਆਂ ਪੈੜਾਂ ਪਈਆਂ ਹੋਈਆਂ ਸਨ। 12 ਨਵੰਬਰ 2015 ਨੂੰ ਯੁਵਰਾਜ ਦੀ ਮੰਗਣੀ ਬ੍ਰਿਟਿਸ਼ ਐਕਟਰੈਸ ਹੇਜ਼ਲ ਕੀਚ ਨਾਲ ਹੋਈ ਅਤੇ 12 ਦਸੰਬਰ 2015 ਨੂੰ ਵਿਆਹ ਹੋਇਆ। 12 ਨੰਬਰ ਉਹਦਾ ਕਿਸਮਤੀ ਨੰਬਰ ਜੁ ਹੋਇਆ! ਯੁਵੀ ਜੋੜੇ ਦੇ ਘਰ ਪੁੱਤਰ ਓਰੀਅਨ ਦਾ ਜਨਮ 25 ਜਨਵਰੀ 2022 ਨੂੰ ਹੋਇਆ ਤੇ ਧੀ ਔਰਾ 25 ਅਗਸਤ 2023 ਨੂੰ ਜੰਮੀ।

ਯੁਵਰਾਜ ਸਿੰਘ ਦਾ ਕਿਸੇ ਟੈਸਟ ਮੈਚ ਵਿਚ ਵੱਧ ਤੋਂ ਵੱਧ ਸਕੋਰ 203 ਬਾਲਾਂ ਉਤੇ 169 ਦੌੜਾਂ ਦਾ ਹੈ। 2007-2009 ਦੌਰਾਨ ਉਹ ਆਪਣੀ ਖੇਡ ਦੇ ਸਿਖਰ 'ਤੇ ਸੀ। ਉਦੋਂ ਉਸ ਨੂੰ ਵਿਸ਼ਵ ਦਾ ਅੱਵਲ ਨੰਬਰ ਖਿਡਾਰੀ ਮੰਨਿਆ ਜਾਂਦਾ ਸੀ। 2011 ਆਈਸੀਸੀ ਕ੍ਰਿਕਟ ਵਰਲਡ ਕੱਪ ਵਿਚ ਉਸ ਨੇ 362 ਦੌੜਾਂ ਬਣਾਈਆਂ ਜਿਨ੍ਹਾਂ ਵਿਚ ਇਕ ਸੈਂਚਰੀ ਤੇ ਅਰਧ ਸੈਂਚਰੀਆਂ ਵੀ ਸ਼ਾਮਲ ਸਨ। ਏਨੀਆਂ ਦੌੜਾਂ ਨਾਲ ਉਸ ਨੇ 15 ਵਿਕਟਾਂ ਵੀ ਲਈਆਂ। 10 ਜੂਨ 2019 ਨੂੰ ਕ੍ਰਿਕਟ ਤੋਂ ਰਿਟਾਇਰਮੈਂਟ ਲੈਂਦਿਆਂ ਉਸ ਨੇ ਕਿਹਾ ਸੀ, "ਮੈਂ ਸੋਚ ਵੀ ਨਹੀਂ ਸੀ ਸਕਦਾ ਕਿ ਮੈਨੂੰ ਭਾਰਤ ਵੱਲੋਂ 400 ਤੋਂ ਵੱਧ ਮੈਚ ਖੇਡਣ ਦਾ ਮੌਕਾ ਮਿਲੇਗਾ। ਮੈਨੂੰ 2004 ਵਿਚ ਲਾਹੌਰ 'ਚ ਖੇਡਿਆ ਪਹਿਲਾ ਟੈਸਟ ਮੈਚ ਵੀ ਕਦੇ ਨਹੀਂ ਭੁੱਲੇਗਾ ਜਿਥੇ ਮੈਂ ਪਹਿਲਾ ਸੈਂਕੜਾ ਮਾਰਿਆ ਸੀ। ਨਾ 2007 ਵਿਚ ਇੰਗਲੈਂਡ ਵਿਰੁੱਧ ਸਟੂਅਰਟ ਦੀਆਂ 6 ਬਾਲਾਂ 'ਤੇ ਮਾਰੇ 6 ਛੱਕੇ ਕਦੇ ਭੁੱਲਣਗੇ ਤੇ ਨਾ 2011 ਦਾ ਵਰਲਡ ਕੱਪ ਫਾਈਨਲ ਭੁੱਲੇਗਾ।

ਚੰਗੀ ਕਾਰਗੁਜ਼ਾਰੀ ਨਾਲ ਮੇਰੀ ਮਾੜੀ ਕਾਰਗੁਜ਼ਾਰੀ ਦੀ ਚੀਸ ਵੀ ਨਹੀਂ ਭੁੱਲੇਗੀ ਜੋ 2014 ਵਰਲਡ ਟੀ-20 ਦੇ ਲੰਕਾ ਵਿਰੁੱਧ ਫਾਈਨਲ ਮੈਚ ਵਿਚ ਪਈ ਸੀ। ਉਥੇ ਮੈਂ 21 ਬਾਲਾਂ 'ਤੇ ਕੇਵਲ 11 ਦੌੜਾਂ ਹੀ ਬਣਾ ਸਕਿਆ ਸਾਂ। ਮੈਂ ਫੈਸਲਾ ਕਰ ਲਿਆ ਸੀ ਕਿ ਹੁਣ ਮੈਂ ਕ੍ਰਿਕਟ ਨਹੀਂ, ਕੈਂਸਰ ਵਿਰੁਧ ਲੜਨ ਜੋਗਾ ਹੀ ਰਹਿ ਗਿਆ ਹਾਂ। ਇਹ ਵੱਖਰੀ ਗੱਲ ਹੈ ਕਿ 2024 ਵਿਚ ਪਹਿਲੀ ਵਰਲਡ ਚੈਂਪੀਅਨਸ਼ਿਪ ਆਫ਼ ਲੀਜੈਂਡਜ਼ ਵਿਚ ਉਸ ਨੇ ਭਾਰਤੀ ਚੈਂਪੀਅਨਜ਼ ਟੀਮ ਦੀ ਕਪਤਾਨੀ ਕਰ ਕੇ ਪਾਕਿਸਤਾਨ ਦੇ ਚੈਂਪੀਅਨਾਂ ਨੂੰ ਹਰਾ ਦਿੱਤਾ।

ਉਸ ਨੇ ਅੰਤਰਰਾਸ਼ਟਰੀ ਟੈਸਟ ਮੈਚਾਂ ਵਿਚ 33.92 ਦੀ ਔਸਤ ਨਾਲ 1900 ਦੌੜਾਂ ਬਣਾਈਆਂ ਜਿਨ੍ਹਾਂ 'ਚ 3 ਸੈਂਚਰੀਆਂ ਤੇ 9 ਵਿਕਟਾਂ ਸ਼ਾਮਲ ਸਨ। ਇਕ ਰੋਜ਼ਾ ਮੈਚਾਂ ਵਿਚ 36.55 ਦੀ ਔਸਤ ਨਾਲ 8701 ਦੌੜਾਂ ਬਣਾਈਆਂ ਜਿਨ੍ਹਾਂ 'ਚ 14 ਸੈਂਚਰੀਆਂ ਮਾਰੀਆਂ ਤੇ 111 ਵਿਕਟਾਂ ਲਈਆਂ। ਟੀ-20 ਮੈਚਾਂ ਵਿਚ 28.2 ਦੀ ਔਸਤ ਨਾਲ 1177 ਦੌੜਾਂ, 8 ਹਾਫ਼ ਸੈਂਚਰੀਆਂ ਤੇ 28 ਵਿਕਟਾਂ ਦਾ ਅੰਕੜਾ ਸੀ। ਚੌਕੇ ਛੱਕੇ ਮਾਰਨ ਵਾਲਾ ਯੁਵੀ 2011 ਦਾ ਵਰਲਡ ਕੱਪ ਕੈਂਸਰ ਕਾਰਨ ਖੰਘਦਾ ਹੋਇਆ ਹੀ ਖੇਡਿਆ ਸੀ।

ਯੁਵਰਾਜ ਸਿੰਘ ਨੇ ਭਾਰਤੀ ਟੀਮ ਦਾ ਅੰਗ ਬਣ ਕੇ ਭਾਰਤ ਨੂੰ ਤਿੰਨ ਵਿਸ਼ਵ ਕੱਪ ਜਿਤਵਾਏ। ਜਿਸ ਦੇ ਇਵਜ਼ 'ਚ ਉਸ ਨੂੰ 'ਮੈਨ ਆਫ਼ ਦਾ ਵਰਲਡ ਕੱਪ' ਦੇ ਸਨਮਾਨ ਮਿਲੇ। ਉਸ ਕੋਲ ਆਈਸੀਸੀ ਦੀਆਂ ਸਭਨਾਂ ਤਰ੍ਹਾਂ ਦੀਆਂ ਟਰਾਫੀਆਂ ਹਨ। ਉਸ ਨੇ ਸਵੈ-ਜੀਵਨੀ 'ਦਿ ਟੈਸਟ ਆਫ ਮਾਈ ਲਾਈਫ ਫਰੌਮ ਕ੍ਰਿਕਟ ਟੂ ਕੈਂਸਰ ਐਂਡ ਬੈਕ' ਲਿਖੀ ਜੋ ਉਸ ਦੇ ਖੇਡ ਜੀਵਨ ਅਤੇ ਕੈਂਸਰ ਨਾਲ ਸੰਘਰਸ਼ ਦੀ ਦਾਸਤਾਨ ਹੈ। ਉਹ ਪੁੱਲ, ਫਲਿੱਕ ਕੇ ਕੱਟ ਸ਼ਾਟ ਮਾਰਨ ਦਾ ਮਾਹਿਰ ਸੀ ਤੇ ਕਿਸੇ ਵੀ ਗੇਂਦਬਾਜ਼ ਦੀ ਕਿਸੇ ਵੀ ਥਾਂ ਸੁੱਟੀ ਗੇਂਦ ਨੂੰ ਬਾਊਂਡਰੀ ਟਪਾਉਣ ਵਾਲਾ ਜੁਝਾਰੂ ਜੋਧਾ ਸੀ। ਯੁਵਰਾਜ ਨੇ ਆਪਣੇ ਖੇਡ ਕਰੀਅਰ ਦੌਰਾਨ ਘਰੇਲੂ ਤੇ ਕੌਮਾਂਤਰੀ ਮੈਚਾਂ ਨੂੰ ਮਿਲਾ ਕੇ ਕੁੱਲ 38,263 ਦੌੜਾਂ ਬਣਾਈਆਂ, ਜਿਨ੍ਹਾਂ ਵਿਚ 62 ਸੈਂਕੜੇ ਤੇ 212 ਅਰਧ ਸੈਂਕੜੇ ਹਨ। ਸਿਕਸਰ ਕਿੰਗ ਵਜੋਂ ਜਾਣੇ ਜਾਂਦੇ ਯੁਵਰਾਜ ਨੇ 512 ਛੱਕੇ ਤੇ 1631 ਚੌਕੇ ਜੜੇ। ਗੇਂਦਬਾਜ਼ੀ ਕਰਦਿਆਂ ਉਸ ਨੇ 435 ਵਿਕਟਾਂ ਲਈਆਂ ਤੇ ਫੀਲਡਿੰਗ ਕਰਦਿਆਂ 440 ਕੈਚ ਬੋਚੇ। ਅੰਡਰ-19 ਵਿਸ਼ਵ ਕੱਪ ਤੇ ਆਈਸੀਸੀ ਵਿਸ਼ਵ ਕੱਪ 'ਚ 'ਮੈਨ ਆਫ ਦਿ ਟੂਰਨਾਮੈਂਟ' ਦੇ ਸਨਮਾਨ ਮਿਲੇ। ਐਵੇਂ ਨਹੀਂ ਕਹਿੰਦੇ: ਯੁਵੀ ਜੱਟ ਨੀ ਕਿਸੇ ਬਣ ਜਾਣਾ ਘਰ ਘਰ ਪੁੱਤ ਜੰਮਦੇ!

# ਜਦੋਂ ਜੱਜ ਸਾਹਿਬਾ ਨੇ ਪੁਆਈ ਭਾਊ ਦੀ ਪੇਸ਼ੀ!

ਫਿਰੋਜ਼ਪੁਰ ਇਕ ਐਡੀਸ਼ਨਲ ਸੈਸ਼ਨ ਜੱਜ ਸਾਹਿਬਾ ਬੱਸ ਰਾਹੀਂ ਆਇਆ ਜਾਇਆ ਕਰਦੇ ਸਨ। ਉਹ ਹੁੰਦੇ ਵੀ ਬਹੁਤ ਸੋਹਣੇ ਸਨ। ਕੁਦਰਤ ਦਾ ਸ਼ਾਹਕਾਰ ਹੀ ਕਹਿ ਲਵੋ। ਦੂਜਾ ਜੱਜ ਸਾਹਿਬਾ ਦੀ ਬੋਲਬਾਣੀ ਵੀ ਪਿਉਰ ਪੇਂਡੂ ਮਝੈਲ ਜੱਟੀਆਂ ਵਾਲੀ ਸੀ।

ਹਰ ਆਮ ਖਾਸ ਨਾਲ ਬੱਸ 'ਚ ਘੁਲ-ਮਿਲ ਜਾਂਦੇ ਸੀ, ਕਿਸੇ ਨੂੰ ਮਹਿਸੂਸ ਨਾ ਹੁੰਦਾ ਕਿ ਨਾਲ ਬੈਠੀ ਸਵਾਰੀ ਕਿਸੇ ਜ਼ਿਲ੍ਹੇ ਦੀ ਸੈਸ਼ਨ ਜੱਜ ਵੀ ਹੋ ਸਕਦੀ ਹੈ।

ਇੱਕ ਦਿਨ ਉਹ ਜਿਸ ਬੱਸ 'ਤੇ ਰੁਟੀਨ ਵਾਈਜ਼ ਅੰਬਰਸਰੋਂ ਆਉਂਦੇ ਸੀ ਚੜ੍ਹ ਗਏ। ਕੁਦਰਤੀ ਉਹ ਬੱਸ ਦਾ ਡਰੈਵਰ ਬਦਲਿਆ ਸੀ। ਉਸ ਦਿਨ ਉਹਦੀ ਮਾੜੀ ਕਿਸਮਤ ਨੂੰ ਜੱਜ ਸਾਹਿਬਾ ਵੀ ਮੂਹਰੇ ਬੈਠ ਗਏ ਡਰੈਵਰ ਸੀਟ ਵਾਲੇ ਪਾਸੇ ਦੂਜੀ-ਤੀਜੀ ਸੀਟ 'ਤੇ।

ਬੱਸ ਫਿਰ ਕੀ ਸੀ ਸੋਹਣੀ ਸਵਾਰੀ ਵੇਖ ਕੇ ਡਰੈਵਰ ਭਾਊ ਨੇ ਵੀ ਕੰਮ ਸ਼ੁਰੂ ਕਰ'ਤਾ। ਗੱਡ ਲੀ ਅੱਖ ਸ਼ੀਸ਼ੇ 'ਚੋਂ ਤੇ ਜਿਉਂ ਲੱਗਾ ਅੰਬਰਸਰੋਂ ਟਰਾਈਆਂ ਮਾਰਨ। ਜੱਜ ਸਾਹਿਬਾ ਨੇ ਸਮਝ ਲਿਆ ਕਿ ਭਾਊ ਮੱਛਰ ਗਿਆ। ਜੱਜ ਸਾਹਿਬਾ ਵੀ ਕਿਤੇ ਕੁਦਰਤੀ ਹੱਸ ਪਏ। ਭਾਊ ਕਹਿੰਦਾ, 'ਗੱਲ ਬਣਗੀ।'

ਹਰੀਕੇ ਆ ਕੇ ਬੱਸ 2 ਕੁ ਮਿੰਟ ਰੁਕਦੀ ਹੁੰਦੀ ਸੀ। ਡਰੈਵਰ ਭਾਊ ਨੇ ਪਰਚੀ 'ਤੇ ਨੰਬਰ ਲਿਖ ਕੇ ਹੇਠਾਂ ਉਤਰ ਸ਼ੀਸ਼ੇ ਦੀ ਬਾਰੀ ਥਾਣੀ ਜੱਜ ਸਾਹਿਬਾ ਦੀ ਝੋਲੀ 'ਚ ਪਰਚੀ ਸੁਟੀ ਤੇ ਆਪ ਵਾਜਾਂ ਮਾਰਨ ਲੱਗ ਪਿਆ, ਜ਼ੀਰਾ, ਫਿਰੋਜ਼ਪੁਰ, ਜ਼ੀਰਾ ਫਿਰੋਜ਼ਪੁਰ। ਮੁਕਦੀ ਗੱਲ ਭਾਊ ਬੱਸ 'ਚੋਂ ਅਨੰਦ ਕਾਰਜ ਕਰਾਉਣ ਨੂੰ



ਫਿਰੇ। ਜਿਵੇਂ-ਕਿਵੇਂ ਬੱਸ ਫਿਰੋਜ਼ਪੁਰ ਪਹੁੰਚ ਗਈ। ਅੱਗੋਂ ਜੱਜ ਸਾਹਿਬ ਦੇ ਗੰਨਮੈਨ ਵੀ ਜੱਜ ਸਾਹਿਬ ਨੂੰ ਲੈਣ ਲਈ ਖੜ੍ਹੇ ਸੀ।

ਜਦੋਂ ਬੱਸ ਖੜ੍ਹੀ ਤਾਂ ਗੰਨਮੈਨ ਭੱਜ ਕੇ ਬੱਸ ਚੜ੍ਹਿਆ, ਜੱਜ ਸਾਹਿਬਾ ਦਾ ਸਮਾਨ ਵਗੈਰਾ ਫੜਨ ਲਈ। ਜਦੋਂ ਡਰੈਵਰ ਨੇ ਦੇਖਿਆ ਕਿ ਬੀਬੀ ਤਾਂ ਕੋਈ ਅਫਸਰ ਲੱਗਦੀ ਹੈ, ਡਰੈਵਰ ਨੂੰ ਵੀ ਝਣਕਾਰੇ ਜਿਹੇ ਪੈਣ ਲੱਗੇ ਕਿ ਕੰਮ ਕਿਤੇ ਪੁਠਾ ਤਾਂ ਨਹੀਂ ਕਰ ਲਿਆ। ਦਵਾ-ਦਵ ਉਤਰ ਕੇ ਬਾਹਰ ਆਇਆ ਤੇ ਉਧਰੋਂ ਜੱਜ ਸਾਹਿਬਾ ਵੀ ਗੱਡੀ ਕੋਲ ਆ ਕੇ ਕਹਿੰਦੇ 'ਅੱਡਾ ਇੰਚਾਰਜ ਸੱਦੋ।'

ਜੱਜ ਸਾਹਿਬਾ ਅੱਡਾ ਇੰਚਾਰਜ ਨੂੰ ਕਹਿੰਦੇ 'ਆਹ ਡਰਾਈਵਰ ਨੂੰ ਪੇਸ਼ ਕਰੋ ਅਦਾਲਤ 'ਚ ਮੇਰੇ ਬੈਠਦੇ ਹੀ।'

ਬੱਸ ਫਿਰ ਕੀ ਸੀ ਭਾਊ ਨੂੰ ਵੀ ਆਉਣ ਤਰੇਲੀਆਂ।

ਮੁਕਦੀ ਗੱਲ ਡਰੈਵਰ ਪੇਸ਼ ਹੋਇਆ ਤਾਂ ਜੱਜ ਸਾਹਿਬਾ ਕਹਿੰਦੇ 'ਹੁਣ ਮੈਨੂੰ ਉਵੇਂ ਹੀ ਦੇਖ ਜਿਵੇਂ ਬੱਸ 'ਚੋਂ ਦੇਖਦਾ ਸੀ ਤੇ ਉਵੇਂ ਮੁੱਛਾਂ ਸਵਾਰ ਤੇ ਉਵੇਂ ਇਸ਼ਾਰੇ ਕਰ।'

ਡਰੈਵਰ ਲੰਮਾ ਪੈ ਗਿਆ ਜਿਵੇਂ ਨੌਂ ਗਜੇ ਪੀਰ ਦੇ ਮਸਤ ਪਏ ਹੁੰਦੇ ਨੇ। ਕਹਿੰਦਾ 'ਬੱਚਿਆਂ ਵਾਲਿਓ, ਗਲਤੀ ਹੋਗੀ ਬਖ਼ਸ਼ ਲਓ, ਪਰ ਬੱਸ ਵਾਲੀ ਗੱਲ ਨਹੀਂ ਹੋਣੀ ਮੇਰੇ ਤੋਂ।' ਕਹਿੰਦਾ 'ਜੀ ਸਜ਼ਾ ਜੋ ਮਰਜ਼ੀ ਦੇ ਦਿਉ ਪਰ ਬੱਸ 'ਤੇ ਨਾ ਆਇਆ ਕਰੋ ਨਹੀਂ ਤਾਂ ਅੰਬਰਸਰ ਡੀਪੂ ਆਲੇ ਤਾਂ ਪੇਸ਼ੀਆਂ ਈ ਭੁਗਤਿਆ ਕਰਨਗੇ।'

-ਹਰਜੋਤ

# ਕਵਿਤਾ ਵਰਗੀ ਪੱਤਝੜ

## ਸ਼ਬਦ ਜੋਤ



ਡਾ. ਗੁਰਬਖਸ਼ ਸਿੰਘ ਭੰਡਾਲ
ਫੋਨ: 216-556-2080

ਪੱਤਝੜ, ਕੁਦਰਤ ਦੀ ਸੱਭ ਤੋਂ ਸੁੰਦਰ ਕਵਿਤਾ। ਰੰਗਾਂ ਦੀ ਭਾਹ। ਕਮਾਲ ਦੀ ਕਲਾਕਾਰੀ। ਕਾਇਨਾਤ ਦਾ ਮਨਮੋਹਕ ਨਮੂਨਾ। ਵਿਭਿੰਨ ਭਾਵਨਾਵਾਂ ਅਤੇ ਅਹਿਸਾਸਾਂ ਵਾਲੀ ਰੰਗਤ। ਬਹੁਤ ਹੀ ਸੂਖਮ ਅਤੇ ਸੰਵੇਦਨਾ ਨਾਲ ਲਬਰੇਜ਼। ਇਸ ਕਵਿਤਾ ਵਿਚ ਭਾਵੁਕ ਮਨੁੱਖ ਖ਼ੁਦ ਵੀ ਕਵਿਤਾ ਕਵਿਤਾ ਹੋਣਾ ਲੋਚਦਾ। ਜਦ ਫ਼ਿਜ਼ਾ ਵਿਚ ਕਵਿਤਾ ਪਸਰੀ ਹੋਵੇ ਤਾਂ ਸਮੁੱਚੀ ਕਾਇਨਾਤ ਵੀ ਕਾਵਿਕ ਰੰਗਣ ਵਿਚ ਰੰਗੀ ਜਾਂਦੀ।

ਪੱਤਝੜ ਕਦੇ ਬਾਹਰੀ ਤੇ ਕਦੇ ਅੰਤਰੀਵੀ। ਕਦੇ ਰੰਗੀਨ ਤੇ ਕਦੇ ਘਸਮੈਲੀ। ਕਦੇ ਉਦਾਸ ਤੇ ਕਦੇ ਹੁਲਾਸ। ਕਦੇ ਕਿਸੇ ਦੇ ਜਾਣ ਦਾ ਹੇਰਵਾ ਤੇ ਕਦੇ ਕਿਸੇ ਦੀ ਆਮਦ ਦਾ ਸੁਗਮ ਸੁਨੇਹਾ। ਕਦੇ ਕਿਸੇ ਤੋਂ ਵਿਛੜਨ ਦੀ ਪੀੜਾ ਤੇ ਕਦੇ ਕਿਸੇ ਨੂੰ ਮਿਲਣ ਦਾ ਵਿਸਮਾਦ।

ਬਹੁਤ ਸਾਰੇ ਰੰਗ ਤੇ ਪਰਤਾਂ ਨੇ ਪੱਤਝੜ ਦੀਆਂ। ਅਸੀਂ ਕਿਹੜੇ ਰੰਗ ਨੂੰ ਕਿਸ ਦ੍ਰਿਸ਼ਟੀ ਨਾਲ ਦੇਖਣਾ, ਇਸ ਵਿਚੋਂ ਕਿਹੜੇ ਵਿਚਾਰਾਂ ਨੂੰ ਨਿਚੋੜਨਾ, ਕਿਹੜੀਆਂ ਸੋਚਾਂ ਨੂੰ ਪ੍ਰਫੁੱਲਤ ਕਰਨਾ ਜਾਂ ਕਿਹੜੀਆਂ ਭਾਵਨਾਵਾਂ ਨੂੰ ਮਨ ਦੀ ਕਬਰ ਵਿਚ ਦਫ਼ਨਾਉਣਾ, ਇਹ ਬੰਦੇ ਦੀ ਮਾਨਸਿਕਤਾ 'ਤੇ ਨਿਰਭਰ। 'ਕੇਰਾਂ ਮਨ ਵਿਚ ਆਇਆ:

ਜੀਅ ਕਰਦਾ ਹੈ
ਮੈਂ ਪੱਤਝੜ ਦੀ ਕਵਿਤਾ ਬਣ ਜਾਵਾਂ
ਕਵਿਤਾ
ਜਿਸ ਵਿਚ ਸਾਰੇ ਰੰਗ ਘੁੱਲੇ ਹੋਣ,
ਕੁਝ ਸੂਹੇ, ਕੁਝ ਪੀਲੇ, ਕੁਝ ਸੰਦਲੀ, ਤੇ ਕੁਝ ਭੂਰੇ।
ਰੰਗ ਜੋ ਜਿੰਦਗੀ ਦੇ ਰੰਗਾਂ ਦੀ ਤਸ਼ਬੀਹ,
ਮੇਰੇ ਲਈ ਤਦਬੀਰਾਂ ਦੀਆਂ ਸੂਹਾਂ
ਤੇ ਉਨ੍ਹਾਂ ਵਿਚੋਂ ਉਘੜਦੀ ਤਕਦੀਰੀ ਤਸਵੀਰ।
ਇਨ੍ਹਾਂ ਰੰਗਾਂ ਦੀ ਦੁਨੀਆਂ ਬਹੁਤ ਵਚਿੱਤਰ
ਮਨ ਦੀਆਂ ਪਰਤਾਂ ਦੀ ਨਿਸ਼ਾਨਦੇਹੀ
ਅਚੇਤ ਰੂਪ ਵਿਚ ਬਹੁਤ ਕੁਝ ਸੰਵੇਦਨਾ 'ਚ ਧਰਦੇ
ਜ਼ਿੰਦਗੀ ਨੂੰ ਅਲੋਕਾਰੇ ਪੱਖਾਂ ਨਾਲ ਰੂਪਮਾਨ ਕਰਦੇ
ਤੇ ਜੀਵਨ ਅਲੋਕਾਰੀ ਦ੍ਰਿਸ਼ਟੀਕੋਣ ਤੋਂ ਮੁਖ਼ਾਤਬ ਹੁੰਦਾ।
ਇਹ ਪੱਤਝੜ ਦੀ ਕਵਿਤਾ
ਦਰਅਸਲ ਮੇਰੀ ਅੰਦਰਲੀ ਪੱਤਝੜ ਦਾ ਸ਼ਬਦੀ ਬਿਰਤਾਂਤ
ਪਰ ਇਹ ਪੱਤਝੜ ਉਦਾਸ ਤੇ ਨਿਰਾਸ਼ ਨਹੀਂ
ਸਗੋਂ ਇਹ ਤਾਂ ਹੁਲਾਸ ਨਾਲ ਭਰੀ
ਤੇ ਵਿਸ਼ਵਾਸ਼ ਤੇ ਆਸ ਨਾਲ ਲਬਰੇਜ਼
ਸੁਖਨ, ਸਹਿਜ, ਸੰਤੁਸ਼ਟੀ ਤੇ ਸਕੂਨ ਦਾ ਪੈਗਾਮ ਦਿੰਦੀ
ਇਹ ਪੱਤਝੜੀ ਕਵਿਤਾ
ਸੂਹੇ ਰੰਗ ਬਿਖੇਰਦੀ
ਮੋਹ ਦੀਆ ਤਰੰਗਾਂ ਛੇੜਦੀ
ਦਿਲਦਾਰੀ ਦਾ ਰਾਗ ਅਲਾਪਦੀ
ਤੇ ਖੁਸ਼ੀਆਂ ਤੇ ਖੇੜਿਆਂ ਨਾਲ ਹੁਲਾਰਦੀ
ਤਲੀ ਤੇ ਸੁੱਚੇ ਸਾਹਾਂ ਦੀ ਦਾਤ ਪਾਉਂਦੀ
ਮੱਥੇ ਤੇ ਤਕਦੀਰਾਂ ਉਘਾੜਦੀ
ਇਕ ਦਿਨ ਅਲਵਿਦਾ ਕਹਿ ਜਾਂਦੀ
ਪਰ
ਇਹ ਅਲਵਿਦਾ ਕਦੇ ਵੀ ਆਖਰੀ ਨਹੀਂ ਹੁੰਦੀ
ਕਿਉਂਕਿ ਇਸ ਅਲਵਿਦਾ ਵਿਚ ਸਿੰਮਦਾ ਹੈ
ਬਹਾਰ ਦੀ ਆਮਦ ਦਾ ਸੁਨੇਹਾ।

ਅਕਸਰ ਅਸੀਂ ਕੁਦਰਤ ਦੇ ਵਿਹੜੇ ਉਤਰੀ ਪੱਤਝੜ ਨੂੰ ਦੇਖਣ ਤੀਕ ਸੀਮਤ। ਬਿਰਖ਼ਾਂ ਦੇ ਪਿੰਡਿਆਂ ਤੇ ਛਾ ਜਾਣ ਵਾਲੀ ਵੈਰਾਨਗੀ ਤੋਂ ਚਿੰਤਤ। ਇਸਦੇ ਪਿੰਡੇ ਤੇ ਲੱਥਣ ਵਾਲੇ ਹਰਿਆਵਲੇ ਬਾਣੇ ਦੇ ਫਿਕਰ ਵਿਚ ਫ਼ਿਕਰਮੰਦ ਹੋ ਜਾਂਦੇ। ਨੰਗੇ ਪਿੰਡੇ ਬਰਫ਼ਾਂ ਦੀ ਸੀਤ ਹੰਢਾਉਂਦੇ। ਬਿਰਖ਼ ਦੇ ਅੰਦਰਲੀ ਮੱਗਦੀ ਅੱਗ ਦਾ ਹੀ ਕਮਾਲ ਕਿ ਉਹ ਮੌਸਮ ਪਰਤਣ ਦੀ ਆਸ ਤੇ ਫਿਰ ਪੱਤਿਆਂ ਦੀ ਆਮਦ ਲਈ ਨੈਣ ਵਿਛਾਉਂਦਾ। ਕਰੂੰਬਲਾਂ ਨਾਲ ਖੁਦ ਨੂੰ ਸਜਾਉਣ, ਪੱਤਿਆਂ ਥੀਂ ਸਰਕਦੀ ਹਵਾ ਨਾਲ ਪੈਦਾ ਹੋਏ ਸੰਗੀਤ ਨੂੰ ਫਿਰ ਤੋਂ ਮਾਨਣ ਦੀ ਚਾਹਤ ਸਜਾਈ ਰੱਖਦਾ।

ਪੱਤਝੜ ਆਉਣ 'ਤੇ ਬਿਰਖ਼ ਕਦੇ ਵੀ ਉਦਾਸ ਨਹੀਂ ਹੁੰਦਾ ਅਤੇ ਨਾ ਹੀ ਪੱਤਿਆਂ ਦੇ ਚਿਹਰੇ ਤੇ ਕੋਈ ਸ਼ਿਕਨ ਜਾਂ ਅਫਸੋਸ, ਕਿਉਂਕਿ ਬਿਰਖ਼ ਅਤੇ ਪੱਤਿਆਂ ਨੂੰ ਇਹ ਪਤਾ ਹੁੰਦਾ ਕਿ ਅਸੀਂ ਫਿਰ ਤੋਂ ਇਕ ਦੂਜੇ ਦੇ ਸਾਥ ਵਿਚ ਹਰ ਪਲ ਨੂੰ ਮਾਨਣਾ। ਅਸੀਂ ਮਨੁੱਖ ਨੂੰ ਇਹ ਸੁਨੇਹਾ ਦੇਣਾ ਕਿ ਹਰ ਪੱਤਝੜ ਤੋਂ ਬਾਅਦ ਬਹਾਰ ਨੇ ਜ਼ਰੂਰ ਆਉਣਾ ਹੁੰਦਾ। ਸਿਰਫ਼ ਮਨਾਂ ਵਿਚ ਆਸ ਹੋਵੇ ਤਾਂ ਸਮਾਂ ਪਰਤਦਿਆਂ ਪਲ ਵੀ ਨਹੀਂ ਲੱਗਦਾ। ਚਿੱਤ ਵਿਚ ਧਰਵਾਸ ਹੋਵੇ ਤਾਂ ਵਿਛੜਨ ਵਿਚੋਂ ਵੀ ਮਿਲਾਪ ਵਰਗਾ ਵਿਸਮਾਦ ਮਾਣ ਸਕਦੇ ਹਾਂ। ਮਨ ਵਿਚ ਕੁਝ ਕਰਨ ਦਾ ਹੱਠ ਹੋਵੇ ਤਾਂ ਪੱਤਝੜ ਦੇ ਪਿੰਡੇ 'ਤੇ ਵੀ ਬਹਾਰਾਂ ਦੇ ਸਿਰਨਾਵੇਂ ਲਿਖੇ ਜਾ ਸਕਦੇ, ਬਰੇਤਿਆਂ ਨੂੰ ਵੀ ਦਰਿਆਵਾਂ ਦਾ ਰੂਪ ਦਿਤਾ ਜਾ ਸਕਦਾ ਅਤੇ ਰੱਕੜਾਂ ਨੂੰ ਲਹਿਰਾਉਂਦੀਆਂ ਫ਼ਸਲਾਂ ਦਾ ਸ਼ਗਨ ਪਾਇਆ ਜਾ ਸਕਦਾ।

ਕਦੇ ਦੇਖਣਾ! ਪੱਤਝੜ ਵਿਚ ਦਰੱਖਤ ਤੋਂ ਡਿਗਦੇ ਪੱਤੇ ਵਗਦੀ ਹਵਾ ਨਾਲ ਨੱਚਦੇ ਹੋਏ ਧਰਤੀ ਦੀ ਬੁਕਲ ਵਿਚ ਸਮਾ ਜਾਂਦੇ। ਜਰਾ ਦਰੇਗ ਨਹੀਂ ਟੁੱਟਣ ਦਾ ਕਿਉਂਕਿ ਉਹ ਜਾਣਦੇ ਨੇ ਅਸੀਂ ਨਵੇਂ ਰੂਪ ਵਿਚ ਫਿਰ ਪਰਤ ਆਉਣਾ ਏ।

ਪੱਤਝੜ ਵਿਚ ਸੋਨਰੰਗੇ ਅਤੇ ਸੂਹੇ ਪੱਤਿਆਂ ਦੀ ਸੱਤਰੰਗੀ, ਬਿਰਖ਼ 'ਤੋਂ ਧਰਤ ਵੱਲ ਨੂੰ ਸਫ਼ਰ 'ਤੇ ਤੁਰਦਿਆਂ ਇਹ ਸੁਨੇਹਾ ਮਨ-ਮਸਤਕ ਵਿਚ ਧਰ ਹੀ ਜਾਂਦੀ ਕਿ ਪੱਤਝੜ ਬਹੁਤ ਸੁੰਦਰ ਵੀ ਹੁੰਦੀ ਆ।

ਪੱਤਝੜ ਵਿਚ ਬਿਰਖ ਖੁਸ਼ੀ ਖੁਸ਼ੀ ਪੁਰਾਣੇ ਪੱਤਿਆਂ ਨੂੰ ਅਲਵਿਦਾ ਕਹਿੰਦਾ ਕਿਉਂਕਿ ਉਸਨੂੰ ਸਮਝ ਹੈ ਕਿ ਪੁਰਾਣੇ ਜਾਣਗੇ ਤਾਂ ਹੀ ਨਵੇਂ ਆਉਣਗੇ।

ਪੱਤਝੜ ਦਰਅਸਲ ਇਕ ਪੜਾਅ ਹੈ ਰੁੱਤਾਂ ਦਾ ਜਿਹੜੀ ਕਦੇ ਵੀ ਸਦੀਵ ਨਹੀਂ ਰਹਿੰਦੀ। ਇਸਨੇ ਲੰਘ ਜਾਣਾ ਅਤੇ ਯਾਦਾਂ ਦਾ ਇਕ ਜਖੀਰਾ ਸਾਡੇ ਸੰਵੇਦਨਾ ਦੀ ਕਿੱਲੀ 'ਤੇ ਟੰਗ ਜਾਣਾ ਕਿ ਪੱਤਝੜ ਦੇ ਪਲਾਂ ਨੂੰ ਅਸੀਂ ਕਿਵੇਂ ਜੀਵਿਆ? ਇਸ ਵਿਚੋਂ ਕੀ ਸਿਖਿਆ ਅਤੇ ਇਸ ਨੂੰ ਆਪਣੇ ਜੀਵਨ ਵਿਚ ਕਿਵੇਂ ਅਪਣਾਇਆ? ਆਉਣ ਵਾਲੀਆਂ ਜੀਵਨੀ ਪੱਤਝੜਾਂ ਨੂੰ ਕਿਵੇਂ ਖੁਸ਼ਆਮਦੀਦ ਕਹਿਣਾ ਅਤੇ ਬਹਾਰਾਂ ਦੇ ਪਰਤਣ 'ਤੇ ਇਨ੍ਹਾਂ ਨੂੰ ਅਲਵਿਦਾ ਕਹਿਣ ਦਾ ਕੀ ਅੰਦਾਜ਼ ਹੋਣਾ?

ਯਾਦ ਰਹੇ ਕਿ ਜੀਵਨ ਕਦੇ ਵੀ ਇਕਸਾਰ ਨਹੀਂ। ਕਦੇ ਇਸਦੇ ਵਿਹੜੇ ਬਹਾਰ ਦੀ ਦਸਤਕ, ਕਦੇ ਪੱਤਝੜਾਂ ਦੀ ਹੱਲਚੱਲ,



ਕਦੇ ਤੱਪਦੀਆਂ ਦੁਪਹਿਰਾਂ ਅਤੇ ਕਦੇ ਹੱਡ-ਚੀਰਵੀਂ ਸੀਤ। ਕਦੇ ਮਨ ਦੇ ਵਿਹੜੇ ਖੇੜਿਆਂ ਦਾ ਵਾਸਾ ਅਤੇ ਕਦੇ ਉਦਾਸੀਆਂ ਦੀ ਪ੍ਰਕਰਮਨਾ। ਕਦੇ ਦੁੱਖਾਂ ਦੀ ਹੂੰਗਰ ਅਤੇ ਕਦੇ ਸੁੱਖਾਂ ਦਾ ਹੋਕਰਾ। ਕਦੇ ਕੁਝ ਪ੍ਰਾਪਤੀਆਂ ਦਾ ਸਕੂਨ ਅਤੇ ਕਦੇ ਕੁਝ ਅਸਫ਼ਲਤਾਵਾਂ ਦੀ ਬੇਚੈਨੀ। ਕਦੇ ਕਿਸੇ ਸੁਪਨੇ ਦਾ ਸੱਚ ਅਤੇ ਕਦੇ ਕਿਸੇ ਆਸ ਦਾ ਬੇਵਾ ਹੋਣਾ। ਕਦੇ ਪੈਰਾਂ ਵਿਚ ਸਫ਼ਰ ਦਾ ਉਗਣਾ ਅਤੇ ਕਦੇ ਕਦਮਾਂ ਵਿਚ ਉਗੀਆਂ ਖਾਈਆਂ। ਪਰ ਇਸਦੇ ਬਾਵਜੂਦ ਜੀਵਨ ਦੀ ਨਿਰੰਤਰਤਾ ਬਰਕਰਾਰ। ਕਦੇ ਨਹੀਂ ਰੁੱਕਦੀ, ਥੱਕਦੀ, ਅੱਕਦੀ ਜਾਂ ਝੱਕਦੀ। ਸਗੋਂ ਆਪਣੀ ਪੈੜ-ਚਾਲ ਨੂੰ ਸਾਵਾਂ ਰੱਖਦਿਆਂ, ਆਪਣੇ ਰਾਹਾਂ ਦੀ ਨਿਸ਼ਾਨਦੇਹੀ ਵਿਚੋਂ ਨਵੀਆਂ ਉਪਲਬਧੀਆਂ ਦੀ ਸੁਗਾਤ ਜ਼ਿੰਦਗੀ ਦੇ ਪੱਲੇ ਪਾਉਂਦੀ ਅਤੇ ਇਸਦੀ ਤੋਰ ਦੀ ਬਰਕਰਾਰੀ ਲਈ ਹਰ ਕੋਸ਼ਿਸ਼ ਜੁਟਾਉਂਦੀ।

ਬੰਦੇ ਨੂੰ ਕੁਦਰਤ ਦੀਆਂ ਇਨ੍ਹਾਂ ਕਿਰਿਆਵਾਂ 'ਤੋਂ ਹੀ ਸਿਖਣਾ ਚਾਹੀਦਾ ਕਿ ਕੁਝ ਵੀ ਸਥਿੱਰ ਨਹੀਂ। ਹਰ ਕੋਈ ਸਫ਼ਰ ਵਿਚ। ਵੱਖ-ਵੱਖ ਪੜਾਅ। ਵੱਖ-ਵੱਖ ਠਹਿਰਾਅ। ਵੱਖ-ਵੱਖ ਸੁਪਨੇ, ਸੱਧਰਾਂ ਸੰਭਾਵਨਾਵਾਂ ਅਤੇ ਸਫ਼ਲਤਾਵਾਂ। ਸਫ਼ਰ ਨੂੰ ਜਾਰੀ ਰੱਖਣਾ ਅਹਿਮ। ਯਤਨ ਕਰਨਾ ਪ੍ਰਮੁੱਖ ਹੋਣਾ ਚਾਹੀਦਾ। ਕਿਸਮਤ ਬਦਲਦਿਆਂ ਦੇਰ ਨਹੀਂ ਲੱਗਦੀ ਸਿਰਫ਼ ਤੁਹਾਡੀਆਂ ਕੋਸ਼ਿਸਾਂ ਤੁਹਾਡੇ ਅਕੀਦੇ ਨੂੰ ਸਮਰਪਿੱਤ ਹੋਣ ਅਤੇ ਕੁਝ ਪਾਉਣ ਦਾ ਜ਼ਜਬਾ ਤੇ ਜਨੂੰਨ ਤੁਹਾਡੀ ਸੋਚ ਦਾ ਹਾਣੀ ਹੋਵੇ।

ਯਾਦ ਰਹੇ ਕਿ ਪਤੜੱੜ ਸਿਰਫ਼ ਬਾਹਰੀ ਹੀ ਨਹੀਂ ਸਗੋਂ ਬੰਦੇ ਦੀ ਅੰਦਰ ਵੀ ਹੁੰਦੀ। ਇਸ ਪੱਤਝੜ ਵਿਚੋਂ ਤੁਹਾਡੀ ਤਲੀ ਤੇ ਮਾਯੂਸੀ ਉਗਦੀ ਜਾਂ ਤੁਹਾਨੂੰ ਰੰਗੀਨੀਆਂ ਦਾ ਝਾਉਲਾ ਪੈਂਦਾ। ਇਸ ਵਿਚੋਂ ਤੁਹਾਡੀ ਆਸ ਅਤੇ ਮੁਰਾਦ ਮਨਫ਼ੀ ਹੈ ਜਾਂ ਤੁਹਾਨੂੰ ਖੁਦ ਤੇ ਇੰਨਾ ਵਿਸ਼ਵਾਸ਼ ਹੈ ਕਿ ਤੁਸੀਂ ਪੱਤਝੜ ਵਿਚੋਂ ਵੀ ਸੁਖਨ, ਸਹਿਜ, ਸੂਹਜ ਅਤੇ ਸਕੂਨ ਦੀ ਤਲਾਸ਼ ਕਰ ਸਕਦੇ ਹੋ। ਬਹੁਤੀ ਵਾਰ ਬੰਦਾ ਅੰਦਰਲੀ ਪੱਤਝੜ ਤੋਂ ਉਪਰਾਮ ਹੋ ਜਾਂਦਾ ਪਰ ਜਿਹੜਾ ਇਸ ਪੱਤਝੜ ਦੀ ਕੁੱਖ ਵਿਚ ਬਹਾਰ ਦੀਆਂ ਕਲਮਾਂ ਲਾਉਣ ਦੇ ਕਾਬਲ ਹੁੰਦਾ ਉਸ ਲਈ ਪੱਤਝੜ ਵਿਚੋਂ ਹੀ ਬਾਹਰ ਦੀਆਂ ਬਰਕਤਾਂ ਨੂੰ ਮਾਣਨ ਦਾ ਸਹਿਜ-ਸੁਭਾਅ ਬਿਰਤੀ ਬਣ ਜਾਂਦੀ।

ਪੱਤਝੜ ਵਿਚ ਪੱਤੇ ਬਿਰਖ਼ ਨੂੰ ਇੰਝ ਅਲਵਿਦਾ ਕਹਿੰਦੇ;
ਹਰੇ ਕਚੂਰ ਪੱਤੇ
ਰੁੱਮਕਦੀ ਵਾਅ 'ਚ ਗਾਉਂਦੇ।
ਤੇ ਫਿਜ਼ਾ ਦੀ ਝੋਲੀ
ਯੁੱਗ ਜਿਊਣ ਦਾ ਨਿਉਂਦਾ ਪਾਉਂਦੇ।
ਪੱਤੇ ਰੰਗ ਵਟਾਉਂਦੇ
ਬਿਰਖ਼ 'ਤੇ ਸੱਤਰੰਗੀ ਸਜਾਉਂਦੇ
ਤੇ ਫਿਰ ਮਲਕੜੇ ਜਹੇ
ਵਾਅ ਦੀ ਕੰਨੀਂ ਫੜ੍ਹ
ਟਾਹਣੀ ਨੂੰ ਅਲਵਿਦਾ ਕਹਿ
ਆਖਰੀ ਯਾਤਰਾ 'ਤੇ ਤੁੱਰਦਿਆਂ
ਬਿਰਖ ਨੂੰ ਢਾਰਸ ਬੰਨ੍ਹਾਉਂਦੇ;
'ਰੁੱਤ ਬਦਲੀ ਤੋਂ
ਅਸੀਂ ਮੁੜ ਆਵਾਂਗੇ
ਟਾਹਣੀਆਂ ਨੂੰ ਸਜਾਵਾਂਗੇ
ਤੇ ਜ਼ਿੰਦਗੀ ਦਾ ਗੀਤ ਗਾਵਾਂਗੇ।'
ਪੱਤੇ
ਅਲਵਿਦਾ ਇੰਝ ਕਹਿੰਦੇ ਆ।

ਕਦੇ ਕਦਾਈਂ ਪੱਤਝੜ ਕਲਮ ਦੀ ਕੁੱਖ ਵਿਚ ਵੀ ਪਨਪਦੀ ਜਦ ਕੋਈ ਵੀ ਅੱਖਰ ਕਿਸੇ ਸ਼ਬਦ ਦਾ ਰੂਪ ਧਾਰਨ ਜਾਂ ਕਿਸੇ ਲਿਖਤ ਦਾ ਰੂਪ ਵਟਾਉਣ ਤੋਂ ਮੁੱਨਕਰ ਹੋ ਜਾਂਦਾ। ਪਰ ਇਹੀ ਮੁੱਨਕਰੀ ਬੰਦੇ ਨੂੰ ਆਪਣਾ ਅੰਤਰੀਵ ਫਰੋਲਣ ਅਤੇ ਆਲੇ ਦੁਆਲੇ ਵਾਪਰਦੇ ਵਰਤਾਰਿਆਂ ਨੂੰ ਹੋਰ ਨੀਝ ਨਾਲ ਦੇਖਣ-ਘੋਖਣ ਅਤੇ ਇਸਦੀਆਂ ਅਸੀਮ ਪਰਤਾਂ ਫਰੋਲਣ ਤੇ ਨਵੀਆਂ ਧਾਰਨਾਵਾਂ ਪੈਦਾ ਕਰਨ ਲਈ ਇਕ ਮੌਕਾ ਪ੍ਰਦਾਨ ਕਰਦੀ। ਇਸ ਥੋੜ੍ਹਚਿਰੀ ਪੱਤਝੜ ਤੋਂ ਬਾਅਦ ਕਲਮ ਦੀ ਨੋਕ 'ਤੇ ਸ਼ਬਦਾਂ ਦੀ ਅਜੇਹੀ ਕਿਣਮਿਣ ਹੁੰਦੀ ਕਿ ਅਲੋਕਾਰੀ ਕਿਰਤਾਂ ਦਾ ਸਿਰਨਾਵਾਂ ਵਰਕਿਆਂ ਦਾ ਹਾਸਲ ਬਣ ਜਾਂਦਾ।

ਖਦੇ-ਕਦੇ ਸਾਡੇ ਮਨਾਂ 'ਤੇ ਵੀ ਪੱਤਝੜ ਅਜੇਹੀ ਹਾਵੀ ਹੁੰਦੀ ਕਿ ਕੁਝ ਵੀ ਚੰਗਾ ਨਾ ਲੱਗਦਾ। ਪਰ ਇਹ ਮਾਨਸਿਕ ਵਰਤਾਰਾ ਹਮੇਸ਼ਾ ਥੋੜ੍ਹਚਿਰਾ। ਸਮਾਂ ਬਦਲਦਾ, ਹਾਲਾਤ ਪਾਸਾ ਵੱਟਦੇ, ਸਰੋਕਾਰਾਂ ਦੀ ਸੰਵੇਦਨਮਈ ਰੰਗਤ ਮਨ ਦੀਆਂ ਤਰਜ਼ੀਹਾਂ ਬਦਲਦੀ। ਮਨ ਵਿਚ ਪੈਦਾ ਹੋਇਆ ਉਸਾਰੂ ਬਦਲਾਅ ਹੀ ਨਕਾਰਤਮਿਕਤਾ ਨੂੰ ਨਸ਼ਟ ਕਰ, ਬਹਾਰ ਦੀ ਸੰਦਲੀ ਸੂਹ ਬਣ ਜਾਂਦਾ। ਇਹ ਮਨ ਵਿਚ ਪੈਦਾ ਹੋਇਆ ਬਦਲਾਅ ਹੀ ਦਰਅਸਲ ਮਨ ਵਿਚਲੀ ਪੱਤਝੜ ਕਾਰਨ ਪੈਦਾ ਹੋਈ ਉਦਾਸੀ ਨੂੰ ਦੂਰ ਕਰਨ ਅਤੇ ਆਪਣੀ ਸੋਚ ਦੇ ਦਿੱਸਹੱਦੇ ਵਿਸਥਾਰਨ ਦਾ ਸਬੱਬ ਬਣਦਾ।

ਬਹੁਤ ਕੁਝ ਦਿੰਦੀ ਹੈ ਇਹ ਪੱਤਝੜ ਬੰਦੇ ਨੂੰ, ਬਿਰਖ਼ਾਂ ਨੂੰ, ਬਰਕਤਾਂ ਨੂੰ ਅਤੇ ਬਹੁਤਾਤਾਂ ਨੂੰ। ਸਿਰਫ਼ ਦੇਖਣ ਅਤੇ ਮਹਿਸੂਸਣ ਦੀ ਆਦਤ ਹੋਵੇ। ਕਦੇ ਧਿਆਨ ਨਾਲ ਦੇਖਣਾ ਕੂਲੀਆਂ ਅਤੇ ਕੱਚੀਆਂ ਲਗਰਾਂ ਦੀ ਕੋਮਲਤਾ। ਇਨ੍ਹਾਂ ਦੀ ਮੁਲਾਇਮਤਾ ਵਿਚੋਂ ਜੀਵਨ ਦੇ ਉਨ੍ਹਾਂ ਮਖਸੂਸ ਪਲਾਂ ਨੂੰ ਮਾਣਿਆ ਕਰੋ, ਜਦੋਂ ਤੁਹਾਡੀ ਸੋਚ ਅਤੇ ਕਰਮ ਵਿਚਲੀ ਅੱਖੜਤਾ ਨੇ ਤੁਹਾਡੇ ਰਿਸ਼ਤਿਆਂ ਵਿਚ ਕੁੜਤਣ ਪੈਦਾ ਕਰ ਦਿੱਤੀ। ਕਦੇ ਪੱਤਝੜ ਤੋਂ ਬਾਅਦ ਖਿੜੇ ਹੋਏ ਫੁੱਲਾਂ ਵਿਚੋਂ ਰੰਗਾਂ ਦੇ ਨਜ਼ਾਰੇ ਦੇਖਣਾ। ਇਹੀ ਨਜ਼ਾਰੇ ਤਾਂ ਤੁਸੀਂ ਆਪਣੇ ਜੀਵਨ ਵਿਚ ਦੇਖਣ ਅਤੇ ਮਾਨਣ ਤੋਂ ਵਿਰਵੇ ਰਹੇ ਕਿਉਂਕਿ ਤੁਹਾਨੂੰ ਪਤਾ ਹੀ ਨਾ ਲੱਗਾ ਕਿ ਤੁਹਾਡੇ ਜੀਵਨ ਵਿਚ ਕਦੋਂ ਬਹਾਰ ਆਈ। ਤੁਸੀਂ ਤਾਂ ਐਂਵੇਂ ਹੀ ਪੱਤਝੜ ਨੂੰ ਕੋਸਦੇ ਰਹੇ। ਇਨ੍ਹਾਂ ਫੁੱਲਾਂ ਦੀ ਮਹਿਕ ਨਾਲ ਤਾਂ ਤੁਸੀਂ ਆਪਣੇ ਅੰਦਰ ਨੂੰ ਮਹਿਕਾਇਆ ਹੀ ਨਹੀਂ, ਕਿਉਂਕਿ ਤੁਹਾਡੇ ਅੰਦਰਲੀ ਬਦਬੂ ਨੇ ਮਹਿਕ ਦੀ ਨਾਕਾਬੰਦੀ ਜੁ ਕੀਤੀ ਹੋਈ ਸੀ। ਤੁਸੀਂ ਜੀਵਨ ਦੇ ਖ਼ਲਜਗਣ ਵਿਚ ਅਜੇਹੇ ਉਲਝੇ ਕਿ ਪੱਤਝੜ ਨੂੰ ਹੀ ਕੋਸਦੇ ਰਹੇ ਪਰ ਪੱਤਝੜ ਨੂੰ ਨਿਹਾਰਨ ਅਤੇ ਇਸਦੀ ਰੰਗ-ਬਰੰਗਤਾ ਨੂੰ ਮਹਿਸੂਸਣ ਤੋਂ ਕੋਰੇ ਰਹੇ।

ਤੁਹਾਨੂੰ ਕਦੇ ਇਹ ਅਹਿਸਾਸ ਹੀ ਨਹੀਂ ਹੋਇਆ ਕਿ ਹਰ ਪੱਤਝੜ ਦੇ ਗਰਭ ਵਿਚ ਬਹਾਰ ਹੁੰਦੀ, ਜਿਸਨੇ ਵਕਤ ਨਾਲ ਆਪਣੀ ਹੋਂਦ ਤੇ ਹਾਸਲ ਨਾਲ ਕਾਇਨਾਤ ਨੂੰ ਸੂਹੀ ਰੰਗ ਵਿਚ ਰੰਗਣਾ ਹੁੰਦਾ। ਬੰਦਿਆ ਕਦੇ ਤਾਂ ਕੁਝ ਦੇਰ ਉਡੀਕ ਕਰ ਲਿਆ ਕਰ। ਫਿਰ ਦੇਖਣਾ ਤੇਰੇ ਲਈ ਹਰ ਪੱਤਝੜ ਵਿਚੋਂ ਹੀ ਬਹਾਰ ਦੀਆਂ ਪਰਤਾਂ ਦਾ ਜਲੌਅ ਰੂਪਮਾਨ ਹੋਵੇਗਾ। ਤੂੰ ਹਰ ਪੱਤਝੜ ਨੂੰ ਮਾਨਣ ਦਾ ਸ਼ੌਕੀਨ ਹੋ ਜਾਵੇਂਗਾ। ਸਿਰਫ਼ ਤੈਨੂੰ ਆਪਣੀ ਮਾਨਸਿਕ ਬਿਰਤੀ ਨੂੰ ਬਦਲਣਾ ਪਵੇਗਾ।

ਖਦੇ-ਕਦਾਈਂ ਰਿਸ਼ਤਿਆਂ ਵਿਚ ਵੀ ਪੱਤਝੜ ਆ ਠਹਿਰਦੀ। ਪਰ ਖੁਦ ਨੂੰ ਪਤਾ ਹੀ ਨਹੀਂ ਲੱਗਦਾ। ਲੋੜ ਹੈ ਕਿ ਰਿਸ਼ਤਿਆਂ ਵਿਚਲੀ ਪੱਤਝੜ ਦੇ ਉਤਰਨ 'ਤੇ ਹੀ ਇਸਨੂੰ ਬਹਾਰ ਵਿਚ ਵਟਾਉਣ ਲਈ ਯਤਨ ਆਰੰਭ ਕਰ ਦੇਣੇ ਚਾਹੀਦੇ। ਦਰਅਸਲ ਇਹ ਪੱਤਝੜ ਸਾਡੀਆਂ ਤਰਜ਼ੀਹਾਂ ਅਤੇ ਤਮੰਨਾਵਾਂ ਵਿਚਲਾ ਅਸਾਵਾਂਪਣ ਹੁੰਦਾ ਕਿ ਅਸੀਂ ਰਿਸ਼ਤਿਆਂ ਨੂੰ ਸਮਝਣ, ਨਿਭਾਉਣ, ਅਪਨਾਉਣ ਅਤੇ ਇਨ੍ਹਾਂ ਦੀ ਪਾਕੀਜ਼ਤਾ ਅਤੇ ਪਾਹੁਲਤਾ ਨੂੰ ਰੂਹੀ ਰੰਗ ਵਿਚ ਰੰਗਣ ਤੋਂ ਆਨਾ-ਕਾਨੀ ਕਰਦੇ। ਜਦ ਕੋਈ ਰਿਸ਼ਤਿਆਂ ਨੂੰ ਵਰਤਣ ਲੱਗ ਪਵੇ ਤਾਂ ਪੱਤਝੜ ਦਾ ਆਉਣਾ ਲਾਜ਼ਮੀ। ਪਰ ਜਦ ਅਸੀਂ ਰਿਸ਼ਤਿਆਂ ਵਿਚ ਰਹਿਬਰੀ ਅਤੇ ਰੂਹਦਾਰੀ ਦਾ ਨਾਦ ਪੈਦਾ ਕਰਨ ਦੇ ਮਾਰਗੀ ਬਣਾਂਗੇ ਤਾਂ ਰਿਸ਼ਤਿਆਂ ਵਿਚ ਸਦਾ ਬਹਾਰ ਦਾ ਵਾਰਾ-ਪਹਿਰਾ ਰਹੇਗਾ।

ਪੱਤਝੜ ਸਾਡੀਆਂ ਸੋਚਾਂ ਜਾਂ ਸਾਡੀਆਂ ਅਸਾਵਾਂ 'ਤੇ ਕਦੇ ਨਹੀਂ ਆਉਣੀ ਚਾਹੀਦੀ। ਨਾ ਹੀ ਸਾਡੇ ਸੁਪਨਿਆਂ ਜਾਂ ਸੰਭਾਵਨਾਵਾਂ ਨੂੰ ਧੁਆਂਖੇ। ਕਦੇ ਵੀ ਸਾਡੇ ਪੈਰਾਂ ਵਿਚਲੇ ਸਫ਼ਰ ਲਈ ਸਰਾਪ ਨਾ ਬਣੇ ਅਤੇ ਨਾ ਹੀ ਸਾਡੀ ਪ੍ਰਵਾਜ਼, ਜਿਊਣ-ਅੰਦਾਜ਼ ਅਤੇ ਜੀਵਨੀ ਨਾਦ ਵਿਚ ਕੋਈ ਖਲੱਲ ਪੈਦਾ ਕਰੇ।

ਪੱਤਝੜ ਲਈ ਪੱਤਝੜ ਦਾ ਕੋਈ ਦੋਸ਼ ਨਹੀਂ। ਪੱਤਝੜ ਨੂੰ ਤਾਂ ਖੁਦ ਦੀ ਹੋਸ਼ ਨਹੀਂ। ਪੱਤਝੜ ਕਦੇ ਵੀ ਮਦਹੋਸ਼ ਜਾਂ ਬੇਹੋਸ਼ ਨਹੀਂ। ਇਸਨੇ ਆਉਣਾ ਵੀ ਤੇ ਜਾਣਾ ਵੀ। ਇਹ ਤਾਂ ਸਫ਼ਰਾਂ ਦੀ ਹਾਮੀ ਅਤੇ ਇਹੀ ਇਸਦੀ ਫੁਰਮਾਨੀ । ਲੋੜ ਹੈ ਕਿ ਸਾਨੂੰ ਸਮਝ ਹੋਵੇ ਕਿ ਪੱਤਝੜ ਵਿਚੋਂ ਬਹਾਰ ਦੇ ਉਗਦੇ ਸੂਰਜ ਦੀ ਨਿਸ਼ਾਨਦੇਹੀ ਕਿਵੇਂ ਕਰਨੀ? ਇਸ ਵਿਚੋਂ ਜੀਵਨੀ ਰੰਗਾਂ ਨੂੰ ਕਿਵੇਂ ਨਿਤਾਰਨਾ? ਇਸਦੀਆਂ ਦਾਤਾਂ ਲਈ ਕਿਵੇਂ ਸ਼ੁਕਰਾਨਾ ਕਰਨਾ। ਇਸ ਤੋਂ ਬਾਅਦ ਆਉਣ ਵਾਲੀ ਬਹਾਰ ਲਈ ਸਾਡੀਆਂ ਅਰਦਾਸਾਂ ਅਤੇ ਦੁਆਵਾਂ ਦੀ ਕਿੰਨੀ ਕੁ ਵਿਲੱਖਣਤਾ ਹੋਵੇ ਤਾਂ ਕਿ ਸਾਡੀ ਆਸ ਨੂੰ ਸਾਡੀਆਂ ਭਾਵਨਾਵਾਂ ਅਨੁਸਾਰ ਬੂਰ ਪੈਂਦਾ ਰਹੇ।

ਪੱਤਝੜ ਇਸ ਗੱਲ ਦਾ ਸਭ ਤੋਂ ਵੱਡਾ ਸੂਚਕ ਕਿ ਪੱਤਝੜਾਂ ਨੇ ਹਰ ਵਰ੍ਹੇ ਆਉਂਦੇ ਰਹਿਣਾ, ਆਪਣਾ ਰੰਗ ਦਿਖਾਉਂਦੇ ਰਹਿਣਾ। ਪਰ ਆਖਰ ਨੂੰ ਤੁਰ ਜਾਣਾ ਅਤੇ ਬਹਾਰ ਲਈ ਵਿਹੜਾ ਮੋਕਲਾ ਕਰ ਜਾਣਾ। ਵਕਤ ਦੀ ਤਲੀ 'ਤੇ ਸੁਰਖ ਰੁੱਤਾਂ ਦਾ ਸੰਧਾਰਾ ਧਰ ਜਾਣਾ। ਅਛੋਪਲੇ ਜਹੇ ਦਸਤਕ ਦੇ ਕੇ ਖੁਦ ਨੂੰ ਪ੍ਰਗਟਾਉਣਾ। ਇਹ ਰੁੱਤਾਂ ਦਾ ਆਵਾਗੌਣ, ਜੀਵਨ-ਪੜਾਵਾਂ ਦਾ ਸੂਚਕ। ਸਮੇਂ ਦੀਆਂ ਤੰਦਾਂ ਦਾ ਵਰਨਣ। ਵਕਤ ਦੀਆਂ ਤਸ਼ਬੀਹਾਂ ਅਤੇ ਤਰਜੀਹਾਂ ਦੀ ਦਸਤਾਵੇਜ਼। ਹਰੇਕ ਵਕਤ ਕੁਝ ਕਹਿ ਕੇ, ਕੁਝ ਦੇ ਕੇ, ਕੁਝ ਸਮਝਾ ਕੇ ਅਤੇ ਆਉਣ ਵਾਲੇ ਨੂੰ ਕੰਨੀਂ ਪਕੜਾ ਅਗਾਂਹ ਲੰਘ ਜਾਂਦਾ ਅਤੇ ਆਪਣੀ ਸੁਖਨ-ਸੰਬੂਰੀ ਦੀ ਗੱਠੜੀ ਵਕਤ ਦੇ ਟਾਹਣ 'ਤੇ ਟੰਗ ਜਾਂਦਾ।

ਪੱਤਝੜ ਵਿਚ ਕਦੇ ਆਪਣੇ ਰੰਗਾਂ ਨੂੰ ਪਛਾਨਣਾ। ਜੀਵਨ ਵਿਚ ਆਈਆਂ ਪੱਤਝੜਾਂ ਅਤੇ ਬਹਾਰਾਂ ਦੀ ਸਮੀਕਰਣ ਬਣਾਉਣਾ, ਤੁਸੀਂ ਦੇਖੋਗੇ ਕਿ ਤੁਸੀਂ ਆਪਣੇ ਜੀਵਨ ਵਿਚ ਪੱਤਝੜ ਨਾਲੋਂ ਬਹਾਰਾਂ ਦਾ ਸਾਥ ਜ਼ਿਆਦਾ ਮਾਣਿਆ ਹੈ ਕਿਉਂਕਿ ਕਈ ਵਾਰ ਪੱਤਝੜ ਵੀ ਬਹਾਰਾਂ ਵਰਗੀ ਹੀ ਹੁੰਦੀ।

ਪੱਤਝੜ ਨੂੰ ਖੁਸ਼-ਆਮਦੀਦ ਇੰਝ ਹੀ ਕਿਹਾ ਕਰੋ ਜਿਵੇਂ ਅਸੀਂ ਬਸੰਤ ਰੁੱਤ ਆਉਣ 'ਤੇ ਬਸੰਤੀ ਰੰਗ ਵਿਚ ਰੰਗੇ ਜਾਂਦੇ ਹਾਂ। ਦੁਆ ਹੈ ਕਿ ਹਰੇਕ ਦੀਆਂ ਜੀਵਨੀ ਪੱਤਝੜਾਂ ਵੀ ਬਹਾਰਾਂ ਦੀ ਸੰਗਤਾ ਮਾਨਣ ਵਰਗੀਆਂ ਹੀ ਹੋਣ।

# ਕੈਲੀਫੋਰਨੀਆ

## ਇਕ ਵਿਚਾਰ



ਹਰਦੀਪ ਸਿੰਘ ਸੋਢੀ
ਫੋਨ: 480-794-0325

ਇੱਕ ਵਾਰ ਪੰਜਾਬ ਦੇ ਇੱਕ ਮੁੱਖ ਮੰਤਰੀ ਨੇ ਕਿਹਾ ਸੀ ਕਿ ਅਸੀਂ ਪੰਜਾਬ ਨੂੰ ਕੈਲੀਫੋਰਨੀਆ ਬਣਾ ਦੇਣਾ ਹੈ! ਇਹ ਬਿਆਨ ਗਾਲਿਬ ਸਾਹਿਬ ਦੇ ਸ਼ੇਅਰ ਵਾਲੀ ਗੱਲ ਹੈ ਜਿਸ ਵਿਚ ਉਨ੍ਹਾਂ ਕਿਹਾ ਸੀ ਖਯਾਲ ਅੱਛਾ ਹੈ ਗ਼ਾਲਿਬ ਦਿਲ ਕੇ ਬਹਲਾਨੇ ਕੋ! ਬੱਸ ਇਹੋ ਜਿਹਾ ਬਣਨਾ ਪੰਜਾਬ ਨੇ ਕੈਲੀਫ਼ੋਰਨੀਆ।

ਅਮਰੀਕਾ ਵਿਚ ਕਿਸੇ ਨੂੰ ਚਾਰ ਟ੍ਰੈਫਿਕ ਟਿਕਟਾਂ ਮਿਲ ਜਾਣ ਤਾਂ ਕਾਰ ਚਲਾਉਣ ਦਾ ਲਾਇਸੈਂਸ ਰੱਦ ਹੋ ਜਾਂਦਾ ਹੈ ਅਤੇ ਆਪਣੀਆਂ ਖਬਰਾਂ ਪੜ੍ਹੀ ਦੀਆਂ ਹਨ ਫ਼ਲਾਣੇ ਬੰਦੇ ਨੇ ਡਕੈਤੀ ਕੀਤੀ...ਪੁਲਿਸ ਅਨੁਸਾਰ ਇਸ ਉਤੇ 12 ਮੁਕੱਦਮੇ ਚੱਲ ਰਹੇ ਹਨ, ਦੋ ਵਿਚ ਸਜ਼ਾ ਹੋ ਚੁੱਕੀ ਹੈ ਅਤੇ ਉਹ ਜ਼ਮਾਨਤ 'ਤੇ ਆਇਆ ਹੋਇਆ ਸੀ। ਅਕਲ ਦੇ ਅੰਨ੍ਹੇ ਸਿਵਲ ਅਫ਼ਸਰਾਂ ਨੂੰ ਪੁੱਛੋ ਅਜਿਹੇ ਜੱਜਾਂ ਖ਼ਿਲਾਫ ਕਦੋ ਮੀਟਿੰਗ ਕੀਤੀ ਹੈ ਕਿ ਇਨ੍ਹਾਂ ਨੂੰ ਜ਼ਮਾਨਤ ਕਿਸ ਰਿਸ਼ਤੇਦਾਰੀ ਦੇ ਆਧਾਰ 'ਤੇ ਦਿੱਤੀ ਜਾਂਦੀ ਹੈ? ਸੱਜਣੋਂ ਅਮਰੀਕਾ ਵਾਲੇ ਜਦੋਂ ਕਿਸੇ ਅਪਰਾਧੀ ਨੂੰ ਜ਼ਮਾਨਤ 'ਤੇ ਛੱਡਣ ਤਾਂ ਉਸ ਦੇ ਪੈਰਾਂ ਵਿਚ ਇਲੈਕਟ੍ਰਾਨਿਕ ਡਿਵਾਈਸ ਲਾ ਦੇਂਦੇ ਹਨ ਏਰੀਆ ਨਿਰਧਾਰਿਤ ਕਰ ਦੇਂਦੇ ਹਨ ਕਿ ਇਸ ਇਲਾਕੇ ਤੋਂ ਬਾਹਰ ਨਹੀਂ ਜਾ ਸਕਦਾ...।


ਸਾਡੀ ਇੰਟੈਲੀਜੈਂਸੀ ਸੁੱਖ ਨਾਲ ਏਨੀ ਮਜ਼ਬੂਤ ਹੈ ਕਿ ਦਿੱਲੀ ਦੇ ਸਖ਼ਤ ਨਿਗਰਾਨੀ ਹੇਠ ਪਏ ਸਮਾਨ ਵਿਚੋਂ ਪਾਕਿਸਤਾਨੀ ਜੰਗੀ ਕੈਦੀ ਜਨਰਲ ਨਿਆਜ਼ੀ ਦਾ ਸਰਵਿਸ ਰਿਵਾਲਵਰ ਚੋਰੀ ਹੋ ਗਿਆ ਸੀ। ਚੇਤੇ ਰਹੇ ਕਿ ਇਹ ਜਨਰਲ ਨਿਆਜ਼ੀ ਉਹ ਸ਼ਖ਼ਸ ਸੀ ਜਿਸ ਨੇ ਨੱਬੇ ਹਜ਼ਾਰ ਫੌਜੀਆਂ ਸਮੇਤ (ਬੰਗਲਾਦੇਸ਼ 1971) ਦੀ ਜੰਗ ਹਾਰਨ 'ਤੇ ਜਨਰਲ ਜਗਜੀਤ ਸਿੰਘ ਅਰੋੜਾ ਅਤੇ ਜਨਰਲ ਸ਼ੁਬੇਗ ਸਿੰਘ ਹੋਰਾਂ ਸਮੇਤ ਭਾਰਤੀ ਫੌਜ ਦੇ ਸਾਹਮਣੇ ਆਤਮ ਸਮਰਪਣ ਕੀਤਾ ਸੀ। ਕੁਝ ਕੁ ਵਰ੍ਹੇ ਪਹਿਲਾਂ ਇੱਕ ਹਜ਼ਾਰ ਦੇ ਨਵੇਂ ਨੋਟ ਜੋ ਰਿਜ਼ਰਵ ਬੈਂਕ ਵੱਲੋਂ ਬੈਂਕਾਂ ਨੂੰ ਭੇਜੇ ਜਾ ਰਹੇ ਸਨ, ਉਸ ਖੇਪ ਵਿਚੋਂ ਅਰਬਾਂ ਰੁਪਏ ਦੀ ਕਰੰਸੀ ਲੁੱਟ ਲਈ ਗਈ ਸੀ। ਜਿਸ ਦੇਸ਼ ਵਿਚ ਏਨੇ ਵੱਡੇ ਵੱਡੇ ਗਿਰੋਹ ਜ਼ਮਾਨਤ 'ਤੇ ਦਨ-ਦਨਾਉਂਦੇ ਫਿਰਦੇ ਹੋਣ ਉਸ ਨੂੰ ਅਮਰੀਕਾ ਬਣਾਉਣ ਦਾ ਸੁਪਨਾ ਵੇਖਣਾ ਅਚੰਭਿਤ ਕਰਦਾ ਹੈ। ਦੋਵਾਂ ਸਰਕਾਰਾਂ ਨੂੰ ਬੇਨਤੀ ਹੈ ਕਿ ਪੁਲਿਸ ਨੂੰ ਚੁਸਤ-ਦਰੁਸਤ ਕਰੋ ਫਿਰ ਸੁਪਨਾ ਵੇਖਿਓ ਕੈਲੀਫੋਰਨੀਆ ਦਾ ਅਤੇ ਆਪਣੀਆਂ ਹਿਫ਼ਾਜ਼ਤਾਂ ਵਾਸਤੇ ਹੋਰ ਫੋਰਸ ਭਰਤੀ ਕਰੋ ਜਿਨ੍ਹਾਂ ਦਾ ਥਾਣਿਆਂ ਨਾਲ ਕੋਈ ਸਬੰਧ ਨਾ ਹੋਵੇ।

# ਪੰਜਾਬ ਦਾ ਖੇਤੀ ਸੰਕਟ: ਤੀਜੇ ਬਦਲ ਦੀ ਭਾਲ ਵਲ

***ਬਲਦੇਵ ਦੂਹੜੇ ਆਪਣਾ ਦੇਸ਼ ਦੁਆਬਾ ਛਡ ਕੇ ਪਿਛਲੀ ਅੱਧੀ ਸਦੀ ਤੋਂ ਕੈਨੇਡਾ ਵਿਚ ਰਹਿ ਰਹੇ ਸਨ। ਪਹਿਲੇ 20-25 ਸਾਲ ਸਰੀ ਤੇ ਹੁਣ ਬਰੈਂਪਟਨ ਵਿਚ ਉਨ੍ਹਾਂ ਦਾ ਅੱਡਾ ਬਣਿਆ ਹੋਇਆ ਸੀ। ਉਹ ਭਾਈਚਾਰੇ ਦੀਆਂ ਸਾਹਿਤਕ ਸਰਗਰਮੀਆਂ ਵਿਚ ਵੱਧ ਚੜ੍ਹ ਕੇ ਹਿੱਸਾ ਲੈਂਦੇ। ਉਹ ਰਹਿੰਦੇ ਭਾਵੇਂ ਇਥੇ ਸਨ ਪਰ ਉਨ੍ਹਾਂ ਦੀ ਸੁਤਾ ਪੰਜਾਬ ਨਾਲ ਜੁੜੀ ਹੋਈ ਸੀ। 'ਪੰਜਾਬ ਟਾਈਮਜ਼' ਵਿਚ ਉਹ ਛਪਦੇ ਰਹਿੰਦੇ। 2022 ਵਿਚ ਛਪਿਆ ਉਨ੍ਹਾਂ ਦਾ ਇਹ ਲੇਖ ਅਸੀਂ ਸ਼ਰਧਾਂਜਲੀ ਵਜੋਂ ਪਾਠਕਾਂ ਦੀ ਨਜ਼ਰ ਕਰ ਰਹੇ ਹਾਂ।***

ਅਸੀਂ ਸੰਯੁਕਤ ਕਿਸਾਨ ਮੋਰਚੇ ਦੀ ਜਿੱਤ ਲਈ ਉਨ੍ਹਾਂ ਨੂੰ ਮੁਬਾਰਕ ਦਿੰਦੇ ਹਾਂ। ਇਹ ਜਿੱਤ ਲੋਕਾਂ ਦੀ ਜਿੱਤ ਹੈ ਜੋ ਸਾਬਤ ਕਰਦੀ ਹੈ ਕਿ ਜੇ ਲੋਕ ਇਕੱਠੇ ਹੋ ਜਾਣ ਤਾਂ ਉਨ੍ਹਾਂ ਦੀ ਸਿਆਸੀ ਤਾਕਤ ਅੱਗੇ ਸਟੇਟ ਵੀ ਖੜ੍ਹ ਨਹੀਂ ਸਕਦਾ ਪਰ ਅਜੇ ਪੰਜਾਬ ਵਿਚ ਇਹ ਚੇਤਨਾ ਪੂਰੀ ਤਰ੍ਹਾਂ ਨਹੀਂ ਫੈਲੀ ਕਿ ਜੇ ਲੋਕ ਇਕੱਠੇ ਹੋ ਕੇ ਆਰਥਕ ਤਾਕਤ ਪੈਦਾ ਕਰਨ ਤਾਂ ਕੀ ਕੁਝ ਕੀਤਾ ਜਾ ਸਕਦਾ ਹੈ।

ਹੁਣ ਜਦੋਂ ਮੋਦੀ ਸਰਕਾਰ ਅਤੇ ਡਬਲਿਊ.ਟੀ.ਓ. ਦਾ ਨਵ-ਉਦਾਰ ਮਾਡਲ ਕਿਸਾਨਾਂ ਨੇ ਨਕਾਰ ਦਿੱਤਾ ਹੈ, ਖੇਤੀ ਕਾਨੂੰਨ ਵੀ ਵਾਪਸ ਲੈ ਲਏ ਗਏ ਹਨ ਤਾਂ ਹੁਣ ਕਿਹੜਾ ਮਾਡਲ ਲਾਗੂ ਹੋਣਾ ਚਾਹੀਦਾ ਹੈ ਤਾਂ ਕਿ ਖੇਤੀ ਆਰਥਕ ਅਤੇ ਵਾਤਾਵਾਰਨਕ ਤੌਰ 'ਤੇ ਟਿਕਾਊ ਅਤੇ ਮੁਨਾਫੇ ਵਾਲੀ ਹੋ ਸਕੇ? ਇਸ ਸਵਾਲ ਦਾ ਜਵਾਬ ਜ਼ਰੂਰੀ ਹੈ ਕਿਉਂਕਿ ਮੌਜੂਦਾ ਮਾਡਲ ਕੰਮ ਨਹੀਂ ਕਰ ਰਿਹਾ। ਇਸ ਮਾਡਲ ਅਧੀਨ ਖੇਤੀ ਵਿਚ ਬਹੁਤ ਸਮੱਸਿਆਵਾਂ ਹਨ। ਕਿਸੇ ਹੋਰ ਮਾਡਲ ਦੀ ਅਣਹੋਂਦ ਕਾਰਨ ਕਿਸਾਨ ਮੌਜੂਦਾ ਮਾਡਲ ਕਾਇਮ ਰੱਖਣ ਲਈ ਸਭ ਫਸਲਾਂ 'ਤੇ



**ਬਲਦੇਵ ਦੂਹੜੇ**
**ਈਮੇਲ:** davebduhre@live.ca
**ਫੋਨ: 519-731-1985**

ਘੱਟੋ-ਘੱਟ ਸਮਰਥਨ ਮੁੱਲ (ਐਮ.ਐਸ.ਪੀ.) ਮੰਗ ਰਹੇ ਹਨ। ਇਹ ਮੰਗ ਠੀਕ ਨਹੀਂ ਕਿਉਂਕਿ ਬਹੁਤ ਸਾਰੇ ਕਾਰਨਾਂ ਕਰਕੇ ਇਹ ਮਾਡਲ ਸਹੀ ਨਤੀਜੇ ਨਹੀਂ ਪੈਦਾ ਕਰ ਸਕਦਾ।

ਇਸ ਲੇਖ ਵਿਚ ਅਸੀਂ ਉਤਪਾਦਨ ਦੇ ਤਿੰਨ ਮਾਡਲ ਪਰਖਾਂਗੇ ਅਤੇ ਦੇਖਾਂਗੇ ਕਿ ਪੰਜਾਬ ਲਈ ਕਿਹੜਾ ਮਾਡਲ ਬਿਹਤਰ ਹੋ ਸਕਦਾ ਹੈ। ਇਵੇਂ ਹੀ ਅਸੀਂ ਮੰਡੀ (ਮਾਰਕਟਿੰਗ) ਦੇ ਤਿੰਨ ਮਾਡਲ ਪਰਖਾਂਗੇ ਅਤੇ ਦੇਖਾਂਗੇ ਕਿ ਕਿਹੜਾ ਮਾਡਲ ਪੰਜਾਬ ਲਈ ਵਧੀਆ ਹੈ।

ਮਾਡਲਾਂ ਦੀ ਗੱਲ ਕਰਦਿਆਂ ਸ਼ਰਤ ਇਹ ਹੈ ਕਿ ਮਾਡਲ, ਖੇਤੀ ਨੂੰ ਆਰਥਕ ਅਤੇ ਵਾਤਾਵਰਨ ਦੇ ਨਜ਼ਰੀਏ ਤੋਂ ਟਿਕਾਊ ਬਣਾਉਣ ਵਾਲੇ ਹੋਣੇ ਚਾਹੀਦੇ ਹਨ। ਜਿਥੋਂ ਤੱਕ ਆਰਥਕਤਾ ਦਾ ਸਵਾਲ ਹੈ, ਇਹ ਨਾ ਸਿਰਫ ਬਰਕਰਾਰ ਰਹਿਣ ਯੋਗ ਹੋਵੇ ਸਗੋਂ ਵਿਕਾਸਮੁਖੀ ਵੀ ਹੋਵੇ।

ਪੰਜਾਬ ਨੂੰ ਕੁਦਰਤ ਨੇ ਵਧੀਆ ਵਸੀਲੇ ਦਿਤੇ ਹਨ। ਜ਼ਰਖੇਜ਼ ਜ਼ਮੀਨ, ਖੁੱਲ੍ਹਾ ਪਾਣੀ ਅਤੇ ਖੇਤੀਬਾੜੀ ਲਈ ਚਾਰ ਮੌਸਮ। ਇਸ ਦੇ ਨਾਲ ਨਾਲ ਬਹਾਦਰ ਅਤੇ ਮਿਹਨਤੀ ਲੋਕ ਵੀ ਦਿੱਤੇ ਹਨ। ਇਨ੍ਹਾਂ ਕੁਦਰਤੀ ਨਿਹਮਤਾਂ ਕਾਰਨ ਪੰਜਾਬ ਸਦੀਆਂ ਤੋਂ ਅਨਾਜ ਦਾ ਭੰਡਾਰ ਰਿਹਾ ਹੈ। ਹਰੇ ਇਨਕਲਾਬ ਨੇ ਨਵੇਂ ਹਾਲਾਤ ਪੈਦਾ ਕਰ ਦਿਤੇ ਜਿਸ ਵਿਚ ਉਤਪਾਦਨ ਦੇ ਸਾਧਨਾਂ ਵਿਚ ਵੱਡੀ ਤਬਦੀਲੀ ਆਈ। ਹੁਣ ਲੋੜ ਹੈ ਕਿ ਕਾਨੂੰਨ ਅਤੇ ਮਾਡਲ ਬਦਲ ਕੇ ਅਦਾਰਿਆਂ ਨੂੰ ਇਸ ਤਬਦੀਲੀ ਦੇ ਅਨੁਕੂਲ ਅਤੇ ਕੁਸ਼ਲ ਬਣਾਇਆ ਜਾਵੇ।

ਸਭ ਤੋਂ ਵੱਡੀ ਸਮਸਿਆ ਹੈ ਕਿ ਲੱਖਾਂ ਟਨ ਅਨਾਜ ਪੈਦਾਵਾਰ ਦੇ ਬਾਵਜੂਦ ਪੰਜਾਬ ਵਿਚ ਕਿਸੇ ਪਾਸੇ ਵੀ ਸਰਮਾਇਆ ਜਮ੍ਹਾਂ ਨਹੀਂ ਹੋ ਰਿਹਾ। ਵਾਤਾਵਰਨ ਨੂੰ ਸੁਧਾਰਨ, ਨਵੀਂ ਤਕਨਾਲੋਜੀ ਵਾਲਾ ਬੁਨਿਆਦੀ ਢਾਂਚਾ ਬਣਾਉਣ, ਅਰਥਚਾਰੇ ਵਿਚ ਵੰਨ-ਸਵੰਨਤਾ ਲਿਆਉਣ ਅਤੇ ਸੂਬੇ ਦੇ ਵਿਕਾਸ ਲਈ ਸਰਮਾਏ ਦੀ ਲੋੜ ਹੈ।

ਹੁਣ ਵਕਤ ਹੈ ਕਿ ਉਤਪਾਦਨ ਅਤੇ ਮਾਰਕਟਿੰਗ ਦੇ ਨਵੇਂ ਮਾਡਲ ਅਪਣਾਏ ਜਾਣ ਜੋ ਵਾਤਾਵਰਨ ਦੇ ਅਨੁਕੂਲ ਵੀ ਹੋਣ ਅਤੇ ਸਰਮਾਇਆ ਜਮ੍ਹਾਂ ਕਰਨ ਵਿਚ ਵੀ ਸਹਾਈ ਹੋ ਸਕਣ ਤਾਂ ਕਿ ਨਾ ਸਿਰਫ ਖੇਤੀ ਵਿਚ ਵੰਨ-ਸਵੰਨਤਾ ਲਿਆਂਦੀ ਜਾ ਸਕੇ ਸਗੋਂ ਪੰਜਾਬ ਦੇ ਅਰਥਚਾਰੇ ਵਿਚ ਵੀ ਵੰਨ-ਸਵੰਨਤਾ ਆਵੇ।

ਸ਼ੁਰੂਆਤ ਮਾਰਕਟਿੰਗ ਦੇ ਤਿੰਨ ਮਾਡਲ ਪਰਖਣ ਤੋਂ ਕਰਦੇ ਹਾਂ।

**1) ਅਮਰੀਕਨ ਮਾਡਲ**

ਅਮਰੀਕਨ ਮਾਡਲ ਖੁੱਲ੍ਹੀ ਮੰਡੀ ਦਾ ਮਾਡਲ ਹੈ। ਇਸ ਵਿਚ ਵੱਡੀਆਂ ਕਾਰਪੋਰੇਸ਼ਨਾਂ ਕਿਸਾਨਾਂ ਤੋਂ ਮਾਲ ਖਰੀਦ ਕੇ ਪ੍ਰੋਸੈਸ ਕਰਦੀਆਂ ਹਨ। ਉਤਪਾਦਨ ਵਧਾਉਣ ਲਈ ਮੰਡੀ ਬਹੁਤ ਕਾਰਗਰ ਅਦਾਰਾ ਹੈ ਪਰ ਖੁੱਲ੍ਹੀ ਮੰਡੀ ਵਿਚ ਉਤਪਾਦਨ, ਮੰਗ ਤੋਂ ਕਿਤੇ ਅੱਗੇ ਲੰਘਣ (over production) ਦਾ ਰੁਝਾਨ ਰੱਖਦਾ ਹੈ। ਜਦੋਂ ਵੀ ਉਤਪਾਦਨ, ਮੰਗ ਤੋਂ ਵਾਧੂ ਪੈਦਾ ਹੋ ਜਾਂਦਾ ਹੈ ਤਾਂ ਬਹੁਤ ਸਾਰੇ ਉਤਪਾਦਕ ਨਕਾਰਾ ਹੋ ਜਾਂਦੇ ਹਨ। ਇਹ ਮਾਡਲ ਖੇਤੀਬਾੜੀ ਨਾਲ ਮੇਲ ਨਹੀਂ ਖਾਂਦਾ। ਇਸ ਨਾਲ ਛੋਟੇ ਫਾਰਮ ਲਗਾਤਾਰ ਖਤਮ ਅਤੇ ਵੱਡੇ ਫਾਰਮ ਹੋਰ ਵੱਡੇ ਹੁੰਦੇ ਰਹਿੰਦੇ ਹਨ।

ਅਮਰੀਕਾ ਵਿਚ ਮੰਡੀ ਆਧਾਰਤ ਵਾਤਾਵਰਨ ਕਿਸਾਨਾਂ ਲਈ ਸੁਖਦਾਇਕ ਨਹੀਂ ਹੈ। ਇੰਨੇ ਅਮੀਰ ਮੁਲਕ ਵਿਚ ਵੀ ਕਿਸਾਨਾਂ ਨੂੰ ਆਤਮ-ਹਤਿਆ ਕਰਨੀ ਪੈਂਦੀ ਹੈ। ਅਜਿਹੀ ਹਾਲਤ ਅੰਨਦਾਤਾ ਦੀ ਨਹੀਂ ਹੋਣੀ ਚਾਹੀਦੀ। ਬਹੁਤ ਸਾਰੇ ਅਮਰੀਕੀ ਕਿਸਾਨ ਹੁਣ ਅਜਿਹੀ ਖੁੱਲ੍ਹੀ ਮੰਡੀ ਦੇ ਖਿਲਾਫ ਹੋ ਰਹੇ ਹਨ।

ਖੁੱਲ੍ਹੀ ਮੰਡੀ ਉਤਪਾਦਨ ਵਧਾਉਣ ਲਈ ਵਧੀਆ ਹੈ ਪਰ ਕੀ ਅੰਧਾਧੁੰਦ ਉਤਪਾਦਨ ਵਧਾਉਣਾ ਜ਼ਰੂਰੀ ਹੈ? ਉਂਝ, ਇਸ ਵਿਕਾਸ ਲਈ ਬਹੁਤ ਵੱਡੀ ਇਨਸਾਨੀ ਅਤੇ ਵਾਤਾਵਾਰਨਕ ਕੀਮਤ ਤਾਰਨੀ ਪੈਂਦੀ ਹੈ। ਕੀ ਵਾਤਾਵਰਨ ਅਤੇ ਇਨਸਾਨ ਕੋਈ ਅਰਥ ਨਹੀਂ ਰੱਖਦੇ? ਅਸਲ ਵਿਚ ਜੇ ਇਨਸਾਨ ਅਤੇ ਧਰਤੀ ਪੱਖੀ ਮਾਡਲ ਬਣਾਉਣੇ ਹਨ ਤਾਂ ਉਤਪਾਦ ਲਈ ਥੋੜ੍ਹੀ ਜਿਹੀ ਵਾਧੂ ਕੀਮਤ ਤਾਂ ਦੇਣੀ ਹੀ ਪਵੇਗੀ। ਇਹ ਗੱਲ ਕੈਨੇਡੀਅਨ ਮਾਡਲ ਬਾਰੇ ਦੇਖਦੇ ਹੋਏ ਅਸੀਂ ਅੱਗੇ ਤੋਰਾਂਗੇ। ਇੱਕ ਗੱਲ ਯਾਦ ਰੱਖਣੀ ਚਾਹੀਦੀ ਹੈ ਕਿ ਅਮਰੀਕਣ ਖੁੱਲ੍ਹੀ ਮੰਡੀ ਦੇ ਸਿਸਟਮ ਵਿਚ ਕਿਸਾਨੀ ਨੂੰ ਬਹੁਤ ਸਬਸਿਡੀਆਂ ਦੇ ਕੇ ਕਾਇਮ ਰੱਖਿਆ ਜਾਂਦਾ ਹੈ; ਕੈਨੇਡੀਅਨ ਮਾਡਲ ਵਿਚ ਕਿਸੇ ਸਬਸਿਡੀ ਦੀ ਲੋੜ ਨਹੀਂ ਪੈਂਦੀ।

ਕੈਨੇਡੀਅਨ ਵ੍ਹੀਟ ਬੋਰਡ ਕਈ ਦਹਾਕੇ ਵਧੀਆ ਕੰਮ ਕਰਦਾ ਰਿਹਾ। ਫਿਰ ਕੰਜ਼ਰਵੇਟਿਵ ਪਾਰਟੀ ਦੇ ਸਟੀਵਨ ਹਾਰਪਰ ਨੇ ਇਸ ਦਾ ਤਕਰੀਬਨ ਅੱਧਾ ਹਿੱਸਾ ਸਾਊਦੀ ਅਰਬ ਦੀ ਇੱਕ ਕੰਪਨੀ ਨੂੰ ਵੇਚ ਦਿਤਾ। ਹੁਣ ਕੈਨੇਡੀਅਨ ਕਣਕ ਦੀ ਵਿਕਰੀ ਵਿਚੋਂ ਇੱਕ ਹਿੱਸਾ ਸਾਊਦੀ ਅਰਬ ਨੂੰ ਜਾਂਦਾ ਹੈ।

ਇਸ ਮਾਡਲ ਵਿਚ ਸਭ ਤੋਂ ਵੱਡੀ ਸਮੱਸਿਆ ਇਹ ਹੈ ਕਿ ਇਹ ਸਬਸਸਿਡੀਆਂ ਨਾਲ ਵਾਧੂ ਅਨਾਜ (ਕਣਕ, ਮੱਕੀ ਆਦਿ) ਪੈਦਾ ਕਰ ਕੇ ਕੌਮਾਂਤਰੀ ਮੰਡੀਆਂ ਵਿਚ ਭੇਜ ਦਿੰਦੇ ਹਨ ਜਿਸ ਨਾਲ ਘੱਟ ਵਿਕਸਿਤ ਮੁਲਕਾਂ ਦੀ ਖੇਤੀ ਉਤੇ ਬਹੁਤ ਭੈੜਾ ਅਸਰ ਪੈਂਦਾ ਹੈ। ਉਂਝ ਵੀ, ਇਹ ਗੱਲ ਵਾਤਾਵਰਨ ਲਈ ਅਤਿਅੰਤ ਭੈੜੀ ਹੈ ਕਿ ਲੋੜ ਤੋਂ ਵਾਧੂ ਅਨਾਜ ਪੈਦਾ ਕੀਤਾ ਜਾਵੇ ਅਤੇ ਫਿਰ ਇਸ ਤੋਂ ਛੁਟਕਾਰਾ ਪਾਉਣ ਦੇ ਸਾਧਨ ਲੱਭੇ ਜਾਣ। ਅਮਰੀਕਾ ਵਿਚ ਮਿਲੀਅਨ ਮਿਲੀਅਨ ਲਿਟਰ ਦੁੱਧ ਡੋਲ੍ਹਿਆ ਜਾ ਰਿਹਾ ਹੈ। ਸਰਮਾਏਦਾਰੀ ਨਿਜ਼ਾਮ ਦੀ ਅੰਧਾਧੁੰਦ ਵਿਕਾਸ ਰੁਚੀ ਵਾਤਾਵਰਨ ਦਾ ਸਤਿਆਨਾਸ ਕਰ ਸਕਦੀ ਹੈ। ਇਸੇ ਕਰਕੇ ਇਸ ਨਾਲੋਂ ਵਧੇਰੇ ਤਰਕਮਈ ਮਾਡਲ ਉਸਾਰਨੇ ਚਾਹੀਦੇ ਹਨ।

ਇੱਕ ਹੋਰ ਸਮੱਸਿਆ ਇਸ ਮਾਡਲ ਦੀ ਇਹ ਹੈ ਕਿ ਲੋਕ ਖੇਤੀ ਵਿਚੋਂ ਨਿਕਲ ਕੇ ਸਨਅਤ ਜਾਂ ਸੇਵਾ ਸੈਕਟਰ ਵਿਚ ਜਾਣੇ ਲਾਜ਼ਮੀ ਹਨ ਪਰ ਪੰਜਾਬ ਵਿਚ ਸਨਅਤੀ ਜਾਂ ਉਤਰ-ਸਨਅਤੀ ਅਰਥਚਾਰਾ ਵਿਕਸਿਤ ਨਹੀਂ ਹੋ ਸਕਿਆ, ਇਸ ਲਈ ਕਿਸਾਨਾਂ ਕੋਲ ਇਹ ਚੋਣ ਨਹੀਂ ਹੈ।

ਵਾਤਾਵਰਨ ਦਾ ਸੰਕਟ ਬਹੁਤ ਗੰਭੀਰ ਹੋ ਰਿਹਾ ਹੈ, ਮਨੁੱਖਤਾ ਦੀ ਹੋਂਦ ਨੂੰ ਸਸਤੀ ਖਪਤਕਾਰੀ ਲਈ ਕੁਰਬਾਨ ਕਰਨਾ ਮਹਾਂ ਮੂਰਖਤਾ ਹੋਵੇਗੀ। ਸੋ, ਅਮਰੀਕਨ ਮਾਡਲ ਪੰਜਾਬ ਦੀ ਖੇਤੀ ਲਈ ਠੀਕ ਨਹੀਂ।

**2) ਮੌਜੂਦਾ ਭਾਰਤੀ ਮਾਡਲ**

ਇਸ ਮਾਡਲ ਅਧੀਨ ਸਰਕਾਰ ਲੋੜ ਤੋਂ ਕਿਤੇ ਵੱਧ ਅਨਾਜ ਐਮ.ਐਸ.ਪੀ. ਦੇ ਰੇਟ ਨਾਲ ਖਰੀਦਦੀ ਹੈ। ਬੜਾ ਸਾਦਾ ਜਿਹਾ ਮਾਡਲ ਹੈ ਪਰ ਹੈ ਨੇਤਰਹੀਣ। ਆਓ ਇਸ ਦੀਆਂ ਕਮੀਆਂ ਅਤੇ ਸਮੱਸਿਆਵਾਂ ਦੀ ਗੱਲ ਕਰੀਏ।

**ਪਹਿਲੀ ਸਮੱਸਿਆ:** ਇਸ ਮਾਡਲ ਵਿਚ ਕਿਸਾਨ ਉਹੀ ਫਸਲਾਂ ਪੈਦਾ ਕਰਦਾ ਹੈ ਜਿਨ੍ਹਾਂ ਉਤੇ ਐਮ.ਐਸ.ਪੀ. ਮਿਲਦੀ ਹੈ। ਇਸ ਨਾਲ ਮੋਨੋਕਲਚਰ ਹੋਂਦ ਵਿਚ ਆਉਂਦੀ ਹੈ; ਭਾਵ, ਕਿਸਾਨ ਬਹੁਤ ਥੋੜ੍ਹੀਆਂ ਫਸਲਾਂ ਹੀ ਬੀਜੀ ਜਾਂਦੇ ਹਨ। ਮੋਨੋਕਲਚਰ ਨਾਲ ਮਿੱਟੀ ਦੀ ਦੁਰਦਸ਼ਾ ਹੁੰਦੀ ਹੈ ਅਤੇ ਉਪਜਾਊਪੁਣਾ ਘਟਦਾ ਹੈ। ਨਤੀਜੇ ਵਜੋਂ ਝਾੜ ਲੈਣ ਲਈ ਖਾਦਾਂ ਦੀ ਵਰਤੋਂ ਵਧਦੀ ਜਾਂਦੀ ਹੈ। ਇਸ ਕਿਸਮ ਦੀ ਖੇਤੀ ਦਾ ਵਾਤਾਵਰਨ ਉਤੇ ਬਹੁਤ ਭੈੜਾ ਅਸਰ ਹੁੰਦਾ ਹੈ। ਰਸਾਇਣਾਂ ਦੀ ਵਾਧੂ ਵਰਤੋਂ ਨਾਲ ਜ਼ਹਿਰੀਲੇ ਪਦਾਰਥ ਹਵਾ ਅਤੇ ਪਾਣੀ ਵਿਚ ਜਾਣ ਲਗਦੇ ਹਨ। ਇਸ ਨਾਲ ਉਤਪਾਦਕਾਂ ਅਤੇ ਖਪਤਕਾਰਾਂ, ਦੋਹਾਂ ਦੀ ਸਿਹਤ 'ਤੇ ਭੈੜਾ ਅਸਰ ਹੁੰਦਾ ਹੈ।

**ਦੂਜੀ ਸਮੱਸਿਆ:** ਵਸੀਲਿਆਂ ਅਤੇ ਕਿਰਤ ਦਾ ਖਰਚਾ ਕਰਕੇ ਲੋੜ ਤੋਂ ਵਾਧੂ ਐਮ.ਐਸ.ਪੀ. ਵਾਲੀਆਂ ਫਸਲਾਂ ਪੈਦਾ ਕਰਨੀਆਂ ਹਨ ਜਿਨ੍ਹਾਂ ਦੀ ਕਿਸੇ ਨੂੰ ਵੀ ਲੋੜ ਨਹੀਂ ਅਤੇ ਜੋ ਸਰਕਾਰੀ ਗੋਦਾਮਾਂ ਦੇ ਵਿਚ ਵੀ ਅਤੇ ਬਾਹਰ ਵੀ ਬਿਨਾ ਵਰਤੇ ਖਰਾਬ ਹੋ ਜਾਂਦੀਆਂ ਹਨ। ਇਹ ਗੱਲ ਆਰਥਿਕ ਤੌਰ 'ਤੇ ਵੀ ਗਲਤ ਹੈ ਅਤੇ ਵਾਤਾਵਾਰਨਕ ਤੌਰ 'ਤੇ ਵੀ। ਜਿਸ ਤਰੀਕੇ ਨਾਲ ਸਰਕਾਰ ਅਨਾਜ ਪ੍ਰਬੰਧ ਕਰ ਰਹੀ ਹੈ, ਉਸ ਬਾਰੇ 'ਟੋਰਾਂਟੋ ਸਟਾਰ' ਵਿਚ ਛਪੇ ਇਕ ਲੇਖ ਵਿਚ ਕਿਹਾ ਗਿਆ ਸੀ ਕਿ 'ਉਸ ਮੁਲਕ ਵਿਚ



ਅਨਾਜ ਸੜਨ ਨੂੰ ਅਪਰਾਧਕ ਕੁਤਾਹੀ ਮੰਨਿਆ ਜਾਣਾ ਚਾਹੀਦਾ ਹੈ ਜਿੱਥੇ ਕੁਪੋਸ਼ਿਤ ਬੱਚਿਆਂ ਦੀ ਦਰ ਸੰਸਾਰ ਭਰ ਵਿਚ ਸਭ ਤੋਂ ਜ਼ਿਆਦਾ ਹੈ'।

**ਤੀਜੀ ਸਮੱਸਿਆ:** ਵਸੀਲਿਆਂ ਦੀ ਗਲਤ ਵਰਤੋਂ ਹੈ। ਮੌਜੂਦਾ ਮਾਡਲ ਦਾ ਇੱਕ ਹਿਸਾ ਬਿਜਲੀ ਦੀ ਸਬਸਿਡੀ ਹੈ ਜਿਸ ਕਾਰਨ ਪਾਣੀ ਦੀ ਲੋੜੋਂ ਵੱਧ ਵਰਤੋਂ ਕੀਤੀ ਜਾ ਰਹੀ ਹੈ। ਨਤੀਜੇ ਵਜੋਂ ਜ਼ਮੀਨੀ ਪਾਣੀ ਦੀ ਸਤ੍ਹਾ ਲਗਾਤਾਰ ਡਿਗ ਰਹੀ ਹੈ। ਜੇ ਇਹ ਗੱਲ ਜਾਰੀ ਰਹੀ ਤਾਂ ਇੱਕ ਦਿਨ ਪੰਜਾਬ ਦਾ ਸਾਰਾ ਪਹੁੰਚਯੋਗ ਪਾਣੀ ਖਤਮ ਹੋ ਸਕਦਾ ਹੈ। ਇਸ ਦੇ ਨਤੀਜੇ ਬਹੁਤ ਭਿਆਨਕ ਹੋ ਸਕਦੇ ਹਨ।

**ਚੌਥੀ ਸਮੱਸਿਆ:** ਕਿਸਾਨ ਆਪਣੇ ਹੀ ਉਤਪਾਦਨ ਦੀ ਕੀਮਤ ਤੈਅ ਨਹੀਂ ਕਰ ਸਕਦੇ। ਇਹ ਗੱਲ ਕਿਸੇ ਹੋਰ ਸੈਕਟਰ 'ਤੇ ਲਾਗੂ ਨਹੀਂ ਹੁੰਦੀ। ਆਪਣੇ ਪੈਦਾ ਕੀਤੇ ਉਤਪਾਦਾਂ ਦੀ ਲਾਗਤ ਜਾਂ ਸ਼ੁਰੂਆਤੀ ਕੀਮਤ ਅਤੇ ਮੰਡੀ ਕਿਸਾਨਾਂ ਦੇ ਆਪਣੇ ਹੱਥ ਹੋਣੀ ਚਾਹੀਦੀ ਹੈ ਜਿਵੇਂ ਇਹ ਹੋਰ ਸਭ ਸਨਅਤਾਂ ਵਿਚ ਹੈ। ਪੈਰਿਸ ਆਧਾਰਤ ਇਕ ਵਿਦਵਾਨ ਸਮੂਹ (ਥਿੰਕ ਟੈਂਕ) ਅਨੁਸਾਰ, ਹੋਰ ਮੁਲਕ ਕਿਸਾਨ ਨੂੰ ਸਬਸਿਡੀ ਦਿੰਦੇ ਹਨ ਪਰ ਭਾਰਤ ਵਿਚ ਕਿਸਾਨ ਮੁਲਕ ਨੂੰ ਸਬਸਿਡੀ ਦੇ ਰਿਹਾ ਹੈ। ਇਹ ਸਿਰਫ ਇਸ ਕਰਕੇ ਹੋ ਰਿਹਾ ਹੈ, ਕਿਉਂਕਿ ਕਿਸਾਨ ਆਪਣੇ ਉਤਪਾਦ ਦੀ ਕੀਮਤ ਆਪ ਨਹੀਂ ਲਾ ਰਿਹਾ ਸਗੋਂ ਕੇਂਦਰ ਸਰਕਾਰ ਲਾ ਰਹੀ ਹੈ।

ਇਨ੍ਹਾਂ ਤੱਥਾਂ ਕਰਕੇ ਹੀ ਇਹ ਨਾਕਾਮ ਮਾਡਲ ਹੈ ਜਿਸ ਵਿਚ ਮੰਗ ਤੋਂ ਵਾਧੂ ਉਤਪਾਦਨ ਹੁੰਦਾ ਹੈ (ਜੇ ਨਾ ਖਰੀਦਿਆ ਜਾਵੇ ਤਾਂ ਖੇਤੀ ਵਿਚ ਵੰਨ-ਸਵੰਨਤਾ ਵੀ ਆਵੇਗੀ) ਅਤੇ ਇਸ ਮਾਡਲ ਨਾਲ ਕੋਈ ਸਰਮਾਏ ਦੀ ਇਕਤਰਤਾ ਨਹੀਂ ਹੋ ਰਹੀ। ਨਤੀਜੇ ਵਜੋਂ ਬੁਨਿਆਦੀ ਢਾਂਚਾ ਵੀ ਹੋਂਦ ਵਿਚ ਨਹੀਂ ਆ ਰਿਹਾ।

ਇਨ੍ਹਾਂ ਕਾਰਨਾਂ ਕਰਕੇ ਐਮ.ਐਸ.ਪੀ. ਮਾਡਲ ਬਿਲਕੁਲ ਗਲਤ ਹੈ। ਕਿਸਾਨਾਂ ਨੂੰ ਇਸ ਮਾਡਲ ਅਧੀਨ ਸਾਰੀਆਂ ਫਸਲਾਂ 'ਤੇ ਸਰਕਾਰੀ ਖਰੀਦ ਦੀ ਮੰਗ ਕਰਨੀ ਠੀਕ ਨਹੀਂ।

**ਕੈਨੇਡੀਅਨ ਮੈਨੇਜਮੈਂਟ ਮਾਡਲ**

ਕੈਨੇਡੀਅਨ ਮੈਨੇਜਮੈਂਟ ਮਾਡਲ ਕਿਸਾਨਾਂ ਦੇ ਮਾਰਕਟਿੰਗ ਬੋਰਡ ਰਾਹੀਂ ਚਲਾਇਆ ਜਾਣ ਵਾਲਾ ਮਾਡਲ ਹੈ। ਕਿਸਾਨ ਇਹ ਬੋਰਡ ਆਪ ਬਣਾਉਂਦੇ ਹਨ, ਆਪ ਇਸ ਦੇ ਮੈਂਬਰ ਵੀ ਹਨ ਅਤੇ ਆਪਣਾ ਬੋਰਡ ਆਫ ਡਾਇਰੈਕਟਰਜ਼ ਵੀ ਆਪ ਚੁਣਦੇ ਹਨ। ਕਿਸਾਨਾਂ ਦੇ ਇਸ ਮਾਰਕਟਿੰਗ ਬੋਰਡ ਦਾ ਕੰਮ ਹੈ, ਕਿਸਾਨਾਂ ਦੇ ਪੈਦਾ ਕੀਤੇ ਉਤਪਾਦ ਨੂੰ ਵੇਚਣਾ। ਇਹ ਬੋਰਡ ਉਤਪਾਦ ਦੀ ਕੀਮਤ ਇਸ ਹਿਸਾਬ ਨਾਲ ਤੈਅ ਕਰਦਾ ਹੈ ਕਿ ਪੈਦਾ ਕਰਨ ਵਾਲੇ ਕਿਸਾਨ ਨੂੰ ਜਾਇਜ਼ ਪੱਧਰ ਦਾ ਮੁਨਾਫਾ ਜ਼ਰੂਰ ਹੋਵੇ। ਇਹ ਸਪਲਾਈ ਕੰਟਰੋਲ ਕਰਕੇ ਕੀਮਤਾਂ ਡਿਗਣ ਤੋਂ ਜਾਂ ਬਹੁਤ ਚੜ੍ਹਨ ਤੋਂ ਬਚਾਉਂਦਾ ਹੈ। ਜੇ ਮੰਗ ਵਧ ਜਾਵੇ ਅਤੇ ਕੀਮਤਾਂ ਵਧਣ ਲੱਗਣ ਤਾਂ ਬੋਰਡ ਆਪਣੇ ਕਿਸਾਨਾਂ ਦੀ ਮਦਦ ਨਾਲ ਸਪਲਾਈ ਵਧਾ ਦਿੰਦਾ ਹੈ; ਜੇ ਸਪਲਾਈ ਵਧ ਹੋ ਜਾਵੇ ਅਤੇ ਕੀਮਤਾਂ ਡਿਗਣ ਲੱਗਣ ਤਾਂ ਇਹ ਸਪਲਾਈ ਘਟਾ ਦਿੰਦਾ ਹੈ। ਇੰਜ ਕਰਨ ਨਾਲ ਇਹ ਮੰਗ ਅਤੇ ਸਪਲਾਈ ਨੂੰ ਨੇੜੇ ਤੇੜੇ ਹੀ ਰੱਖਦੇ ਹਨ। ਕੀਮਤਾਂ ਦੀ ਪੱਧਰ ਅਜਿਹੀ ਰਹਿੰਦੀ ਹੈ ਕਿ ਕਿਸਾਨ ਨੂੰ ਜਾਇਜ਼ ਮੁਨਾਫਾ ਬਣਦਾ ਰਹਿੰਦਾ ਹੈ ਅਤੇ ਖਪਤਕਾਰਾਂ ਨੂੰ ਬਹੁਤ ਵਾਧੂ ਕੀਮਤ ਨਹੀਂ ਦੇਣੀ ਪੈਂਦੀ।

ਜਿਹੜੀ ਗੱਲ ਮੰਡੀ ਬਹੁਤ ਕਿਸਮ ਦੀ ਸਮਾਜਕ ਅਤੇ ਆਰਥਕ ਤੋੜ ਭੱਜ ਕਰਕੇ ਪ੍ਰਾਪਤ ਕਰਦੀ ਹੈ, ਉਹ ਮਾਰਕਟਿੰਗ ਬੋਰਡ ਥੋੜੀ ਜਿਹੀ ਕੋਸ਼ਿਸ਼ ਨਾਲ ਹੀ ਪ੍ਰਾਪਤ ਕਰ ਲੈਂਦਾ ਹੈ। ਇਹ ਮਾਡਲ ਇਨਸਾਨ ਅਤੇ ਵਾਤਾਵਰਨ ਪ੍ਰਤੀ ਚੇਤੰਨ ਤੇ ਸੰਵੇਦਨਸ਼ੀਲ ਹੈ।

ਸਭ ਤੋਂ ਅਹਿਮ ਗੱਲ ਇਹ ਹੈ ਕਿ ਕੈਨੇਡੀਅਨ ਮਾਡਲ ਵਿਚ ਸਰਕਾਰ ਨੂੰ ਕੋਈ ਸਬਸਿਡੀ ਨਹੀਂ ਦੇਣੀ ਪੈਂਦੀ। ਕਿਸਾਨ ਆਪਣਾ ਭਾਰ ਆਪ ਚੁੱਕਦੇ ਹਨ ਸਗੋਂ ਟੈਕਸ ਦੇ ਕੇ ਸਰਕਾਰ ਦੀ ਮਦਦ ਕਰਦੇ ਹਨ। ਕਈ ਲੋਕ ਕਹਿੰਦੇ ਹਨ ਕਿ ਕੈਨੇਡੀਅਨ ਲੋਕਾਂ ਨੂੰ ਦੁੱਧ ਅਤੇ ਆਂਡਿਆਂ ਵਗੈਰਾ ਦੀ ਵਾਧੂ ਕੀਮਤ ਦੇਣੀ ਪੈਂਦੀ ਹੈ ਪਰ ਅਧਿਐਨ ਅਨੁਸਾਰ ਕੈਨੇਡਾ ਦੇ ਖਪਤਕਾਰਾਂ ਨੂੰ ਕੋਈ ਬਹੁਤੀ ਵਾਧੂ ਕੀਮਤ ਨਹੀਂ ਤਾਰਨੀ ਪੈਂਦੀ। ਸੀ.ਬੀ.ਸੀ. ਦੀ ਰਿਪੋਰਟ ਅਨੁਸਾਰ ਅਮੀਰ ਲੋਕ ਕੈਨੇਡਾ ਵਿਚ 554 ਡਾਲਰ ਸਾਲਾਨਾ ਵਾਧੂ ਖਰਚਦੇ ਹਨ ਅਤੇ ਆਮ ਲੋਕ 339 ਡਾਲਰ।

ਕੈਨੇਡੀਅਨ ਲੋਕ ਸਿਰਫ ਇਕੋ ਹੀ ਕੀਮਤ ਤਾਰਦੇ ਹਨ ਪਰ ਕਿਸੇ ਵਿਦਵਾਨ ਦੇ ਕਹਿਣ ਮੁਤਾਬਕ, ਅਮਰੀਕਨ ਅਤੇ ਯੂਰਪੀ ਲੋਕ ਦੋ ਕੀਮਤਾਂ ਤਾਰਦੇ ਹਨ; ਇਕ ਸਟੋਰ ਵਿਚ ਦੁੱਧ ਵਗੈਰਾ ਖਰੀਦਣ ਵੇਲੇ ਅਤੇ ਦੂਜੀ ਟੈਕਸ ਭਰਨ ਵੇਲੇ ਸਬਸਿਡੀ ਦੀ।

ਸਪਲਾਈ ਮੈਨੇਜਮੈਂਟ ਸਰਮਾਏਦਾਰੀ ਨਿਜ਼ਾਮ ਵਿਚ ਨਵੇਂ ਟਰੈਂਡ ਦੇ ਤੌਰ 'ਤੇ ਦਾਖਲ ਹੋਣ ਵਾਲੀ ਹੈ ਜਦੋਂ ਲੌਗਰਿਦਮ ਵਰਤ ਕੇ ਆ ਰਹੇ ਸਮੇਂ ਦੀ ਮੰਗ ਦੇ ਅੰਦਾਜ਼ੇ ਲਾਏ ਜਾ ਸਕਦੇ ਹਨ; ਜਾਂ ਫਿਰ ਲੋਕ ਜਦੋਂ ਕਿਸੇ ਚੀਜ਼ ਦਾ ਆਰਡਰ ਦੇਣ, ਉਸੇ ਵੇਲੇ ਉਸ ਨੂੰ ਬਣਾ ਕੇ ਭੇਜ ਦਿੱਤਾ ਜਾਵੇ। ਦੂਜੇ ਅਰਥਾਂ ਵਿਚ ਮੰਡੀ ਦੇ ਉਤਰਾਅ ਚੜ੍ਹਾਅ ਅਸਲ ਵਿਚ ਪਹਿਲਾਂ ਹੀ ਜਾਂਚ ਲਏ ਜਾਣ ਅਤੇ ਉਨ੍ਹਾਂ ਨੂੰ ਮੈਨੇਜ ਕੀਤਾ ਜਾਵੇ।

**ਪੰਜਾਬ ਵਿਚ ਕੈਨੇਡੀਅਨ ਸਿਸਟਮ**

ਪੰਜਾਬੀ ਲੋਕਾਂ ਦੀ ਸੋਚ ਅਜੇ ਮਾਡਲਾਂ ਦੀ ਭਾਲ ਵਿਚ ਤੁਰੀ ਨਹੀਂ। ਉਂਝ, ਜੇ ਅਜਿਹਾ ਸਿਸਟਮ ਲਾਗੂ ਹੋ ਜਾਵੇ ਤਾਂ ਸਭ ਸਬਸਿਡੀਆਂ ਖਤਮ ਹੋ ਸਕਦੀਆਂ ਹਨ। ਫਿਰ ਪੰਜਾਬ ਸਰਕਾਰ ਨੂੰ ਬਿਜਲੀ ਸਬਸਿਡੀ ਦੇਣ ਦੀ ਲੋੜ ਨਹੀਂ। ਬਿਜਲੀ ਸਬਸਿਡੀ ਖਤਮ ਹੋਣ ਨਾਲ ਪੰਜਾਬ ਸਰਕਾਰ ਨੂੰ ਕੋਈ 8 ਹਜ਼ਾਰ ਕਰੋੜ ਦਾ ਫਾਇਦਾ ਹੋਵੇਗਾ। ਇਸ ਨਾਲ ਪਾਣੀ ਦੀ ਲੋੜੋਂ ਵਾਧੂ ਵਰਤੋਂ ਵੀ ਹਟੇਗੀ। ਜੇ ਜ਼ਮੀਨ ਹੇਠਲੇ ਪਾਣੀ ਦੀ ਸਤ੍ਹਾ ਮੁੜ ਉਤੇ ਲਿਆਂਦੀ ਜਾ ਸਕੇ ਤਾਂ ਇਹ ਬਹੁਤ ਚੰਗੀ ਅਤੇ ਅਹਿਮ ਗੱਲ ਹੋਵੇਗੀ।

ਅਸ਼ੋਕ ਗੁਲਾਟੀ ਅਨੁਸਾਰ ਪੰਜਾਬ ਸਰਕਾਰ ਦੀ ਬਿਜਲੀ ਸਬਸਿਡੀ 8275 ਕਰੋੜ ਦੀ ਹੈ। ਖਾਦਾਂ ਉਤੇ ਕੇਂਦਰ ਸਰਕਾਰ ਦੀ ਸਬਸਿਡੀ ਕੋਈ 5000 ਕਰੋੜ ਹੈ। ਇਸ ਦੇ ਨਾਲ ਨਾਲ ਹੋਰ ਕਈ ਸਬਸਿਡੀਆਂ ਹਨ। ਜੇ ਇਨ੍ਹਾਂ ਦੀ ਕੁੱਲ ਰਕਮ 15000 ਕਰੋੜ ਦੇ ਨੇੜੇ ਹੋਵੇ ਤਾਂ ਇਹ ਪੈਸਾ ਪੰਜਾਬ ਵਿਚ ਕਿਸਾਨਾਂ ਦੇ ਬੋਰਡ ਦੇ ਨਿਰਦੇਸ਼ਨ ਅਧੀਨ ਕਿਸੇ ਅਹਿਮ ਕੰਮ 'ਤੇ ਲਾਇਆ ਜਾ ਸਕਦਾ ਹੈ। ਮਿਸਾਲ ਵਜੋਂ 100 ਮੀਟ੍ਰਿਕ ਟਨ ਸਟੋਰ ਕਰਨ ਵਾਲਾ ਸਾਈਲੋ 5 ਲੱਖ ਦਾ ਲੱਗ ਜਾਂਦਾ ਹੈ। 15000 ਕਰੋੜ ਨਾਲ ਬੇਗਿਣਤ ਪਿੰਡਾਂ ਵਿਚ ਸਾਈਲੋ ਬਣਾਏ ਜਾ ਸਕਦੇ ਹਨ ਤਾਂ ਕਿ ਕਣਕ ਅਤੇ ਹੋਰ ਫਸਲਾਂ ਦੀ ਗੁਣਵੱਤਾ ਕਾਇਮ ਰੱਖਦੇ ਹੋਏ ਇਨ੍ਹਾਂ ਨੂੰ ਸਟੋਰ ਕੀਤਾ ਜਾ ਸਕੇ। ਇਸ ਨਾਲ ਇਹ ਬਰਾਮਦ ਕਰਨ ਦੇ ਲਾਇਕ ਵੀ ਰਹਿ ਸਕਦੀਆਂ ਹਨ।

ਸਵਾਲ ਇਹ ਨਹੀਂ ਕਿ ਪੰਜਾਬ ਵਿਚ ਕਿਸਾਨਾਂ ਦਾ ਮਾਰਕਟਿੰਗ ਬੋਰਡ ਬਣਾਇਆ ਜਾ ਸਕਦਾ ਹੈ ਜਾਂ ਨਹੀਂ; ਪੰਜਾਬ ਵਿਚ ਮੰਡੀ ਬੋਰਡ ਪਹਿਲਾਂ ਹੀ ਹੈ ਪਰ ਇਸ ਦਾ ਕਾਰਜ ਠੀਕ ਨਹੀਂ ਅਤੇ ਇਹ ਹੈ ਵੀ ਸਰਕਾਰੀ ਜਿਸ ਵਿਚ ਅਫਸਰਸ਼ਾਹੀ ਹੀ ਸਭ ਕੁਝ ਕਰਦੀ ਹੈ। ਇਸ ਲਈ ਇਹ ਸਪਲਾਈ ਮੈਨੇਜਮੈਂਟ ਨਹੀਂ ਕਰਦਾ ਅਤੇ ਨਾ ਹੀ ਸਹੀ ਤਰੀਕੇ ਨਾਲ ਕਿਸਾਨਾਂ ਦੇ ਉਤਪਾਦ ਦੀ ਮਾਰਕਟਿੰਗ ਕਰਦਾ ਹੈ। ਸੋ ਜਾਂ ਤਾਂ ਮੰਡੀ ਬੋਰਡ ਦਾ ਮੈਂਡੇਟ ਬਦਲ ਕੇ ਇਸ ਨੂੰ ਕਿਸਾਨਾਂ ਦੇ ਹਵਾਲੇ ਕੀਤਾ ਜਾਵੇ; ਜਾਂ ਫਿਰ ਮੰਡੀ ਬੋਰਡ ਦੇ ਸਮਾਨੰਤਰ ਕਿਸਾਨਾਂ ਦਾ ਕੈਨੇਡੀਅਨ ਸਟਾਈਲ ਦਾ ਬੋਰਡ ਬਣਾਇਆ ਜਾਵੇ। ਅਜਿਹੇ ਬੋਰਡ ਨੂੰ ਸਥਾਨਕ, ਕੌਮੀ ਅਤੇ ਕੌਮਾਂਤਰੀ ਪੱਧਰ 'ਤੇ ਆਪਣੇ ਭੋਜਨ ਪਦਾਰਥ ਵੇਚਣੇ ਚਾਹੀਦੇ ਹਨ। ਸਭ ਫਸਲਾਂ 'ਤੇ ਐਮ.ਐਸ.ਪੀ. ਮੰਗਣ ਦੀ ਥਾਂ ਅਨਾਜ ਬਰਾਮਦ ਕਰਨ ਦਾ ਅਧਿਕਾਰ ਮੰਗਣਾ ਚਾਹੀਦਾ ਹੈ।

ਇਸ ਬੋਰਡ ਨੂੰ ਵਿਗਿਆਨੀਆਂ ਅਤੇ ਮੰਡੀ ਦੇ ਮਾਹਿਰਾਂ ਦੀ ਮਦਦ ਨਾਲ ਫੈਸਲਾ ਕਰਨਾ ਚਾਹੀਦਾ ਹੈ ਕਿ ਕਿੰਨੀ ਜ਼ਮੀਨ ਕਿਸ ਫਸਲ ਲਈ ਵਰਤੀ ਜਾਵੇ ਤਾਂ ਕਿ ਉਤਪਾਦ ਵਿਚ ਵਾਧੂ ਸਪਲਾਈ ਦਾ ਮਾਹੌਲ ਨਾ ਬਣੇ ਅਤੇ ਜਾਇਜ਼ ਕੀਮਤਾਂ ਜਾਰੀ ਰਹਿਣ।

---

ਪੰਜਾਬ ਵਿਚ ਪੰਜ ਏਕੜ ਤੋਂ ਘੱਟ ਦੇ ਫਾਰਮ ਨੂੰ ਛੋਟਾ ਫਾਰਮ ਕਿਹਾ ਜਾਂਦਾ ਹੈ। ਜੇ ਅਸੀਂ ਕੌਮਾਂਤਰੀ ਮਿਆਰ ਨਾਲ ਦੇਖੀਏ ਤਾਂ ਪੰਜਾਬ ਦੇ ਤਕਰੀਬਨ ਸਾਰੇ ਫਾਰਮ ਹੀ ਛੋਟੇ ਫਾਰਮ ਹਨ। ਇਨ੍ਹਾਂ ਵਿਚ ਵੱਡੇ ਅਕਾਰ ਦੀ ਬੱਚਤ (Economy of scale) ਬਹੁਤ ਮੁਸ਼ਕਿਲ ਹੈ। ਇਨ੍ਹਾਂ ਵਿਚ ਲਾਗਤ ਘੱਟ ਕਰਨ ਵਾਲੀ ਤਕਨਾਲੋਜੀ ਲਾਉਣੀ ਵੀ ਮੁਸ਼ਕਿਲ ਹੈ। ਇਸ ਲਈ ਸਰਮਾਏ ਦੀ ਬਹੁਤੀ ਇਕੱਤਰਤਾ ਵੀ ਮੁਸ਼ਕਿਲ ਹੈ। ਇਸ ਲਈ ਅੱਜ ਦੀ ਤਕਨਾਲੋਜੀ ਦਾ ਪੂਰਾ ਫਾਇਦਾ ਉਠਾਉਣ ਅਤੇ ਵਾਤਾਵਰਨ ਠੀਕ ਰੱਖਣ ਵਾਲੇ ਖਰਚੇ ਲਈ ਫਾਰਮ ਦਾ ਆਕਾਰ ਵਧਾਉਣਾ ਜ਼ਰੂਰੀ ਹੈ।


ਆਮ ਪਿੰਡਾਂ ਦੀ ਜ਼ਮੀਨ 500 ਤੋਂ 1000 ਏਕੜ ਤੱਕ ਹੈ। ਇਹ ਅੱਜ ਦੇ ਫਾਰਮ ਲਈ ਜਾਇਜ਼ ਜਿਹਾ ਆਕਾਰ ਹੈ। ਜੇ ਦੋ ਤਿੰਨ ਜਾਂ ਚਾਰ ਪਿੰਡ ਇੱਕਠੇ ਹੋ ਜਾਣ ਜਿਵੇਂ ਲਾਂਬੜਾ ਕਾਂਗੜੀ ਵਿਚ ਹਨ ਤਾਂ ਹੋਰ ਵੀ ਬਿਹਤਰ ਹੈ। ਲਾਂਬੜਾ ਕਾਂਗੜੀ ਦੇ ਚਾਰ ਪਿੰਡਾਂ ਦੀ ਕੁੱਲ ਜ਼ਮੀਨ 3500 ਏਕੜ ਹੈ। ਇਹ ਬਹੁਤ ਹੀ ਲਾਹੇਵੰਦ ਫਾਰਮ ਬਣ ਸਕਦੇ ਹਨ ਪਰ ਸਵਾਲ ਹੈ ਕਿ ਕਿਹੋ ਜਿਹਾ ਮਾਡਲ ਅਪਣਾਇਆ ਜਾਵੇ। ਅਸੀਂ ਇਥੇ ਤਿੰਨ ਵੱਖ-ਵੱਖ ਮਾਡਲਾਂ ਦੀ ਗੱਲ ਕਰਾਂਗੇ ਤਾਂ ਕਿ ਦੇਖਿਆ ਜਾ ਸਕੇ ਕਿ ਕਿਹੜਾ ਮਾਡਲ ਬਿਹਤਰ ਰਹਿ ਸਕਦਾ ਹੈ। ਇਹ ਚੰਗਾ ਹੋਵੇਗਾ, ਜੇ ਵਿਦਵਾਨ ਦੋਸਤ ਇਸ ਵਿਚ ਹੋਰ ਵਾਧਾ ਕਰ ਸਕਣ।

**1) ਮੌਂਡਰਾਗੌਨ ਮਾਡਲ**

ਮੌਂਡਰਾਗੌਨ ਮੈਂਬਰ ਕੋਆਪ ਕਾਰਪੋਰੇਸ਼ਨਾਂ ਦੀ ਫੈਡਰੇਸ਼ਨ ਹੈ ਜਿਸ ਦੀ ਆਪਣੀ ਬਣਤਰ ਵੀ ਕੋਆਪ ਵਾਲੀ ਹੈ। ਇਹ ਬੁਨਿਆਦੀ ਤੌਰ 'ਤੇ ਵਰਕਰਜ਼ ਜਾਂ ਕਾਮਿਆਂ ਦਾ ਕੋਆਪ ਹੈ। ਇਹ ਭਾਵੇਂ ਬਹੁਤ ਕਾਮਯਾਬ ਕੋਆਪ ਹੈ ਪਰ ਪਿੰਡ ਪੱਧਰ 'ਤੇ ਇਹ ਜਾਇਜ਼ ਮਾਡਲ ਨਹੀਂ। ਕਿਸਾਨ ਆਪਣੀ ਜ਼ਮੀਨ ਦੀ ਮਲਕੀਅਤ

*(ਬਾਕੀ ਅਗਲੇ ਸਫੇ 'ਤੇ)*

# ਚਿੰਤਨੀ ਮਹਿਫ਼ਲਾਂ ਦਾ ਸ਼ਿੰਗਾਰ ਸੀ ਬਲਦੇਵ ਦੂਹੜੇ



**ਗੁਰਦੇਵ ਚੌਹਾਨ**
**ਫੋਨ: 647-866-6091**

ਜਲੰਧਰ ਜ਼ਿਲ੍ਹੇ ਦੇ ਪਿੰਡ ਦੂਹੜਾ ਵਿਚ 5 ਨਵੰਬਰ 1945 ਨੂੰ ਜਨਮਿਆ ਬਲਦੇਵ ਦੂਹੜੇ 4 ਨਵੰਬਰ 2025 ਨੂੰ ਇਸ ਫ਼ਾਨੀ ਦੁਨੀਆਂ ਨੂੰ ਸਦਾ ਲਈ ਛੱਡ ਗਿਆ ਅਤੇ ਆਪਣੇ ਪਰਿਵਾਰ ਅਤੇ ਅਨੇਕਾਂ ਮਿੱਤਰਾਂ ਨੂੰ ਅਤਿ ਦਾ ਸੋਗ ਅਤੇ ਉਦਾਸੀ ਦੇ ਗਿਆ। ਉਂਝ ਜੇਕਰ ਉਹ ਸਿਰਫ ਇਕ ਦਿਨ ਹੋਰ ਜੀਉਂਦਾ ਤਾਂ ਉਸ ਨੇ 80 ਸਾਲਾਂ ਦਾ ਹੋ ਜਾਣਾ ਸੀ। ਪਰ ਇਥੇ ਗੱਲ ਸਾਲਾਂ ਨਾਲੋਂ ਜ਼ਿੰਦਗੀ ਨੂੰ ਸ਼ਿੱਦਤ ਨਾਲ ਮਾਣਨ ਦੀ ਵੱਧ ਹੈ ਜਿਹੜੀ ਉਸ ਦੇ ਹਿੱਸੇ ਖੂਬ ਆਈ। ਉਹ ਪਹਿਲੀ ਅਕਤੂਬਰ ਨੂੰ ਆਪਣੇ ਕਸਬੇ ਗਲਫ ਦੇ ਹਸਪਤਾਲ ਜਾਣ ਤੋਂ ਮਹਿਜ਼ ਇਕ ਦਿਨ ਪਹਿਲਾਂ ਤੱਕ ਉਹ ਬਿਲਕੁਲ ਠੀਕ-ਠਾਕ ਸੀ ਅਤੇ ਕੁਝ ਦਿਨ ਪਹਿਲਾਂ ਹੀ ਦੋਸਤਾਂ ਦੀ ਮਹਿਫ਼ਲ ਵਿਚ ਬਲ ਉਸ ਨੂੰ ਇਹ ਕਹਿ ਕੇ ਮਖ਼ੌਲ ਕਰ ਰਿਹਾ ਸੀ ਕਿ ਦੂਹੜੇ ਸਾਹਿਬ ਪਤਾ ਨਹੀਂ ਕਿਸ ਮਿੱਟੀ ਦੇ ਬਣੇ ਹੋਏ ਹਨ ਕਿ ਇਨ੍ਹਾਂ ਨੂੰ ਕਦੀ ਕਿਸੇ ਦੁਖ ਦਰਦ ਜਾਂ ਬਿਮਾਰੀ ਦੀ ਸ਼ਿਕਾਇਤ ਕਰਦੇ ਸੁਣਿਆ ਹੀ ਨਹੀਂ ਹੈ। ਬਲ ਦੇ ਕਹਿਣ ਅਨੁਸਾਰ ਬਲਦੇਵ ਦੂਹੜੇ ਸਾਧ ਬਿਰਤੀ ਦਾ ਮਾਲਕ ਸੀ ਅਤੇ ਉਸ ਨੂੰ ਕਦੀ ਵੀ ਕਿਸੇ ਨੇ ਕਿਸੇ ਦੀ ਨਿੰਦਾ-ਚੁਗਲੀ ਕਰਦੇ ਨਹੀਂ ਸੁਣਿਆ ਸੀ।

ਉਹ 1970 ਦੇ ਕਰੀਬ ਹੀ ਕੈਨੇਡਾ ਆ ਗਿਆ ਸੀ। ਪਿਛਲੇ ਦੋ ਕੁ ਦਹਾਕਿਆਂ ਤੋਂ ਉਹ ਆਪਣੇ ਪੁੱਤਰ ਨਾਲ ਬ੍ਰਿਟਿਸ਼ ਕੋਲੰਬੀਆ ਤੋਂ ਗਲਫ (ਓਟਵਾ) ਵਿਚ ਰਹਿਣ ਲੱਗ ਪਿਆ ਸੀ ਜਿੱਥੇ ਉਸ ਦੇ ਪੁੱਤਰ ਨੇ ਰੈਸਟੋਰੈਂਟ ਖੋਲ੍ਹ ਲਿਆ ਸੀ। ਦੂਹੜੇ ਨੇ ਪਹਿਲਾਂ ਵਾਂਗ ਲੀਗਲ ਇੰਟਰਪਰੇਟੇਸ਼ਨ ਦਾ ਕੰਮ ਇੱਥੇ ਬਰੈਂਪਟਨ ਕੋਰਟ ਵਿਚ ਵੀ ਜਾਰੀ ਰੱਖਿਆ। ਉਹ ਦੱਸਦਾ ਹੁੰਦਾ ਸੀ ਕਿ ਕਈ ਮਹੱਤਵਪੂਰਨ ਕੇਸਾਂ ਦੀ ਸੁਣਵਾਈ ਨਾਲ ਸਬੰਧਤ ਪੂਰੀ ਇੰਟਰਪ੍ਰੇਟੇਸ਼ਨ ਵਿਚ ਉਸ ਨੇ ਭਾਗ ਲਿਆ ਸੀ ਜਿਨ੍ਹਾਂ ਵਿਚ ਕਨਿਸ਼ਕ ਹਵਾਈ ਹਾਦਸੇ ਦੀ ਅਦਾਲਤੀ ਕਾਰਵਾਈ ਵੀ ਸ਼ਾਮਿਲ ਸੀ।

ਬਲਦੇਵ ਨੇ ਨੱਬੇਵਿਆਂ ਤੋਂ ਹੀ ਕਵਿਤਾਵਾਂ ਲਿਖਣ ਨਾਲ ਆਪਣਾ ਸਾਹਿਤਕ, ਰਾਜਨੀਤਕ ਅਤੇ ਆਰਥਿਕ ਲੇਖਣੀ ਦਾ ਸਫ਼ਰ ਸ਼ੁਰੂ ਕਰ ਦਿੱਤਾ ਸੀ। ਉਸ ਦੇ ਕਈ ਮਹੱਤਵਪੂਰਨ ਲੇਖ ਬੀ.ਸੀ. ਤੋਂ ਪ੍ਰਕਾਸ਼ਤ ਅਤੇ ਸੁਖਵੰਤ ਹੁੰਦਲ ਦੇ ਸੰਪਾਦਿਤ; 'ਵਤਨ' ਮੈਗਜ਼ੀਨ, 'ਕੈਨੇਡਾ ਦਰਪਨ', ਅਤੇ ਰਘਬੀਰ ਸਿਰਜਣਾ ਦੇ ਰਸਾਲੇ 'ਸਿਰਜਣਾ' ਵਿਚ ਛਪਣੇ ਸ਼ੁਰੂ ਹੋ ਗਏ ਸਨ। ਬਾਅਦ ਵਿਚ ਉਸ ਦੇ ਕੁਝ ਮਹੁੱਤਵਪੂਰਣ ਲੇਖ 'ਹੁਣ', ਅਤੇ ਅਮਰੀਕਾ ਤੋਂ ਪ੍ਰਕਾਸ਼ਿਤ 'ਪੰਜਾਬ ਟਾਈਮਜ਼' ਵਿਚ ਵੀ ਛਪੇ ਹਨ। ਉਸਦੇ ਇਨ੍ਹਾਂ ਲੇਖਾਂ ਵਿਚ ਦਰਸ਼ਨ ਨਾਲ ਸਬੰਧਤ, 'ਕਦਰ ਦਾ ਸਿਧਾਂਤ', 'ਸਦਾਚਾਰ, ਇਕ ਜਾਣ-ਪਛਾਣ', 'ਵਿਕਾਸ ਪ੍ਰਗਤੀ ਅਤੇ ਇਨਸਾਫ', 'ਮਾਰਕਸਵਾਦ ਦੀ ਸਾਰਥਿਕਤਾ' ਆਦਿ ਸ਼ਾਮਿਲ ਹਨ। ਇਨ੍ਹਾਂ ਵਿਚ ਉਹ ਮਾਰਕਸ ਦੀਆਂ ਲਿਖਤਾਂ ਤੋਂ ਲਏ ਪ੍ਰਭਾਵਾਂ ਹੇਠ ਅਜੋਕੀ ਸਿਆਸਤ ਅਤੇ ਅਰਥਚਾਰੇ ਬਾਰੇ ਕਈ ਅਹਿਮ ਨੁਕਤੇ ਉਠਾਉਂਦਾ ਹੈ ਜਿਨ੍ਹਾਂ ਵਿਚ ਵਸਤਾਂ ਦੇ ਮੁੱਲ ਅਤੇ ਕਦਰ ਵਿਚਲੇ ਵਖਰੇਵੇਂ, ਤਰਕ ਅਤੇ ਵਿਸ਼ਵਾਸ ਬਾਰੇ ਹੀਗਲ ਅਤੇ ਕਿਰਕੇਗਾਰਦ ਦੀਆਂ ਲਿਖਤਾਂ ਨੂੰ ਲੈ ਕੇ ਉੱਠੇ ਵਿਵਾਦ ਨੂੰ ਲੈ ਕੇ ਇਨ੍ਹਾਂ ਦੋਹਾਂ ਦੀ ਸਹਿਹੋਂਦ ਦੀ ਲੋੜ, ਅਰਥਚਾਰੇ ਵਿਚ ਮਾਰਕਸਵਾਦੀ ਸਿਧਾਂਤਾਂ ਤਹਿਤ ਵਿਵਸਥਾ ਵਿਚ ਆ ਰਹੇ ਨਵੇਂ ਮੋੜ ਅਤੇ ਆਧੁਨਿਕ ਸਨਅਤਕਾਰੀ ਵਿਵਸਥਾ ਵਿਚ ਨਿਵੇਸ਼ ਤਹਿਤ ਨਵੇਂ ਮੋੜ ਅਤੇ ਮਾਮਲੇ ਉਸਦੇ ਖਿਆਲਾਂ ਅਤੇ ਲੇਖਾਂ ਦੇ ਮੁੱਖ ਮੁੱਦੇ ਸਨ। 'ਪੰਜਾਬ ਸੰਕਟ ਦਾ ਹੱਲ: ਸਾਂਝੀ ਖੇਤੀ ਅਤੇ ਤੀਜੇ ਬਦਲ ਦੀ ਭਾਲ', 'ਪੰਜਾਬ ਦੀ ਆਰਥਕ ਮੁੜ ਬਹਾਲੀ' ਆਦਿ ਲੇਖਾਂ ਵਿਚ ਉਹ ਪੰਜਾਬ ਵਿਚ ਖੇਤੀ ਦੇ ਹੱਲ ਲਈ ਮੌਂਡਰਾਗੌਨ ਸਹਿਕਾਰੀ ਕਾਰਪੋਰੇਸ਼ਨਾਂ ਵਰਗੀਆਂ ਕੋਆਪ ਸਾਰੇ ਪੰਜਾਬ ਵਿਚ ਬਣਾਏ ਜਾਣ ਦੀ ਲੋੜ ਦੀ ਦਲੀਲ ਦਿੰਦਾ ਹੈ ਜਿਹੜੇ ਇਕ ਦੂਜੇ ਨਾਲ ਸੰਪਰਕ ਅਤੇ ਖਰੀਦੋ-ਫਰੋਖਤ ਲਈ ਆਪਣੇ ਕੇਂਦਰੀ ਦਫਤਰ ਨਾਲ ਜੁੜੇ ਹੋਣ ਤਾਂ ਕਿ ਉਹ ਵੱਡੇ ਉਤਪਾਦਨ, ਖੋਜ ਅਤੇ ਆਪਣੀਆਂ ਵਸਤਾਂ ਦਾ ਮੁੱਲ ਆਪ ਨਿਰਧਾਰਤ ਕਰ ਸਕਣ ਅਤੇ ਇਨ੍ਹਾਂ ਦੀ ਭਾਰਤ ਅਤੇ ਬਾਹਰਲੇ ਮੁਲਕਾਂ ਨਾਲ ਉਨ੍ਹਾਂ ਦੀ ਮਾਰਕਿਟਿੰਗ ਕਰ ਸਕਣ ਦੇ ਯੋਗ ਹੋ ਸਕਣ। ਇੰਝ ਕਰਨ ਨਾਲ ਉਹ ਖੇਤੀ ਉਤਪਾਦਨ ਨਾਲ ਜੁੜੇ ਉਦਯੋਗ ਵੀ ਲਾ ਸਕਣਗੇ। ਉਹ ਕੇਂਦਰੀ ਸਰਕਾਰ ਕੋਲੋਂ ਐਮ.ਐਸ.ਪੀ. ਲੈਣ ਵਾਲੀ ਪ੍ਰਥਾ ਦੇ ਵੀ ਹੱਕ ਵਿਚ ਨਹੀਂ ਹੈ। ਉਹ ਕਹਿੰਦਾ ਹੈ ਕਿ ਇਸ ਤਰ੍ਹਾਂ ਉਹ ਸਰਕਾਰਾਂ ਦੇ ਰਹਿਮੋ-ਕਰਮ ਤੋਂ ਕਦੇ ਨਿਜਾਤ ਨਹੀਂ ਪਾ ਸਕਦੇ ਅਤੇ ਖੇਤੀ ਨੂੰ ਆਤਮ-ਨਿਰਭਰ ਅਤੇ ਲਾਭਕਾਰੀ ਨਹੀਂ ਬਣਾ ਸਕਦੇ।

ਅਜਮੇਰ ਸਿੰਘ ਦੀ 'ਸਿੱਖਾਂ ਦੀ ਸਿਧਾਂਤਕ ਘੇਰਾਬੰਦੀ ਨਾਮਕ ਪੁਸਤਕ ਦੇ ਸਬੰਧ ਵਿਚ ਉਸ ਦੇ 'ਪੰਜਾਬ ਟਾਈਮਜ਼' ਵਿਚ ਛਪੇ ਲੇਖ 'ਅਜਮੇਰ ਸਿੰਘ ਦੀਆਂ ਕੁਝ ਬੱਜਰ ਗਲਤੀਆਂ' ਵਿਚ ਉਸ ਦਾ ਇਹ ਮੰਨਣਾ ਹੈ ਕਿ ਬੀਜੇਪੀ ਸਿੱਖ ਧਰਮ ਨੂੰ ਆਪਣੇ ਵਿਚ ਮਿਲਾ ਕੇ ਨਾ ਤਾਂ ਖਤਮ ਸਕਦੀ ਹੈ ਅਤੇ ਨਾ ਹੀ ਇਹ ਕਰਨਾ ਚਾਹੇਗੀ ਅਤੇ ਇਹ ਵੀ ਕਿ ਇਸਦਾ ਹੱਲ ਕਦਾਚਿੱਤ ਸਿੱਖਾਂ ਦਾ ਧਰਮ ਅਧਾਰਤ ਆਪਣਾ ਸੂਬਾ ਹੋਣਾ ਨਹੀਂ ਹੈ। ਬਲਦੇਵ ਅਨੁਸਾਰ ਅਸਲ ਵਿਚ ਧਰਮ ਅਧਾਰਤ ਰਾਜਨੀਤੀ ਹੀ ਸਾਰੀਆਂ ਸਮੱਸਿਆਵਾਂ ਦੀ ਜੜ੍ਹ ਹੈ ਅਤੇ ਲੋੜ ਧਰਮ-ਨਿਰਪੇਖ ਰਾਜਨੀਤੀ ਦੀ ਹੈ ਜਿਸ ਦੀ ਮਿਸਾਲ ਬਹੁਤ ਸਾਰੇ ਮੁਲਕਾਂ ਦੀਆਂ ਸਰਕਾਰਾਂ ਵਿਚ ਮਿਲਦੀ ਹੈ। ਗੁਰੂ ਨਾਨਕ ਨੇ ਵੀ ਸਰਬਤ ਦੇ ਭਲੇ ਦੀ ਗੱਲ ਕੀਤੀ ਸੀ। ਬਲਦੇਵ ਦੂਹੜੇ ਇਕ ਵਧੀਆ ਆਲੋਚਕ ਵੀ ਸੀ, ਮਿਸਾਲ ਲਈ ਅਮਰਜੀਤ ਸਿੰਘ ਚਾਹਲ ਦੇ ਨਾਵਲ, 'ਓਟ' ਅਤੇ ਗੁਰਮੀਤ ਪਨਾਗ ਦੀਆਂ ਕਹਾਣੀਆਂ ਦੀ ਪੁਸਤਕ, 'ਮੁਰਗ਼ਾਬੀਆਂ' ਦੇ ਉਸ ਦੇ ਕੀਤੇ ਰੀਵਿਊਜ਼ ਦੀ ਗੱਲ ਕੀਤੀ ਜਾ ਸਕਦੀ ਹੈ।

ਅਸੀਂ ਯਾਦਾਂ ਦੇ ਬਣੇ ਹੋਏ ਹਾਂ। ਯਾਦਾਂ ਵਿਚ ਵਿਚਰਦੇ ਹਾਂ, ਉਨ੍ਹਾਂ ਦੇ ਸਹਾਰੇ ਹੀ ਅਕਸਰ ਬਹੁਤਾ ਤੁਰਦੇ ਹਾਂ। ਪਰ ਜਦ ਇਹ ਕਿਸੇ ਵਿਅਕਤੀ ਨਾਲ ਜੁੜੀਆਂ ਹੋਣ ਤਾਂ ਇਨ੍ਹਾਂ ਦਾ ਲਾਗਾ ਹੋਰ ਤਰ੍ਹਾਂ ਦਾ ਹੁੰਦਾ ਹੈ, ਇਕਦਮ ਦੂਰ ਅਤੇ ਨੇੜੇ। ਕੁਝ ਇਸੇ ਤਰ੍ਹਾਂ ਦਾ ਮਹਿਸੂਸ ਹੋ ਰਿਹਾ ਹੈ ਬਲਦੇਵ ਦੂਹੜੇ ਨੂੰ ਉਸ ਦੇ ਹਮੇਸ਼ਾਂ ਲਈ ਸਾਥੋਂ ਦੂਰ ਚਲੇ ਜਾਣ ਬਾਅਦ ਉਸ ਨੂੰ ਯਾਦ ਕਰਦਿਆਂ, ਉਸ ਬਾਰੇ ਲਿਖਦਿਆਂ।

ਜਿਥੋਂ ਤੀਕ ਮੈਨੂੰ ਯਾਦ ਹੈ ਮੈਂ ਉਸ ਨੂੰ ਪਹਿਲੀ ਵਾਰ ਕੋਈ ਦਸ-ਬਾਰਾਂ ਸਾਲ ਪਹਿਲਾਂ ਹੀ ਮਿਲਿਆ ਸਾਂ, ਉਹ ਵੀ ਗੁਰਦਿਆਲ ਬੱਲ ਦੇ ਸਬੱਬ ਨਾਲ। ਉਨ੍ਹਾਂ ਦਿਨਾਂ ਵਿਚ ਮੈਂ ਟਰਿੰਟਨ (ਓਟਵਾ) ਵਿਚ ਰਹਿੰਦਾ ਸਾਂ ਅਤੇ ਆਪਣੀ ਬੇਟੀ ਦੇ ਹੋਟਲ ਪਾਰਕ ਮੋਟਲ ਦੀ ਦੇਖ ਭਾਲ ਕਰਦਾ ਸਾਂ। ਮੈਂ ਜਦ ਵੀ ਬਰੈਂਪਟਨ ਜਾਂਦਾ ਤਾਂ ਅਕਸਰ 'ਕਲਮਾਂ ਦੇ ਕਾਫਲੇ' ਦੀਆਂ ਜਾਂ ਪੰਜਾਬੀ ਕਾਨਫਰੰਸਾਂ ਦੀਆਂ ਮੀਟਿੰਗਾਂ ਵਿਚ ਉਸ ਨਾਲ ਮੇਲ ਹੋ ਜਾਂਦਾ। ਕੁਝ ਕੁ ਵਾਰ ਉਹ ਬਲਰਾਜ ਚੀਮਾ, ਗੁਰਦਿਆਲ ਬੱਲ ਨਾਲ ਸਾਡੇ ਮੋਟਲ ਵਿਚ ਵੀ ਆਏ ਅਤੇ ਰਹੇ। ਇਕ ਵਾਰ ਅਮਰਜੀਤ ਸਾਥੀ ਦੀ ਓਟਵਾ ਵਿਚ ਆਯੋਜਤ ਕਾਨਫਰੰਸ ਵਿਚ ਮਿਲੇ ਜਦੋਂ ਉਨ੍ਹਾਂ ਨਾਲ ਸੁਖਵੰਤ ਹੁੰਦਲ ਵੀ ਸਨ ਅਤੇ ਸਬੱਬ ਨਾਲ ਉਨ੍ਹਾਂ ਦਿਨਾਂ ਵਿਚ ਉੱਥੇ ਸਾਡੇ ਜਵਾਈ ਦਾ ਹੋਟਲ 'ਹੌਲੀਡੇਅ ਇੰਨ' ਵੀ ਹੁੰਦਾ ਸੀ, ਉਸ ਵਿਚ ਵੀ ਅਸੀਂ ਸਾਰੇ ਰਹੇ। ਬਲਦੇਵ ਦੂਹੜੇ ਹਮੇਸ਼ਾ ਗੰਭੀਰ ਮੁਦਰਾ ਵਿਚ ਹੋਣ ਦਾ ਪ੍ਰਮਾਣ ਦਿੰਦਾ, ਬਾਦਸਤੂਰ। ਪਰ ਸ਼ਾਇਦ ਸਭ ਤੋਂ ਪਹਿਲਾਂ ਸੁਖਪਾਲ ਨੇ ਉਸ ਦੇ ਆਪਣੇ ਸ਼ਹਿਰ, ਗਲਫ ਹੋਣ ਦੀ ਦੱਸ ਪਾਈ ਸੀ। ਇਹ ਵੀ ਉਸ ਰਾਹੀਂ ਹੀ ਜਾਣਿਆ ਕਿ ਉਹ ਸਾਇੰਸ ਅਤੇ ਦਰਸ਼ਨ ਵਿਚ ਖਾਸੀ ਦਿਲਚਸਪੀ ਰਖਦਾ ਹੈ ਅਤੇ ਕਿ ਉਸ ਨੇ ਫਿਲਾਸਫ਼ੀ ਦੀ ਐਮ.ਏ. ਵੀ ਕੀਤੀ ਹੋਈ ਹੈ। ਬਾਅਦ ਵਿਚ ਇਹ ਵੀ ਸੂਹ ਮਿਲੀ ਕਿ ਉਹ Beyond Marxism ਨਾਮਕ ਪੁਸਤਕ ਵੀ ਰਚ ਰਿਹਾ ਹੈ। ਇਕ ਵਾਰ ਗੁਰਦਿਆਲ ਬੱਲ, ਨਾਹਰ ਸਿੰਘ ਅਤੇ ਮੈਂ ਚਾਚੇ ਚੀਮੇ ਦੀ ਕਾਰ ਵਿਚ ਗਲਫ ਖਾਸ ਤੌਰ 'ਤੇ ਉਸ ਦੇ ਸੱਦੇ 'ਤੇ ਉਨ੍ਹਾਂ ਦੇ ਪੁੱਤਰ ਦੇ ਰੈਸਟੋਰੈਂਟ ਵਿਚ ਹੀ ਮਿਲਣ ਗਏ। ਉਨ੍ਹਾਂ ਇਕੱਤਰਤਾਵਾਂ ਵਿਚ ਸਿਆਸਤ ਅਤੇ ਸਾਹਿਤ ਬਾਰੇ ਚਰਚਾ ਹੁੰਦੀ ਪਰ ਇਹ ਕਿਸੇ ਸਿਰ ਪੱਤਣ ਨਾ ਲਗਦੀ। ਫਿਰ ਪੰਜਾਬੀ ਥਿੰਕਰਜ਼ ਫੋਰਮ ਦੀ ਸਥਾਪਨਾ ਦੀ ਜ਼ਰੂਰਤ ਸਮਝੀ ਗਈ ਜਿਸ ਦਾ ਸਿਹਰਾ ਬਲਦੇਵ ਦੂਹੜੇ ਨੂੰ ਜਾਂਦਾ ਹੈ ਅਤੇ ਇਸ ਫੋਰਮ ਤਹਿਤ ਹੋਈਆਂ ਸਾਰੀਆਂ ਮੀਟਿੰਗਾਂ ਦਾ ਵੀ। ਪਹਿਲੇ ਮੈਂਬਰਾਂ ਵਿਚ ਉਹ, ਸੁੱਚਾ ਸਿੰਘ ਗਿੱਲ, ਬਲਰਾਜ ਚੀਮਾ, ਪ੍ਰੋ. ਇੰਦਰਦੀਪ ਸਿੰਘ ਪੀਸੀਐਸ, ਗੁਰਦਿਆਲ ਬੱਲ, ਨਾਹਰ ਸਿੰਘ, ਸੁਭਾਸ਼ ਸ਼ਰਮਾ, ਹਜ਼ਾਰਾ ਸਿੰਘ ਅਤੇ ਮੈਂ ਸਾਂ, ਹੌਲੇ-ਹੌਲੇ ਇਸ ਵਿਚ ਹੋਰ ਮੈਂਬਰ ਜੁੜਦੇ ਗਏ, ਜਿਵੇਂ ਮਰਹੂਮ ਜੋਗਿੰਦਰ ਸਿੰਘ ਤੂਰ, ਸ਼ਮੀਲ, ਡਾਕਟਰ ਕ੍ਰਿਸ਼ਨ, ਗੁਰਦੇਵ ਮਾਨ, ਪੂਰਨ ਸਿੰਘ ਪਾਂਧੀ, ਪ੍ਰਿੰਸੀਪਲ ਸਰਵਣ ਸਿੰਘ ਆਦਿ। ਬਹੁਤੀਆਂ ਮੀਟਿੰਗਾਂ ਇਨ੍ਹਾਂ ਮੈਂਬਰਾਂ ਦੇ ਘਰਾਂ ਵਿਚ ਹੁੰਦੀਆਂ ਰਹੀਆਂ। ਬਾਅਦ ਵਿਚ ਬਹੁਤ ਸਾਰੀਆਂ ਮਹੱਤਵਪੂਰਣ ਮੀਟਿੰਗਾਂ ਜੋਗਿੰਦਰ ਸਿੰਘ ਤੂਰ ਹੋਰਾਂ ਦੇ ਆਲੀਸ਼ਨ ਮਹੱਲ ਦੇ ਤੀਜੀ ਮੰਜ਼ਲ ਸਥਿਤ ਹਾਲ ਵਿਚ ਹੁੰਦੀਆਂ ਜਿਨ੍ਹਾਂ ਵਿਚ ਬਹੁਤ ਸਾਰੇ ਸਥਾਨਕ ਲੇਖਕ ਅਤੇ ਬਾਹਰੋਂ ਆਏ ਮਹਿਮਾਨ ਵੀ ਆ ਜਾਂਦੇ ਜਿਵੇਂ ਇਸ਼ਤਿਆਕ ਅਹਿਮਦ, ਪ੍ਰੋ. ਚਮਨ ਲਾਲ, ਪੰਜਾਬੀ ਯੂਨੀਵਰਸਿਟੀ ਦੇ ਸਾਬਕਾ ਵਾਈਸ ਚਾਂਸਲਰ ਪ੍ਰੋ. ਅਰਵਿੰਦ ਆਦਿ। ਬਾਅਦ ਵਿਚ ਇਸ ਦਾ ਵ੍ਹਟਸਐਪ ਗਰੁਪ ਵੀ ਬਣ ਗਿਆ ਸੀ ਜਿਸ ਦਾ ਉਦਮ ਵੀ ਬਲਦੇਵ ਦੂਹੜੇ ਨੂੰ ਜਾਂਦਾ ਹੈ। ਅੱਜ ਉਸ ਦੇ ਤੁਰ ਜਾਣ ਬਾਅਦ ਉਸ ਦੀ ਲੋੜ ਅਤੇ ਘਾਟ ਹੋਰ ਵੀ ਤੀਬਰਤਾ ਨਾਲ ਮਹਿਸੂਸ ਹੋ ਰਹੀ ਹੈ। ਨਮਨ!





---

*(ਪਿਛਲੇ ਸਫੇ ਦਾ ਬਾਕੀ)*

ਨਹੀਂ ਛੱਡਣੀ ਚਾਹੁਣਗੇ। ਇਸ ਲਈ ਇਹ ਕਿਸਾਨਾਂ ਦੀ ਸਾਂਝੀ ਖੇਤੀ ਲਈ ਜਾਇਜ਼ ਮਾਡਲ ਨਹੀਂ। ਹਾਂ, ਇਹ ਮਾਡਲ ਪਿੰਡਾਂ 'ਚ ਹੋਰ ਕਿਸਮ ਦੀ ਸਨਅਤ ਲਾਉਣ ਜਾਂ ਮਸ਼ੀਨਰੀ ਸਾਂਝੀ ਕਰਨ ਲਈ ਸਹੀ ਹੋ ਸਕਦਾ ਹੈ ਪਰ ਸਾਂਝੀ ਖੇਤੀ ਲਈ ਨਹੀਂ। ਫਿਰ ਵੀ ਇਹ ਸੂਬਾਈ ਪੱਧਰ 'ਤੇ ਕਿਸਾਨਾਂ ਦੀਆਂ ਆਰਥਕ ਸੰਸਥਾਵਾਂ ਦੀ ਫੈਡਰੇਸ਼ਨ ਬਣਾਉਣ ਲਈ ਵਧੀਆ ਹੈ। ਪੰਜਾਬ ਪੱਧਰ ਦਾ ਮਾਰਕਟਿੰਗ ਬੋਰਡ ਬਣਾਉਣ ਲਈ ਇਹ ਵਧੀਆ ਰਹਿ ਸਕਦਾ ਹੈ।

**2) ਲਾਂਬੜਾ ਕਾਂਗੜੀ ਮਾਡਲ**

ਲਾਂਬੜਾ ਕਾਂਗੜੀ ਮਾਡਲ ਕਾਮਯਾਬ ਮਾਡਲ ਹੈ ਪਰ ਇਹ ਵੀ ਸਾਂਝੀ ਖੇਤੀ ਦਾ ਮਾਡਲ ਨਹੀ। ਇਹ ਸਾਂਝੀ ਮਸ਼ੀਨਰੀ ਦਾ ਮਾਡਲ ਹੈ ਜੋ ਸਰਵਿਸ ਕਾਰਪੋਰੇਸ਼ਨ ਦੇ ਤੌਰ 'ਤੇ ਕੰਮ ਕਰ ਰਿਹਾ ਹੈ। ਇਹ ਮਾਡਲ ਸਾਰੇ ਪੰਜਾਬ ਵਿਚ ਫੈਲਣਾ ਚਾਹੀਦਾ ਹੈ। ਇਸ ਤੋਂ ਸਿੱਖੇ ਤਜਰਬਿਆਂ ਤੋਂ ਅਸੀਂ ਬੜਾ ਕੁਝ ਕਰ ਸਕਦੇ ਹਾਂ; ਮਸਲਨ, ਇਨ੍ਹਾਂ ਦੀ ਬੈਂਕ ਵਧੀਆ ਕੰਮ ਕਰ ਰਹੀ ਹੈ। ਮੀਥੇਨ ਗੈਸ ਦਾ ਉਤਪਾਦਨ ਅਤੇ ਸਪਲਾਈ ਵੀ ਇਨ੍ਹਾਂ ਦਾ ਚੰਗਾ ਉਦਮ ਹੈ।

ਇਹ ਮਾਡਲ ਹੋਰ ਵਧਾਇਆ ਜਾ ਸਕਦਾ ਹੈ। ਇਹ ਸਾਰੇ ਛੋਟੇ ਕਿਸਾਨਾਂ ਦੀ ਜ਼ਮੀਨ ਮਾਮਲੇ ਜਾਂ ਕਿਰਾਏ 'ਤੇ ਲੈ ਕੇ ਵੱਡੇ ਫਾਰਮ ਬਣਾ ਸਕਦਾ ਹੈ। ਸਾਰੇ ਕਿਸਾਨ ਕਿਉਂਕਿ ਸਾਂਝੀ ਮਸ਼ੀਨਰੀ ਦੀ ਕਾਰਪੋਰੇਸ਼ਨ ਵਿਚ ਮੈਂਬਰ ਹਨ, ਇਸ ਲਈ ਉਨ੍ਹਾਂ ਦੀ ਜ਼ਮੀਨ ਕੋਈ ਬੇਗਾਨੀ ਕਾਰਪੋਰੇਸ਼ਨ ਨਹੀਂ ਇਕੱਠੀ ਕਰ ਰਹੀ ਸਗੋਂ ਉਹ ਆਪ ਹੀ ਕਰ ਰਹੇ ਹਨ ਅਤੇ ਸਾਰਾ ਮੁਨਾਫਾ ਉਨ੍ਹਾਂ ਵਿਚਕਾਰ ਹੀ ਵੰਡਿਆ ਜਾਵੇਗਾ। ਦਾਣੇਦਾਰ ਫਸਲਾਂ ਲਈ ਵੱਡੇ ਫਾਰਮ ਵਧੇਰੇ ਮੁਨਾਫਾ ਪੈਦਾ ਕਰ ਸਕਦੇ ਹਨ।

ਫਾਰਮਾਂ ਦੇ ਲਗਾਤਾਰ ਘਟਦੇ ਆਕਾਰ ਲਈ ਇਹ ਸਭ ਤੋਂ ਵਧੀਆ ਹੱਲ ਹੈ। ਇਸ ਨਾਲ ਜਾਇਦਾਦੀ ਰਿਸ਼ਤਿਆਂ ਵਿਚ ਕੋਈ ਵੱਡੀ ਤਬਦੀਲੀ ਦੀ ਲੋੜ ਨਹੀਂ। ਜੇ ਪਿੰਡ ਦੀ ਜ਼ਮੀਨ 700 ਏਕੜ ਹੈ ਤਾਂ ਇਸ ਨੂੰ ਫਾਰਮ ਦੇ ਤੌਰ 'ਤੇ ਕਾਸ਼ਤ ਕਰਨ ਨਾਲ ਵੱਖਰੀ ਕਿਸਮ ਦੀ ਮਸ਼ੀਨਰੀ ਵਰਤੀ ਜਾ ਸਕਦੀ ਹੈ। ਅਜਿਹੇ ਫਾਰਮ ਵਾਧੂ ਮੁੱਲ ਪੈਦਾ ਕਰ ਸਕਦੇ ਹਨ ਅਤੇ ਇਨ੍ਹਾਂ ਵਿਚ ਪੂੰਜੀ ਨਿਵੇਸ਼ ਲਈ ਸਰਮਾਇਆ ਜਮ੍ਹਾਂ ਹੋ ਸਕਦਾ ਹੈ। ਇਹ ਵਾਧੂ ਸਰਮਾਇਆ ਦੂਜੇ ਦਰਜੇ ਦੀ ਸਨਅਤ ਕਾਇਮ ਕਰਨ ਲਈ ਵਰਤਿਆ ਜਾ ਸਕਦਾ ਹੈ।

**ਅੰਤਿਕਾ**

ਉਪਰਲੇ ਤਜਵੀਜ਼ਸ਼ੁਦਾ ਮਾਡਲਾਂ ਵਿਚੋਂ ਕੈਨੇਡੀਅਨ ਅਤੇ ਲਾਂਬੜਾ ਕਾਂਗੜੀ ਮਾਡਲ ਸਾਰੇ ਪੰਜਾਬ ਵਿਚ ਚੱਲਣੇ ਚਾਹੀਦੇ ਹਨ। ਸੰਯੁਕਤ ਉਦਮਕਾਰੀ (ਜਾਇੰਟ ਵੈਂਚਰ) ਜਾਂ ਕੋਆਪ ਮਾਡਲ ਵਰਤ ਕੇ ਬਹੁਤ ਕੁਝ ਕੀਤਾ ਜਾ ਸਕਦਾ ਹੈ। ਪੰਜਾਬ ਪੱਧਰ ਦਾ ਮਾਰਕਟਿੰਗ ਬੋਰਡ ਬਣਾ ਕੇ ਮੌਂਡਰਾਗੌਨ ਕਾਰਪੋਰੇਸ਼ਨ ਨਾਲ ਮਿਲਦੀ ਜੁਲਦੀ ਫੈਡਰੇਸ਼ਨ ਬਣਾਈ ਜਾ ਸਕਦੀ ਹੈ। ਇਸ ਨਾਲ ਪੰਜਾਬ ਵਿਚ ਵੱਡੀ ਸਨਅਤ ਲਾਉਣ ਲਈ ਰਾਹ ਖੁੱਲ੍ਹ ਸਕਦਾ ਹੈ। ਦੁਨੀਆ ਭਰ ਦੀ ਮਾਰਕੀਟ ਖੁੱਲ੍ਹੀ ਪਈ ਹੈ। ਪੰਜਾਬੀ ਲੋਕ ਇਕੱਠੇ ਹੋ ਕੇ ਲੋਕ ਸਰਮਾਏਦਾਰੀ ਦਾ ਮਾਡਲ ਦੁਨੀਆ ਨੂੰ ਪੇਸ਼ ਕਰ ਸਕਦੇ ਹਨ ਜੋ ਇੱਕ ਤਰ੍ਹਾਂ ਨਾਲ ਪ੍ਰਾਈਵੇਟ ਸਰਮਾਏਦਾਰੀ ਦੇ ਬਦਲ ਵਜੋਂ ਵਿਕਸਤ ਕੀਤਾ ਜਾ ਸਕਦਾ ਹੈ। ਪੰਜਾਬ ਪੱਧਰ 'ਤੇ ਜੇ ਮਾਰਕਟਿੰਗ ਬੋਰਡ ਬਣਾਇਆ ਜਾਵੇ ਤਾਂ ਉਸ ਦੇ ਕਈ ਵਿਭਾਗ ਹੋ ਸਕਦੇ ਹਨ ਜਿਵੇਂ ਮਾਰਕਟਿੰਗ, ਰਿਸਰਚ, ਪੂੰਜੀ ਨਿਵੇਸ਼, ਬੈਂਕ ਅਤੇ ਨਵੀਨਤਮ ਬੁਨਿਆਦੀ ਢਾਂਚਾ ਬਣਾਉਣਾ ਆਦਿ।

ਇਹ ਮਾਡਲ ਪੰਜਾਬ ਵਿਚ ਹੋਂਦ ਵਿਚ ਆਉਣਗੇ ਕਿ ਨਹੀਂ? ਮੇਰੇ ਖਿਆਲ ਵਿਚ ਇਸ ਦੀ ਕੋਈ ਬਹੁਤੀ ਸੰਭਾਵਨਾ ਨਹੀਂ। ਇਸ ਦਾ ਕਾਰਨ ਹੈ ਪੰਜਾਬੀ ਲੋਕਾਂ ਦੀ ਸਮੂਹਕ ਮਾਨਸਿਕਤਾ। ਪੰਜਾਬੀ ਲੋਕਾਂ ਦੇ ਦਿਮਾਗ ਸਿਆਸਤ ਨਾਲ ਭਰੇ ਪਏ ਹਨ। ਪੰਜਾਬ ਵਿਚ ਵਸਦੇ ਲੋਕ ਆਪਣੀ ਪੁਰਾਣੀ ਰਵਾਇਤ 'ਤੇ ਹੀ ਚੱਲਦੇ ਹਨ। ਸਦੀਆਂ ਤੋਂ ਅਸੀਂ ਸਰਕਾਰਾਂ ਦੇ ਖਿਲਾਫ ਹੀ ਲੜ ਰਹੇ ਹਾਂ। ਹੁਣ ਵੀ ਮਾਹੌਲ ਇਹ ਹੈ ਕਿ ਸਰਕਾਰਾਂ ਤੋਂ ਹੀ ਮੰਗਾਂ ਮੰਗਦੇ ਰਹੋ। ਉਦਮਕਾਰੀ, ਈਜਾਦਕਾਰੀ ਅਤੇ ਸਰਮਾਇਆਕਾਰੀ ਵੱਲ ਧਿਆਨ ਬਿਲਕੁਲ ਨਹੀਂ ਹੈ। ਸਰਮਾਏਦਾਰੀ ਨੂੰ ਇਹ ਅਜੇ ਵੀ ਬਾਹਰੋਂ ਢਾਹੁਣਾ ਚਾਹੁੰਦੇ ਹਨ ਜਦੋਂਕਿ ਸਰਮਾਏਦਾਰੀ ਨੂੰ ਅੰਦਰੋਂ ਫਤਿਹ ਕਰਨਾ ਵਧੇਰੇ ਸੌਖਾ ਹੈ। ਪੰਜਾਬ ਦੇ ਬੁੱਧੀਜੀਵੀਆਂ ਅਤੇ ਨੌਜਵਾਨਾਂ ਨੂੰ ਕਾਰਪੋਰੇਸ਼ਨਾਂ ਬਣਾਉਣ ਦੀ ਗੱਲ ਤਾਂ ਬਿਲਕੁਲ ਓਪਰੀ ਲਗੇਗੀ। ਅਸੀਂ ਅਜੇ ਵੀ ਸ਼ਹੀਦ ਹੋਣ ਲਈ ਤਤਪਰ ਰਹਿੰਦੇ ਹਾਂ।

ਬੜੀ ਅਜੀਬ ਗੱਲ ਹੈ ਕਿ ਜਦੋਂ ਪੰਜਾਬ ਦੇ ਨੌਜਵਾਨ ਕੈਨੇਡਾ ਆ ਜਾਂਦੇ ਹਨ ਤਾਂ ਅਚਾਨਕ ਬਦਲ ਜਾਂਦੇ ਹਨ। ਇਥੇ ਆ ਕੇ ਇਹ ਆਪਣੇ ਕਾਰੋਬਾਰ ਬੜੀ ਤੇਜ਼ੀ ਨਾਲ ਖੋਲ੍ਹਦੇ ਹਨ। ਨਤੀਜੇ ਵਜੋਂ ਪੰਜਾਬੀ ਭਾਈਚਾਰੇ ਵਿਚ ਕਰੋੜਪਤੀ ਬੰਦਿਆਂ ਦੀ ਭਰਮਾਰ ਹੋ ਰਹੀ ਹੈ। ਕਈ ਲੋਕ ਜੋ ਜੇਬ ਵਿਚ ਵੀਹ ਕੁ ਡਾਲਰ ਲੈ ਕੇ ਕੈਨੇਡਾ ਆਏ ਸਨ, ਹੁਣ ਉਨ੍ਹਾਂ ਦੀਆਂ ਕੰਪਨੀਆਂ ਸੌ ਸੌ ਮਿਲੀਅਨ ਡਾਲਰਾਂ ਦੇ ਅਸਾਸੇ ਰੱਖਦੀਆਂ ਹਨ। ਟੈਕਸੀ ਕੰਪਨੀਆਂ, ਟਰੱਕ ਕੰਪਨੀਆਂ, ਫਾਰਮ, ਜੈਨੇਟੋਰੀਅਲ ਕੰਪਨੀਆਂ, ਪੀਜ਼ੇ, ਆਪਟੀਕਲ ਕੰਪਨੀਆਂ, ਕੰਸਟਰਕਸ਼ਨ ਕੰਪਨੀਆਂ ਅਤੇ ਹੋਰ ਅਨੇਕ ਕਿਸਮ ਦੇ ਖੇਤਰਾਂ ਵਿਚ ਇਹ ਵੱਡੀਆਂ ਪ੍ਰਾਪਤੀਆਂ ਕਰ ਰਹੇ ਹਨ। ਇੱਕ ਗੱਲ ਜੋ ਪੰਜਾਬ ਵਿਚ ਸਾਡੀ ਸੋਚ ਦਾ ਹਿੱਸਾ ਹੈ, ਉਹ ਹੈ ਕਿ ਸਰਕਾਰ ਤੋਂ ਬਹੁਤ ਕੁਝ ਦੀ ਆਸ ਰੱਖੀ ਜਾਂਦੀ ਹੈ ਜਦੋਂਕਿ ਭਾਰਤ ਤੇ ਪੰਜਾਬ ਵਿਚ ਸਰਕਾਰਾਂ ਦੀ ਕਾਰਗੁਜ਼ਾਰੀ ਬਹੁਤ ਨਿਕੰਮੀ ਰਹੀ ਹੈ।

ਪੰਜਾਬ ਵਿਚ ਸੰਯੁਕਤ ਕਿਸਾਨ ਮੋਰਚੇ ਵਿਚ ਜੋ ਸੂਝ, ਸ਼ਾਂਤੀ ਅਤੇ ਹੋਸ਼ ਨਾਲ ਕੰਮ ਕੀਤਾ ਗਿਆ ਹੈ, ਇਹ ਆਸ ਪੈਦਾ ਕਰਦਾ ਹੈ ਕਿ ਪੰਜਾਬੀ ਲੋਕ ਸ਼ਾਇਦ ਹੁਣ ਬਦਲ ਰਹੇ ਹਨ। ਲਗਦਾ ਹੈ, ਸ਼ਾਇਦ ਲੋਕਾਂ ਨੂੰ ਹੁਣ ਆਪਣੀ ਤਾਕਤ ਦਾ ਅੰਦਾਜ਼ਾ ਹੋਣ ਲੱਗ ਪਿਆ ਹੈ। ਜੋ ਕੰਮ ਲੋਕ ਕਰ ਸਕਦੇ ਹਨ, ਉਹ ਸਰਕਾਰਾਂ ਨਹੀਂ ਕਰ ਸਕਦੀਆਂ। ਸੰਯੁਕਤ ਮੋਰਚੇ ਦੇ ਕਿਸਾਨ ਨੇਤਾਵਾਂ ਨੂੰ ਚਾਹੀਦਾ ਹੈ ਕਿ ਉਹ ਇਨ੍ਹਾਂ ਵੱਖ-ਵੱਖ ਮਾਡਲਾਂ ਵਲ ਨਿਗ੍ਹਾ ਮਾਰਨ ਅਤੇ ਪੰਜਾਬ ਦੀ ਆਰਥਕਤਾ ਨੂੰ ਵਿਕਸਤ ਕਰਨ ਵੱਲ ਧਿਆਨ ਦੇਣ।

ਪੰਜਾਬ ਕਿਸੇ ਵਕਤ ਪ੍ਰਤੀ ਜੀਅ ਆਮਦਨ ਦੇ ਲਿਹਾਜ਼ ਨਾਲ ਸਭ ਸੂਬਿਆਂ ਤੋਂ ਉਤੇ ਸੀ। ਅਕਾਲੀਆਂ ਦੀ ਸਰਕਾਰ ਦੌਰਾਨ ਇਹ ਡਿਗਣਾ ਸ਼ੁਰੂ ਹੋਇਆ ਅਤੇ ਕਾਂਗਰਸ ਦੀ ਸਰਕਾਰ ਦੌਰਾਨ ਹੇਠਾਂ ਹੀ ਗਿਆ। ਇਸ ਨੂੰ ਉਤੇ ਚੁੱਕਣ ਅਤੇ ਭਾਰਤ ਦਾ ਸਭ ਤੋਂ ਖੁਸ਼ਹਾਲ ਸੂਬਾ ਬਣਾਉਣ ਲਈ ਵੱਡੀ ਤਬਦੀਲੀ ਦੀ ਲੋੜ ਹੈ। ਮੇਰਾ ਯਕੀਨ ਹੈ ਕਿ ਜੇ ਪੰਜਾਬੀ ਲੋਕ ਕਾਰੋਬਾਰ ਦੇ ਮੈਦਾਨ ਵਿਚ ਨਿੱਤਰ ਪੈਣ ਤਾਂ ਇਹ ਦੁਨੀਆ ਵਿਚ ਕਿਸੇ ਨਾਲ ਵੀ ਮੁਕਾਬਲਾ ਕਰ ਸਕਦੇ ਹਨ।

ਇਸ ਦੀ ਮਿਸਾਲ ਕੈਨੇਡਾ ਵਿਚ ਪੰਜਾਬੀਆਂ ਦੇ ਇਤਿਹਾਸ ਵਿਚੋਂ ਮਿਲਦੀ ਹੈ। ਵੀਹਵੀਂ ਸਦੀ ਦੇ ਸ਼ੁਰੂ ਵਿਚ ਭਾਰਤੀ, ਚੀਨੀ, ਆਦਿਵਾਸੀ ਤੇ ਕਾਲੇ, ਸਭ ਸਖਤ ਕਿਸਮ ਦੇ ਨਸਲਵਾਦ ਦੇ ਸ਼ਿਕਾਰ ਸਨ। ਆਦਿਵਾਸੀ ਅਤੇ ਕਾਲੇ ਲੋਕਾਂ ਨੇ ਆਪਣੇ ਹੱਕ ਮੰਗਣ ਦੀ ਹਮੇਸ਼ਾ ਕੋਸ਼ਿਸ਼ ਕੀਤੀ ਜੋ ਅਜੇ ਤੱਕ ਵੀ ਪੂਰੀ ਤਰ੍ਹਾਂ ਮਿਲੇ ਨਹੀਂ। ਪੰਜਾਬੀਆਂ ਨੇ ਆਪਣੇ ਕੰਮ ਅਤੇ ਕਾਰੋਬਾਰ ਸ਼ੁਰੂ ਕਰਕੇ ਉਹ ਤਾਕਤ ਪੈਦਾ ਕਰ ਲਈ ਜਿਸ ਨਾਲ ਹੁਣ ਕੰਮ ਲੱਭਣ ਲਈ ਹੋਰ ਲੋਕ ਇਨ੍ਹਾਂ ਕੋਲ ਆਉਂਦੇ ਹਨ। ਕੋਈ ਵਕਤ ਸੀ, ਵੈਨਕੂਵਰ ਦੀ ਯੈਲੋ ਕੈਬ ਟੈਕਸੀ ਕੰਪਨੀ ਆਪਣੇ ਲੋਕਾਂ ਨੂੰ ਕੰਮ ਦੇਣ ਤੋਂ ਇਨਕਾਰ ਕਰਦੀ ਸੀ, ਫਿਰ ਹਾਲਾਤ ਇਹ ਹੋਏ ਕਿ ਗਰੇਟਰ ਵੈਨਕੂਵਰ ਦੀਆਂ ਸਭ ਟੈਕਸੀ ਕੰਪਨੀਆਂ ਇਨ੍ਹਾਂ ਦੀ ਮਲਕੀਅਤ ਹੇਠ ਆ ਗਈਆਂ। ਅਜਿਹੀ ਹਾਲਤ ਵਿਚ ਵਿਤਕਰੇ ਦੇ ਸ਼ਿਕਾਰ ਹੋਣ ਦੀ ਥਾਂ ਇਹ ਦੂਜੇ ਲੋਕਾਂ ਨਾਲ ਵਿਤਕਰਾ ਕਰਨ ਲੱਗ ਪਏ।

ਮੇਰੀ ਪੰਜਾਬ ਦੇ ਲੋਕਾਂ ਨੂੰ ਇਹ ਅਪੀਲ ਹੋਵੇਗੀ ਕਿ ਖੇਤੀਬਾੜੀ ਦੇ ਰੂਪ ਵਿਚ ਤੁਹਾਡੇ ਕੋਲ ਬਹੁਤ ਵੱਡਾ ਉਤਪਾਦਨ ਆਧਾਰ ਹੈ। ਤੁਹਾਨੂੰ ਇਸ ਆਧਾਰ ਨੂੰ ਜੰਪਿੰਗ ਬੋਰਡ ਦੇ ਤੌਰ 'ਤੇ ਵਰਤ ਕੇ ਵੱਡੇ-ਵੱਡੇ ਕੰਮ ਕਰਨ ਬਾਰੇ ਸੋਚਣਾ ਚਾਹੀਦਾ ਹੈ। ਕੈਨੇਡਾ ਨੂੰ ਭੱਜਣ ਦੀ ਥਾਂ ਪੰਜਾਬ ਨੂੰ ਸਵਰਗ ਬਣਾਉਣ ਲਈ ਕੰਮ ਕਰਨਾ ਚਾਹੀਦਾ ਹੈ। ਹੁਣ ਸਿਆਸੀ ਇਨਕਲਾਬ ਦੇ ਸੁਪਨੇ ਛੱਡ ਕੇ ਆਰਥਕ ਇਨਕਲਾਬ ਵੱਲ ਧਿਆਨ ਦਿਓ ਅਤੇ ਸਿੰਗਾਪੁਰ ਤੇ ਦੱਖਣੀ ਕੋਰੀਆ ਦੀਆਂ ਮਿਸਾਲਾਂ ਲੈ ਕੇ ਤੁਰੋ। ਲੋਕ-ਸਰਮਾਏਦਾਰੀ ਦਾ ਮਾਡਲ ਪੰਜਾਬੀ ਲੋਕਾਂ ਦੀ ਫਿਤਰਤ ਦੇ ਅਨੁਕੂਲ ਹੈ।

**ਸਾਂਝੇ ਉਦਮ ਜਾਂ ਲੋਕ-ਸਰਮਾਏਦਾਰੀ ਦੀਆਂ ਕੁਝ ਮਿਸਾਲਾਂ**

1917 ਵਿਚ ਕੋਈ 35 ਕੁ ਪੰਜਾਬੀਆਂ ਨੇ ਰਲ ਕੇ ਲੱਕੜ ਦੀ ਮਿੱਲ ਮੁੱਲ ਲਈ ਜੋ ਅਜੇ ਹੀ ਬੰਦ ਹੋਈ ਸੀ। ਉਨ੍ਹਾਂ ਦਾ ਇਹ ਉਦਮ ਅਗਲੇ ਕੁਝ ਸਾਲਾਂ ਵਿਚ ਛੋਟੇ ਜਿਹੇ ਕਸਬੇ ਜਾਂ ਸ਼ਹਿਰ ਵਿਚ ਬਦਲ ਗਿਆ ਜਿਸ ਦਾ ਨਾਂ ਪਾਲਦੀ ਰੱਖਿਆ। ਇਹ ਉਦਮਕਾਰੀ ਇੰਨੀ ਕਾਮਯਾਬ ਹੋਈ ਕਿ ਅੱਧੀ ਸਦੀ ਦੇ ਕਰੀਬ ਇਨ੍ਹਾਂ ਨੇ ਪੰਜਾਬੀਆਂ, ਜਪਾਨੀਆਂ, ਚੀਨਿਆਂ ਅਤੇ ਕੈਨੇਡੀਅਨ ਗੋਰੇ ਲੋਕਾਂ ਨੂੰ ਰੁਜ਼ਗਾਰ ਮੁਹੱਈਆ ਕੀਤਾ ਅਤੇ ਬ੍ਰਿਟਿਸ਼ ਕੋਲੰਬੀਆ ਦੀ ਲੰਬਰ ਇੰਡਸਟਰੀ ਦੇ ਵਿਕਾਸ ਵਿਚ ਅਹਿਮ ਰੋਲ ਅਦਾ ਕੀਤਾ। 1500 ਈਸਵੀ ਦੇ ਕਰੀਬ ਡੱਚ ਵਪਾਰੀ ਭਾਰਤ ਨਾਲ ਵਪਾਰ ਕਰਨ ਲਈ ਤਤਪਰ ਸਨ ਪਰ ਉਹ ਇਕੱਲੇ ਇਕੱਲੇ ਕਾਮਯਾਬ ਨਹੀਂ ਸੀ ਹੋ ਰਹੇ। ਜਦੋਂ ਉਨ੍ਹਾਂ ਇਕੱਠੇ ਹੋ ਕੇ ਜਾਇੰਟ ਸਟਾਕ ਕੰਪਨੀ (ਡੱਚ ਈਸਟ ਇੰਡੀਆ ਕੰਪਨੀ) ਬਣਾ ਲਈ ਤਾਂ ਉਹ ਨਾ ਸਿਰਫ ਵਪਾਰ ਵਿਚ ਕਾਮਯਾਬ ਹੋ ਗਏ ਸਗੋਂ ਸਾਮਰਾਜੀ ਤਾਕਤ ਬਣ ਗਏ। ਅਸੀਂ ਭਾਵੇਂ ਕਿਸੇ ਕਿਸਮ ਦੇ ਬਸਤੀਵਾਦ ਦੇ ਵਿਰੁਧ ਹਾਂ ਪਰ ਇਹ ਮਿਸਾਲ ਸਿਰਫ ਲੋਕਾਂ ਦੇ ਇਕੱਠੇ ਹੋਣ ਬਾਰੇ ਹੈ।

ਪੰਜ ਨੌਜਵਾਨਾਂ ਨੇ ਇਕੱਠੇ ਹੋ ਕੇ ਮੌਂਡਰਾਗੌਨ ਕਾਰਪੋਰੇਸ਼ਨ ਸ਼ੁਰੂ ਕੀਤੀ ਸੀ ਜੋ ਅੱਜ ਦੁਨੀਆ ਦੀਆਂ ਵੱਡੀਆਂ ਕਾਰਪੋਰੇਸ਼ਨਾਂ ਵਿਚੋਂ ਇੱਕ ਹੈ। ਹੁਣ ਇਸ ਦੇ ਮੈਂਬਰ ਕੋਈ 80 ਹਜ਼ਾਰ ਦੇ ਕਰੀਬ ਹਨ।

# ਰੌਣਕਾਂ ਨੂੰ ਵਿਲਕਦਾ ਪੰਜਾਬ

ਅਪ੍ਰੈਲ ਦਾ ਅੱਧ ਟੱਪ ਚੁੱਕਿਆ ਸੀ, ਜ਼ਿਮੀਂਦਾਰਾਂ ਨੇ ਕਣਕਾਂ ਵੱਢ ਲਈਆਂ ਸਨ। ਤੂੜੀ ਬਣਾਉਣ ਵਾਲੀਆਂ ਮਸ਼ੀਨਾਂ ਚੱਲ ਰਹੀਆਂ ਸੀ। ਜ਼ਿਆਦਾਤਰ ਲੋਕ ਵਿਹਲੇ ਹੋ ਚੁੱਕੇ ਸਨ। ਰਿਸ਼ਤੇਦਾਰਾਂ ਤੇ ਸੱਜਣ-ਮਿੱਤਰਾਂ ਨੂੰ ਮੇਰੇ ਪਿੰਡ ਆਉਣ ਦੀ ਖ਼ਬਰ ਮਿਲ ਚੁੱਕੀ ਸੀ। ਮਿਲਣ ਵਾਲਿਆਂ ਦਾ ਆਉਣਾ-ਜਾਣਾ ਲੱਗਿਆ ਰਹਿੰਦਾ ਸੀ। ਮੈਂ ਵੀ ਹਰੇਕ ਸ਼ਕੀਰੀ ਵਿਚ ਮਿਲਣ ਗਿਆ। ਬਾਹਰ ਆਉਣ ਤੋਂ ਪਹਿਲਾਂ ਮੇਰੀ ਦੋਵੇਂ ਚਾਚਿਆਂ ਨਾਲ ਬਹੁਤੀ ਨਹੀਂ ਸੀ ਬਣਦੀ। ਦੋਵਾਂ ਚਾਚਿਆਂ ਨੇ ਮੈਨੂੰ ਬਾਹਰ ਆਉਣ ਲਈ ਰੁਪਏ ਵੀ ਨਹੀਂ ਦਿੱਤੇ ਸੀ। ਮੈਂ ਨਾਜ਼ਰ ਚਾਚੇ ਤੋਂ ਵਿਆਜ 'ਤੇ ਰੁਪਏ ਲੈ ਕੇ ਬਾਹਰ ਆਇਆ ਸੀ। ਮੇਰੇ ਲਈ ਇਹ ਬਹੁਤ ਵੱਡੀ ਗੱਲ ਸੀ ਕਿ ਸਤਾਈ ਸਾਲਾਂ ਦੇ ਮੁੰਡੇ 'ਤੇ ਆਪਣਿਆਂ ਨੇ ਇਤਬਾਰ ਨਹੀਂ ਕੀਤਾ। ਪਰ ਮੇਰੀ ਮਿਹਨਤ ਨੂੰ ਚਾਚੇ ਨਾਜ਼ਰ ਦੀ ਨਜ਼ਰ ਪਹਿਚਾਣ ਗਈ, ਜਿਸ ਦੀ ਬਦੌਲਤ ਲੋਹਾ ਵਿਛੋੜੇ ਦੀ ਅੱਗ ਵਿਚ ਮੱਚਦਾ ਹੋਇਆ ਸੋਨਾ ਬਣਿਆ। ਸਭ ਤੋਂ ਪਹਿਲਾਂ ਮੈਂ ਦੋਵਾਂ ਚਾਚਿਆਂ ਨਾਲ ਆਪਣੀ ਗੁੱਸੇ ਦੀ ਤਾਣੀ ਸੁਲਝਾਈ, ਪਰਿਵਾਰਾਂ



**ਮੇਜਰ ਕੁਲਾਰ ਬੋਪਾਰਾਏ ਕਲਾਂ**
**916-273-2856**

ਦੀਆਂ ਗ਼ਲਤ ਫਹਿਮੀਆਂ ਦੂਰ ਕੀਤੀਆਂ। ਅਗਾਂਹ ਵਾਲੀ ਜ਼ਿੰਦਗੀ ਵਿਚ ਤਰੱਕੀ ਦੀ ਪਤੰਗ ਇਕੱਠੇ ਉਡਾਵਾਂਗੇ ਦਾ ਵਾਅਦਾ ਕੀਤਾ।


ਆਪਣੇ ਬਾਪੂ ਨੂੰ ਨਾਲ ਲੈ ਕੇ ਖੇਤਾਂ ਨੂੰ ਦੇਖਣ ਗਿਆ। 24 ਸਾਲਾਂ ਬਾਅਦ ਖੇਤ ਦੀ ਮਿੱਟੀ ਦੀ ਮੁੱਠੀ ਭਰ ਕੇ ਮੱਥੇ ਲਾਈ। ਇਸ ਖੇਤ ਵਿਚ ਮੈਂ ਖੇਤੀ ਕਰਨੀ ਸ਼ੁਰੂ ਕੀਤੀ ਸੀ। ਨਾ ਹਾੜ੍ਹੀ ਦੀ ਫ਼ਸਲ ਨੇ ਮੁੱਖ 'ਤੇ ਹਾਸੀ ਲਿਆਂਦੀ, ਨਾ ਸਾਉਣੀ ਦੀ ਫ਼ਸਲ ਨੇ ਗ਼ਰੀਬੀ ਦਾ ਸੰਗਲ ਗੱਲੋਂ ਲਾਹਿਆ। ਹਰੇਕ ਸਾਲ ਝੱਗਾ ਮੇਚ ਨਾ ਆਇਆ। ਖੇਤੀ ਮਿਹਨਤ ਭਾਲਦੀ ਹੈ, ਮੈਂ ਮਿਹਨਤ ਵੀ ਕਰਦਾ ਸੀ, ਪਰ 'ਖੇਤੀ ਕਰਮਾਂ ਸੇਤੀ' ਹੁੰਦੀ ਹੈ। ਜ਼ਿਮੀਂਦਾਰ ਦੀ ਛੇ ਮਹੀਨਿਆਂ ਦੀ ਕੀਤੀ ਕਮਾਈ ਅਸਮਾਨ ਦੇ ਥੱਲੇ ਵਿਛੀ ਹੁੰਦੀ ਹੈ। ਜਦੋਂ ਖੇਤੀ ਵਿਚੋਂ ਕੋਈ ਰੁਪਏ ਹੱਥ ਨਾ ਲੱਗੇ ਤਾਂ ਮੈਂ ਬਾਹਰ ਦਾ ਸੁਪਨਾ ਦੇਖਣ ਲੱਗਿਆ। ਕਈ ਵਾਰ ਤੁਹਾਡੀ ਜ਼ਿੰਦਗੀ ਵਿਚ ਕੁੱਝ ਅਜਿਹਾ ਵਾਪਰਨਾ ਸ਼ੁਰੂ ਹੋ ਜਾਂਦਾ ਹੈ, ਜੋ ਅਗਾਂਹ ਜਾ ਕੇ ਤੁਹਾਡੀ ਜ਼ਿੰਦਗੀ ਦੇ ਪੈਂਡੇ ਵਿਚ ਫੁੱਲ ਵਿਛਾ ਦਿੰਦਾ ਹੈ। ਜ਼ਿੰਦਗੀ ਜਿਊਣਾ ਵੀ ਇਕ ਸੰਘਰਸ਼ ਹੈ। ਕਈ ਵਾਰ ਵਧੀਆ ਮੰਜ਼ਿਲ ਮਿਲ ਜਾਂਦੀ ਹੈ ਤੇ ਕਈ ਵਾਰ ਰਾਹਾਂ ਵਿਚ ਭਟਕਦਾ ਗਵਾਚ ਜਾਂਦਾ ਹੈ।

ਇਹ ਉਹੀ ਖੇਤ ਹੈ, ਜਿੱਥੇ ਅਨੇਕ ਕਿਤਾਬਾਂ, ਨਾਵਲ, ਇਤਿਹਾਸ ਪੜ੍ਹਿਆ। ਸਾਹਿਤ ਨੇ ਅਜਿਹੀ ਸੇਧ ਦਿੱਤੀ ਕਿ ਜ਼ਿੰਦਗੀ ਕਿਵੇਂ ਜਿਊਣੀ ਹੈ, ਮੈਂ ਚੰਗੀ ਤਰ੍ਹਾਂ ਸਿੱਖ ਗਿਆ ਸੀ। ਇਸ ਤੋਂ ਬਾਅਦ ਬਾਪੂ ਜੀ ਸੁਧਾਰ ਵਾਲੀ ਮੋਟਰ ਦਿਖਾਉਣ ਲੈ ਗਏ, ਜੋ ਮੈਂ ਅਮਰੀਕਾ ਵਿਚ ਕਮਾਈ ਕਰਕੇ ਖ਼ਰੀਦੀ ਸੀ। ਮੈਂ ਆਪਣੇ ਦਾਦੇ ਨਾਲ ਛੋਟਾ ਹੁੰਦਾ ਹੀ ਖੇਤਾਂ ਵਿਚ ਜਾਇਆ ਕਰਦਾ ਸੀ। ਮੇਰਾ ਖੇਤਾਂ ਨਾਲ ਮੋਹ ਬਣਿਆ ਹੋਇਆ ਸੀ। ਇਸੇ ਕਰਕੇ ਮੈਂ ਜ਼ਮੀਨ ਖ਼ਰੀਦੀ ਸੀ। ਦਾਦਾ ਜੀ, ਤੋਂ ਗੱਲ ਯਾਦ ਆਈ। ਦਾਦਾ ਜੀ ਹਮੇਸ਼ਾ ਕਿਹਾ ਕਰਦੇ ਸੀ ਕਿ ਬੰਦੇ ਨੂੰ ਮਿਹਨਤ ਕਰਨੀ ਚਾਹੀਦੀ ਹੈ। ਬੇਸ਼ੱਕ ਤੁਹਾਡੇ ਕੋਲ ਬਹੁਤ ਪੈਸਾ ਵੀ ਹੈ। ਜੇ ਤੁਸੀਂ ਕੰਮ ਨਹੀਂ ਕਰੋਗੇ ਤਾਂ ਇਕ ਦਿਨ ਪੈਸਿਆਂ ਨਾਲ ਭਰਿਆ ਖੂਹ ਵੀ ਮੁੱਕ ਜਾਂਦਾ ਹੈ। ਕਿਰਤ ਕਰਨੀ ਦਾਦਾ ਜੀ ਕੋਲੋਂ ਸਿੱਖੀ ਸੀ। ਪੈਸੇ ਨੂੰ ਕਿੰਝ ਸਾਂਭਣਾ, ਇਹ ਵੀ ਦਾਦਾ ਜੀ ਨੇ ਸਿਖਾਇਆ ਸੀ।

ਪੱਕੇ ਦਰਵਾਜ਼ੇ ਦੀ ਰੌਣਕ ਨੂੰ ਤਾਂ ਨਜ਼ਰ ਲੱਗੀ ਸੀ, ਜੱਸੋਵਾਲ ਵਾਲੇ ਚੌਕ ਵਿਚ ਵੀ ਗਿਣਤੀ ਦੇ ਚਾਰ-ਪੰਜ ਜਣੇ ਬੈਠੇ ਹੁੰਦੇ ਹਨ। ਪਿੰਡ ਵਿਚ ਟਰੈਕਟਰਾਂ ਦੀ ਗਿਣਤੀ ਵਧੀ ਹੋਈ ਹੈ। ਠੇਕੇ 'ਤੇ ਜ਼ਮੀਨਾਂ ਦੇ ਭਾਅ ਬਹੁਤ ਵਧੇ ਹੋਏ ਹਨ। ਮੈਨੂੰ ਲਗਦਾ ਖੇਤੀ ਵਿਚ ਜ਼ਿਮੀਂਦਾਰ ਮਸਾਂ ਬਰਾਬਰ ਹੀ ਰਹਿੰਦਾ ਹੋਊਗਾ। ਮਹਿੰਗੀਆਂ ਖਾਦਾਂ, ਮਹਿੰਗਾ ਡੀਜ਼ਲ, ਲੇਬਰ, ਜ਼ਿਮੀਂਦਾਰਾਂ ਦਾ ਲੱਕ ਤੋੜ ਦਿੰਦਾ ਹੈ। ਪਾਣੀ ਡੂੰਘੇ ਹੋ ਗਏ, ਵੱਡੀਆਂ ਮੋਟਰਾਂ ਲਾਉਣੀਆਂ ਪੈ ਰਹੀਆਂ ਹਨ। ਘਰਾਂ ਵਿਚ ਬਹੁਤ ਜ਼ਿਆਦਾ ਹੀ ਖੇਤੀਬਾੜੀ ਦੇ ਸੰਦ ਪਏ ਹਨ। ਜਿਹੜੇ ਅੱਜ ਤੋਂ 20-22 ਸਾਲ ਪਹਿਲਾਂ ਟਰੈਕਟਰਾਂ ਨਾਲ ਖੇਤੀ ਹੁੰਦੀ ਸੀ, ਉਹ ਤਾਂ ਜ਼ਿਮੀਂਦਾਰਾਂ ਨੇ ਆਪਣੇ ਭਈਆਂ ਨੂੰ ਪੱਠੇ ਲਿਆਉਣ ਵਾਸਤੇ ਦਿੱਤੇ ਹੋਏ ਹਨ। ਹਰੇਕ ਘਰ ਜ਼ਿਮੀਂਦਾਰਾਂ ਪਰਿਵਾਰਾਂ ਵਿਚ ਇਕ ਪੱਕਾ ਭਈਆ ਸਾਂਝੀ ਰੱਖਿਆ ਹੋਇਆ ਹੈ। ਪਹਿਲਾਂ ਭਈਏ ਵੀ ਹਾੜੀ-ਸਾਉਣੀ ਦਾ ਸੀਜ਼ਨ ਲਾਉਣ ਲਈ ਪੰਜਾਬ ਆਉਂਦੇ ਸੀ, ਹੁਣ ਉਨ੍ਹਾਂ ਨੇ ਵੀ ਪਿੰਡਾਂ-ਸ਼ਹਿਰਾਂ ਵਿਚ ਪੱਕੇ ਡੇਰੇ ਲਾ ਲਏ ਹਨ। ਆਪਣੇ ਪਰਿਵਾਰ ਵੀ ਨਾਲ ਰੱਖਦੇ ਹਨ। ਉਨ੍ਹਾਂ ਦੇ ਬੱਚੇ ਸਰਕਾਰੀ ਸਕੂਲਾਂ ਵਿਚ ਪੜ੍ਹਦੇ ਹਨ। ਪੰਜਾਬੀਆਂ ਦੇ ਬੱਚਿਆਂ ਦੀ ਅੱਸੀ ਪ੍ਰਤੀਸ਼ਤ ਗਿਣਤੀ ਹੈ। ਪਿੰਡਾਂ ਵਿਚ ਭਈਆ ਕਲਚਰ ਪਹਿਲਾਂ ਨਾਲੋਂ ਬਹੁਤ ਜ਼ਿਆਦਾ ਹੈ। ਸਿਆਣੇ ਕਹਿੰਦੇ ਹਨ ਕਿ ਖਾਲੀ ਥਾਂ ਕਿਸੇ ਨਾ ਤਾਂ ਭਰਨੀ ਹੈ। ਜੇ ਅਸੀਂ ਪੰਜਾਬ ਛੱਡ ਵਿਦੇਸ਼ਾਂ ਵਿਚ ਥਾਂ ਬਣਾਈ ਹੈ ਤਾਂ ਪਿੱਛੇ ਕਿਸੇ ਨੇ ਸਾਡੀ ਥਾਂ ਮੱਲ ਲਈ ਹੈ।

ਭਈਆ ਹਰੇਕ ਘਰ ਦੀ ਜ਼ਰੂਰਤ ਬਣ ਚੁੱਕਿਆ ਹੈ। ਮੈਂ ਆਪਣੇ ਘਰ ਦੀ ਗੱਲ ਕਰਦਾ ਹਾਂ, ਘਰੇ ਗੈਸ ਦਾ ਸਲੰਡਰ ਦੇਣ ਭਈਆ ਆਉਂਦਾ ਹੈ, ਕੱਪੜਿਆਂ ਨੂੰ ਪ੍ਰੈੱਸ ਕਰਨ, ਮਾਲੀ, ਕੂੜਾ ਚੁੱਕਣ ਵਾਲਾ, ਸਾਰੇ ਭਈਏ ਹੀ ਆਉਂਦੇ ਹਨ। ਵਿਹਲੇ ਬੰਦੇ ਵੀ ਘਰ ਦਾ ਕੰਮ ਕਰਕੇ ਰਾਜ਼ੀ ਨਹੀਂ ਹਨ। ਭਈਆਂ ਦੇ ਘਰਵਾਲੀਆਂ ਵੀ ਘਰਾਂ ਦਾ ਕੰਮ ਕਰਨ ਆਉਂਦੀਆਂ ਹਨ। ਪੰਜ ਹਜ਼ਾਰ ਤੋਂ ਅੱਠ ਹਜ਼ਾਰ ਤੱਕ ਮਹੀਨਾ ਲੈਂਦੀਆਂ ਹਨ। ਦੋ ਵਕਤ ਦੀ ਚਾਹ, ਰੋਟੀ ਵੀ ਖਾਂਦੀਆਂ ਹਨ। ਜ਼ਿਮੀਂਦਾਰਾਂ ਦੀਆਂ ਜ਼ਨਾਨੀਆਂ ਵੀ ਭਈਆ ਰਾਣੀਆਂ ਨਾਲ ਹਿੰਦੀ ਭਾਸ਼ਾ ਦਾ ਚੰਗਾ ਜਲੂਸ ਕੱਢਦੀਆਂ ਹਨ। ਪ੍ਰਮਾਤਮਾ ਨੇ ਇਕੋ ਲਹੂ ਹਰੇਕ ਇਨਸਾਨ ਵਿਚ ਪਾਇਆ ਹੈ। ਪਰ ਜੋ ਕੌਮਾਂ ਦਾ ਨਿਧੜਕ, ਦਲੇਰ, ਹਿੰਮਤ ਵਾਲਾ ਲਹੂ ਹੈ। ਉਸ ਵਿਚ ਬਹੁਤ ਫ਼ਰਕ ਆ ਗਿਆ ਹੈ। ਸਾਡੇ ਜਵਾਕਾਂ ਦੇ ਨੈਣ, ਨਕਸ਼, ਰੰਗ, ਢੰਗ ਬਹੁਤ ਬਦਲ ਗਿਆ ਹੈ। ਜਵਾਕਾਂ ਦੇ ਕੱਦ ਪਹਿਲਾਂ ਨਾਲੋਂ ਘੱਟ ਗਏ ਹਨ। ਬਜ਼ਾਰੀ ਭੋਜਨ ਨੇ ਆਪਣੀ ਸੁਆਦੀ ਜੰਜੀਰ ਨਾਲ ਜਵਾਕਾਂ ਨੂੰ ਜਕੜ ਕੇ ਰੱਖ ਲਿਆ ਹੈ। ਪਿੰਡ ਵਿਚ ਹਰੇਕ ਖਾਣ-ਪੀਣ ਦੀ ਚੀਜ਼-ਵਸਤੂ ਵਿਕਣੀ ਆਉਂਦੀ ਹੈ।

ਪਰਿਵਾਰਾਂ ਵਿਚ ਬੱਚਿਆਂ ਦੀ ਗਿਣਤੀ ਆਮ ਚਾਰ ਹੁੰਦੀ ਸੀ, ਹੁਣ ਇਕ ਬੱਚੇ ਦੀ ਰਹਿ ਗਈ ਹੈ। ਜੇ ਪਹਿਲਾਂ ਬੱਚਾ ਮੁੰਡਾ ਹੋ ਜਾਵੇ ਤਾਂ ਅਗਲਾ ਬੱਚਾ ਆਉਣ ਨਹੀਂ ਦਿੰਦੇ, ਜੇ ਪਹਿਲੀ ਕੁੜੀ ਹੋ ਜਾਵੇ ਤਾਂ ਮੁੰਡੇ ਦੀ ਚਾਹਤ ਪਤਾ ਨਹੀਂ



ਕਿੰਨੀਆਂ ਧੀਆਂ ਦਾ ਕਤਲ ਕੁੱਖ ਵਿਚ ਹੀ ਕਰਵਾ ਦਿੰਦੀ ਹੈ। ਇਕੱਲਾ ਬੱਚਾ ਹੋਣ ਕਰਕੇ ਲਾਡਲਾ ਵੀ ਰੱਖਿਆ ਜਾਂਦਾ ਹੈ ਤੇ ਲਾਡਲੇ ਬੱਚੇ ਦੇ ਨਖ਼ਰੇ ਵੀ ਜਰਨੇ ਪੈਂਦੇ ਹਨ।

ਮੈਂ ਬਹੁਤ ਸਕੀਰੀਆਂ ਵਿਚ ਗਿਆ, ਪਿੰਡ ਵਿਚ ਵੀ ਕਈ ਘਰਾਂ ਵਿਚ ਮਿਲਣ ਗਿਆ। ਬੱਚਿਆਂ ਬਾਰੇ ਪੁੱਛਿਆ ਕਿ ਭਾਈ! ਇਕ ਦੋ ਜਵਾਕ ਹੋਰ ਪੈਦਾ ਕਰ ਲਵੋ, ਹਰੇਕ ਦਾ ਜਵਾਬ ਸੀ ਕਿ ਬਈ! ਜ਼ਮੀਨਾਂ ਤਾਂ ਨਾ-ਮਾਤਰ ਰਹਿ ਗਈਆ ਹਨ। ਜਵਾਕਾਂ ਨੂੰ ਕਿਵੇਂ ਵਿਆਹਾਂਗੇ। ਮੈਨੂੰ ਹੈਰਾਨੀ ਉਸ ਵਕਤ ਹੋਈ ਜਦੋਂ ਗੁਰਦੁਆਰੇ ਵਿਚ ਸੇਵਾ ਕਰਦੇ ਬੰਦੇ ਨੇ ਕਿਹਾ ਕਿ ਬੱਚਿਆਂ ਨੂੰ ਪਾਲੇਗਾ ਕੌਣ? ਮੈਂ ਕਿਹਾ ਬਾਈ ਜੀ! ਤੁਹਾਨੂੰ ਵਾਹਿਗੁਰੂ 'ਤੇ ਭਰੋਸਾ ਨਹੀਂ, ਤੁਸੀਂ ਤਾਂ ਚੌਦਾਂ ਘੰਟੇ ਗੁਰੂ ਘਰ ਰਹਿੰਦੇ ਹੋ।

ਬਾਈ ਜੀ! ਇਹ ਗੱਲ ਨਹੀਂ, ਪੜ੍ਹਾਈ ਕਰਵਾਉਣੀ ਔਖੀ ਹੈ। ਫਿਰ ਨੌਕਰੀ ਨਹੀਂ ਮਿਲਦੀ, ਬੱਸ ਇਕੋ ਬੁਝੰਗੀ ਬਹੁਤ ਹੈ।

ਅੱਜਕਲ੍ਹ ਦੀਆਂ ਕੁੜੀਆਂ ਦੀਆਂ ਖ਼ੁਰਾਕਾਂ ਵੀ ਬਹੁਤੀਆਂ ਚੰਗੀਆਂ ਨਹੀਂ ਰਹੀਆਂ। ਰੇਹਤੀਆਂ ਦੇ ਸਵਾਦ ਨੇ, ਜਣੇਪੇ ਦੀ ਤਾਕਤ ਹੀ ਖੋ ਲਈ ਹੈ। ਪਹਿਲਾਂ ਤਾਂ ਡਾਕਟਰਾਂ ਤੋਂ ਬਿਨਾਂ, ਦਵਾਈ ਤੋਂ ਬਿਨਾਂ ਗਰਭਪਾਤ ਹੀ ਨਹੀਂ ਹੁੰਦਾ, ਫਿਰ ਜਣੇਪੇ ਤੱਕ ਬੈੱਡ ਰੈਸਟ ਹੋ ਜਾਂਦੀ ਹੈ। ਯਾਨੀ ਇਕ ਜਵਾਕ ਹੀ, ਜ਼ਨਾਨੀ ਦੀ ਸਾਰੀ ਸ਼ਕਤੀ ਖ਼ਤਮ ਕਰ ਦਿੰਦਾ ਹੈ ਤੇ ਉਹ ਡਰਦੀ ਹੋਈ ਅਗਲੇ ਬੱਚੇ ਨੂੰ ਜਨਮ ਦੇਣ ਲਈ ਤਿਆਰ ਹੀ ਨਹੀਂ ਹੁੰਦੀ। ਮੈਂ ਬਹੁਤ ਕੁੱਝ ਆਪਣੇ ਅੱਖੀਂ ਦੇਖ ਕੇ ਆਇਆ ਹਾਂ। ਲੋਕ ਇੰਜ ਲੱਗਦਾ ਜਿਵੇਂ ਅੰਦਰੋਂ-ਅੰਦਰ ਟੁੱਟਦੇ ਜਾ ਰਹੇ ਹਨ।

ਦੂਜੇ ਪਾਸੇ ਭਈਆਂ ਦੇ ਪੰਜ-ਸੱਤ ਜਵਾਕ ਇਕ ਪਰਿਵਾਰ ਵਿਚ ਪੈਦਾ ਹੁੰਦੇ ਹਨ। ਸਾਡੇ ਪਿੰਡ ਇਕ ਜਮਾਦਾਰ ਹੁੰਦਾ ਸੀ, ਉਸ ਦੇ ਪੰਜ ਮੁੰਡੇ ਹੋਏ ਸੀ ਤੇ ਛੇਵੇਂ ਬੱਚੇ ਨੂੰ ਜਨਮ ਦੇਣ ਲਈ ਜਮਾਦਾਰ ਦੀ ਘਰਵਾਲੀ ਸੱਤਵੇਂ ਮਹੀਨੇ ਵੀ ਗੋਹੇ ਦਾ ਟੋਕਰਾ ਚੱਕੀ ਜਾਂਦੀ ਸੀ, ਕਿਸੇ ਨੇ ਟਿੱਚਰ ਕਰਦਿਆਂ ਪੁੱਛਿਆ, 'ਜਮਾਦਾਰਾ! ਹੋਰ ਕਿੰਨੇ ਜਵਾਕ ਪੈਦਾ ਕਰਨੇ ਹਨ?' ਜਦੋਂ ਬੇਟੀ ਪੈਦਾ ਹੋ ਗਈ, ਜਮਾਦਾਰ ਨੇ ਜਵਾਬ ਦਿੱਤਾ ਸੀ। ਤੇ ਸਾਡੇ ਪਹਿਲਾਂ ਹੀ ਕਹਿ ਦਿੰਦੇ ਹਨ ਕਿ ਰੱਬ ਮੁੰਡਾ ਦਾ ਦੇਵੇ ਫਿਰ ਹੋਰ ਨਹੀਂ ਜਵਾਕ ਜੰਮਣਾ।

ਭਈਆ ਵੱਲੋਂ ਕਿਹਾ ਜਾਣ ਵਾਲਾ ਸ਼ਬਦ ਸਾਡੇ ਬੰਦਿਆਂ ਨੂੰ ਹੋਰ ਪੰਪ ਭਰ ਦਿੰਦਾ ਹੈ ਜਦੋਂ ਕਹਿ ਦਿੰਦੇ ਹਨ। ਸਰਦਾਰ ਜੀ! ਆਪ ਤੋ ਬਹੁਤ ਅਮੀਰ ਹੋ, ਬਹੁਤ ਅੱਛੇ ਹੋ। ਫਿਰ ਸਰਦਾਰ ਜੀ, ਫੁੱਲਿਆ ਨਹੀਂ ਸਮਾਉਂਦਾ।

ਮੈਂ ਵੀ ਉਨ੍ਹਾਂ ਭਈਆਂ ਨੂੰ ਘਰੇ ਸੱਦ ਕੇ ਦਾਰੂ ਵੀ ਪਿਲਾਈ ਤੇ ਪੰਜ-ਪੰਜ ਸੌ ਰੁਪਏ ਵੀ ਦਿੱਤਾ। ਉਨ੍ਹਾਂ ਨੇ ਮਾੜੇ ਵਕਤ ਵਿਚ ਮੇਰੇ ਨਾਲ ਕੰਮ ਕਰਵਾਇਆ ਸੀ। ਭਈਏ ਤੋਂ ਬਿਨਾਂ ਜ਼ਿਮੀਂਦਾਰਾਂ ਦੀ ਖੇਤੀਬਾੜੀ ਨਹੀਂ ਹੋ ਸਕਦੀ। ਉਨ੍ਹਾਂ ਨੂੰ ਪੰਜਾਬ ਵਿਚ ਕੰਮ ਮਿਲਦਾ ਹੈ ਤਾਂ ਹੀ ਤਾਂ ਆਉਂਦੇ ਹਨ। ਜੇ ਸਾਡੇ ਨੂੰ ਜਵਾਕਾਂ ਦੀ ਗਿਣਤੀ ਵੱਧ ਹੋਊਗੀ, ਪਰਿਵਾਰ ਵੱਡੇ ਹੋਣਗੇ, ਆਪਣੇ ਹੱਥੀਂ ਕੰਮ ਹੋਣਗੇ, ਫਿਰ ਹੀ ਕੋਈ ਗੱਲ ਬਣ ਸਕਦੀ ਹੈ।

ਬਹੁਤੇ ਪਰਿਵਾਰ ਤਾਂ ਬੱਚਿਆਂ ਦੇ ਭਵਿੱਖ ਨੂੰ ਬਾਹਰਲਾ ਦੇਸ਼ ਹੀ ਸਮਝਦੇ ਹਨ। ਪੰਜਾਬ ਕੋਈ ਰਹਿ ਕੇ ਰਾਜ਼ੀ ਨਹੀਂ ਹੈ। ਪਿੰਡ ਵਿਚ ਕਈ ਨੌਜਵਾਨ ਵਿਆਹ ਦੀ ਉਮਰ ਤੋਂ ਟੱਪਦੇ ਜਾ ਰਹੇ ਹਨ। ਕੋਈ ਰਿਸ਼ਤਾ ਹੀ ਨਹੀਂ ਆਉਂਦਾ। ਪੰਜਾਬ ਵਿਚ ਪੰਜਾਬੀ ਪਰਿਵਾਰਾਂ ਵਿਚ ਕੁੜੀਆਂ ਦੀ ਬਹੁਤ ਘਾਟ ਪੈਦਾ ਹੋ ਗਈ ਹੈ। ਸੱਚ ਜਾਣਿਓ, ਕੈਨੇਡਾ, ਅਮਰੀਕਾ ਤੋਂ ਗਏ ਮੁੰਡਿਆਂ ਲਈ ਕੁੜੀਆਂ ਨਹੀਂ ਲੱਭਦੀਆਂ, ਪਿੰਡਾਂ ਵਾਲਿਆਂ ਦਾ ਇਹ ਹਾਲ ਹੋਣਾ ਹੀ ਹੈ।

ਹੋ ਸਕਦਾ ਚਾਰ ਸਾਲਾਂ ਨੂੰ ਪੰਜਾਬ ਵਿਚ ਕੁੜੀਆਂ-ਮੁੰਡਿਆਂ ਦੀ ਗਿਣਤੀ ਵੱਧਣ ਲੱਗ ਜਾਵੇ। ਕੈਨੇਡਾ ਨੇ ਵੀ ਸਟੱਡੀ ਵੀਜ਼ੇ ਤੇ ਵਰਕ ਪਰਮਿਟ ਵੀਜ਼ੇ ਬੰਦ ਕਰ ਦਿੱਤੇ ਹਨ ਤੇ ਸਾਡੇ ਰਾਸ਼ਟਰਪਤੀ ਟਰੰਪ ਸਾਹਿਬ ਨੇ ਵੀ ਬਾਡਰਾਂ ਦੀ ਸਖ਼ਤੀ ਕਰ ਦਿੱਤੀ ਹੈ। ਡੌਂਕੀ ਤੇ ਆਈਲੈਂਟਸ ਨੂੰ ਬਰੇਕ ਲੱਗੀ ਹੈ। ਸ਼ਾਇਦ ਪੰਜਾਬ ਵਿਚ ਫਿਰ ਰੌਣਕਾਂ ਪਰਤ ਆਉਣ। ਬਹੁਤੇ ਪਰਿਵਾਰ ਤਾਂ ਇਸ ਮੁਲਕਾਂ ਵਿਚ ਵੀ ਖ਼ੁਸ਼ ਨਹੀਂ ਹਨ। ਫਸੀ ਤੇ ਫੜਕਣ ਕੀ, ਵਕਤ ਨੂੰ ਧੱਕਾ ਲਾ ਰਹੇ ਹਨ। ਬੰਦੇ ਦੀਆਂ ਖ਼ੁਆਇਸ਼ਾਂ ਹੀ ਬੰਦੇ ਨੂੰ ਵਿਛੋੜੇ ਦੀ ਅੱਗ ਵਿਚ ਸੜਨ ਲਈ ਮਜਬੂਰ ਕਰ ਦਿੰਦੀਆਂ ਹਨ। ਨਹੀਂ ਤਾਂ ਸਾਡੇ ਪੰਜਾਬ ਵਰਗਾ ਕੋਈ ਹੋਰ ਸੂਬਾ ਹੀ ਨਹੀਂ ਹੈ। ਪੰਜਾਬ ਤਾਂ ਪੰਜਾਬ ਹੀ ਹੈ। ਕਾਸ਼! ਸਾਨੂੰ ਸਮਝ ਆ ਜਾਵੇ!!

# ਇਕ ਬਹੁ-ਰੂਪੀ ਯਾਤਰਾ ਦੇ ਰੰਗ-ਢੰਗ

## ਨਿੱਕ ਸੁੱਕ



**ਗੁਲਜ਼ਾਰ ਸਿੰਘ ਸੰਧੂ**
**ਫੋਨ: 91-98157-78469**
Sandhugulzar@yahoo.com

ਮੇਰੀ ਸਿਹਤ ਹੁਣ ਬਹੁਤੇ ਸਫਰਾਂ ਦੀ ਆਗਿਆ ਨਹੀਂ ਦਿੰਦੀ। ਫੇਰ ਵੀ ਘਰ ਅਤੇ ਹਸਪਤਾਲਾਂ ਦੀ ਸ਼ਰਨ ਲੈਂਦਿਆਂ ਮਨ ਉਕਤਾ ਜਾਂਦਾ ਹੈ ਤਾਂ ਕਿਸੇ ਨੇ ਕਿਸੇ ਬਹਾਨੇ ਦੂਰ ਨੇੜੇ ਦੀ ਦੁਨੀਆਂ ਵੇਖਣ ਨੂੰ ਦਿਲ ਕਰ ਆਉਂਦਾ ਹੈ। ਮੇਰੀ ਪਿਛਲੇ ਸਪਤਾਹ ਵਾਲੀ ਦਿੱਲੀ ਯਾਤਰਾ ਕੁਝ ਏਸੇ ਤਰ੍ਹਾਂ ਦੀ ਸੀ। ਰਸਤੇ ਵਿਚ ਧਾਨ ਦੀਆਂ ਫਸਲਾਂ ਦੀ ਕਹਾਣੀ ਦੇ ਦ੍ਰਿਸ਼ ਵੀ ਮਿਲੇ ਤੇ ਵਰਖਾ ਨਾਲ ਉਜੜੇ ਮਾਰਗਾਂ ਦੀ ਸਾਂਭ-ਸੰਭਾਲ ਦੇ ਕਾਰਕ ਵੀ ਤੱਕੇ। ਸਭ ਤੋਂ ਚੰਗੀ ਗੱਲ ਇਹ ਲਗੀ ਕਿ ਸੜਕ ਦੇ ਖੱਬੇ ਸੱਜੇ ਜਿਹੜੇ ਬੂਟੇ ਤੀਹ ਚਾਲੀ ਸਾਲ ਪਹਿਲਾਂ ਨਿੱਕੇ-ਨਿੱਕੇ ਸਨ ਹੁਣ ਲਹਿਲਹਾਉਂਦੇ ਰੁੱਖ ਬਣ ਕੇ ਆਉਣ-ਜਾਣ ਵਾਲੇ ਮੁਸਾਫਰਾਂ ਨੂੰ ਛਾਵਾਂ ਤੇ ਵਾਵਾਂ ਵੰਡ ਰਹੇ ਸਨ।

ਮੇਰੇ ਲਈ ਨਵੀਂ ਤੇ ਵਖਰੀ ਗੱਲ ਸੜਕ ਦੇ ਕਿਨਾਰੇ ਨਿਰੰਕਾਰੀ ਮਿਸ਼ਨ ਦੇ ਸਮਾਗਮ ਦੀ ਸੂਚਨਾ ਸੀ ਜਿਹੜੀ ਪੜ੍ਹੇ ਜਾਣ ਵਾਲੇ ਸ਼ਬਦਾਂ ਤੱਕ ਹੀ ਸੀਮਤ ਨਹੀਂ ਸੀ, ਇਸਨੂੰ ਉਤਸਤਾ ਪ੍ਰਦਾਨ ਕਰਨ ਲਈ ਸੰਤ ਨਿਰੰਕਾਰੀ ਮਿਸ਼ਨ ਦੀ ਵਰਤਮਾਨ ਮੁਖੀ ਸਦੀਕਸ਼ਾ ਦੀ ਚਿੱਟੇ ਕਪੜੀ ਤਸਵੀਰ ਵੀ ਸੀ ਜਿਹੜੀ ਇੱਕ ਅੱਧ ਕਿਲੋਮੀਟਰ ਦੀ ਦੂਰੀ ਉੱਤੇ ਸੁਸ਼ੋਭਤ ਸੀ। ਸੌ-ਪੰਜਾਹ ਥਾਵਾਂ ਉੱਤੇ। ਇਹ ਸੱਦਾ ਸੋਨੀਪਤ ਤੇ ਮੁਰਥਲ ਦੇ ਨੇੜੇ ਹੋਣ ਵਾਲੇ ਸੰਤ ਸਮਾਗਮ ਵਿਚ ਹਾਜ਼ਰ ਹੋਣ ਲਈ ਸੀ। ਕੁਦਰਤੀ ਸੀ ਕਿ ਇਸ ਵਿਚ ਨਿਰੰਕਾਰੀ ਮਿਸ਼ਨ ਦੀ ਧਾਰਨਾ ਅਤੇ ਸੰਦੇਸ਼ ਵੀ ਪ੍ਰਤੱਖ ਸੀ।

ਆਪਣੇ ਮਨ ਅੰਦਰ ਝਾਤੀ ਮਾਰ ਕੇ ਆਪਣੇ ਆਪ ਨੂੰ ਪਹਿਚਾਨਣ ਉੱਤੇ ਜ਼ੋਰ ਦੇਣ ਵਾਲਾ। 'ਮਨ ਤੂੰ ਜੋਤਿ ਸਰੂਪ ਹੈਂ ਆਪਣਾ ਮੂਲ ਪਛਾਣ' ਸਮੇਤ ਹਉਮੈ ਦੀਰਘ ਰੋਗ ਹੈ ਦਾਰੂ ਭੀ ਇਸ ਮਾਹਿ ਵਾਲਾ। ਨਿਸਚੇ ਹੀ ਇਸ ਵਿਚ ਸਮਾਜ ਸੇਵਾ ਤੇ ਨਿਤਾਣਿਆਂ ਨੂੰ ਤਾਣ ਦੇਣ ਦੀ ਭਾਵਨਾ ਵੀ ਸ਼ਾਮਲ ਹੈ।

ਇਸ ਭਾਵਨਾ ਨੂੰ ਸਿਖਰਾਂ 'ਤੇ ਪਹੁੰਚਾਣ ਵਾਲੇ ਸਦੀਕਸ਼ਾ ਦੇ ਪਿਤਾ ਹਰਦੇਵ ਸਿੰਘ ਤੇ ਦਾਦਾ ਗੁਰਬਚਨ ਸਿੰਘ ਸਨ ਜਿਨ੍ਹਾਂ ਨੇ 1948 ਵਿਚ ਇਸਨੂੰ ਰਸਮੀ ਤੌਰ 'ਤੇ ਜਾਰੀ ਕਰਕੇ ਦੇਸ-ਪਰਦੇਸ 'ਚ ਪ੍ਰਚਾਰਨ ਦਾ ਬੀੜਾ ਚੁੱਕਿਆ ਸੀ।

ਇਸ ਭਾਵਨਾ ਨੂੰ ਬਿਲਕੁਲ ਨਵੀਂ ਕਹਿਣਾ ਠੀਕ ਨਹੀਂ ਸੀ ਕਿਉਂਕਿ ਇਸ ਤੋਂ ਬਹੁਤ ਪਹਿਲਾਂ ਵੀ ਇਸ ਪ੍ਰਕਾਰ ਦੀਆਂ ਹੋਰ ਲਹਿਰਾਂ ਤੇ ਮਿਸ਼ਨ ਇਸ ਤਰ੍ਹਾਂ ਦਾ ਸੰਦੇਸ਼ ਦਿੰਦੇ ਰਹੇ ਹਨ। ਇਸਦਾ ਵਿਰੋਧ ਵੀ ਹੋਇਆ ਜਿਹੜਾ 1978 ਵਿਚ ਸਿੱਖੀ ਧਾਰਨਾ ਨਾਲ ਟਕਰਾਓ ਦਾ ਰੂਪ ਵੀ ਧਾਰ ਗਿਆ ਸੀ। ਉਂਝ ਤਾਂ ਇਹ ਵਾਲਾ ਵਿਰੋਧ ਸਮਾਂ ਪਾ ਕੇ ਆਪ ਹੀ ਮੱਠਾ ਹੋ ਚੁੱਕਾ ਹੈ ਪਰ ਨਿਰੰਕਾਰੀ ਮਿਸ਼ਨ ਦੀ ਕਮਾਂਡ ਮਹਿਲਾ ਦੇ ਹੱਥਾਂ ਵਿਚ ਚਲੇ ਜਾਣ ਨਾਲ ਇਹ ਪੱਕੇ ਤੌਰ 'ਤੇ ਬਿਖਰ ਗਿਆ ਜਾਪਦਾ ਹੈ। ਸ਼ਾਇਦ ਇਸ ਲਈ ਕਿ ਨਿਰੰਕਾਰੀ ਮਿਸ਼ਨ ਦੀ ਭਾਵਨਾ ਦੀਆਂ ਜੜ੍ਹਾਂ ਵੀ ਨਾਮ ਜਪੋ, ਕਿਰਤ ਕਰੋ ਤੇ ਵੰਡ ਛਕੋ ਨਾਲ ਮਿਲਦੀਆਂ-ਜੁਲਦੀਆਂ ਹਨ।

ਇਹ ਸਬੱਬ ਦੀ ਗੱਲ ਹੈ ਕਿ ਇਸ ਵਾਰੀ ਦੇ ਪੰਜਾਬੀ ਭਵਨ ਨਵੀਂ ਦਿੱਲੀ ਵਿਚ ਦਿੱਤੇ ਗਏ ਭਾਪਾ ਪ੍ਰੀਤਮ ਸਿੰਘ ਯਾਦਗਾਰੀ ਭਾਸ਼ਨ ਦਾ ਵਿਸ਼ਾ ਵੀ ਦਸਾਂ ਨਹੁੰਆਂ ਦੀ ਕਿਰਤ ਕਮਾਈ 'ਤੇ ਜ਼ੋਰ ਦੇਣ ਵਾਲਾ ਸੀ ਜਿਸ ਦੀਆਂ ਜੜ੍ਹਾਂ ਵੀ ਗੁਰਬਖਸ਼ ਸਿੰਘ ਪ੍ਰੀਤ ਲੜੀ ਦੀ ਕਬਜ਼ਾ ਨਹੀਂ ਪਹਿਚਾਣ ਵਾਲੀ ਪ੍ਰੀਤ ਭਾਵਨਾ ਵਾਲੀਆਂ ਹੀ ਸਨ। ਇਸ ਸਮਾਗਮ ਦੀ ਪ੍ਰਧਾਨਗੀ ਮੰਗੋਲੀਆ ਦੇ ਸਾਬਕਾ ਰਾਜਦੂਤ ਐਸ ਪੀ ਸਿੰਘ ਨੇ ਕੀਤੀ ਤੇ ਭਾਸ਼ਨ ਦੇਣ ਵਾਲਾ ਸੁਕੀਰਤ ਵੀ ਗੁਰਬਖਸ਼ ਸਿੰਘ ਦੀ ਸਪੁਤਰੀ ਉਰਮਿਲਾ ਆਨੰਦ ਦਾ ਬੇਟਾ ਹੈ। ਪ੍ਰੀਤਮ ਸਿੰਘ ਨੇ ਵੀ ਇਹ ਵਾਲੀ ਭਾਵਨਾ ਗੁਰਬਖਸ਼ ਸਿੰਘ ਦੇ ਛਾਪਾ ਖਾਨੇ ਦਾ ਕਰਤਾ-ਧਰਤਾ ਹੁੰਦਿਆਂ ਗ੍ਰਹਿਣ ਕੀਤੀ ਸੀ।

ਸੁਕੀਰਤ ਦਾ ਭਾਸ਼ਣ ਪ੍ਰੀਤਮ ਸਿੰਘ ਦੇ ਛਾਪਕ ਤੋਂ ਪ੍ਰਕਾਸ਼ਕ ਤੇ ਫੇਰ ਸੰਪਾਦਕ-ਪ੍ਰਕਾਸ਼ਕ ਦੇ ਸਫਰ ਤੱਕ ਹੀ ਸੀਮਤ ਨਹੀਂ ਸੀ। ਇਸ ਵਿਚ ਵੀ ਘੁੰਮ ਕੇ ਸਫੈਦਪੋਸ਼ੀ ਨੂੰ ਪ੍ਰਚਾਰਨ ਵਾਲੀ ਭਾਵਨਾ ਸੰਮਿਲਤ ਸੀ। ਕਹਿਣ ਵਾਲੇ ਤਾਂ ਇਹ ਵੀ ਕਹਿ ਸਕਦੇ ਹਨ ਕਿ ਨਿਰੰਕਾਰੀ ਮਿਸ਼ਨ ਦੀ ਭਾਵਨਾ ਵੀ ਪ੍ਰੀਤ ਲੜੀ ਵਾਲੀ ਹੀ ਹੈ। ਨਿਰੰਕਾਰੀ ਮਿਸ਼ਨ ਦੀ ਰਸਮੀ ਸਥਾਪਨਾ 1948 ਵਿਚ ਹੋਈ ਪਰ ਪ੍ਰੀਤ ਲੜੀ ਦਾ ਪਹਿਲਾ ਅੰਕ ਇਸ ਤੋਂ 15 ਸਾਲ ਪਹਿਲਾ 1933 ਵਿਚ ਪ੍ਰਕਾਸ਼ਤ ਹੋਇਆ ਸੀ। ਆਪਣੇ ਦਿਲ ਦਿਮਾਗ ਨੂੰ ਸ਼ਾਂਤ ਰੱਖ ਕੇ ਉੱਨਤੀ ਕਰਨ ਦਾ ਨਤੀਜਾ ਭਾਵੇਂ ਕੋਈ ਵੀ ਹੋਵੇ, ਸਾਰੇ ਧਰਮ ਤੇ ਮਿਸ਼ਨ ਇਸਨੂੰ ਪਰਨਾਏ ਹੋਏ ਹਨ।

ਅੱਜ-ਕਲ੍ਹ ਮੇਰੀ ਹਰ ਦਿੱਲੀ ਫੇਰੀ ਮੈਨੂੰ ਉਨ੍ਹਾਂ ਮਿੱਤਰਾਂ ਦੇ ਪਰਿਵਾਰਾਂ ਕੋਲ ਵੀ ਲੈ ਜਾਂਦੀ ਹੈ ਜਿਨ੍ਹਾਂ ਦਾ ਕੋਈ ਮੈਂਬਰ ਪੂਰੀ ਉਮਰ ਭੋਗ ਕੇ ਇਸ ਦੁਨੀਆਂ ਨੂੰ ਅਲਵਿਦਾ ਕਹਿ ਚੁੱਕਿਆ ਹੁੰਦਾ ਹੈ। ਇਸ ਵਾਰ ਦਿੱਲੀ ਦੇ ਸਾਬਕਾ ਪੁਲੀਸ ਕਮਿਸ਼ਨਰ ਗੁਰਦਿਆਲ ਸਿੰਘ ਮੰਡੇਰ ਤੇ ਦੀਵਾਨ ਸਿੰਘ ਕਾਲੇ ਪਾਣੀ ਦਾ ਬੇਟਾ ਹਰਵੰਤ ਸਿੰਘ ਢਿੱਲੋਂ ਇਸ ਮਾਰਗ ਗਏ ਹੋਣ ਕਾਰਨ ਉਨ੍ਹਾਂ ਦੇ ਪਰਿਵਾਰਾਂ ਨਾਲ ਮੇਲ ਵੀ ਓਨਾ ਹੀ ਲਾਜ਼ਮੀ ਸੀ ਜਿੰਨੇ ਹੋਰ ਰੁਝੇਵੇਂ। ਉਹ ਦੋਵੇਂ ਮੇਰੇ ਹਾਣੀ ਤੇ ਸਮਕਾਲੀ ਹੋਣ ਕਾਰਨ ਮੇਰੇ ਦਿੱਲੀ ਵਿਚ ਕਿਆਮ ਦੇ 35 ਵਰ੍ਹਿਆਂ ਵਿਚ ਮੇਰੇ ਸੰਗੀ ਸਾਥੀ ਰਹੇ ਸਨ।

ਮੁਕਰੀ ਫੇਰੀ ਸਮੇਂ ਏਸੇ ਤਰ੍ਹਾਂ ਦੀ ਭਾਵਨਾ ਸਾਬਕਾ ਆਈ ਏ ਐਸ ਅਧਿਕਾਰੀ ਵਿਜੇ ਦੇਵ ਦੇ ਘਰ ਜਾਣ ਸਮੇਂ ਹੋਈ ਜਿਹੜਾ ਚੰਡੀਗੜ੍ਹ ਤੋਂ ਦਿੱਲੀ ਜਾ ਕੇ ਉੱਥੋਂ ਦਾ ਚੀਫ ਸੈਕਟਰੀ ਰਹਿ ਚੁੱਕਿਆ ਸੀ। ਵੱਡੀ ਗੱਲ ਇਹ ਕਿ ਭਾਰਤ ਸਰਕਾਰ ਨੇ ਉਸਦੇ ਕੀਤੇ ਕੰਮਾ ਤੋਂ ਪ੍ਰਭਾਵਤ ਹੋ ਕੇ ਉਸਨੂੰ ਸੇਵਾ ਮੁਕਤੀ ਤੋਂ ਪਿੱਛੋਂ ਸਟੇਟ ਇਲੈਕਸ਼ਨ ਕਮਿਸ਼ਨਰ ਦਾ ਕੰਮ ਸੌਂਪ ਦਿੱਤਾ ਹੈ ਜਿਥੇ ਉਸਨੇ ਪੰਜ ਸਾਲ ਤਾਇਨਾਤ ਰਹਿਣਾ ਹੈ।

ਉਸਦੇ ਘਰ ਮੈਨੂੰ ਉਸਦੀ ਪੁਰਤਗੀਜ਼ ਪਤਨੀ ਸੋਨੀਆ ਵੀ ਮਿਲੀ ਤੇ ਉਨ੍ਹਾਂ ਦੀ ਬੇਟੀ ਵਰਾਲਿਕਾ ਤੇ ਜਵਾਈ ਵੀ, ਜਿਹੜੇ ਸੁਪਰੀਮ ਕੋਰਟ ਵਿਚ ਜੈਡ ਪਰੈਕਟਿਸ ਕਰਦੇ ਹਨ।

ਮੈਂ ਇਸ ਵਾਰੀ 30 ਅਕਤੂਬਰ ਤੋਂ 2 ਨਵੰਬਰ ਤੱਕ ਚੰਡੀਗੜ੍ਹ ਤੋਂ ਬਾਹਰ ਰਿਹਾ। ਵਾਪਸ ਆ ਕੇ ਅਖਬਾਰਾਂ ਪੜ੍ਹੀਆਂ ਤਾਂ 1984 ਦੇ ਸਿੱਖ ਕਤਲੇਆਮ ਨਾਲ ਭਰੀਆਂ ਪਈਆਂ ਸਨ। ਇਸ ਕਤਲੇਆਮ ਵਿਚ ਮੇਰਾ ਹਾਣੀ ਮਾਮਾ ਸ਼ਮਸ਼ੇਰ ਸਿੰਘ ਭੰਗੂ ਮਾਰਿਆ ਗਿਆ ਸੀ। ਜਿਸਦੇ ਵਡੇਰੇ ਬਾਬਾ ਮਹਿਤਾਬ ਸਿੰਘ ਨੇ ਭਾਈ ਸੁੱਖਾ ਸਿੰਘ ਨਾਲ ਮਿਲ ਕੇ ਹਰਿਮੰਦਰ ਸਾਹਿਬ ਦੀ ਬੇਅਦਬੀ ਕਰਨ ਵਾਲੇ ਮੱਸਾ ਰੰਘੜ ਦੀ ਹੱਤਿਆ ਕੀਤੀ ਸੀ। ਤੇ ਮੈਂ ਖੁਦ ਭਾਰਤ ਸਰਕਾਰ ਦੀ ਨੌਕਰੀ ਛੱਡਣ ਉਪਰੰਤ ਪੰਜਾਬੀ ਟ੍ਰਿਬਿਊਨ ਦੀ ਨੌਕਰੀ ਉੱਤੇ ਵੇਲੇ ਸਿਰ ਹਾਜ਼ਰ ਨਹੀਂ ਸੀ ਹੋ ਸਕਿਆ। ਉਸ ਕਤਲੇਆਮ ਦੀ ਗੂੰਜ 41 ਸਾਲ ਬੀਤ ਜਾਣ ਉੱਤੇ ਵੀ ਸਿੱਖ ਮਨਾਂ ਵਿਚ ਵਸੀ ਹੋਈ ਹੈ।

**ਅੰਤਿਕਾ**
ਬਦਾਯੂੰਆਨੀ॥
ਨਹੀਂ ਆਤੀ ਤੋ ਉਨਕੀ ਯਾਦ ਮਹੀਨੋਂ ਭਰ ਨਹੀਂ ਆਤੀ
ਮਗਰ ਜਬ ਯਾਦ ਆਤੇ ਹੈ ਤੋਂ ਅਕਸਰ ਯਾਦ ਆਤੇ ਹੈਂ।

# ਔਰਤ ਨਾਲ ਹੁੰਦੇ ਅਨਿਆਂ ਨੂੰ ਉਜਾਗਰ ਕਰਦਾ ਨਾਵਲ – ਹਵੇਲੀਆਲਾ

ਜਸਪਾਲ ਮਾਨਖੇੜਾ
ਮੁੱਲ-250 ਰੁਪਏ
ਪੰਨੇ -152
ਪੀਪਲਜ਼ ਫੋਰਮ ਬਰਗਾੜੀ

ਜਸਪਾਲ ਮਾਨਖੇੜਾ ਖੱਬੇ ਪੱਖੀ ਲੋਕ ਘੋਲਾਂ ਦੇ ਇਤਿਹਾਸ ਨੂੰ ਗਲਪੀ ਰੂਪ ਵਿਚ ਸੰਭਾਲਣ ਦੇ ਕਾਰਜ ਨੂੰ ਆਪਣੀ ਜ਼ਿੰਦਗੀ ਦੇ ਮਿਸ਼ਨ ਵਜੋਂ ਲੈ ਕੇ ਅੱਗੇ ਵਧ ਰਿਹਾ ਹੈ। ਇਹ ਕਾਰਜ ਕਰਨ ਵਿਚ ਉਸ ਦੀਆਂ ਕਹਾਣੀਆਂ ਵੀ ਉਸਦੀ ਮਦਦ ਕਰਦੀਆਂ ਨੇ ਤੇ ਨਾਵਲ ਵੀ। ਲੋਕ ਲਹਿਰਾਂ ਤੇ ਲੋਕ ਘੋਲਾਂ ਨਾਲ ਰਹੀ ਮਾਨਸਿਕ ਨੇੜਤਾ ਕਾਰਨ ਲੋਕ ਮਸਲੇ, ਲੋਕ ਚੇਤਨਾ,



**ਨਿਰੰਜਣ ਬੋਹਾ**
**ਫੋਨ: 89682-82700**

ਲੋਕ ਏਕਤਾ ਤੇ ਲੋਕ ਜਿੱਤ ਦੇ ਵਿਸ਼ਵਾਸ ਉਸ ਦੀਆਂ ਗਲਪੀ ਕ੍ਰਿਤਾਂ ਦਾ ਕੇਂਦਰੀ ਤੱਤਸਾਰ ਬਣਦਾ ਹੈ। ਉਸ ਦਾ ਨਵਾਂ ਨਾਵਲ 'ਹਵੇਲੀਆਲਾ' ਇਸ ਤੱਤਸਾਰ ਨੂੰ ਹੋਰ ਵਿਸਥਾਰਦਾ ਹੈ ਤਾਂ ਇਹ ਗੱਲ ਸਮਝ ਵਿਚ ਪੈਂਦੀ ਹੈ ਕਿ ਪੂੰਜੀਵਾਦੀ ਯੁੱਗ ਵਿਚ ਪਹੁੰਚ ਕੇ ਵੀ ਸਮਾਜ ਔਰਤ ਨੂੰ ਆਪਣੇ ਕਬਜ਼ੇ ਹੇਠਲੀ ਵਸਤੂ ਸਮਝਣ ਵਾਲੀ ਜਾਗੀਰਦਾਰੀ ਯੁੱਗ ਦੀ ਮਾਨਸਿਕਤਾ ਤੋਂ ਪੂਰੀ ਤਰ੍ਹਾਂ ਮੁਕਤ ਨਹੀਂ ਹੋਇਆ, ਜਿਸ ਕਾਰਨ ਉਹ ਨਾ ਤਾਂ ਘਰ ਤੋਂ ਬਾਹਰ ਅਜ਼ਾਦੀ ਨਾਲ ਘੁੰਮ ਫਿਰ ਸਕਦੀ ਹੈ ਤੇ ਨਾ ਹੀ ਇਕੱਲੀ ਸਕੂਲ ਕਾਲਜ ਜਾ ਸਕਦੀ ਹੈ। ਜੇਕਰ ਉਹ ਅਜਿਹਾ ਕਰਦੀ ਹੈ ਤਾਂ ਜਾਗੀਰਦਾਰੀ ਮਾਨਸਿਕਤਾ ਰੱਖਣ ਵਾਲੇ ਕਾਕੇ ਉਸ ਨੂੰ ਜਬਰ-ਜਨਾਹ ਕਰਨਾ ਆਪਣਾ ਹੱਕ ਸਮਝਦੇ ਹਨ। ਨਾਵਲ ਇਸ ਅਮਾਨਵੀ ਸਥਿਤੀ ਦਾ ਪ੍ਰਤੀਉੱਤਰ ਨਾਰੀ ਚੇਤਨਾ ਰਾਹੀਂ ਹੀ ਸਿਰਜਦਾ ਹੈ ਤੇ ਉਸ ਨਾਲ ਹੋਣ ਵਾਲੇ ਅਨਿਆਂ ਵਿਰੁੱਧ ਜਨਤਕ ਲਾਮਬੰਦੀ ਕੀਤੇ ਜਾਣ ਦੀ ਲੋੜ ਨੂੰ ਵੀ ਉਭਾਰਦਾ ਹੈ।

ਮਾਨਖੇੜਾ ਦੇ ਇਸ ਨਾਵਲ ਦੇ ਕੇਂਦਰ ਵਿਚ ਇਕ ਅਜਿਹੇ ਲੋਕ ਘੋਲ ਦੀ ਕਹਾਣੀ ਹੈ ਜਿਹੜਾ ਸਰਮਾਏਦਾਰਾਂ ਦੇ ਕਾਕਿਆਂ ਵੱਲੋਂ ਵਿਦਿਆ ਦਾ ਚਾਨਣ ਵੰਡਣ ਵਾਲੇ ਇਕ ਅਧਿਆਪਕ ਦੀ ਹੋਣਹਾਰ ਧੀ ਨਾਲ ਹੋਏ ਜਬਰ-ਜਨਾਹ ਤੇ ਕਤਲ ਤੋਂ ਬਾਅਦ ਉਸਦੇ ਮਾਪਿਆਂ ਨੂੰ ਇਨਸਾਫ਼ ਦਿਵਾਉਣ ਲਈ ਜਨਤਕ ਤੌਰ 'ਤੇ ਲੜਿਆ ਗਿਆ ਤੇ ਜਾਬਰਾਂ ਨੂੰ ਜਨਤਕ ਸ਼ਕਤੀ ਦਾ ਅਹਿਸਾਸ ਕਰਾਉਣ ਵਿਚ ਸਫਲ ਹੋਇਆ। ਨਾਵਲ ਦੀ ਕਹਾਣੀ ਅਨੁਸਾਰ ਮਾਲਵਾ ਖੇਤਰ ਦੇ ਕਲਪਿਤ ਪਿੰਡ ਹਵੇਲੀਵਾਲਾ ਦੇ ਰਾਜਸੀ ਖੇਤਰ ਵਿਚ ਚੰਗਾ ਰਸੂਖ ਰਖਦੇ ਧਨਾਢ ਜ਼ਿਮੀਂਦਾਰ ਇਕਬਾਲ ਸਿੰਘ ਦੀ ਹਵੇਲੀ ਅਜੇ ਆਪਣੀ ਪੁਰਾਣੀ ਪਰੰਪਰਾ ਅਨੁਸਾਰ ਪਤਨੀ ਤੋਂ ਮਨਪ੍ਰਚਾਵੇ ਲਈ ਰਖੇਲ ਰੱਖਣ ਦੀ ਪਰੰਪਰਾ ਨਾਲ ਵੀ ਜੁੜੀ ਹੋਈ ਹੈ। ਇਕਬਾਲ ਸਿੰਘ ਉਰਫ ਕਬਾਲਾ ਆਪਣੀ ਪਤਨੀ ਦੇ ਹੁੰਦਿਆਂ ਆਪਣੇ ਪਰਵਾਸੀ ਨੌਕਰ ਦਾ ਕਤਲ ਕਰ ਕੇ ਉਸ ਦੀ ਲਾਸ਼ ਇਸ ਮਕਸਦ ਨਾਲ ਖੇਤ ਵਿਚ ਦੱਬ ਦਿੰਦਾ ਹੈ ਕਿ ਉਹ ਉਸਦੀ ਸੁੰਦਰ ਪਤਨੀ ਨੂੰ ਆਪਣੀ ਰਖੇਲ ਬਣਾ ਕੇ ਰੱਖ ਸਕੇ। ਪਿਤਾ ਪੁਰਖੀ ਰਾਹਾਂ 'ਤੇ ਤੁਰਦਿਆਂ ਉਸਦਾ ਪੁੱਤਰ ਉਸਦੇ ਵਿਗੜੇ ਕਾਕੇ ਛੀਮਦਾ ਤੇ ਪ੍ਰੀਤ ਵੀ ਪਿੰਡ ਵਿਚ ਰਹਿੰਦੇ ਮਾਸਟਰ ਲਛਮਣ ਸਿੰਘ ਦੀ ਸਕੂਲ ਪੜ੍ਹਦੀ ਦੀ ਰਿਸ਼ਮਦੀਪ ਨੂੰ ਇਸ ਇਰਾਦੇ ਨਾਲ ਅਗਵਾ ਕਰ ਲੈਂਦੇ ਹਨ ਕਿ ਉਹ ਵੀ ਉਨ੍ਹਾਂ ਦੇ ਦਾਬੇ ਹੇਠ ਆ ਕੇ ਉਨ੍ਹਾਂ ਦੀ ਇੱਛਾ ਅਨੁਸਾਰ ਉਨ੍ਹਾਂ ਦੇ ਹੱਥਾਂ ਵਿਚ ਖੇਡਦੀ ਰਹੀ। ਇਸ ਲਈ ਉਹ ਰਿਸ਼ਮ ਦੀ ਜਾਨ ਬਖਸ਼ੀ ਬਦਲੇ ਉਸ ਅੱਗੇ ਸ਼ਰਤ ਰੱਖਦੇ ਹਨ, "ਗੁੱਸਾ ਕਿਉਂ ਕਰਦੇ ਹੋ ਸੋਹਣਿਓਂ ...ਤੈਨੂੰ ਛੱਡ ਦਿਆਂਗੇ। ਏਸ ਸ਼ਰਤ 'ਤੇ ਕਿ ਤੈਨੂੰ ਆਪ ਛਤਰੀ "ਤੇ ਆਉਣ ਪਿਆ ਕਰਨੈ।"

ਅਣਖੀ ਪਿਤਾ ਦੀ ਅਣਖੀ ਧੀ ਉਨ੍ਹਾਂ ਦੀ ਈਨ ਨਹੀਂ ਮੰਨਦੀ ਤਾਂ ਇਸਦਾ ਨਤੀਜਾ ਉਸਨੂੰ ਸਮੂਹਿਕ ਜਬਰ-ਜਨਾਹ ਤੇ ਮੌਤ ਦੇ ਰੂਪ ਵਿਚ ਭੁਗਤਣਾ ਪੈਂਦਾ ਹੈ ਪਰ ਅਮੀਰ ਕਾਕਿਆਂ ਲਈ ਇਹ ਮਾਮੂਲੀ ਜਿਹੀ ਘਟਨਾ ਹੈ। ਇਸ ਲਈ ਛਿੰਦਾ ਬੜੀ ਸਹਿਜਤਾ ਨਾਲ ਆਖਦਾ ਹੈ-

''ਕਰਨਾ ਕੀ ਹੈ ,ਟੋਆ ਪੁੱਟ ਕੇ ਦੱਬ ਪਰ੍ਹੇ। ਬਾਪੂ ਹੋਰਾਂ ਨੇ ਬਥੇਰਾ ਦੱਬੀਆਂ ਨੇ।''

ਨਾਵਲ ਦਾ ਅਗਲਾ ਭਾਗ ਜਾਗੀਰਦਾਰੀ ਮਾਨਸਿਕਤਾ ਦਾ ਸਥਾਈ ਹਿੱਸਾ ਬਣ ਚੁਕੇ ਇਸ ਭਰਮ ਨੂੰ ਤੋੜਣ ਵੱਲ ਹੀ ਸੇਧਤ ਹੈ ਕਿ ਲੋਕ ਜਥੇਬੰਦੀਆਂ ਦੀ ਆਮਦ ਹੁਣ ਕਾਕਿਆਂ ਨੂੰ ਉਨ੍ਹਾਂ ਦੇ ਬਾਪੂਆਂ ਵਾਂਗ ਗਰੀਬ ਘਰਾਂ ਦੀਆਂ ਕੁੜੀਆਂ ਦੀ ਪੱਤ ਲੁਟਣ ਤੇ ਖੇਤਾਂ ਵਿਚ ਦੱਬਣ ਨਹੀਂ ਦੇਵੇਗੀ। ਜੇ ਉਹ ਅਜਿਹਾ ਕਰਨਗੇ ਤਾਂ ਉਨ੍ਹਾਂ ਦਾ ਪੈਸਾ ਤੇ ਰਾਜਸੀ ਰਸੂਖ਼ ਉਨ੍ਹਾਂ ਨੂੰ ਜੇਲ੍ਹ ਜਾਣ ਤੋਂ ਨਹੀਂ ਬਚਾ ਸਕੇਗਾ।


ਸਕੂਲ ਗਈ ਜਵਾਨ ਧੀ ਘਰ ਨਾ ਪਰਤਣ 'ਤੇ ਗਰੀਬ ਮਾਪਿਆਂ 'ਤੇ ਜੋ ਬੀਤਦੀ ਹੈ ਨਾਵਲਕਾਰ ਵੱਲੋਂ ਸਿਰਜਿਆ ਉਸ ਦਾ ਬਿਰਤਾਂਤ ਨਾਵਲ ਦੇ ਸ਼ੁਰੂ ਵਿਚ ਪਾਠਕੀ ਬਿਰਤੀ ਨੂੰ ਗਹਿਰ ਗੰਭੀਰ ਬਣਾ ਦਿੰਦਾ ਹੈ। ਧਨਾਢ ਲੋਕਾਂ ਦੇ ਹੱਥਾਂ ਵਿਚ ਵਿਕੇ ਕਿਸੇ ਵਹਿਸ਼ੀ ਥਾਣੇਦਾਰ ਵੱਲੋਂ ਜਦੋਂ ਮਾਪਿਆਂ ਨੂੰ ਇਨਸਾਫ ਦੇਣ ਦੀ ਬਜਾਏ ਜਦੋਂ ਇਹ ਕਿਹਾ ਜਾਂਦਾ ਹੈ 'ਕਿਸੇ ਮੁੰਡੇ ਨਾਲ ਉੱਧਲ ਗਈ ਹੋਊ, ਆਪੇ ਚਾਰ ਦਿਨ ਐਸ਼ ਕਰਕੇ ਮੁੜ ਆਊ' ਤਾਂ ਉਸ ਵੇਲੇ ਮਾਪਿਆਂ ਦਾ ਦਿਲ ਪੁੱਛਿਆ ਲੋੜੀਂਦਾ ਹੈ। ਜਦੋਂ ਲਛਮਣ ਸਿੰਘ ਆਪਣੀ ਧੀ 'ਤੇ ਹੋਏ ਜ਼ੁਲਮ ਦੀ ਲੜਾਈ ਇਕੱਲਿਆਂ ਲੜਦਾ ਹੈ ਤਾਂ ਇਹ ਲੜਾਈ ਬਹੁਤ ਅਸਾਵੀਂ ਵਿਖਾਈ ਦਿੰਦੀ ਹੈ ਤੇ ਇਸ ਲੜਾਈ ਵਿਚ ਧਨਾਢ ਧਿਰ ਦੇ ਜੇਤੂ ਰਹਿਣ ਦੀਆਂ ਹੀ ਸੰਭਾਵਨਾਵਾਂ ਦਿਸਦੀਆਂ ਹਨ ਪਰ ਜਦੋਂ ਲਛਮਣ ਸਿੰਘ ਦੇ ਦੋਸਤ ਮੁਹੱਬਤ ਪਾਲ ਦੀ ਰਾਇ ਮੁਤਾਬਿਕ ਕੁਝ ਜਥੇਬੰਦੀਆਂ ਦੇ ਆਗੂਆਂ ਤੱਕ ਪਹੁੰਚ ਕੀਤੀ ਜਾਂਦੀ ਹੈ ਤਾਂ ਦੋਵੇਂ ਧਿਰਾਂ ਵਿਚ ਫੈਸਲਾਕੁਨ ਟਕਰਾਅ ਹੋਣ ਦੇ ਅਸਾਰ ਬਣ ਜਾਂਦੇ ਹਨ। 'ਕਾਬਲੇ ਦੇ ਕਾਕਿਆਂ ਦਾ ਨਾਂ ਸਿੱਧੇ ਤੇ ਸਪਸ਼ਟ ਰੂਪ ਵਿਚ ਸਾਹਮਣੇ ਆਉਣ 'ਤੇ ਲੜਾਈ



*ਨਾਵਲਕਾਰ ਜਸਪਾਲ ਮਾਨਖੇੜਾ*

ਦੋ ਧਿਰੀ ਬਣ ਜਾਂਦੀ ਹੈ। ਇਕ ਪਾਸੇ ਰਾਜਸੀ ਸ੍ਰਪਰਸਤੀ ਪ੍ਰਾਪਤ ਧਨਾਢ ਤੇ ਗੁੰਡਾ ਧਿਰ ਹੈ ਤਾਂ ਦੂਜੇ ਪਾਸੇ ਗ਼ੈਰਤ ਤੇ ਅਣਖ ਦੀਆਂ ਲੜਾਈ ਲੜਣ ਵਾਲੇ ਆਮ ਲੋਕ ਤੇ ਉਨ੍ਹਾਂ ਦੀ ਅਗਵਾਈ ਕਰਨ ਵਾਲੀਆਂ ਜਨਤਕ ਜਥੇਬੰਦੀਆਂ ਹਨ।

ਜਨਤਕ ਦਬਾਅ ਦੇ ਚਲਦਿਆਂ ਭਾਵੇਂ ਪੁਲਿਸ ਰਿਸ਼ਮਦੀਪ ਦੇ ਕਾਤਲਾਂ ਨੂੰ ਗ੍ਰਿਫਤਾਰ ਕਰਨ ਲਈ ਮਜਬੂਰ ਹੋ ਜਾਂਦੀ ਹੈ ਪਰ ਲੜਾਈ ਲੰਮੀ ਜਾਣ 'ਤੇ ਇਸ ਵਿਚ ਵੱਡੇ ਉਤਰਾਅ-ਚੜ੍ਹਾਅ ਆਉਂਦੇ ਹਨ। ਪੈਸੇ ਦੀ ਤਾਕਤ ਕਈ ਵਾਰ ਜਨਤਕ ਸ਼ਕਤੀ 'ਤੇ ਹਾਵੀ ਪ੍ਰਭਾਵੀ ਹੋਣ ਦੀ ਕੋਸ਼ਿਸ਼ ਕਰਦਿਆਂ ਇਸ ਦੀਆਂ ਕੁਝ ਕਮਜ਼ੋਰ ਕੜੀਆਂ ਨੂੰ ਤੋੜਨ ਵਿਚ ਸਫਲ ਹੋ ਜਾਂਦੀ ਹੈ ਅਤੇ ਕਈ ਮਾਅਰਕੇਬਾਜ਼ ਆਗੂ ਘੋਲ ਨੂੰ ਹਿੰਸਕ ਦਿਸ਼ਾ ਦੇ ਕੇ ਇਸ ਨੂੰ ਰਾਹ ਤੋਂ ਭਟਕਾਉਣ ਦੀ ਕੋਸ਼ਿਸ਼ ਵੀ ਕਰਦੇ ਹਨ। ਸਟੇਟ ਜਨਤਕ ਘੋਲ ਨੂੰ ਆਗੂ ਰਹਿਤ ਕਰਨ ਲਈ ਇਸਦੇ ਤਿੰਨ ਅਹਿਮ ਲੀਡਰਾਂ ਮੁਹੱਬਤ ਪਾਲ, ਕੁਲਦੀਪ ਸਿੰਘ ਕਲੇਰ, ਅਜੈਬ ਸਿੰਘ ਬਰਨਾਲਾ ਤੇ ਇਕਬਾਲ ਸਿੰਘ ਦੇ ਭਰਾ ਅਮਰੀਕ ਦੇ ਕਤਲ ਦਾ ਝੂਠਾ ਕਤਲ ਕੇਸ ਪੁਆ ਕੇ ਉਨ੍ਹਾਂ ਨੂੰ ਉਮਰ ਕੈਦ ਦਾ ਦੋਸ਼ੀ ਠਹਿਰਾਉਣ ਵਿਚ ਸਫ਼ਲ ਹੋ ਜਾਂਦੀ ਹੈ ਪਰ ਇਸ ਘੋਲ ਦੇ ਨਵੇਂ ਆਗੂ ਨਾ ਸਿਰਫ਼ ਸੰਘਰਸ਼ ਨੂੰ ਹੋਰ ਤਿੱਖਾ ਕਰਨ ਵਿਚ ਕਾਮਯਾਬ ਹੁੰਦੇ ਨੇ ਸਗੋਂ ਨਵੇਂ ਤੇ ਤਿੱਖੇ ਦਾਅ ਪੇਚਕ ਢੰਗ ਤਰੀਕੇ ਅਪਣਾ ਕੇ ਜਨਤਕ ਦਬਾਅ ਨੂੰ ਵੀ ਏਨਾ ਵਧਾ ਦਿੰਦੇ ਹਨ ਕਿ ਸਟੇਟ ਆਗੂਆਂ 'ਤੇ ਪਾਏ ਝੂਠੇ ਕੇਸ ਵਾਪਸ ਲੈਣ ਲਈ ਸਹਿਮਤ ਹੋ ਜਾਂਦੀ ਹੈ ਤੇ ਉਹ ਬਾਹਰ ਆ ਕੇ ਫਿਰ ਤੋਂ ਸੰਘਰਸ਼ ਦੀ ਅਗਵਾਈ ਸੰਭਾਲ ਲੈਂਦੇ ਹਨ। ਭਾਵੇਂ ਸਟੇਟ ਪਹਿਲਾਂ ਤਿੰਨਾਂ ਵਿਚੋਂ ਦੋ ਆਗੂਆਂ 'ਤੇ ਪਾਏ ਕੇਸ ਹੀ ਵਾਪਸ ਲੈ ਕੇ ਜਨਤਕ ਲਾਮਬੰਦੀ ਵਿਚ ਫੁੱਟ ਪਾਉਣ ਦੀ ਕੋਸ਼ਿਸ਼ ਕਰਦੀ ਹੈ ਪਰ ਲੋਕ ਏਕਾ ਆਖਿਰ ਵਿਚ ਸਟੇਟ ਤੇ ਗੁੰਡਾ ਤਾਕਤਾਂ ਨੂੰ ਮਾਤ ਦੇ ਕੇ ਆਪਣੇ




*ਨਾਵਲ 'ਹਵੇਲੀਆਲਾ' ਦਾ ਸਰਵਰਕ।*

ਤੀਜੇ ਆਗੂ ਕੁਲਦੀਪ ਸਿੰਘ ਕਲੇਰ ਨੂੰ ਵੀ ਰਿਹਾਅ ਕਰਾਉਣ ਵਿਚ ਸਫਲ ਹੋ ਜਾਂਦਾ ਹੈ।

ਨਾਵਲ ਗੁੰਡਾ ਤਾਕਤਾਂ ਦੇ ਹੱਕ ਵਿਚ ਭੁਗਤਦੀ ਇਸ ਸਮਾਜਿਕ ਧਾਰਨਾ ਜਾਂ ਦਲੀਲ ਨੂੰ ਬਦਲਣ ਵਿਚ ਸਫਲ ਰਹਿੰਦਾ ਹੈ ਕਿ ਜੇ ਲੋਕ ਸੰਘਰਸ਼ ਲੰਮੇ ਚਲੇ ਜਾਣ ਤਾਂ ਇਹ ਫੁੱਟ ਦਾ ਸ਼ਿਕਾਰ ਹੋ ਕੇ ਕਮਜ਼ੋਰ ਪੈ ਜਾਂਦੇ ਹਨ ਪਰ ਰਿਸ਼ਮਦੀਪ ਕਤਲ ਕਾਂਡ ਘੋਲ ਆਸ਼ਾ ਨਿਰਾਸ਼ਾ ਦੇ ਕਈ ਪੜਾਵਾਂ ਵਿਚ ਲੰਘ ਕੇ ਵੀ ਆਖਿਰ ਜਿੱਤ ਦੇ ਟੀਚੇ ਨੂੰ ਪ੍ਰਾਪਤ ਕਰਨ ਵਿਚ ਸਫ਼ਲ ਹੋ ਜਾਂਦਾ ਹੈ।

ਭਾਵੇਂ ਆਗੂਆਂ ਵੱਲੋਂ ਦਿੱਤੇ ਭਾਸ਼ਣ, ਨਾਹਰੇਬਾਜ਼ੀ ਤੇ ਜਲਸੇ ਮੁਜ਼ਾਹਰੇ ਜਨਤਕ ਘੋਲਾਂ ਦੀ ਜਿੰਦ ਜਾਨ ਹੁੰਦੇ ਹਨ ਤੇ ਇਨ੍ਹਾਂ ਦੇ ਵਰਣਨ ਤੋਂ ਬਿਨਾਂ ਲੋਕ ਇਤਿਹਾਸ ਲਿਖਿਆ ਹੀ ਨਹੀਂ ਜਾ ਸਕਦਾ ਪਰ ਜਦੋਂ ਕਿਸੇ ਲੋਕ ਲਹਿਰ ਜਾਂ ਲੋਕ ਘੋਲ ਦਾ ਨਾਵਲ ਜਾਂ ਕਹਾਣੀ ਵਰਗੀ ਵਿਧਾ ਵਿਚ ਗਲਪੀਕਰਨ ਕਰਨਾ ਹੋਵੇ ਤਾਂ ਇਹ ਭਾਸ਼ਣੀ ਸੁਰ ਜਿੰਨੀ ਸੰਕੇਤਕ ਹੋਵੇ ਉਨੀ ਹੀ ਠੀਕ ਹੈ। ਬਾਹਰੀ ਘੋਲ ਦੇ ਸਮਾਂਤਰ ਨਾਵਲ ਜਾਂ ਕਹਾਣੀ ਦੇ ਪਾਤਰਾਂ ਦੇ ਅੰਤਰ ਮਨ ਵਿਚ ਵੀ ਇਕ ਘੋਲ ਚਲਦਾ ਹੁੰਦਾ ਹੈ। ਇਤਿਹਾਸਕਾਰ ਤੇ ਗਲਪਕਾਰ ਵਿਚ ਫ਼ਰਕ ਇਹੀ ਹੁੰਦਾ ਹੈ ਕਿ ਇਤਿਹਾਸਕਾਰ ਘੋਲ ਦੇ ਬਾਹਰੀ ਸਰੂਪ ਰਾਹੀਂ ਆਪਣਾ ਬਿਰਤਾਂਤ ਉਸਾਰਦਾ ਹੈ ਤੇ ਗਲਪਕਾਰ ਪਾਤਰਾਂ ਦੇ ਅੰਤਰ ਮਨ ਵਿਚ ਚਲਦੇ ਘੋਲ ਦੀਆਂ ਮਹੀਨ ਤੰਦਾਂ ਫੜ ਕੇ ਬਾਹਰੀ ਘੋਲ ਨੂੰ ਸੰਕੇਤਕ ਰੂਪ ਵਿਚ ਰੂਪਮਾਨ ਕਰਦਾ ਹੈ। ਜਦੋਂ ਕਿਸੇ ਗਲਪੀ ਕ੍ਰਿਤ ਵਿਚਲੀ ਭਾਸ਼ਣੀ ਸੁਰ ਉੱਚੀ ਚਲੀ ਜਾਵੇ ਤਾਂ ਇਹ ਉਸ ਗਲਪੀ ਕ੍ਰਿਤ ਦੀ ਕਲਾਤਮਿਕ ਕਮਜ਼ੋਰੀ ਹੁੰਦੀ ਹੈ। ਭਾਵੇਂ ਨਾਵਲ ਦੀ ਪਾਤਰ ਉਸਾਰੀ ਕਰਦਿਆਂ ਮਾਨਖੇੜਾ ਨੇ ਆਪਣੇ ਪਾਤਰਾਂ ਦੇ ਅੰਤਰਮਨ ਦੇ ਘੋਲ ਦੀਆਂ ਸੂਖਮ ਤੰਦਾਂ ਨੂੰ ਵੀ ਸਫਲਤਾ ਪੂਰਵਕ ਫੜਿਆ ਹੈ ਪਰ ਫਿਰ ਵੀ ਉਸ ਵਰਗੇ ਸਮਰੱਥ ਨਾਵਲਕਾਰ ਤੋਂ ਇਹ ਮੰਗ ਕਰਨਾ ਵਾਜਿਬ ਹੈ ਕਿ ਅਗ਼ਲੇ ਨਾਵਲ ਰਾਹੀਂ ਉਹ ਆਪਣੇ ਪਾਤਰਾਂ ਦੇ ਅੰਤਰ ਦਵੰਦੀ ਘੋਲ ਨੂੰ ਹੋਰ ਵੀ ਅਗਰਭੂਮੀ ਵਿਚ ਲਿਆਵੇਗਾ।

ਨਿੱਜ ਕੇਂਦਿਰਤ ਤੇ ਅੰਤਰਮੁਖੀ ਮਨੁੱਖੀ ਯਥਾਰਥ 'ਤੇ ਨਾਵਲ, ਕਹਾਣੀਆਂ ਲਿਖਣ ਵਾਲੇ ਗਲਪਕਾਰ ਸਾਡੇ ਕੋਲ ਬਹੁਤ ਹਨ ਪਰ ਲੋਕ ਲਹਿਰਾਂ ਦੇ ਮਨੋ-ਵਿਗਿਆਨ ਨੂੰ ਪੇਸ਼ ਕਰਨ ਵਾਲੇ ਮਾਨਖੇੜਾ ਵਰਗੇ ਨਾਵਲਕਾਰ ਸਾਡੇ ਕੋਲ ਬਹੁਤ ਘੱਟ ਹਨ, ਇਸ ਲਈ ਮੈਂ ਮਾਨਖੇੜਾ ਨੂੰ ਇਹ ਗੁਜ਼ਾਰਿਸ਼ ਕਰਨਾ ਵੀ ਜ਼ਰੂਰੀ ਸਮਝਦਾ ਹਾਂ ਕਿ ਉਹ ਲੋਕ ਲਹਿਰਾਂ ਦੇ ਨਾਵਲਕਾਰ ਵਜੋਂ ਬਣੀ ਆਪਣੀ ਪਛਾਣ ਨੂੰ ਬਰਕਰਾਰ ਰੱਖੇ। ਮੈਨੂੰ ਉਮੀਦ ਹੀ ਨਹੀਂ ਪੂਰਨ ਵਿਸ਼ਵਾਸ ਹੈ ਕਿ ਲੋਕ ਆਪਣੇ ਪ੍ਰਤੀ ਉਸਦੀ ਪ੍ਰਤੀਬੱਧਤਾ ਦਾ ਮੁੱਲ ਜ਼ਰੂਰ ਪਾਉਣਗੇ।

# ਇਕੱਲੀਆਂ ਮਾਂਵਾਂ ਦੀ ਵਧਦੀ ਗਿਣਤੀ

ਅੱਜ ਦੇ ਤੇਜ਼ ਰਫ਼ਤਾਰ ਯੁੱਗ ਵਿਚ ਜੀਵਨ ਦੇ ਹਰ ਪੱਖ 'ਚ ਦੌੜ ਤੇ ਮੁਕਾਬਲਾ ਵਧ ਗਿਆ ਹੈ। ਦਫ਼ਤਰੀ ਕੰਮਕਾਜੀ ਦਬਾਅ, ਆਰਥਿਕ ਚਿੰਤਾਵਾਂ ਤੇ ਘੱਟ ਸਬਰ ਨੇ ਪਰਿਵਾਰਾਂ ਦੇ ਸੰਤੁਲਨ ਨੂੰ ਕਾਫ਼ੀ ਹੱਦ ਤੱਕ ਪ੍ਰਭਾਵਿਤ ਕੀਤਾ ਹੈ। ਪਹਿਲਾਂ ਪਰਿਵਾਰ ਮਾਂ-ਪਿਉ, ਬੱਚਿਆਂ ਅਤੇ ਬਜ਼ੁਰਗਾਂ ਨਾਲ ਮਿਲ ਕੇ ਬਣਦਾ ਸੀ ਅਤੇ ਇੱਕ ਸਾਂਝਾ ਘਰ ਹੁੰਦਾ ਸੀ ਜਿੱਥੇ ਸਮਝੌਤਾ, ਸਬਰ ਤੇ ਆਪਸੀ ਸਤਿਕਾਰ ਨਾਲ ਰਿਸ਼ਤੇ ਬਣੇ ਰਹਿੰਦੇ ਸਨ। ਪਰ ਹੁਣ ਸਮਾਜਿਕ ਤਰੱਕੀ ਦੇ ਨਾਲ-ਨਾਲ ਇਕੱਲੇ ਮਾਪਿਆਂ, ਖ਼ਾਸਕਰ ਇਕੱਲੀਆਂ ਮਾਂਵਾਂ, ਦੀ ਗਿਣਤੀ ਵਿਚ ਤੇਜ਼ੀ ਨਾਲ ਵਾਧਾ ਹੋ ਰਿਹਾ ਹੈ।

**ਇੰਦਰਜੀਤ ਕੌਰ, ਸੰਗਰੂਰ**

ਇਹ ਸਿਰਫ਼ ਇੱਕ ਅੰਕੜਾ ਨਹੀਂ, ਸਗੋਂ ਸਮਾਜ ਦੇ ਬਦਲਦੇ ਮਨੋਵਿਗਿਆਨ ਦੀ ਤਸਵੀਰ ਹੈ।

ਕਈ ਵਾਰ ਪਤੀ ਦੀ ਮੌਤ ਜਾਂ ਕਿਸੇ ਗੰਭੀਰ ਬਿਮਾਰੀ ਕਾਰਨ ਸਾਥੀ ਦੀ ਗੈਰਹਾਜ਼ਰੀ ਕਾਰਨ ਮਾਂਵਾਂ ਇਕੱਲੀਆਂ ਹੋ ਜਾਂਦੀਆਂ ਹਨ। ਪਰ ਅੱਜ ਦੇ ਸਮੇਂ ਵਿਚ ਬਹੁਤੇ ਘਰ ਮਨੁੱਖ ਦੁਆਰਾ ਬਣਾਏ ਕਾਰਨਾਂ ਕਰਕੇ ਵੀ ਟੁੱਟ ਰਹੇ ਹਨ, ਜਿਨ੍ਹਾਂ ਵਿਚ ਘੱਟ ਸਹਿਯੋਗ, ਆਪਸੀ ਅਹੰਕਾਰ, ਲੰਮੇ ਦਫ਼ਤਰੀ ਘੰਟੇ, ਆਰਥਿਕ ਦਬਾਅ ਅਤੇ ਆਪਸੀ ਗੱਲਬਾਤ ਦੀ ਘਾਟ ਸ਼ਾਮਿਲ ਹਨ। ਵਿਆਹ, ਜੋ ਕਦੇ ਪਿਆਰ ਤੇ ਸਬਰ ਦਾ ਪ੍ਰਤੀਕ ਸੀ, ਹੁਣ ਤਣਾਅ ਤੇ ਤੋਲ-ਮੋਲ ਦਾ ਰਿਸ਼ਤਾ ਬਣ ਗਿਆ ਹੈ। ਜਦ ਮਰਦ ਤੇ ਔਰਤ ਦੋਵੇਂ ਕੰਮਕਾਜੀ ਜੀਵਨ ਵਿਚ ਵਿਅਸਤ ਹਨ ਪਰ ਘਰ ਦੀ ਜ਼ਿੰਮੇਵਾਰੀ ਫਿਰ ਵੀ ਇੱਕ ਪੱਖ 'ਤੇ ਰਹਿ ਜਾਂਦੀ ਹੈ, ਤਾਂ ਟਕਰਾਅ ਲਾਜ਼ਮੀ ਬਣ ਜਾਂਦਾ ਹੈ। ਇਹ ਟਕਰਾਅ ਕਈ ਵਾਰ ਇਸ ਹੱਦ ਤੱਕ ਪਹੁੰਚ ਜਾਂਦਾ ਹੈ ਕਿ ਅਲੱਗ ਰਹਿਣਾ ਜਾਂ ਤਲਾਕ ਹੀ ਇੱਕ ਵਿਕਲਪ ਬਣ ਜਾਂਦਾ ਹੈ।

ਆਧੁਨਿਕ ਔਰਤ ਸਿੱਖਿਅਤ, ਆਤਮ-ਨਿਰਭਰ ਅਤੇ ਆਤਮ-ਗੌਰਵ ਵਾਲੀ ਹੈ। ਉਹ ਆਪਣੇ ਜੀਵਨ ਬਾਰੇ ਫ਼ੈਸਲੇ ਖੁਦ ਲੈ ਸਕਦੀ ਹੈ। ਪਹਿਲਾਂ ਜਿੱਥੇ ਔਰਤਾਂ ਸਮਾਜਕ ਦਬਾਅ ਕਰਕੇ ਅਸੰਤੁਸ਼ਟ ਵਿਆਹਾਂ ਨੂੰ ਝੱਲਦੀਆਂ ਰਹਿੰਦੀਆਂ ਸਨ, ਉੱਥੇ ਹੁਣ ਉਹ ਆਪਣੀ ਆਜ਼ਾਦੀ ਤੇ ਇੱਜ਼ਤ ਨੂੰ ਪਹਿਲਾਂ ਰੱਖਦੀਆਂ ਹਨ। ਜੇ ਰਿਸ਼ਤੇ ਵਿਚ ਸਹਿਯੋਗ ਤੇ ਸਨਮਾਨ ਨਹੀਂ, ਤਾਂ ਉਹ ਇਕੱਲੇ ਬੱਚਿਆਂ ਦੀ ਪਰਵਰਿਸ਼ ਕਰਨਾ ਚੁਣਦੀਆਂ ਹਨ। ਇਹ ਹਿੰਮਤ ਸਿੱਖਿਆ, ਆਰਥਿਕ ਖੁਦਮੁਖਤਿਆਰੀ ਅਤੇ ਸਮਾਜਕ ਜਾਗਰੂਕਤਾ ਨੇ ਦਿੱਤੀ ਹੈ। ਪਰ ਇਸ ਆਜ਼ਾਦੀ ਨਾਲ ਨਵੀਆਂ ਚੁਣੌਤੀਆਂ ਵੀ ਜੁੜੀਆਂ ਹਨ।

ਇਕੱਲੀ ਮਾਂ ਦਾ ਜੀਵਨ ਆਸਾਨ ਨਹੀਂ। ਦਫ਼ਤਰ ਦੀ ਜ਼ਿੰਮੇਵਾਰੀ, ਘਰ ਦਾ ਕੰਮ, ਬੱਚਿਆਂ ਦੀ ਪੜ੍ਹਾਈ ਤੇ ਭਵਿੱਖ ਦੀ ਚਿੰਤਾ — ਇਹ ਸਭ ਕੁਝ ਇਕੱਲੇ ਸੰਭਾਲਣਾ ਇੱਕ ਵੱਡਾ ਇਮਤਿਹਾਨ ਹੈ। ਦਿਨ ਵਿਚ ਦਫ਼ਤਰ ਦੀ ਦੌੜ ਅਤੇ ਸ਼ਾਮ ਨੂੰ ਘਰ ਦੀਆਂ ਮੰਗਾਂ ਵਿਚਕਾਰ ਉਹ ਆਪਣੇ ਆਪ ਲਈ ਸਮਾਂ ਕੱਢਣਾ ਭੁੱਲ ਜਾਂਦੀ ਹੈ। ਸਮਾਜਿਕ



ਨਜ਼ਰੀਏ ਵੀ ਕਈ ਵਾਰ ਉਸ ਨੂੰ ਅਲੱਗ ਤਰੀਕੇ ਨਾਲ ਦੇਖਦੇ ਹਨ — ਜਿਵੇਂ ਇਕੱਲੀ ਮਾਂ ਹੋਣਾ ਕੋਈ ਕਮੀ ਹੋਵੇ। ਇਹ ਦਬਾਅ ਮਨੋਵਿਗਿਆਨਕ ਤਣਾਅ ਅਤੇ ਇਕੱਲੇਪਣ ਨੂੰ ਹੋਰ ਵਧਾ ਦਿੰਦਾ ਹੈ।

ਇਸ ਸਮੱਸਿਆ ਦਾ ਦੂਜਾ ਪੱਖ ਮਰਦਾਂ ਦੀ ਘੱਟ ਘਰੇਲੂ ਭਾਗੀਦਾਰੀ ਹੈ। ਭਾਵੇਂ ਅੱਜ ਦੋਵੇਂ ਜੀਵਨ ਸਾਥੀ ਨੌਕਰੀ ਕਰਦੇ ਹਨ, ਪਰ ਘਰੇਲੂ ਕੰਮਾਂ ਦੀ ਜ਼ਿੰਮੇਵਾਰੀ ਅਜੇ ਵੀ ਔਰਤ ਦੇ ਮੱਥੇ ਹੈ। ਖਾਣਾ ਪਕਾਉਣਾ, ਬੱਚਿਆਂ ਦਾ ਹੋਮਵਰਕ, ਬਜ਼ੁਰਗਾਂ ਦੀ ਸੇਵਾ ਆਦਿ, ਇਹ ਸਭ ਕੰਮ ਅਜੇ ਵੀ 'ਮਾਂ ਦੇ ਫ਼ਰਜ਼' ਮੰਨੇ ਜਾਂਦੇ ਹਨ। ਜਦ ਮਰਦ ਆਪਣੀ ਜ਼ਿੰਮੇਵਾਰੀ ਨਹੀਂ ਸਾਂਝੀ ਕਰਦਾ, ਤਾਂ ਘਰ ਵਿਚ ਅਸਮਾਨਤਾ ਪੈਦਾ ਹੁੰਦੀ ਹੈ ਜੋ ਰਿਸ਼ਤੇ ਨੂੰ ਹੌਲੀ-ਹੌਲੀ ਕਮਜ਼ੋਰ ਕਰ ਦਿੰਦੀ ਹੈ। ਸਮਾਜ ਨੂੰ ਇਹ ਸੋਚ ਵੀ ਬਦਲਣੀ ਹੋਵੇਗੀ ਕਿ ਘਰ ਰੋਟੀ-ਪਾਣੀ ਸਿਰਫ਼ ਔਰਤ ਦੇ ਜ਼ਿੰਮੇ ਹੈ ਜਦਕਿ ਇਹ ਦੋਹਾਂ ਦੀ ਸਾਂਝੀ ਜ਼ਿੰਮੇਵਾਰੀ ਹੈ।


2025 ਦੀਆਂ ਸਮਾਜਿਕ ਰਿਪੋਰਟਾਂ ਅਨੁਸਾਰ, ਸ਼ਹਿਰੀ ਇਲਾਕਿਆਂ ਵਿਚ ਇਕੱਲੀਆਂ ਮਾਂਵਾਂ ਦੀ ਗਿਣਤੀ ਪਿਛਲੇ ਦਹਾਕੇ ਨਾਲੋਂ ਲਗਭਗ ਤੀਹ ਪ੍ਰਤੀਸ਼ਤ ਵਧੀ ਹੈ। ਭਾਰਤ ਵਿਚ ਹੁਣ ਲਗਭਗ ਹਰ ਪੰਜਵੇਂ ਘਰ ਵਿਚ ਕੋਈ ਨਾ ਕੋਈ ਇਕੱਲਾ ਮਾਪਾ ਹੈ। ਇਹ ਬਦਲਾਅ ਸਿਰਫ਼ ਸਮਾਜਕ ਨਹੀਂ, ਸਗੋਂ ਆਰਥਿਕ ਤੌਰ 'ਤੇ ਵੀ ਮਹੱਤਵਪੂਰਨ ਹੈ। ਇਕੱਲੇ ਮਾਪਿਆਂ ਵਾਲੇ ਘਰਾਂ ਵਿਚ ਗਰੀਬੀ ਦੀ ਦਰ ਦੂਹਰੇ ਮਾਪਿਆਂ ਵਾਲੇ ਘਰਾਂ ਨਾਲੋਂ ਜ਼ਿਆਦਾ ਹੈ — ਜੋ ਦਰਸਾਉਂਦਾ ਹੈ ਕਿ ਇਹ ਹਿੰਮਤਪੂਰਨ ਜੀਵਨ ਰਾਹ ਕਿੰਨਾ ਔਖਾ ਹੈ। ਫਿਰ ਵੀ, ਇਹ ਮਾਵਾਂ ਆਪਣੇ ਬੱਚਿਆਂ ਲਈ ਮਾਂ ਵੀ ਹਨ ਤੇ ਪਿਤਾ ਵੀ ਤੇ ਉਨ੍ਹਾਂ ਦੀ ਮਿਹਨਤ, ਹੌਸਲਾ ਅਤੇ ਪਿਆਰ ਸਲਾਮ ਦੇ ਯੋਗ ਹੈ।

ਪਰ ਹੱਲ ਵੀ ਸੰਭਵ ਹਨ। ਘਰਾਂ ਵਿਚ ਖੁੱਲ੍ਹੀ ਗੱਲਬਾਤ, ਜੋੜਿਆਂ ਵਿਚਕਾਰ ਕਾਊਂਸਲਿੰਗ, ਤੇ ਸਾਂਝੀ ਜ਼ਿੰਮੇਵਾਰੀ ਦੀ ਸਿੱਖਿਆ ਬਚਪਨ ਤੋਂ ਹੀ ਦੇਣੀ ਚਾਹੀਦੀ ਹੈ। ਸਕੂਲਾਂ ਤੇ ਕੰਮਕਾਜ ਵਾਲੀਆਂ ਥਾਵਾਂ 'ਤੇ ਇਕੱਲੇ ਮਾਪਿਆਂ ਲਈ ਲਚਕਦਾਰ ਨੀਤੀਆਂ ਹੋਣੀਆਂ ਚਾਹੀਦੀਆਂ ਹਨ — ਜਿਵੇਂ ਛੁੱਟੀਆਂ ਵਿਚ ਛੂਟ, ਡੇਅ ਕੇਅਰ ਸਹੂਲਤਾਂ, ਅਤੇ ਮਾਨਸਿਕ ਸਹਿਯੋਗ ਕੇਂਦਰ। ਸਰਕਾਰ ਨੂੰ ਇਕੱਲੀਆਂ ਮਾਂਵਾਂ ਲਈ ਆਰਥਿਕ ਸਹਾਇਤਾ, ਸਕਾਲਰਸ਼ਿਪ ਅਤੇ ਟੈਕਸ ਛੂਟਾਂ ਦੇਣੀਆਂ ਚਾਹੀਦੀਆਂ ਹਨ, ਤਾਂ ਜੋ ਉਹ ਆਪਣੇ ਬੱਚਿਆਂ ਨੂੰ ਬਿਹਤਰ ਜੀਵਨ ਦੇ ਸਕਣ। ਮੀਡੀਆ ਨੂੰ ਵੀ ਉਨ੍ਹਾਂ ਦੀ ਤਸਵੀਰ ਤਰਸ ਨਾਲ ਨਹੀਂ, ਸਨਮਾਨ ਨਾਲ ਪੇਸ਼ ਕਰਨੀ ਚਾਹੀਦੀ ਹੈ।

ਇਕੱਲੀ ਮਾਂ ਹੋਣਾ ਕਿਸੇ ਅਸਫਲਤਾ ਦਾ ਨਤੀਜਾ ਨਹੀਂ ਸਗੋਂ ਇਹ ਹਿੰਮਤ, ਪਿਆਰ ਅਤੇ ਜ਼ਿੰਮੇਵਾਰੀ ਦਾ ਪ੍ਰਤੀਕ ਹੈ। ਸਮਾਜ ਨੂੰ ਇਹ ਸਵੀਕਾਰ ਕਰਨਾ ਪਵੇਗਾ ਕਿ ਇਹ ਮਾਵਾਂ ਸਿਰਫ਼ ਆਪਣੇ ਘਰਾਂ ਦੀ ਨਹੀਂ, ਸਗੋਂ ਸਮਾਜ ਦੇ ਨਵੇਂ ਚਿਹਰੇ ਦੀ ਨੁਮਾਇੰਦਗੀ ਕਰਦੀਆਂ ਹਨ। ਜੇ ਅਸੀਂ ਮਰਦ ਤੇ ਔਰਤ ਦੋਵਾਂ ਨੂੰ ਸਮਾਨ ਮੌਕੇ ਤੇ ਜ਼ਿੰਮੇਵਾਰੀ ਦੇਈਏ, ਤਾਂ ਕਈ ਘਰ ਟੁੱਟਣ ਤੋਂ ਬਚ ਸਕਦੇ ਹਨ। ਅਸਲ ਜ਼ਰੂਰਤ ਹੈ ਸਬਰ, ਸਮਝਦਾਰੀ ਅਤੇ ਸਾਂਝੀ ਮਿਹਨਤ ਦੀ — ਕਿਉਂਕਿ ਜਦ ਘਰ ਵਿਚ ਸਾਂਝ ਤੇ ਪਿਆਰ ਹੁੰਦਾ ਹੈ, ਤਦੋਂ ਕਿਸੇ ਨੂੰ ਇਕੱਲਾ ਹੋਣ ਦੀ ਲੋੜ ਨਹੀਂ ਰਹਿੰਦੀ।

# ਸ਼ਹੀਦ ਕਰਤਾਰ ਸਿੰਘ ਸਰਾਭਾ ਦੇ 110ਵੇਂ ਸ਼ਹੀਦੀ ਦਿਵਸ ਨੂੰ ਸਮਰਪਿਤ

16 ਨਵੰਬਰ 2025 ਨੂੰ ਕਰਤਾਰ ਸਿੰਘ ਸਰਾਭਾ ਨੂੰ ਫਾਂਸੀ ਦਾ ਰੱਸਾ ਚੁੰਮੇ ਪੂਰੇ 110 ਸਾਲ ਹੋ ਜਾਣੇ ਹਨ। ਭਾਰਤ ਵਿਚ ਸੈਂਕੜੇ ਬਹਾਦਰ ਕ੍ਰਾਂਤੀਕਾਰੀਆਂ ਨੇ ਦੇਸ਼ ਦੀ ਅਜ਼ਾਦੀ ਲਈ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ ਹਨ, ਪਰ ਜੋ ਦਰਜਾ ਕਰਤਾਰ ਸਿੰਘ ਸਰਾਭਾ ਅਤੇ ਭਗਤ ਸਿੰਘ ਨੂੰ ਪ੍ਰਾਪਤ ਹੈ, ਉਹ ਹੋਰ ਕਿਸੇ ਦੇ ਹਿੱਸੇ ਨਹੀਂ ਆਇਆ। ਸਰਾਭਾ ਦੇ ਜੀਵਨ ਉੱਪਰ ਸੈਂਕੜੇ ਕਿਤਾਬਾਂ, ਲੇਖ, ਡਰਾਮੇ ਅਤੇ ਡਾਕੂਮੈਂਟਰੀਆਂ ਆਦਿ ਬਣ ਚੁੱਕੀਆਂ ਹਨ। ਉਸ ਨੇ ਛੋਟੀ ਜਿਹੀ ਉਮਰ ਵਿਚ ਹੀ ਭਾਰਤ ਦੇ ਰਾਜਨੀਤਕ ਖੇਤਰ ਵਿਚ ਤੂਫਾਨ ਲਿਆ ਦਿੱਤਾ ਸੀ। ਕਰਤਾਰ ਸਿੰਘ ਸਰਾਭਾ ਦਾ ਕ੍ਰਾਂਤੀਕਾਰੀਆਂ 'ਤੇ ਐਨਾ ਜ਼ਬਰਦਸਤ ਪ੍ਰਭਾਵ ਸੀ ਕਿ ਭਗਤ ਸਿੰਘ ਵੀ ਉਸ ਨੂੰ ਆਪਣਾ ਆਦਰਸ਼ ਅਤੇ ਗੁਰੂ ਮੰਨਦਾ ਸੀ ਤੇ ਉਸ ਦੀ ਫੋਟੋ ਹਮੇਸ਼ਾਂ ਆਪਣੇ ਕੋਲ ਰੱਖਦਾ ਸੀ।



**ਬਲਰਾਜ ਸਿੰਘ ਸਿੱਧੂ,**
**ਏ.ਆਈ.ਜੀ. (ਰਿਟਾ)**
**ਫੋਨ: 95011-00062**

ਅਜਿਹੇ ਸੂਰਮੇ ਦਾ ਜਨਮ 24 ਮਈ 1896 ਨੂੰ ਜ਼ਿਲ੍ਹਾ ਲੁਧਿਆਣਾ ਦੇ ਪਿੰਡ ਸਰਾਭਾ ਵਿਚ ਗਰੇਵਾਲ ਪਰਿਵਾਰ ਵਿਚ ਹੋਇਆ। ਉਹ ਪਿਤਾ ਸ. ਮੰਗਲ ਸਿੰਘ ਅਤੇ ਮਾਤਾ ਸਾਹਿਬ ਕੌਰ ਦਾ ਇਕਲੌਤਾ ਬੱਚਾ ਸੀ। ਛੋਟੀ ਉਮਰ ਵਿਚ ਹੀ ਉਸ ਦੇ ਪਿਤਾ ਦੀ ਮੌਤ ਹੋ ਗਈ ਤੇ ਉਸ ਦਾ ਪਾਲਣ-ਪੋਸ਼ਣ ਉਸ ਦੇ ਦਾਦਾ ਜੀ ਨੇ ਕੀਤਾ। ਮੁੱਢਲੀ ਸਿੱਖਿਆ ਪਿੰਡ ਦੇ ਸਕੂਲ ਤੋਂ ਹਾਸਲ ਕਰਨ ਤੋਂ ਬਾਅਦ ਉਸ ਨੇ ਨੌਵੀਂ ਜਮਾਤ ਮਾਲਵਾ ਹਾਈ ਸਕੂਲ ਲੁਧਿਆਣਾ ਤੋਂ ਕੀਤੀ। ਇਸ ਤੋਂ ਬਾਅਦ ਉਹ ਆਪਣੇ ਇੱਕ ਰਿਸ਼ਤੇਦਾਰ ਕੋਲ ਉੜੀਸਾ ਚਲਾ ਗਿਆ। ਉਥੇ ਦਸਵੀਂ ਕਰਨ ਤੋਂ ਬਾਅਦ ਉਹ ਕਾਲਜ ਦੀ ਪੜ੍ਹਾਈ ਕਰਨ ਲੱਗਾ। ਉਹ ਸਾਹਿਤ ਪੜ੍ਹਨ ਦਾ ਬਹੁਤ ਸ਼ੌਕੀਨ ਸੀ। ਇਸ ਨਾਲ ਉਸ ਦੇ ਗਿਆਨ ਦਾ ਦਾਇਰਾ ਬਹੁਤ ਵਿਸ਼ਾਲ ਹੋ ਗਿਆ। ਜਦੋਂ ਉਹ ਪੰਦਰਾਂ ਸਾਲ ਦਾ ਸੀ ਤਾਂ ਕੰਮ-ਕਾਰ ਦੀ ਭਾਲ ਵਿਚ ਜਨਵਰੀ 1912 ਨੂੰ ਸਾਨ ਫਰਾਂਸਿਸਕੋ (ਅਮਰੀਕਾ) ਪਹੁੰਚ ਗਿਆ। ਉਥੇ ਉਸ ਨੇ ਵੇਖਿਆ ਕਿ ਇੰਮੀਗ੍ਰੇਸ਼ਨ ਵਾਲੇ ਭਾਰਤੀਆਂ ਨਾਲ ਬਹੁਤ ਸਖਤੀ ਕਰਦੇ ਹਨ। ਜਦ ਉਸ ਨੇ ਆਪਣੇ ਸਾਥੀ ਤੋਂ ਇਸ ਬਾਰੇ ਪੁੱਛਿਆ ਤਾਂ ਉਸ ਨੇ ਦੱਸਿਆ ਕਿ ਆਪਾਂ ਗੁਲਾਮ ਦੇਸ਼ ਦੇ ਵਾਸੀ ਹਾਂ, ਇਸ ਲਈ ਸਾਡੇ ਨਾਲ ਅਜਿਹਾ ਮਾੜਾ ਸਲੂਕ ਹੁੰਦਾ ਹੈ। ਇਹ ਗੱਲ ਸਰਾਭੇ ਦਾ ਕਲੇਜਾ ਚੀਰ ਗਈ। ਉਸ ਵੇਲੇ ਅਮਰੀਕਾ ਵਿਚ ਨਸਲਵਾਦ ਜ਼ੋਰਾਂ 'ਤੇ ਸੀ। ਭਾਰਤੀਆਂ ਨੂੰ ਬਲੈਕ ਮੈਨ ਕਹਿ ਕੇ ਪੁਕਾਰਿਆ ਜਾਂਦਾ ਸੀ। ਕਈ ਥਾਈਂ ਰੋਜ਼ਗਾਰ ਖੁੱਸਣ ਦੇ ਡਰੋਂ ਗੋਰਿਆਂ ਵੱਲੋਂ ਭਾਰਤੀ ਮਜ਼ਦੂਰਾਂ ਦੀ ਕੁੱਟ ਮਾਰ ਕੀਤੀ ਗਈ। ਸਰਾਭੇ ਦੇ ਮਨ ਵਿਚ ਇਹ ਗੱਲ ਘਰ ਕਰ ਗਈ ਕਿ ਜੇ ਅਸੀਂ ਗੁਲਾਮ ਨਾ ਹੁੰਦੇ ਤਾਂ ਥਾਂ ਥਾਂ 'ਤੇ ਸਾਡੀ ਬੇਇੱਜ਼ਤੀ ਨਹੀਂ ਸੀ ਹੋਣੀ। ਸਰਾਭੇ ਨੇ ਕੈਲੇਫੋਰਨੀਆ ਯੂਨੀਵਰਸਿਟੀ, ਬਰਕਲੇ ਵਿਚ ਕੈਮਿਸਟਰੀ ਦੀ ਡਿਗਰੀ ਲੈਣ ਲਈ ਦਾਖਲਾ ਲੈ ਲਿਆ। ਉਹ ਆਪਣਾ ਖਰਚਾ ਚਲਾਉਣ ਲਈ ਖੇਤਾਂ ਅਤੇ ਬਾਗਾਂ ਵਿਚ ਮਜ਼ਦੂਰੀ ਕਰਦਾ ਸੀ।

21 ਅਪ੍ਰੈਲ 1913 ਨੂੰ ਅਮਰੀਕਾ ਵਿਚ ਵੱਸਦੇ ਕ੍ਰਾਂਤੀਕਾਰੀਆਂ ਨੇ ਭਾਰਤ ਨੂੰ ਅੰਗਰੇਜ਼ਾਂ ਦੀ ਗੁਲਾਮੀ ਤੋਂ ਹਥਿਆਰਬੰਦ ਘੋਲ ਰਾਹੀਂ ਅਜ਼ਾਦ ਕਰਾਉਣ ਲਈ ਲਾਲਾ ਹਰਦਿਆਲ ਦੀ ਅਗਵਾਈ ਹੇਠ ਗਦਰ ਪਾਰਟੀ ਦੀ ਸਥਾਪਨਾ ਕੀਤੀ। ਬਾਬਾ ਸੋਹਣ ਸਿੰਘ ਭਕਨਾ ਇਸ ਦਾ ਪਹਿਲਾ ਪ੍ਰਧਾਨ ਬਣਿਆ ਤੇ ਸਰਾਭਾ ਮੁੱਢਲਾ ਮੈਂਬਰ। ਗਦਰ ਦਾ ਸੁਨੇਹਾ ਘਰ ਘਰ ਪਹੁੰਚਾਉਣ ਲਈ ਪਾਰਟੀ ਨੇ 'ਗਦਰ ਦੀ ਗੂੰਜ' ਨਾਮਕ ਅਖਬਾਰ ਕੱਢਿਆ ਜੋ ਪੰਜਾਬੀ, ਹਿੰਦੀ, ਉਰਦੂ, ਬੰਗਾਲੀ, ਗੁਜਰਾਤੀ ਅਤੇ ਪਸ਼ਤੋ ਭਾਸ਼ਾ ਵਿਚ ਛਪਦਾ ਸੀ। ਕਰਤਾਰ ਸਿੰਘ ਸਰਾਭਾ ਇਸ ਅਖਬਾਰ ਦਾ ਸਾਰਾ ਕੰਮ-ਕਾਰ ਸੰਭਾਲਦਾ ਸੀ। ਇਸ ਵਿਚ ਅੰਗਰੇਜ਼ਾਂ ਵੱਲੋਂ ਭਾਰਤੀਆਂ 'ਤੇ ਕੀਤੇ ਜਾ ਰਹੇ ਜ਼ੁਲਮਾਂ ਦਾ ਭਾਂਡਾ ਭੰਨਿਆ ਜਾਂਦਾ ਸੀ। ਇਹ ਡਾਕ ਰਾਹੀਂ ਭਾਰਤ ਸਮੇਤ ਅਨੇਕਾਂ ਦੇਸ਼ਾਂ ਵਿਚ ਪਹੁੰਚਦਾ ਸੀ। ਇਸ ਅਖਬਾਰ ਰਾਹੀਂ ਦੇਸ਼-ਭਗਤਾਂ ਨੂੰ ਬਗਾਵਤ ਕਰਨ ਲਈ ਹਥਿਆਰ ਚਲਾਉਣ ਅਤੇ ਬੰਬ ਬਣਾਉਣ ਦੇ ਤਰੀਕੇ ਵੀ ਸਿਖਾਏ ਜਾਂਦੇ ਸਨ। ਕੁਝ ਹੀ ਸਮੇਂ ਵਿਚ ਗਦਰ ਪਾਰਟੀ ਭਾਰਤੀਆਂ ਵਿਚ ਮਸ਼ਹੂਰ ਹੋ ਗਈ। ਸੈਂਕੜੇ ਨੌਜਵਾਨ ਇਸ ਵੱਲ ਖਿੱਚੇ ਗਏ।

1914 ਵਿਚ ਪਹਿਲੀ ਸੰਸਾਰ ਜੰਗ ਸ਼ੁਰੂ ਹੋ ਗਈ ਤੇ ਇੰਗਲੈਂਡ ਜੰਗ ਵਿਚ ਬੁਰੀ ਤਰਾਂ ਉਲਝ ਗਿਆ। ਗਦਰ ਪਾਰਟੀ ਨੇ ਸੋਚਿਆ ਕਿ ਭਾਰਤ ਨੂੰ ਅਜ਼ਾਦ ਕਰਾਉਣ ਦਾ ਇਹ ਸੁਨਹਿਰੀ ਮੌਕਾ ਹੈ। ਗਦਰ ਅਖਬਾਰ ਨੇ ਆਪਣੇ 5 ਅਗਸਤ 1914 ਦੇ ਅੰਕ ਵਿਚ ਅੰਗਰੇਜੀ ਸ਼ਾਸਨ ਦੇ ਖਿਲਾਫ ਜੰਗ ਦਾ ਐਲਾਨ ਕਰ ਦਿੱਤਾ। ਇਸ ਅਖਬਾਰ ਦੀਆਂ ਹਜ਼ਾਰਾਂ ਕਾਪੀਆਂ ਪਿੰਡਾਂ, ਸ਼ਹਿਰਾਂ ਅਤੇ ਫੌਜੀ ਛਾਉਣੀਆਂ ਵਿਚ ਵੰਡੀਆਂ ਗਈਆਂ। ਪਾਰਟੀ ਦੇ ਹੁਕਮ ਅਨੁਸਾਰ ਕਰਤਾਰ ਸਿੰਘ ਸਰਾਭਾ, ਸਤਿਅਮ ਸੇਨ ਤੇ ਵਿਸ਼ਣੂ ਗਣੇਸ਼ ਪਿੰਗਲੇ ਅਨੇਕਾਂ ਸਾਥੀਆਂ ਸਮੇਤ ਸਮੁੰਦਰ ਰਸਤੇ ਕਲਕੱਤਾ ਆਣ ਪਹੁੰਚੇ। ਵੱਖ ਵੱਖ ਰਸਤਿਆਂ ਰਾਹੀਂ ਹੋਰ ਵੀ ਸੈਂਕੜੇ ਗਦਰੀ ਭਾਰਤ ਆ ਗਏ। ਜਤਿਨ ਮੁਖਰਜੀ ਦੀ ਚਿੱਠੀ ਲੈ ਕੇ ਸਰਾਭਾ ਅਤੇ ਪਿੰਗਲੇ ਯੁਗਾਂਤਰ ਪਾਰਟੀ ਦੇ ਨੇਤਾ ਰਾਸ ਬਿਹਾਰੀ ਬੋਸ ਨੂੰ ਬਨਾਰਸ



ਜਾ ਕੇ ਮਿਲੇ। ਉਨ੍ਹਾਂ ਨੇ ਉਸ ਨੂੰ ਦੱਸਿਆ ਕਿ 20,000 ਹੋਰ ਗਦਰੀ ਬਹੁਤ ਜਲਦੀ ਭਾਰਤ ਪਹੁੰਚ ਜਾਣਗੇ। ਪਰ ਅਮਰੀਕਨ ਖੁਫੀਆ ਵਿਭਾਗ ਵੱਲੋਂ ਗਦਰੀਆਂ ਦੀਆਂ ਸਰਗਰਮੀਆਂ ਬਾਰੇ ਖਬਰਾਂ ਲਗਾਤਾਰ ਅੰਗਰੇਜ਼ ਹਕੂਮਤ ਨੂੰ ਭੇਜਣ ਕਾਰਨ ਬਹੁਤੇ ਗਦਰੀ ਬੰਦਰਗਾਹਾਂ 'ਤੇ ਹੀ ਪਕੜੇ ਗਏ।

ਕਰਤਾਰ ਸਿੰਘ ਸਰਾਭਾ ਨੇ ਭਾਰਤ ਪਹੁੰਚ ਕੇ ਪਾਰਟੀ ਵਾਸਤੇ ਬਹੁਤ ਮਿਹਨਤ ਕੀਤੀ। ਕਦੀ ਉਹ ਬਗਾਵਤ ਲਈ ਫੌਜੀਆਂ ਨੂੰ ਮਿਲਣ ਛਾਉਣੀਆਂ ਵਿਚ ਜਾਂਦਾ ਤੇ ਕਦੇ ਹਥਿਆਰ ਖਰੀਦਣ ਲਈ ਕਲਕੱਤਾ ਪਹੁੰਚ ਜਾਂਦਾ। ਪਰ ਸਭ ਤੋਂ ਵੱਡੀ ਮੁਸ਼ਕਲ ਪੈਸੇ ਦੀ ਆ ਰਹੀ ਸੀ। ਇਸ ਦਾ ਹੱਲ ਕਰਨ ਵਾਸਤੇ ਗਦਰ ਪਾਰਟੀ ਦੀ ਇੱਕ ਮੀਟਿੰਗ ਲੁਧਿਆਣੇ ਨੇੜੇ ਲਾਡੋਵਾਲ ਪਿੰਡ ਵਿਚ ਹੋਈ। ਪੈਸੇ ਦੀ ਕਮੀ ਦੂਰ ਕਰਨ ਲਈ ਅਮੀਰਾਂ ਅਤੇ ਸਰਕਾਰੀ ਝੋਲੀ ਚੁੱਕਾਂ ਕੋਲੋਂ ਜਬਰਦਸਤੀ ਪੈਸੇ ਉਗਰਾਹੁਣ ਦਾ ਮਤਾ ਉਲੀਕਿਆ ਗਿਆ। ਇਸ ਕੰਮ ਨਾਲ ਗਦਰ ਪਾਰਟੀ ਨੂੰ ਉਲਟਾ ਨੁਕਸਾਨ ਹੀ ਹੋਇਆ। ਸਰਕਾਰ ਨੇ ਉਨ੍ਹਾਂ ਨੂੰ ਡਾਕੂ ਲੁਟੇਰੇ ਕਹਿ ਕੇ ਬਦਨਾਮ ਕਰ ਦਿੱਤਾ। ਸਾਰੇ ਅਮੀਰ, ਜ਼ੈਲਦਾਰ, ਸਫੈਦਪੋਸ਼ ਅਤੇ ਪੁਲਿਸ ਹੱਥ ਧੋ ਕੇ ਗਦਰੀਆਂ ਪਿੱਛੇ ਪੈ ਗਏ। 25 ਜਨਵਰੀ 1915 ਨੂੰ ਰਾਸ ਬਿਹਾਰੀ ਬੋਸ ਅੰਮ੍ਰਿਤਸਰ ਪਹੁੰਚ ਗਿਆ। ਸਰਾਭਾ ਆਪਣੇ ਸਾਥੀਆਂ ਸਮੇਤ ਉਸ ਨੂੰ ਜਾ ਕੇ ਮਿਲਿਆ। 12 ਫਰਵਰੀ ਨੂੰ ਹੋਈ ਮੀਟਿੰਗ ਵਿਚ ਸਲਾਹ ਕੀਤੀ ਗਈ ਕਿ 21 ਫਰਵਰੀ ਨੂੰ ਬਗਾਵਤ ਕੀਤੀ ਜਾਵੇ। ਇਹ ਫੈਸਲਾ ਕੀਤਾ ਗਿਆ ਕਿ ਫਿਰੋਜ਼ਪੁਰ ਅਤੇ ਮੀਆਂ ਮੀਰ ਛਾਉਣੀਆਂ 'ਤੇ ਕਬਜ਼ਾ ਕਰਨ ਤੋਂ ਬਾਅਦ ਦਿੱਲੀ ਅਤੇ ਅੰਬਾਲੇ ਦੀਆਂ ਛਾਉਣੀਆਂ ਵਿਚ ਬਗਾਵਤ ਕਰਵਾਈ ਜਾਵੇਗੀ। ਸਰਾਭੇ ਨੂੰ ਗੱਦਾਰ ਕਿਰਪਾਲ ਸਿੰਘ ਦੀਆਂ ਸਰਗਰਮੀਆਂ 'ਤੇ ਸ਼ੱਕ ਹੋ ਗਿਆ ਸੀ। ਇਸ ਲਈ ਰਾਸ ਬਿਹਾਰੀ ਬੋਸ ਨਾਲ ਸਲਾਹ ਕਰਕੇ ਉਸ ਨੇ ਗਦਰ ਦੀ ਤਾਰੀਖ 19 ਫਰਵਰੀ ਕਰ ਦਿੱਤੀ।

ਪਰ ਘਰ ਦੇ ਭੇਤੀ ਕਿਰਪਾਲ ਸਿੰਘ ਨੇ ਸਰਕਾਰ ਨੂੰ ਸਾਰੀ ਗੱਲ ਜਾ ਦੱਸੀ ਤੇ ਗਦਰ ਅਸਫਲ ਹੋ ਗਿਆ। ਕਰਤਾਰ ਸਿੰਘ ਸਰਾਭਾ ਮਿਥੇ ਸਮੇ 'ਤੇ 50-60 ਸਾਥੀਆਂ ਸਮੇਤ ਫਿਰੋਜ਼ਪੁਰ ਛਾਉਣੀ ਪਹੁੰਚ ਗਿਆ ਤੇ ਆਪਣੇ ਫੌਜੀ ਸਾਥੀਆਂ ਨੂੰ ਬਗਾਵਤ ਕਰਨ ਵਾਸਤੇ ਕਿਹਾ। ਪਰ 19 ਫਰਵਰੀ ਤੋਂ ਪਹਿਲਾਂ ਹੀ ਅਨੇਕਾਂ ਗਦਰੀ ਗ੍ਰਿਫਤਾਰ ਕਰ ਲਏ ਗਏ ਸਨ ਤੇ ਸਾਰੀਆਂ ਸ਼ੱਕੀ ਦੇਸੀ ਪਲਟਣਾਂ ਨੂੰ ਹਥਿਆਰ ਰਹਿਤ ਕਰ ਦਿੱਤਾ ਗਿਆ ਸੀ। ਇਸ ਲਈ ਫੌਜੀਆਂ ਨੇ ਬਗਾਵਤ ਕਰਨ ਤੋਂ ਇਨਕਾਰ ਕਰ ਦਿੱਤਾ। ਟੁੱਟੇ ਦਿਲ ਨਾਲ ਬੜੀ ਮੁਸ਼ਕਲ ਬਚ ਕੇ ਸਰਾਭਾ ਰਾਸ ਬਿਹਾਰੀ ਬੋਸ ਕੋਲ ਲਾਹੌਰ ਪਹੁੰਚਿਆ। ਇਸ ਦੁੱਖ ਦਾ ਮਾਰਿਆ ਉਹ ਕਈ ਦਿਨ ਮੰਜੇ 'ਤੋਂ ਨਾ ਉੱਠ ਸਕਿਆ। ਜਿਹੜੇ ਗਦਰੀ ਗ੍ਰਿਫਤਾਰੀ ਤੋਂ ਬਚ ਗਏ, ਉਨ੍ਹਾਂ ਨੂੰ ਹੁਕਮ ਹੋਇਆ ਕਿ ਉਹ ਦੇਸ਼ ਛੱਡ ਦੇਣ। ਸਰਾਭਾ, ਜਗਤ ਸਿੰਘ ਤੇ ਹਰਨਾਮ ਸਿੰਘ ਟੁੰਡੀਲਾਟ ਅਫਗਾਨਿਸਤਾਨ ਨੂੰ ਚੱਲ ਪਏ। ਪਰ ਰਸਤੇ ਵਿਚ ਸਰਾਭੇ ਦਾ ਮਨ ਬਦਲ ਗਿਆ। ਸਾਥੀਆਂ ਨੂੰ ਜੇਲ੍ਹਾਂ ਵਿਚ ਸੜਨ ਲਈ ਛੱਡ ਕੇ ਭੱਜਣ ਨੂੰ ਉਸ ਦਾ ਮਨ ਨਾ ਮੰਨਿਆਂ ਤੇ ਉਹ ਵਾਪਸ ਮੁੜ ਆਇਆ। 2 ਮਾਰਚ 1915 ਨੂੰ ਸਾਥੀਆਂ ਸਮੇਤ ਗਦਰ ਦਾ ਪ੍ਰਚਾਰ ਕਰਨ ਲਈ ਉਹ ਸਰਗੋਧਾ ਛਾਉਣੀ ਪਹੁੰਚ ਗਿਆ। ਰਸਾਲਦਾਰ ਗੰਡਾ ਸਿੰਘ ਦੀ ਮੁਖਬਰੀ 'ਤੇ ਸਰਾਭਾ, ਜਗਤ ਸਿੰਘ ਤੇ ਹਰਨਾਮ ਸਿੰਘ ਟੁੰਡੀਲਾਟ ਗ੍ਰਿਫਤਾਰ ਕਰ ਲਏ ਗਏ।

ਜਦੋਂ ਮੁਕੱਦਮਾ ਚੱਲਿਆ ਤਾਂ ਜੱਜ ਉਸ ਦੀ ਵਿਦਵਤਾ ਤੋਂ ਬਹੁਤ ਪ੍ਰਭਾਵਿਤ ਹੋਇਆ। 13 ਸਤੰਬਰ 1915 ਨੂੰ ਸੈਂਟਰਲ ਜੇਲ੍ਹ ਲਾਹੌਰ ਵਿਖੇ ਲੱਗੀ ਸਪੈਸ਼ਲ ਅਦਾਲਤ ਨੇ ਲਾਹੌਰ ਸਾਜਿਸ਼ ਕੇਸ ਵਿਚ 63 ਗਦਰੀਆਂ ਦਾ ਫੈਸਲਾ ਸੁਣਾਇਆ। ਸਰਾਭਾ ਸਾਰੇ ਗਦਰੀਆਂ ਨਾਲੋਂ ਛੋਟੀ ਉਮਰ ਦਾ ਸੀ। ਉਸ ਸਮੇਤ 24 ਗਦਰੀਆਂ ਨੂੰ ਫਾਂਸੀ ਦੀ ਸਜ਼ਾ ਸੁਣਾਈ ਗਈ। ਜੱਜ ਨੇ ਆਪਣੇ ਫੈਸਲੇ ਵਿਚ ਲਿਖਿਆ, 'ਸਾਰੇ ਗਦਰੀਆਂ ਵਿਚ ਕਰਤਾਰ ਸਿੰਘ ਸਰਾਭਾ ਸਭ ਤੋਂ ਜਿਆਦਾ ਖਤਰਨਾਕ ਹੈ। ਇਸ ਨੂੰ ਆਪਣੇ ਕੀਤੇ ਕੰਮਾਂ 'ਤੇ ਸਭ ਨਾਲੋਂ ਜਿਆਦਾ ਮਾਣ ਹੈ। ਇਸ 'ਤੇ ਕਿਸੇ ਵੀ ਤਰ੍ਹਾਂ ਦਾ ਕੋਈ ਰਹਿਮ ਨਾ ਕੀਤਾ ਜਾਵੇ। ਅਮਰੀਕਾ ਤੋਂ ਲੈ ਕੇ ਭਾਰਤ ਤੱਕ ਸਾਜਿਸ਼ ਦਾ ਕੋਈ ਅਜਿਹਾ ਭਾਗ ਨਹੀਂ ਜਿਸ ਵਿਚ ਇਸ ਨੇ ਹਿੱਸਾ ਨਾ ਲਿਆ ਹੋਵੇ।' ਮੁਕੱਦਮੇ ਦੌਰਾਨ ਕਰਤਾਰ ਸਿੰਘ ਸਰਾਭਾ ਨੇ ਆਪਣੇ ਬਿਆਨ ਵਿਚ ਗਦਰ ਦੀ ਯੋਜਨਾ ਦੇ ਹਰ ਪਹਿਲੂ 'ਤੇ ਚਾਨਣਾ ਪਾਇਆ ਅਤੇ ਆਪਣੀ ਸ਼ਮੂਲੀਅਤ ਬਾਰੇ ਖੁਦ ਇਕਬਾਲ ਕੀਤਾ। ਉਸ ਨੇ ਜੱਜ ਦੇ ਪੁੱਛਣ 'ਤੇ ਕਿ ਕੀ ਉਹ ਜਾਣਦਾ ਹੈ ਕਿ ਇਸ ਇਕਬਾਲੀਆ ਬਿਆਨ ਦਾ ਫੈਸਲੇ 'ਤੇ ਕੀ ਅਸਰ ਹੋਵੇਗਾ? ਕਰਤਾਰ ਸਿੰਘ ਨੇ ਹੱਸ ਕੇ ਕਿਹਾ, 'ਤੁਸੀਂ ਮੈਨੂੰ ਵੱਧ ਤੋਂ ਵੱਧ ਫਾਂਸੀ ਲਗਾ ਸਕਦੇ ਹੋ। ਜਿੰਨੀ ਜਲਦੀ ਮੈਨੂੰ ਫਾਂਸੀ ਲੱਗੇਗੀ, ਉਨੀਂ ਜਲਦੀ ਮੈਂ ਦੁਬਾਰਾ ਜਨਮ ਲੈ ਕੇ ਦੇਸ਼ ਦੀ ਸੇਵਾ ਲਈ ਵਾਪਸ ਆਵਾਂਗਾ।' 16 ਨਵੰਬਰ 1915 ਨੂੰ 19 ਸਾਲ ਦੀ ਛੋਟੀ ਜਿਹੀ ਉਮਰ ਵਿਚ ਉਸ ਨੂੰ ਲਾਹੌਰ ਜੇਲ੍ਹ ਵਿਚ ਫਾਂਸੀ 'ਤੇ ਲਟਕਾ ਦਿੱਤਾ ਗਿਆ।

ਉਹ ਬਹੁਤ ਵਧੀਆ ਲਿਖਾਰੀ ਸੀ। ਉਸ ਨੇ ਗਦਰ ਦਾ ਪ੍ਰਚਾਰ ਕਰਨ ਲਈ ਸੈਂਕੜੇ ਲੇਖ ਲਿਖੇ। ਇਹ ਵਿਸ਼ਵ ਪ੍ਰਸਿੱਧ ਕ੍ਰਾਂਤੀਕਾਰੀ ਗੀਤ ਉਸ ਦਾ ਹੀ ਲਿਖਿਆ ਹੋਇਆ ਹੈ,

'ਸੇਵਾ ਦੇਸ਼ ਦੀ ਜਿੰਦੜੀਏ ਬੜੀ ਔਖੀ, ਗੱਲਾਂ ਕਰਨੀਆਂ ਢੇਰ ਸੁਖੱਲੀਆਂ ਨੇ,
ਜਿਨ੍ਹਾਂ ਦੇਸ਼ ਦੀ ਸੇਵਾ ਵਿਚ ਪੈਰ ਪਾਇਆ, ਉਨ੍ਹਾਂ ਲੱਖ ਮੁਸੀਬਤਾਂ ਝੱਲੀਆਂ ਨੇ।'

ਇਹ ਗੀਤ ਕ੍ਰਾਂਤੀਕਾਰੀਆਂ ਲਈ ਕੁਰਬਾਨੀ ਅਤੇ ਦੇਸ਼ ਭਗਤੀ ਦਾ ਰਾਹ ਦਸੇਰਾ ਬਣ ਗਿਆ ਸੀ। ਨਾਨਕ ਸਿੰਘ ਨੇ ਸਰਾਭਾ ਦੀ ਜ਼ਿੰਦਗੀ 'ਤੇ ਨਾਵਲ ' ਇੱਕ ਮਿਆਨ ਦੋ ਤਲਵਾਰਾਂ ' ਲਿਖਿਆ ਹੈ। ਪਿੰਡ ਸਰਾਭੇ ਵਿਚ ਸ਼ਹੀਦ ਦਾ ਜੱਦੀ ਘਰ ਅਜੇ ਵੀ ਮੌਜੂਦ ਹੈ। ਪਰਿਵਾਰ ਵੱਲੋਂ ਇਸ ਮਕਾਨ ਨੂੰ ਕੌਮੀ ਸਮਾਰਕ ਦਾ ਦਰਜ਼ਾ ਦਵਾਉਣ ਲਈ ਸੰਘਰਸ਼ ਕੀਤਾ ਜਾ ਰਿਹਾ ਹੈ। ਸ਼ਹੀਦ ਦੀ ਯਾਦ ਵਿਚ ਪਿੰਡ ਵਿਖੇ ਦੋ ਏਕੜ ਜਗ੍ਹਾ ਵਿਚ ਉਸ ਦਾ ਸ਼ਾਨਦਾਰ ਬੁੱਤ, ਅਧੁਨਿਕ ਲਾਇਬ੍ਰੇਰੀ ਅਤੇ ਪਾਰਕ ਬਣਿਆ ਹੋਇਆ ਹੈ।

# ਜੱਜਾ ਮੁੱਕੀਆਂ ਨਾ ਤੇਰੀਆਂ ਤਰੀਕਾਂ, ਸਾਡੀ ਜਿੰਦ ਮੁੱਕ ਗਈ !

## *ਤੈਨੂੰ ਰੋਗ ਦਾ ਪਤਾ ਨੀ ਕੋਈ, ਵੈਦਾ ਮੇਰੀ ਬਾਂਹ ਛੱਡ ਦੇ*

ਸਾਡੇ ਦੇਸ਼ ਦੀ ਤਰਾਸਦੀ ਦੇਖੋ ਕਿ ਜੇ ਇਥੇ ਕੋਈ ਮਾਮੂਲੀ ਜਿਹੀ ਵੀ ਗ਼ਲਤੀ ਕਰ ਲੈਂਦਾ ਹੈ ਤਾਂ ਉਹਨੂੰ ਝੱਟ ਸੰਮਨ ਆ ਜਾਂਦੇ ਹਨ ਪ੍ਰੰਤੂ ਇਨ੍ਹਾਂ ਸੰਮਨਾਂ ਸਬੰਧੀ ਕੇਸਾਂ ਦੇ ਨਿਪਟਾਰੇ ਕਰਨ ਵਾਲੇ ਜੋ ਅਧਿਕਾਰੀ ਇਨਸਾਫ਼ ਦੇਣ ਦੀ ਥਾਂ ਤਰੀਕ ਤੇ ਤਰੀਕ ਦੇ ਕੇ, ਨਾ ਸਿਰਫ਼ ਲੋਕਾਂ ਦੀਆਂ ਜੁੱਤੀਆਂ ਘਸਾ ਦੇਣ, ਸਗੋਂ ਕਈਆਂ ਦੀਆਂ ਭਾਵੇਂ ਜ਼ਿੰਦਗੀਆਂ ਵੀ ਕਿਉਂ ਨਾ ਚਲੀਆਂ ਜਾਣ ਤਾਂ ਵੀ ਉਨ੍ਹਾਂ ਦਾ ਵਾਲ ਵਿੰਗਾ ਨਹੀਂ ਹੁੰਦਾ। ਜੇ ਸਿਰਫ਼ ਤਰੀਕ ਹੀ ਦੇਣੀ ਹੈ, ਫੇਰ ਹਰ ਤਰੀਕ 'ਤੇ ਲੋਕਾਂ ਨੂੰ ਬੁਲਾ ਕੇ ਖੱਜਲ- ਖ਼ੁਆਰ ਕਰਨ ਦਾ ਕੀ ਫ਼ਾਇਦਾ? ਜਿਹੜੀ ਤਰੀਕ ਉੱਤੇ ਬਿਆਨ ਜਾਂ ਇਨਸਾਫ਼ ਦੇਣਾ ਹੋਵੇ, ਉਸੇ ਤਰੀਕ 'ਤੇ ਹੀ ਬੁਲਾਉਣਾ ਚਾਹੀਦਾ ਹੈ। ਅਗਲੀ ਤਰੀਕ ਦੇਣ ਵਾਲੀ ਪਿਰਤ ਬੰਦ ਕਰਕੇ ਇਨਸਾਫ਼ ਦੇਣ ਵਾਲੀ ਤਰੀਕ ਹੀ ਦੇਣੀ ਚਾਹੀਦੀ ਹੈ। ਤਰੀਕਾਂ ਦੇਣ ਵਿਚ ਬਰਬਾਦ ਜਾ ਰਿਹਾ ਸਮਾਂ, ਫ਼ੈਸਲਾ ਦੇਣ ਲਈ ਵਰਤਣਾ ਚਾਹੀਦਾ ਹੈ।



**ਕੁਲਦੀਪ ਧਨੌਲਾ**
**ਫੋਨ: 94642-91023**


ਹੋਇਆ ਇੰਜ ਕਿ 4 ਨਵੰਬਰ ਨੂੰ ਇਕ ਬਜ਼ੁਰਗ ਜੋੜਾ ਚਰਨਜੀਤ ਸਿੰਘ (78), ਸਵਿੰਦਰ ਜੀਤ ਕੌਰ (77) ਫਾਈਨਾਂਸ ਸੈਕਟਰੀ ਦੇ ਦਫ਼ਤਰ ਵਿਚ ਪੇਸ਼ੀ ਭੁਗਤਣ ਗਿਆ ਸੀ। ਉਨ੍ਹਾਂ ਦੀ ਇਹ ਪਹਿਲੀ ਪੇਸ਼ੀ ਨਹੀਂ ਸੀ, ਸਗੋਂ 11 ਸਾਲਾਂ 'ਚ ਅੱਧ-ਸੈਂਕੜਾ (50ਵੀਂ) ਪੇਸ਼ੀ ਸੀ। ਸ੍ਰੀਮਤੀ ਸਵਿੰਦਰ ਜੀਤ ਕੌਰ ਦਾ ਕਹਿਣਾ ਹੈ ਕਿ ਉਨ੍ਹਾਂ ਆਪਣੇ ਸੈਕਟਰ 44 ਵਿਚਲੇ ਘਰ (ਨੰਬਰ 1329) ਦੇ ਪਿਛਲੇ ਪਾਸੇ ਲੇਨ ਨੂੰ ਫਾਈਬਰ ਦੀ ਸ਼ੀਟ ਨਾਲ ਢੱਕ ਲਿਆ ਸੀ ਤਾਂ ਕਿ ਕੂੜਾ-ਕਰਕਟ, ਧੂੜ-ਪੱਤੇ ਨਾ ਆਉਣ। ਇਸ ਸਬੰਧੀ ਪਿਛਲੇ 11 ਸਾਲਾਂ ਤੋਂ ਵਾਇਲੇਸ਼ਨ ਦਾ ਕੇਸ ਚੱਲ ਰਿਹਾ ਹੈ। ਇਹ ਬਜ਼ੁਰਗ ਜੋੜਾ ਚੀਫ਼ ਐਡਮਨਿਸਟਰੇਸ਼ਨ-ਕਮ-ਸੈਕਟਰੀ ਫਾਈਨਾਂਸ ਦੀ ਕੋਰਟ ਵਿਚ 4 ਨਵੰਬਰ ਆਪਣੇ ਘਰੋਂ ਪੇਸ਼ੀ ਭੁਗਤਣ ਲਈ ਆਇਆ ਸੀ। ਜਦੋਂ ਅਧਿਕਾਰੀਆਂ ਨੇ ਅਗਲੀ ਤਰੀਕ ਪਾਈ, ਉਸੇ ਵੇਲੇ ਚਰਨਜੀਤ ਸਿੰਘ ਦੀ ਤਰੀਕ ਸ਼ਬਦ ਸੁਣਦੇ ਹੀ ਤਬੀਅਤ ਵਿਗੜ ਗਈ ਤੇ ਉਹ ਜ਼ਮੀਨ ਉੱਤੇ ਡਿਗ ਪਏ। ਕੋਰਟ ਵਿਚ ਮੌਜੂਦ ਵਕੀਲਾਂ ਵੱਲੋਂ ਚਰਨਜੀਤ ਸਿੰਘ ਨੂੰ ਜੀ.ਐਮ.ਐਸ.ਐਚ.-16 ਵਿਖੇ ਪਹੁੰਚਾਇਆ ਗਿਆ, ਜਿੱਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਐਲਾਨ ਦਿੱਤਾ।

ਸਵਿੰਦਰ ਜੀਤ ਕੌਰ ਦਾ ਕਹਿਣਾ ਹੈ ਕਿ ਉਨ੍ਹਾਂ ਦੇ ਪਤੀ ਟਾਊਨ ਪਲਾਨਰ ਸਨ ਤੇ ਉਹ ਨਿਯਮਾਂ ਦੇ ਪੱਕੇ ਸਨ। ਉਨ੍ਹਾਂ ਆਪਣੀ ਡਿਊਟੀ ਇਮਾਨਦਾਰੀ ਨਿਭਾਈ ਤੇ ਅਗਲੇ ਨੂੰ ਵੀ ਆਪਣੇ ਵਰਗਾ ਸ਼ਰੀਫ਼ ਇਮਾਨਦਾਰ ਹੀ ਸਮਝਦੇ ਸਨ। ਹਰ ਸਾਲ 4-5 ਪੇਸ਼ੀਆਂ ਹੁੰਦੀਆਂ ਹਨ। ਉਹ ਸੋਚਦੇ ਸਨ ਕਿ ਕਦੇ ਤਾਂ ਕੋਈ ਇਮਾਨਦਾਰ ਅਧਿਕਾਰੀ ਆਵੇਗਾ ਤੇ ਉਨ੍ਹਾਂ ਦੀ ਮਜਬੂਰੀ ਸਮਝਦਾ ਹੋਇਆ ਉਨ੍ਹਾਂ ਦੇ ਹੱਕ ਵਿਚ ਫ਼ੈਸਲਾ ਦਿੰਦਾ ਹੋਇਆ ਦੋ ਲਾਈਨਾਂ ਲਿਖ ਦੇਵੇਗਾ ਕਿ ਫਾਈਬਰ ਸ਼ੀਟ ਨੂੰ ਰਹਿਣ ਦਿਓ, ਕੋਈ ਫ਼ਰਕ ਨਹੀਂ ਪੈਂਦਾ। ਇਸ ਸਬੰਧੀ ਉਹ ਨਵੇਂ ਆਏ ਫਾਈਨਾਂਸ ਸੈਕਟਰੀ ਨੂੰ ਦੋ ਵਾਰ ਮਿਲ ਕੇ ਵੀ ਆਏ ਤੇ ਉਨ੍ਹਾਂ ਹਾਂ-ਪੱਖੀ ਹੁੰਗਾਰਾ ਭਰਿਆ ਸੀ। ਇਸੇ ਹੁੰਗਾਰੇ ਨੂੰ ਦੇਖਦਿਆਂ ਹੀ ਉਹ ਪੂਰੀ ਉਮੀਦ ਨਾਲ ਸਾਰੀਆਂ ਫਾਈਲਾਂ ਲੈ ਕੇ ਤਰੀਕ ਉੱਤੇ ਗਏ ਸਨ ਪਰ ਫੇਰ ਵੀ ਪਈ ਤਰੀਕ ਹੀ। ਇਸ ਬਜ਼ੁਰਗ ਜੋੜੇ ਦਾ ਬੇਟਾ ਅਮਰੀਕਾ ਵਿਚ ਹੈ ਅਤੇ ਧੀ ਅੰਮ੍ਰਿਤਸਰ ਵਿਆਹੀ ਹੈ। ਇਸ ਕਰਕੇ ਇਹ ਦੋਵੇਂ ਜੀਅ ਇਸ ਫਾਈਬਰ ਵਾਲੇ 'ਦੋਸ਼' ਦੀਆਂ ਪੇਸ਼ੀਆਂ ਭੁਗਤਦੇ ਆ ਰਹੇ ਸਨ। ਘਰੋਂ ਤੁਰਨ ਵੇਲੇ ਉਨ੍ਹਾਂ ਦੇ ਇਹ ਗੱਲ ਚਿੱਤ-ਚੇਤੇ ਵੀ ਨਹੀਂ ਹੋਣੀ, ਚਰਨਜੀਤ ਸਿੰਘ ਦੀ ਜ਼ਿੰਦਗੀ ਦੀ ਆਖ਼ਰੀ ਤਰੀਕ ਹੋ ਨਿੱਬੜੇਗੀ। ਘਰੋਂ ਦੋਵੇਂ ਗਏ ਸਨ ਪਰ ਦੇਸ਼ ਦੇ ਮਾੜੇ ਸਿਸਟਮ ਕਾਰਨ ਘਰੇ ਇੱਕ ਹੀ ਮੁੜਿਆ ਤੇ ਦੂਜਾ ਹਸਪਤਾਲ ਵਿਚ ਲਾਸ਼ ਬਣ ਕੇ ਰਹਿ ਗਿਆ।



ਹੈਰਾਨੀ ਵਾਲੀ ਗੱਲ ਤਾਂ ਇਹ ਇਕ ਫਾਈਬਰ ਦੀ ਸ਼ੀਟ ਲਾਉਣ ਬਦਲੇ ਬਜ਼ੁਰਗ ਚਰਨਜੀਤ ਸਿੰਘ ਨੂੰ ਤਾਂ ਸੰਮਨਾਂ ਜ਼ਰੀਏ ਕੋਰਟ ਵਿਚ ਘੜੀਸਿਆ ਜਾ ਰਿਹਾ ਹੈ ਪ੍ਰੰਤੂ ਜਿਹੜੇ ਅਧਿਕਾਰੀ 11 ਸਾਲਾਂ ਤੋਂ ਇਸ ਕੇਸ ਦਾ ਫ਼ੈਸਲਾ ਕਰਨ ਦੀ ਥਾਂ ਤਰੀਕ ਤੇ ਤਰੀਕ ਦੇ ਰਹੇ ਹਨ, ਉਨ੍ਹਾਂ ਬਾਰੇ ਪ੍ਰਸ਼ਾਸਨ ਚੁੱਪ ਕਿਉਂ ਹੈ? ਚਰਨਜੀਤ ਸਿੰਘ ਦੀ ਭਾਵੇਂ ਜਾਨ ਚਲੀ ਗਈ ਪ੍ਰੰਤੂ ਕੇਸ ਅਜੇ ਵੀ ਜਿਉਂ ਦਾ ਤਿਉਂ ਖੜ੍ਹਾ ਹੈ। ਕੋਰਟ ਵਿਚ ਗ਼ਸ਼ ਖਾ ਕੇ ਚਰਨਜੀਤ ਸਿੰਘ ਦੇ ਡਿੱਗਣ ਤੇ ਕਿਸੇ ਅਧਿਕਾਰੀ ਜਾਂ ਕਲਰਕ ਬਾਬੂ ਨੇ ਚੁੱਕਣ ਦੀ ਕੋਸ਼ਿਸ਼ ਨਹੀਂ ਕੀਤੀ ਸਗੋਂ ਵਕੀਲਾਂ ਨੇ ਹੀ ਚੁੱਕ ਕੇ ਉਨ੍ਹਾਂ ਨੂੰ ਹਸਪਤਾਲ ਪਹੁੰਚਾਇਆ, ਜਿੱਥੇ ਡਾਕਟਰਾਂ ਨੇ ਉਨ੍ਹਾਂ ਨੂੰ ਮ੍ਰਿਤਕ ਕਰਾਰ ਦੇ ਦਿੱਤਾ। ਇਕ ਵਿਅਕਤੀ ਨੇ ਦੱਸਿਆ ਕਿ ਜ਼ਿਆਦਾਤਰ ਲੋਕ ਕੋਰਟ ਜਾਂਦੇ ਹੋਏ ਡਰਦੇ ਹਨ ਕਿਉਂਕਿ ਰੀਡਰ ਜਾਂ ਅਧਿਕਾਰੀਆਂ ਦਾ ਵਤੀਰਾ ਬੜਾ ਹੀ ਰੁੱਖਾ ਅਤੇ ਅਤਿ-ਨਿੰਦਣਯੋਗ ਹੁੰਦਾ ਹੈ। ਉਹ ਲੋਕਾਂ ਨਾਲ ਇਸ ਤਰ੍ਹਾਂ ਪੇਸ਼ ਆਉਂਦੇ ਹਨ ਜਿਵੇਂ ਉਨ੍ਹਾਂ ਕੋਈ ਬਹੁਤ ਵੱਡਾ ਅਪਰਾਧ ਕੀਤਾ ਹੋਵੇ। ਪ੍ਰਸ਼ਾਸਨ ਦੀਆਂ ਗ਼ਲਤ ਨੀਤੀਆਂ ਕਾਰਨ ਹੀ ਚਰਨਜੀਤ ਸਿੰਘ ਦੀ ਮੌਤ ਹੋਈ ਹੈ। ਇਸ ਘਟਨਾ ਤੋਂ ਬਾਅਦ ਪ੍ਰਸ਼ਾਸਨ ਨੂੰ ਇਸ ਤਰ੍ਹਾਂ ਦੇ ਪੁਰਾਣੇ ਕੇਸ ਵਿਸ਼ੇਸ਼ ਲੋਕ ਅਦਾਲਤਾਂ ਰਾਹੀਂ ਨਿਪਟਾਉਣੇ ਚਾਹੀਦੇ ਹਨ। ਤਾਂ ਕਿ ਪਬਲਿਕ ਖੱਜਲ-ਖ਼ੁਆਰੀ ਤੋਂ ਬਚ ਸਕੇ।

ਚੰਡੀਗੜ੍ਹ ਅਜਿਹਾ ਸ਼ਹਿਰ ਜਿੱਥੇ 60-70 ਹਜ਼ਾਰ ਦੇ ਲਗਪਗ ਹਾਊਸਿੰਗ ਬੋਰਡ ਦੇ ਮਕਾਨ ਹਨ। ਇਨ੍ਹਾਂ ਵਿਚੋਂ ਲਗਪਗ ਅੱਧਿਆਂ ਨੂੰ ਕਿਸੇ ਨਾ ਕਿਸੇ ਬਾਈਲੇਸ਼ਨ ਦੇ ਬਹਾਨੇ ਸੰਮਨਾਂ ਦਾ ਸਾਹਮਣਾ ਕਰਨਾ ਪੈ ਰਿਹਾ ਹੈ। ਹੈਰਾਨੀ ਵਾਲੀ ਗੱਲ ਤਾਂ ਇਹ ਹੈ ਪਾਰਲੀਮੈਂਟ, ਰਾਜ ਸਭਾ ਅਤੇ ਵਿਧਾਨ ਸਭਾਵਾਂ ਵਿਚ ਫ਼ਜ਼ੂਲ ਮੁੱਦਿਆਂ ਦੇ ਰੌਲਾ ਪਾਉਣ ਜਾਂ ਵਾਕਆਊਟ ਕਰਨ ਵਾਲੇ ਮੈਂਬਰ ਕੋਰਟਾਂ ਵਿਚ ਪੈਂਦੀਆਂ ਤਰੀਕਾਂ ਵਾਲੇ ਮੁੱਦਿਆਂ ਉੱਤੇ ਕੁਝ ਨਹੀਂ ਬੋਲਦੇ। ਇਨ੍ਹਾਂ ਮੈਂਬਰਾਂ ਨੂੰ ਲੋਕਾਂ ਵੱਲੋਂ ਦਿੱਤੇ ਜਾਂਦੇ ਟੈਕਸਾਂ ਵਿਚੋਂ ਤਨਖ਼ਾਹਾਂ, ਭੱਤੇ ਅਤੇ ਹਵਾਈ ਜਹਾਜ਼ਾਂ ਦੇ ਸਫਰ਼ ਤੇ ਹੋਰ ਅਨੇਕਾਂ ਸਹੂਲਤਾਂ ਮੁਫ਼ਤ ਮਿਲਣ ਦੇ ਬਾਵਜੂਦ ਲੋਕਾਂ ਦੀ ਹੁੰਦੀ ਖ਼ੱਜਲ-ਖ਼ੁਆਰੀ ਬਾਰੇ ਇਹ ਮੂੰਹ ਕਿਉਂ ਨਹੀਂ ਖੋਲ੍ਹਦੇ?





# ਰੋਮਾਂਸ ਦਾ ਬਾਦਸ਼ਾਹ ਯਸ਼ ਚੋਪੜਾ

ਧਰਮਿੰਦਰ ਸਿੰਘ (ਚੱਬਾ)

ਬਾਲੀਵੁੱਡ ਨੂੰ ਯਸ਼ ਚੋਪੜਾ ਨੇ ਅਜਿਹੀਆਂ ਫਿਲਮਾਂ ਦਿੱਤੀਆਂ ਜੋ ਕਦੇ ਨਹੀਂ ਭੁਲਾਈਆਂ ਜਾ ਸਕਦੀਆਂ। ਉਸ ਦੀਆਂ ਫਿਲਮਾਂ ਦੇ ਹਰ ਹੀਰੋ ਨੇ ਬੁਲੰਦੀਆਂ ਨੂੰ ਛੂਹਿਆ ਹੈ। ਅਜੋਕੇ ਦੌਰ 'ਚ ਵੀ ਯਸ਼ ਚੋਪੜਾ ਵਾਂਗ ਰੋਮਾਂਸ ਨੂੰ ਪਰਦੇ 'ਤੇ ਉਤਾਰਨਾ ਕਿਸੇ ਵੀ ਨਿਰਦੇਸ਼ਕ ਦੇ ਵੱਸ ਦੀ ਗੱਲ ਨਹੀਂ ਹੈ। ਇਸ ਕਲਾ 'ਚ ਯਸ਼ ਚੋਪੜਾ ਦਾ ਕੋਈ ਮੁਕਾਬਲਾ ਨਹੀਂ ਕਰ ਸਕਿਆ।

ਪਰਦੇ' ਤੇ ਇਕ ਤੋਂ ਵੱਧ ਕੇ ਇਕ 'ਰੋਮਾਂਟਿਕ ਫਿਲਮਾਂ ਦੇਣ ਵਾਲੇ ਯਸ਼ ਚੋਪੜਾ ਰੋਮਾਂਸ ਦੇ ਐਸੇ ਜਾਦੂਗਰ ਸਨ ਜਿਸ ਦੀਆਂ ਫਿਲਮਾਂ ਬਾਕਸ ਆਫਿਸ 'ਤੇ ਕਮਾਲ ਕਰਦੀਆਂ ਸਨ। ਇਸੇ ਲਈ ਉਸ ਨੂੰ 'ਕਿੰਗ ਆਫ ਰੋਮਾਂਸ',, 'ਰੋਮਾਂਸ ਦਾ ਜਾਦੂਗਰ', 'ਰੋਮਾਂਸ ਦਾ ਬਾਦਸ਼ਾਹ' ਆਦਿ ਹੋਰ ਵੀ ਕਈ ਨਾਵਾਂ ਨਾਲ ਪੁਕਾਰਿਆ ਜਾਂਦਾ ਹੈ।





## ਫ਼ਿਲਮੀ ਸ਼ੁਰੂਆਤ

ਬਲਦੇਵ ਰਾਜ ਚੋਪੜਾ ਵੀ ਮੰਨੇ-ਪ੍ਰਮੰਨੇ ਨਿਰਦੇਸ਼ਿਕ ਸਨ। ਕਾਲਜ ਦੀ ਪੜ੍ਹਾਈ ਤੋਂ ਬਾਅਦ ਯਸ਼ ਚੋਪੜਾ ਅਗਲੇਰੀ ਪੜ੍ਹਾਈ ਲਈ ਲੰਡਨ ਜਾਣਾ ਚਾਹੁੰਦੇ ਸਨ। ਇੰਜੀਨੀਅਰ ਬਣਨਾ ਚਾਹੁੰਦੇ ਸਨ। ਇਹ ਉਹਨਾਂ ਦੇ ਪਿਤਾ ਦਾ ਸੁਪਨਾ ਸੀ। ਉਸ ਤੋਂ ਪਹਿਲਾਂ ਆਪਣੇ ਭਰਾ ਬਲਦੇਵ ਰਾਜ ਚੋਪੜਾ ਕੋਲ ਮੁੰਬਈ ਗਏ। ਉੱਥੇ ਭਰਾ ਨੂੰ ਕੰਮ ਕਰਦੇ ਦੇਖਿਆ ਤੇ ਮਨ ਇਸੇ ਲਾਈਨ ਵਿਚ ਆਉਣ ਨੂੰ ਕੀਤਾ। ਇਕ ਦਿਨ ਆਪਣੇ ਦਿਲ ਦੀ ਗੱਲ ਵੱਡੇ ਭਰਾ ਬਲਦੇਵ ਰਾਜ ਚੋਪੜਾ ਨਾਲ ਕੀਤੀ ਕਿ ਮੈਂ ਵੀ ਫਿਲਮੀ ਲਾਈਨ ਵਿਚ ਆਉਣਾ ਚਾਹੁੰਦਾ ਹਾਂ। ਬਲਦੇਵ ਰਾਜ ਚੋਪੜਾ ਨੇ ਯਸ਼ ਚੋਪੜਾ ਨੂੰ ਕਿਸੇ ਦੂਜੇ ਨਿਰਦੇਸ਼ਕ ਕੋਲ ਭੇਜ ਦਿੱਤਾ। ਉੱਥੇ ਯਸ਼ ਚੋਪੜਾ ਦਾ ਮਨ ਨਾ ਲੱਗਿਆ। ਵਾਪਸ ਆ ਗਏ ਤੇ ਆਪਣੇ ਵੱਡੇ ਭਰਾ ਬਲਦੇਵ ਰਾਜ ਚੋਪੜਾ ਨਾਲ ਸਹਾਇਕ ਨਿਰਦੇਸ਼ਕ ਵਜੋਂ ਕੰਮ ਕਰਨ ਲੱਗ ਪਏ। ਸਹਾਇਕ ਨਿਰਦੇਸ਼ਿਕ ਦੇ ਰੂਪ 'ਚ 'ਏਕ ਹੀ ਰਾਸਤਾ', 'ਨਯਾ ਦੌਰ' ਤੇ 'ਸਾਧਨਾ' ਆਦਿ ਫਿਲਮਾਂ ਕੀਤੀਆਂ।



ਯਸ਼ ਚੋਪੜਾ ਪਤਨੀ ਪਾਮੇਲਾ ਚੋਪੜਾ ਨਾਲ

ਇਕ ਦਿਨ ਬਲਦੇਵ ਰਾਜ ਚੋਪੜਾ ਨੇ ਫਿਲਮ 'ਧੂਲ ਕਾ ਫੂਲ' ਦੀ ਕਮਾਂਡ ਮੁੱਖ ਸਹਾਇਕ ਨਿਰਦੇਸ਼ਕ 'ਉਮੀ ਬੇਦੀ' ਤੇ 'ਯਸ਼ ਚੋਪੜਾ' ਨੂੰ ਸੌਂਪੀ। ਬਾਅਦ 'ਚ ਕਿਸੇ ਕਾਰਨ ਕਰਕੇ ਇਹ ਪ੍ਰੋਜੈਕਟ ਇੱਕਲੇ ਯਸ਼ ਚੋਪੜਾ ਨੇ ਹੀ ਪੂਰਾ ਕੀਤਾ। 'ਇਸ ਫਿਲਮ ਤੋਂ ਬਾਅਦ ਯਸ਼ ਚੋਪੜਾ ਦੀ ਕਾਮਯਾਬੀ ਦੇ ਚਰਚੇ ਹਰ ਜ਼ੁਬਾਨ 'ਤੇ ਆ ਗਏ। ਯਸ਼ ਚੋਪੜਾ ਨੇ ਸੰਨ 1959 ਤੋਂ 'ਧੂਲ ਕਾ ਫੂਲ' ਰਾਹੀਂ ਫਿਲਮ।ਨਿਰਦੇਸ਼ਨ ਦੀ ਸ਼ੁਰੂਆਤ ਕੀਤੀ ਸੀ। ਫਿਰ ਸੰਨ 1973 ਤੋਂ ਆਪਣੇ ਵੱਡੇ ਭਰਾ ਬਲਦੇਵ ਰਾਜ ਚੋਪੜਾ ਤੋਂ ਵੱਖ ਹੋ ਕੇ 'ਯਸ਼ਰਾਜ ਫਿਲਮਜ਼' ਦੀ ਸਥਾਪਨਾ ਕੀਤੀ ਸੀ ਤੇ ਪਹਿਲੀ ਫਿਲਮ ਰਾਜੇਸ਼ ਖੰਨਾ ਨੂੰ ਲੈ ਕੇ 'ਦਾਗ਼' ਬਣਾਈ ਸੀ। ਫਿਰ ਸੰਨ 1995 ਵਿਚ ਆਪਣੇ ਬੇਟੇ ਅੱਦਿਤਿਆ ਚੋਪੜਾ ਦੀ ਫਿਲਮ 'ਦਿਲਵਾਲੇ ਦੁਲਹਨੀਆਂ ਲੇ ਜਾਏਂਗੇ' ਦੇ ਹਿੱਟ ਹੋਣ ਤੋਂ ਬਾਅਦ 'ਯਸ਼ਰਾਜ ਸਟੂਡੀਉ ਦੀ ਸਥਾਪਨਾ ਕੀਤੀ ਸੀ।

## ਵਿਆਹ

ਯਸ਼ ਚੋਪੜਾ ਦਾ ਵਿਆਹ 1970 ਵਿਚ ਪਾਮੇਲਾ ਚੋਪੜਾ ਨਾਲ ਹੋਇਆ। ਉਹਨਾਂ ਦੇ ਦੋ ਲੜਕੇ ਅਦਿੱਤਿਆ ਚੋਪੜਾ ਤੇ ਉਦੈ ਚੋਪੜਾ ਹਨ। ਵੱਡੇ ਲੜਕੇ ਅਦਿੱਤਿਆ ਚੋਪੜਾ ਨੇ ਮਸ਼ਹੂਰ ਹੀਰੋਇਨ ਰਾਣੀ ਮੁਖਰਜ਼ੀ ਨਾਲ ਸ਼ਾਦੀ ਕੀਤੀ ਹੈ।

## ਬਤੌਰ ਪ੍ਰੋਡਿਊਸਰ ਬਣਾਈਆਂ ਫ਼ਿਲਮਾਂ


'ਦਾਗ-ਏ-ਪੋਇਮ ਆਫ ਲਵ' (1973), 'ਕਭੀ ਕਭੀ' (1976), 'ਦੂਸਰਾ ਆਦਮੀ' (1977), 'ਨੂਰੀ', 'ਕਾਲਾ ਪੱਥਰ' (1979), 'ਨਾਖੁਦਾ' (1981), 'ਮਹੱਲ' (1982), 'ਮਸ਼ਾਲ (1984), 'ਫ਼ਾਸਲੇ (1985), 'ਵਿਜੇ (1988), 'ਚਾਂਦਨੀ (1989), 'ਲਮਹੇ'' (1991), 'ਡਰ' (1993), 'ਯੇ ਦਿਲਲਗੀ' (1994), 'ਦਿਲਵਾਲੇ ਦੁਲਹਨੀਆਂ ਲੇ ਜਾਏਂਗੇ' (1995), 'ਹਮ ਕੋ ਇਸ਼ਕ ਨੇ ਮਾਰਾ', 'ਦਿਲ ਤੋਂ ਪਾਗਲ ਹੈ' (1997), 'ਮੁਹੱਬਤੇਂ' (2000), 'ਮੇਰੇ ਯਾਰ ਕੀ ਸ਼ਾਦੀ ਹੈ, 'ਮੁਝ ਸੇ ਦੋਸਤੀ ਕਰੋਗੇਂ', 'ਸਾਥੀਆ' (2002), 'ਹਮ ਤੁਮ', 'ਧੂਮ', 'ਵੀਰ ਜਾਰਾ' (2004), 'ਬੰਟੀ ਔਰ ਬੱਬਲੀ, 'ਸਲਾਮ ਨਮਸਤੇ', 'ਨੀਲ-ਨ-ਨਿਕੀ' (2005), 'ਫਨਾ', 'ਧੂਮ ਟੂ, ''ਕਾਬਲ ਐਕਸਪ੍ਰੈਸ' (2006), 'ਤਾਰਾ ਰਮ ਪਮ', 'ਝੂਮ ਬਰਾਬਰ ਝੂਮ','ਚੱਕ ਦੇ ਇੰਡੀਆ', 'ਲਾਗਾ ਚੁਨਰੀ ਮੇਂ ਦਾਗ', 'ਆਜਾ ਨੱਚ ਲੈ' (2007), 'ਟੇਸ਼ਨ', 'ਥੋੜ੍ਹਾ ਪਿਆਰ ਥੋੜ੍ਹਾ ਮੈਜ਼ਿਕ', 'ਬਚਨਾ ਐ ਹਸੀਨੋ', 'ਰੋਡ ਸਾਈਡ ਰੋਮੀਉਂ, 'ਰੱਬ ਨੇ ਬਣਾ ਦੀ ਜੋੜੀ' (2008), 'ਨਿਊਯਾਰਕ', 'ਦਿਲ ਬੋਲੇ ਹੜਿੱਪਾ', 'ਰਾਕਟ ਸਿੰਘ' (2009), 'ਪਿਆਰ ਇਮਪੋਸੀਥਲ', 'ਬੈਂਡ ਬਾਜਾ ਬਰਾਤ'(2010), 'ਮੇਰੇ ਥਦਰ ਕੀ ਦੁਲਹਨ', 'ਮੁਝ ਸੇ ਫਰੈਂਡਸ਼ਿਪ ਕਰੋਗੀ', 'ਲੇਡੀਜ਼ ਵਰਸਜ਼ ਵਿਕੀ ਬਹਲ' (2011), 'ਇੰਸ਼ਕਜ਼ਾਦੇ', 'ਏਕ ਥਾ ਟਾਈਗਰ' ਤੇ ਸ਼ਾਹਰੁੱਖ ਖਾਨ ਨੂੰ ਲੈ ਕੇ ਬਣਾਈ ਆਖਰੀ ਫਿਲਮ 'ਜਬ ਤੱਕ ਹੈ ਜਾਨ' (2012) ਫਿਲਮਾਂ ਯਸ਼ ਚੋਪੜਾ ਨੇ ਬਤੌਰ ਪ੍ਰੋਡਿਊਸਰ ਬਣਾਈਆਂ ਸਨ।

## ਡਾਇਰੈਕਟਰ ਵਜੋਂ ਕੀਤੀਆਂ ਫਿਲਮਾਂ

ਯਸ਼ ਚੋਪੜਾ ਨੇ ਡਾਇਰੈਕਟਰ ਵਜੋਂ ਜੋ ਫਿਲਮਾ ਬਣਾਈਆਂ ਹਨ, ਉਹ ਹੈ: 'ਧੂਲ ਕਾ ਫੂਲ' (1959), 'ਧਰਮ ਪੁੱਤਰਾ(1961), 'ਵਕਤ (1965), 'ਆਦਮੀ ਔਰ ਇਨਸਾਨ', 'ਇਤਫਾਕ' (1969), 'ਦਾਗ', 'ਜ਼ੋਸ਼ੀਲਾ' (1973), 'ਦੀਵਾਰ (1975), 'ਕਭੀ ਕਭੀ' (1976), 'ਤ੍ਰਿਸ਼ੂਲ (1978), 'ਕਾਲਾ ਪੱਥਰ (1979), 'ਸਿਲਸਲਾ (1981), ਮਸ਼ਾਲ' (1984), 'ਫ਼ਾਸਲੇ (1985), 'ਵਿਜੇ (1988), ''ਚਾਂਦਨੀ (1989), 'ਲਮਹੇ' (1991), 'ਪਰੰਮਪੁਰਾ', 'ਡਰ' (1993), 'ਦਿਲ ਤੋਂ ਪਾਗਲ ਹੈ' (1997), 'ਵੀਰ ਜ਼ਾਰਾ(2004), 'ਜਬ ਤੱਕ ਹੈ ਜਾਨ' (2012) ਆਦਿ ਫਿਲਮਾਂ ਡਾਇਰੈਕਟ ਕੀਤੀਆਂ ਸਨ।

## ਪੰਜਾਬ ਨਾਲ ਮੋਹ

ਯਸ਼ ਚੋਪੜਾ' ਪੰਜਾਬੀ ਸਨ। ਯਸ਼ ਚੋਪੜਾ ਦਾ ਪੰਜਾਬ ਨਾਲ ਖਾਸਾ ਮੋਹ ਰਿਹਾ ਹੈ। ਦੇਸ਼ ਵੰਡ ਤੋਂ ਬਾਅਦ ਲਾਹੌਰ ਤੋਂ ਆ ਕੇ ਪੰਜਾਬ ਦੇ ਜਲੰਧਰ ਸ਼ਹਿਰ ਦੇ ਗੋਬਿੰਦਗੜ੍ਹ ਮੁਹੱਲੇ ਵਿਚ ਰਹਿੰਦੇ ਰਹੇ ਹਨ। ਫਿਰ ਬੰਬਈ ਚਲੇ ਗਏ। ਇਸ ਦੇ ਬਾਵਜੂਦ ਪੰਜਾਬ ਨਾਲ ਮੋਹ ਜਿਉਂ ਦਾ ਤਿਉਂ ਬਣਿਆ ਰਿਹਾ। ਆਪਣੀ ਰੁਝੇਵਿਆਂ ਭਰੀ ਜ਼ਿੰਦਗੀ ਵਿਚੋਂ ਜਦੋਂ ਵੀ ਟਾਈਮ ਮਿਲਦਾ ਤਾਂ ਉਹ ਪੰਜਾਬ ਦਾ ਚੱਕਰ ਜ਼ਰੂਰ ਲਾਉਂਦੇ ਸਨ। ਪੰਜਾਬ ਆ ਕੇ ਆਪਣੇ ਯਾਰਾਂ ਦੋਸਤਾਂ ਨਾਲ ਮਿਲ ਬੈਠ ਕੇ ਗੱਲਬਾਤਾਂ ਕਰਦੇ ਰਹਿੰਦੇ ਸਨ। ਰਿਸ਼ਤੇਦਾਰਾਂ ਨੂੰ ਮਿਲਦੇ। ਕਾਫੀ ਫਿਲਮਾਂ ਦੀ ਸ਼ੂਟਿੰਗ ਵੀ ਉਹਨਾਂ ਪੰਜਾਬ ਵਿਚ ਕੀਤੀ। 'ਦਿਲਵਾਲੇ ਦੁਲਹਨੀਆਂ ਲੇ ਜਾਏਗੇਂ' ਦੀ ਸ਼ੂਟਿੰਗ ਦਾ ਕਾਫੀ ਹਿੱਸਾ ਪੰਜਾਬ ਦੇ ਬਾਰਡਰ ਏਰੀਏ ਵਿੱਚ ਫਿਲਮਾਇਆ ਗਿਆ ਸੀ। ਫਿਲਮ 'ਵੀਰ ਜ਼ਾਰਾ' ਦੀ ਸ਼ੂਟਿੰਗ ਪੰਜਾਬ ਦੇ ਅੰਮ੍ਰਿਤਸਰ ਜ਼ਿਲ੍ਹੇ ਦੇ ਖ਼ਾਲਸਾ ਕਾਲਜ 'ਚ ਕੀਤੀ ਸੀ। 'ਰੱਬ ਨੇ ਬਣਾ ਦੀ ਜੋੜੀ ਦੀ ਕਾਫੀ ਸ਼ੂਟਿੰਗ ਖ਼ਾਲਸਾ ਕਾਲਜ ਅੰਮ੍ਰਿਤਸਰ 'ਚ ਤੇ ਸ਼ਹਿਰ ਦੇ ਹੋਰ ਹਿੱਸਿਆਂ 'ਚ ਕੀਤੀ ਗਈ ਸੀ। ਪਿਛਲੇ ਸਾਲਾਂ ਦੌਰਾਨ ਜਦੋਂ ਉਹ ਸ਼ਾਇਦ ਸੰਨ 2004 ਵਿਚ 'ਵੀਰ ਜ਼ਰਾ' ਦੀ ਸ਼ੂਟਿੰਗ ਸਮੇਂ ਅੰਮ੍ਰਿਤਸਰ ਆਏ ਸਨ ਤਾਂ ਗੁਰੂ ਨਾਨਕ ਦੇਵ ਯੂਨੀਵਰਸਿਟੀ ਨੇ ਯਸ਼ ਚੋਪੜਾ ਨੂੰ ਡਾਕਟਰ ਆਫ ਫਿਲਾਸਫੀ ਦੀ ਉਪਾਧੀ ਨਾਲ ਸਨਮਾਨਿਆ ਸੀ।ਉਸ ਤੋਂ ਬਾਦ ਉਹ ਹਰੀਮੰਦਰ ਸਾਹਿਬ ਮੱਥਾ ਟੇਕਣ ਵੀ ਗਏ ਸਨ ਤੇ ਬਾਦ ਵਿਚ ਅੰਮ੍ਰਿਤਸਰ ਸ਼ਹਿਰ ਵੀ ਘੁੰਮਿਆ ਸੀ। ਪਿਛਲੇ ਸਾਲਾਂ ਦੌਰਾਨ ਹੀ ਜਦ ਉਹ ਪੰਜਾਬ ਆਏ ਸਨ ਤਾਂ ਨਕੋਦਰ ਇਕ ਰੇਹੜੀ ਵਾਲੇ ਕੋਲੋਂ ਚਾਹ ਪੀ ਕੇ ਗਏ ਸਨ। ਉਸ ਰੇਹੜੀ ਵਾਲੇ ਨਾਲ ਗੱਲਬਾਤਾਂ ਵੀ ਕੀਤੀਆਂ ਸਨ ਤੇ ਪੰਜ-ਪੰਜ ਸੌ ਦੇ ਚਾਰ ਨੋਟ ਵੀ ਉਸ ਨੂੰ ਦਿੱਤੇ ਸਨ।



ਬਲਦੇਵ ਰਾਜ ਚੋਪੜਾ ਤੇ ਯਸ਼ ਚੋਪੜਾ

## ਪੰਜਾਬੀ ਫਿਲਮ ਬਣਾਉਣ ਦਾ ਸੁਪਨਾ

ਉਹ ਇਕ ਪੰਜਾਬੀ ਫਿਲਮ ਵੀ ਬਣਾਉਣਾ ਚਾਹੁੰਦੇ ਸਨ। ਇਸ ਲਈ ਬਕਾਇਦਾ ਸਟਾਰ ਕਾਸਟ ਵੀ ਹੋ ਗਈ ਸੀ ਤੇ ਚੰਡੀਗੜ੍ਹ ਵਿਚ ਗਿਆਨੀ ਜ਼ੈਲ ਸਿੰਘ ਦੇ ਹੱਥੋਂ ਉਦਘਾਟਨ ਵੀ ਹੋ ਗਿਆ ਸੀ। ਰਜੇਸ਼ ਖੰਨਾ ਹੀਰੋ ਲਏ ਸਨ। ਫਿਲਮ 'ਸੋਹਣੀ ਮਹੀਵਾਲ' ਸੀ। ਜਦ ਰਜੇਸ਼ ਖੰਨਾ ਨੇ ਸਟੋਰੀ ਸੁਣੀ ਕਿ ਸੋਹਣੀ, ਮਹੀਵਾਲ ਨੂੰ ਘੜੇ ਤੇ ਤੈਰ ਕੇ ਨਦੀ ਪਾਰ ਕਰਕੇ ਮਿਲਣ ਜਾਂਦੀ ਸੀ ਤਾਂ ਰਜੇਸ਼ ਖੰਨਾ ਕਹਿਣ ਲੱਗਾ ਕਿ ਮਹੀਵਾਲ ਘੜੇ ਤੇ ਤੈਰ ਕੇ ਸੋਹਣੀ ਨੂੰ ਮਿਲਣ ਜਾਏਗਾ। ਬਥੇਰਾ ਸਮਝਾਇਆ ਕਿ ਇਹ ਲੋਕ ਗਾਥਾ ਹੈ। ਇਹ ਸਟੋਰੀ ਬਦਲੀ ਨਹੀ ਜਾ ਸਕਦੀ, ਪਰ ਰਾਜੇਸ਼ ਖੰਨਾ ਨਹੀ ਮੰਨਿਆ ਤੇ ਇਹ ਫਿਲਮ ਨਹੀ ਬਣੀ। ਯਸ਼ ਚੋਪੜਾ ਦਾ ਪੰਜਾਬੀ ਫਿਲਮ ਬਣਾਉਣ ਦਾ ਸੁਪਨਾ, ਸੁਪਨਾ ਹੀ ਰਹਿ ਗਿਆ ਸੀ।

## ਐਵਾਰਡ

ਧਰਮ ਪੁੱਤਰਾ (1961), ਚਾਂਦਨੀ (1989), ਡਰ (1993) ਲਈ ਬੈਸਟ ਫਿਊਚਰ ਇਨ ਹਿੰਦੀ ਐਵਾਰਡ। ਵਕਤ (1966), ਇਤਫਾਕ (1970),ਦਾਗ਼ (1974), ਦੀਵਾਰ (1976) ਲਈ ਬੈਸਟ ਡਾਇਰੈਕਟਰ ਫਿਲਮ ਫੇਅਰ ਐਵਾਰਡ। ਲਮਹੇ (1992), ਦਿਲਵਾਲੇ ਦੁਲਹਨੀਆਂ ਲੇ ਜਾਏਂਗੇ (1996), ਦਿਲ ਤੋਂ ਪਾਗਲ ਹੈ (1998), ਵੀਰ ਜ਼ਾਰਾ (2005) ਲਈ ਬੈਸਟ ਫਿਲਮਫੇਅਰ ਐਵਾਰਡ। ਦਿਲਵਾਲੇ ਦੁਲਹਨੀਆਂ ਲੇ ਜਾਏਗੇ (1995), ਦਿਲ ਤੋ ਪਾਗਲ ਹੈ(1997), ਵੀਰ ਜ਼ਾਰਾ(2004), ਚੱਕ ਦੇ ਇੰਡੀਆ (2008) ਲਈ ਬੈਸਟ ਪਾਪੂਲਰ ਫਿਲਮ ਪ੍ਰੋਵਾਈਡਿੰਗ ਵੂਲਸਮ ਇੰਟਰਟੇਨਮੈਂਟ ਨੈਸ਼ਨਲ ਫਿਲਮ ਐਵਾਰਡ। ਦਿਲਵਾਲੇ ਦੁਲਹਨੀਆਂ ਲੇ ਜਾਏਂਗੇ (1996), ਵੀਰ ਜ਼ਾਰਾ (2005), ਚੱਕ ਦੇ ਇੰਡੀਆ (2008) ਲਈ ਬੈਸਟ ਫਿਲਮ ਸਕਰੀਨ ਐਵਾਰਡ। ਦਿਲ ਤੋਂ ਪਾਗਲ ਹੈ (1998), ਵੀਰ ਜ਼ਰਾ (1998), ਚੱਕ ਦੇ ਇੰਡੀਆ (2008) ਲਈ ਬੈਸਟ ਫਿਲਮ ਜੀ ਸਿਨੇਮਾ ਐਵਾਰਡ। ਵੀਰ ਜ਼ਾਰਾ(1998, 2005), ਚੱਕ ਦੇ ਇੰਡੀਆ (2008) ਲਈ ਬੈਸਟ ਪਿਕਚਰ ਆਈਫਾ ਐਵਾਰਡ। 2001 'ਚ ਦਾਦਾ ਸਾਹਿਬ ਫਾਲਕੇ ਐਵਾਰਡ, 2002 'ਚ ਆਊਟਸਟੈਡਿੰਗ ਕੰਨਟਰੀਬਿਊਸ਼ਨ ਟੂ ਇੰਡੀਅਨ ਸਿਨੇਮਾ ਐਵਾਰਡ। 2005 'ਚ ਪਦਮ ਭੂਸ਼ਣ, 'ਵੀਰ ਜ਼ਰਾ' ਲਈ ਬੈਸਟ ਫਿਲਮ ਤੇ ਬੇਸਟ ਡਾਇਰੈਕਟਰ ਦਾ ਬਾਲੀਵੁੱਡ ਮੂਵੀ ਐਵਾਰਡ, ਬੈਸਟ ਡਾਇਰੈਕਟਰ ਆਈਫਾ ਐਵਾਰਡ ਅਤੇ ਬੈਸਟ ਡਾਇਰੈਕਟਰ ਜੀ ਸਿਨੇਮਾ ਐਵਾਰਡ।

## 2006 'ਚ ਪੰਜਾਬ ਰਤਨ

2013 'ਚ ਲਾਈਫ ਟਾਈਮ. ਅਚੀਵਮੈਂਟ ਐਵਾਰਡ ਅਤੇ ਭਾਰਤ ਸਰਕਾਰ ਵੱਲੋਂ ਯਸ਼ ਚੋਪੜਾ ਦੇ ਨਾਮ ਤੇ ਫੋਟੋ ਵਾਲੀ ਡਾਕ ਟਿਕਟ ਜਾਰੀ। ਸਵਿਟਜ਼ਰਲੈਂਡ ਸਰਕਾਰ ਵੱਲੋਂ ਨਾਂਅ 'ਤੇ ਚਲਾਈ ਰੇਲ ਗੱਡੀ।

## ਮੌਤ

ਯਸ਼ ਚੋਪੜਾ ਦੀ ਆਖਰੀ ਫਿਲਮ 'ਜਬ ਤੱਕ ਹੈ ਜਾਨ' ਸੀ। ਇਕ ਇੰਟਰਵਿਊ ਦੌਰਾਨ ਸ਼ਾਹਰੱਖ ਖ਼ਾਨ ਨੇ ਯਸ਼ ਚੋਪੜਾ ਤੋਂ ਸਵਾਲ ਪੁੱਛਿਆ ਕਿ ਅਗਲੀ ਫਿਲਮ ਕਦੋਂ ਕਰ ਰਹੇ ਹੋ ਤਾਂ ਯਸ਼ ਚੋਪੜਾ ਨੇ ਜੁਆਬ ਦਿੱਤਾ ਕਿ ਮੈਂ ਫਿਲਮਾਂ ਤੋਂ ਰੀਟਾਇਰਮੈਂਟ ਲੈ ਰਿਹਾ ਹਾਂ। ਇਹ ਮੇਰੀ ਆਖ਼ਰੀ ਫਿਲਮ ਹੈ। ਯਸ਼ ਚੋਪੜਾ ਦੀ ਕਹੀ ਹੋਈ ਗੱਲ ਸੱਚੀ ਹੋ ਗਈ। ਯਸ਼ ਚੋਪੜਾ ਨੂੰ ਡੇਂਗੂ ਬੁਖਾਰ ਹੋ ਗਿਆ ਤੇ ਬੁਖਾਰ ਹੋਣ ਤੇ ਉਹਨਾਂ ਨੂੰ 13 ਅਕਤੂਬਰ 2012 ਨੂੰ ਲੀਲਾਵਤੀ ਹਸਪਤਾਲ ਵਿੱਚ ਦਾਖਲ ਕਰਵਾਇਆ ਗਿਆ ਸੀ। ਅੰਤ 21 ਅਕਤੂਬਰ 2012 ਨੂੰ ਉਹ 80 ਸਾਲ ਦੀ ਉਮਰ'ਚ ਇਸ ਸੰਸਾਰ ਨੂੰ ਅਲਵਿਦਾ ਆਖ ਗਏ।

ਤਿਲਕ ਜੰਞੂ ਰਾਖਾ ਪ੍ਰਭ ਤਾਕਾ॥ ਕੀਨੋ ਬਡੋ ਕਲੂ ਮਹਿ ਸਾਕਾ॥
ਸਾਧਨ ਹੇਤਿ ਇਤੀ ਜਿਨਿ ਕਰੀ॥ਸੀਸੁ ਦੀਆ ਪਰ ਸੀ ਨ ਉਚਰੀ॥



ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਦਾ 350ਵਾਂ ਸ਼ਹੀਦੀ ਦਿਹਾੜਾ ਦੁਨੀਆ ਭਰ ਵਿਚ 24 ਨਵੰਬਰ ਨੂੰ ਜੰਗੀ ਪੱਧਰ 'ਤੇ ਮਨਾਇਆ ਜਾ ਰਿਹਾ ਹੈ। ਗੁਰੂ ਸਾਹਿਬ ਵਲੋਂ ਦਿੱਤੀ ਗਈ ਲਾਸਾਨੀ ਸ਼ਹਾਦਤ, ਆਪਣੇ ਆਪ 'ਚ, ਬੇਮਿਸਾਲ, ਅਨੋਖੀ, ਅਦੁੱਤੀ ਤੇ ਵਿਲੱਖਣ ਸ਼ਹਾਦਤ ਸੀ, ਜਿਸ ਦੀ ਕੋਈ ਹੋਰ ਉਦਾਹਰਣ ਦੁਨੀਆਂ ਦੇ ਇਤਿਹਾਸ 'ਚ ਨਹੀਂ ਮਿਲਦੀ।

# ਅਦਾਰਾ 'ਪੰਜਾਬ ਟਾਈਮਜ਼' ਦੀ ਸਾਰੀ ਟੀਮ ਅਤੇ ਸਲਾਹਕਾਰ ਬੋਰਡ ਦੇ ਮੈਂਬਰਾਂ ਵਲੋਂ ਤਿਲਕ ਜੰਞੂ ਦੇ ਰਾਖੇ, 'ਹਿੰਦ ਦੀ ਚਾਦਰ' ਸ੍ਰੀ ਗੁਰੂ ਤੇਗ਼ ਬਹਾਦਰ ਜੀ ਦੀ ਸ਼ਹਾਦਤ ਨੂੰ ਕੋਟਨਿ-ਕੋਟਿ ਪ੍ਰਣਾਮ !

## ਪੰਜਾਬ ਟਾਈਮਜ਼ ਦਾ ਆਨਰੇਰੀ ਸਲਾਹਕਾਰ ਬੋਰਡ



ਦਰਸ਼ਨ ਸਿੰਘ ਗਰੇਵਾਲ | ਡਾ. ਹਰਗੁਰਮੁਖਪਾਲ ਸਿੰਘ | ਹਰਦਿਆਲ ਸਿੰਘ ਦਿਓਲ | ਡਾ. ਗੁਰਦਿਆਲ ਸਿੰਘ ਬਸਰਾਨ | ਜੈਦੇਵ ਸਿੰਘ ਭੱਠਲ | ਜਗਦੀਸ਼ਰ ਸਿੰਘ ਕਲੇਰ | ਗੁਰਚਰਨ ਸਿੰਘ ਗਰੇਵਾਲ | ਹਰਜੀਤ ਸਿੰਘ ਸਾਹੀ | ਦਰਸ਼ਨ ਸਿੰਘ ਦਰੜ | ਮਨਦੀਪ ਸਿੰਘ ਭੂਰਾ | ਪਰਮਵੀਰ ਸਿੰਘ ਬੈਂਸ



ਰਘਬੀਰ ਸਿੰਘ ਘੁੰਨ | ਪਰਮਿੰਦਰ ਸਿੰਘ ਵਾਲੀਆ | ਅਮਰੀਕ ਸਿੰਘ (ਅਮਰ ਕਾਰਪੈਟ) | ਜਸਕਰਨ ਸਿੰਘ ਧਾਲੀਵਾਲ | ਡਾ. ਤੇਜਿੰਦਰ ਸਿੰਘ ਮੰਡੇਰ | ਅਵਤਾਰ ਸਿੰਘ ਸਪਰਿੰਗਫੀਲਡ | ਗੁਲਜ਼ਾਰ ਸਿੰਘ ਮੁਲਤਾਨੀ | ਭੁਪਿੰਦਰ ਸਿੰਘ ਧਾਲੀਵਾਲ | ਗੁਰਦੇਵ ਸਿੰਘ ਜੌੜਾ | ਅੰਮ੍ਰਿਤਪਾਲ ਸਿੰਘ ਸੰਘਾ | ਆਗਿਆਪਾਲ ਸਿੰਘ ਬਾਠ



ਜਸਵੀਰ ਕੌਰ ਢਿਲੋਂ | ਡਾ. ਇਨਕਲਾਬੀ ਥਾਂਦੀ | ਡਾ. ਨਵਦੀਪ ਕੌਰ ਸੰਧੂ | ਬਲਵਿੰਦਰ ਕੌਰ (ਨਿੱਕੀ) ਸੇਖੋਂ | ਹਰਵਿੰਦਰ ਪਾਲ ਸਿੰਘ ਲੈਲ | ਮਨਮਿੰਦਰ ਸਿੰਘ ਹੀਰ | ਸਰਵਣ ਸਿੰਘ ਟਿਵਾਣਾ | ਸੁਖਮੇਲ ਸਿੰਘ ਅਟਵਾਲ | ਸ. ਹੈਪੀ ਸਿੰਘ ਹੀਰ | ਅਮੋਲਕ ਸਿੰਘ ਗਾਖਲ | ਜੱਸੀ ਗਿੱਲ

ਪੰਜਾਬ ਟਾਈਮਜ਼
ਬੇਲਾਗ, ਬੇਬਾਕ ਅਤੇ ਜ਼ਿੰਮੇਵਾਰ ਪੱਤਰਕਾਰੀ ਦਾ ਮੁੱਦਈ
Published simultaneously from Chicago, California & New York.
Ph: 847-359-0746
*e-mail: punjabtimes1@gmail.com, website: www.punjabtimesusa.com*